# Guru Nanak's Concept of Jiva

# ਗੁਰੂ ਨਾਨਕ ਦੇਵ ਜੀ

ਦਾ

# ਜੀਵ ਦਾ ਸੰਕਲਪ

Thesis submitted for the degree of
DOCTOR OF PHILOSOPHY
in the Faculty of Languages,
Panjab University, Chandigarh.
1975

*Supervised by :*
Dr. KARTAR SINGH SURI
Reader, Deptt. of Panjabi,
Panjabi University, Patiala.

*Submitted by :*
KULWANT KAUR [redacted]
Kohli

## ਵਿਸ਼ਾ-ਸੂਚੀ


**ਭੂਮਿਕਾ**

**ਪਹਿਲਾ ਅਧਿਆਇ : ਸਰਬ-ਸੰਸਾਰ-ਦਰਸ਼ਨ ਦੇ ਸੰਦਰਭ ਵਿਚ ਗੁਰੂ ਨਾਨਕ ਦਰਸ਼ਨ —ਇਕ ਸੰਖਿਪ ਸਰਵੇਖਣ**

ਇਕ ਮਹਾਨ ਯਾਤਰੂ—ਭਾਰਤ ਦੇ ਧਰਮ—ਹਿੰਦੂ ਧਰਮ—ਚਾਰ ਵੇਦ ਅਤੇ ਛੇ ਸ਼ਾਸਤਰ—ਸਾਂਖ—ਯੋਗ—ਵੈਸ਼ੇਸ਼ਕ,—ਨਿਆਇ—ਪੂਰਬ ਮੀਮਾਂਸਾ—ਵੇਦਾਂਤ—ਜੈਨ ਮਤ—ਬੁਧ ਮਤ—ਤਿਬਤ, ਚੀਨ ਆਦਿ ਦੇ ਧਰਮ—ਤਾਓ ਮਤ—ਕਨਫ਼ੂਊਸ਼ੀਅਸ ਮਤ—ਸ਼ਿੰਟੋ ਮਤ—ਮਧ-ਪੂਰਬ ਦੇ ਧਰਮ—ਜ਼ਰਥੁਸਤਰਾ ਮਤ—ਯਹੂਦੀ ਮਤ—ਈਸਾਈ ਮਤ—ਇਸਲਾਮ—ਸਾਰ।

**ਦੂਜਾ ਅਧਿਆਇ : ਜੀਵ**

ਜੀਵ ਅਤੇ ਇਸਦੇ ਅੰਗ—ਸਰੀਰ—ਆਤਮਾ—ਆਤਮਾ ਨਾਲ ਸਬੰਧਤ ਅੰਸ਼—ਮਨ—ਬੁਧੀ—ਚਿਤ—ਅਹੰਕਾਰ।

**ਤੀਜਾ ਅਧਿਆਇ : ਜੀਵਾਂ ਦੀ ਉਤਪਤੀ ਅਤੇ ਆਵਾਗਵਣ**

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ—ਪ੍ਰਭੂ ਦੇ ਭਾਣੇ ਨਾਲ ਰਚਨਾ ਹੋਈ—ਸੋ ਪ੍ਰਭੂ ਹੀ ਸਾਰੀ ਰਚਨਾ ਦਾ ਕਾਰਨ ਹੈ—ਰਚਨਾ ਦਾ ਅਮਲ ਵਿਕਾਸ-ਸ਼ੀਲ ਹੈ—ਰਚਨਾ-ਪ੍ਰਕ੍ਰਿਤੀ-ਕੁਦਰਤ—ਮਾਇਆ ਅਤੇ ਕੁਦਰਤ ਸ਼ਕਤੀ ਦੇ ਰੂਪ ਵਿਚ—ਰਚਨਾ ਦਾ ਆਰੰਭ ਅਤੇ ਵਿਕਾਸ—ਚਾਰ ਖਾਣੀਆਂ—ਆਵਾਗਵਣ—ਰਚਨਾ ਦਾ ਆਰੰਭ ਕਦੋਂ ਹੋਇਆ?—ਸ੍ਰਿਸ਼ਟੀ ਦਾ ਪਸਾਰ—ਸਾਡੀ ਧਰਤੀ ਕਰਮ-ਭੂਮੀ ਹੈ—ਮਨੁੱਖ—ਜੀਵਾਤਮਾ ਦੇ ਵਿਕਾਸ ਦਾ ਸਿਖਰ—ਜੀਵਾਤਮਾ ਦਾ ਸਰੂਪ—ਪ੍ਰਵ੍ਰਿਤੀ ਮਾਰਗ ਅਤੇ ਨਿਵ੍ਰਿਤੀ ਮਾਰਗ—ਕਰਮ—ਤਿੰਨ ਪ੍ਰਕਾਰ ਦੇ ਕਰਮ—ਪੁੰਨ ਪਾਪ—ਪਾਪ ਦਾ ਸੰਕਲਪ—ਸ਼ੁਭ ਕਰਮ।

**ਚੌਥਾ ਅਧਿਆਇ : ਜੀਵ ਦੇ ਪੰਜ ਕੋਸ਼ ਅਤੇ ਚਾਰ ਅਵਸਥਾਵਾਂ**

ਅੰਨਮਯ ਕੋਸ਼—ਪ੍ਰਾਣਮਯ ਕੋਸ਼—ਮਨੋਮਯ ਕੋਸ਼—ਵਿਗਿਆਨਮਯ ਕੋਸ਼—ਆਨੰਦਮਯ ਕੋਸ਼—ਜਾਗ੍ਰਤ ਅਵਸਥਾ—ਸੁਪਨ ਅਵਸਥਾ—ਸੁਖੋਪਤ ਅਵਸਥਾ—ਤੁਰੀਆ ਅਵਸਥਾ।

ਪੰਜਵਾਂ ਅਧਿਆਇ: ਜੀਵ ਅਤੇ ਬ੍ਰਹਮ

ਦੋ ਵਿਚਾਰ—ਇਕ ਬ੍ਰਹਮ ਦੇ ਦੋ ਸਰੂਪ—ਨਿਰਗੁਣ ਬ੍ਰਹਮ —ਸਗੁਣ ਬ੍ਰਹਮ—ਨਿਰਗੁਣ-ਸਰਗੁਣ—ਸਗੁਣ ਬ੍ਰਹਮ ਦਾ ਵਿਰਾਟ ਸਰੂਪ—ਗੁਣੀ-ਨਿਧਾਨ ਬ੍ਰਹਮ—ਬ੍ਰਹਮ-ਇਕ ਸ਼ਕਤੀਸ਼ਾਲੀ ਹਾਕਮ—ਸਗੁਣ ਬ੍ਰਹਮ ਦੀਆਂ ਸ਼ਕਤੀਆਂ—ਸਗੁਣ ਬ੍ਰਹਮ ਅਤੇ ਅਵਤਾਰਵਾਦ—ਜੀਵਾਤਮਾ ਅਤੇ ਬ੍ਰਹਮ—ਸ਼ੰਕਰ ਦਾ ਮਤ—ਰਾਮਾਨੁਜ ਦਾ ਮਤ—ਮਾਧਵ ਦਾ ਮਤ—ਨਿੰਬਾਰਕ ਦਾ ਮਤ—ਵੱਲਭ ਦਾ ਮਤ—ਗੁਰੂ ਨਾਨਕ ਦੇਵ ਦਾ ਮਤ।

ਛੇਵਾਂ ਅਧਿਆਇ: ਜੀਵ ਅਤੇ ਮਾਇਆ

ਸ਼ੰਕਰ ਦਾ ਮਾਇਆਵਾਦ—ਰਾਮਾਨੁਜ ਦਾ ਮਤ—ਗੁਰੂ ਨਾਨਕ ਦਾ ਮਾਇਆ ਸਬੰਧੀ ਮਤ—ਮਾਇਆ ਅਤੇ ਜੀਵ—ਹਉਮੈ—ਕਾਮਾਦਿਕ ਪੰਜ ਵਿਕਾਰ।

ਸਤਵਾਂ ਅਧਿਆਇ: ਜੀਵ ਦਾ ਉਦੇਸ਼ ਅਤੇ ਇਸਦੀ ਪ੍ਰਾਪਤੀ

ਸਤਿਗੁਰੂ—ਗੁਰਸ਼ਬਦ ਅਰਥਾਤ ਨਾਮ—ਨਾਮ ਸਿਮਰਨ—ਨਾਮ ਅਤੇ ਜੋਗ—ਸਾਧ ਸੰਗਤ—ਗੁਰਮੁਖ—ਕੀਰਤਨ—ਪਰਮ ਪਦ ਦੀ ਪ੍ਰਾਪਤੀ—ਭਗਤੀ—ਪੰਜਖੰਡ ਅਥਵਾ ਪੰਜ ਅਧਿਆਤਮਕ ਅਵਸਥਾਵਾਂ।

ਸਾਰ

ਪੁਸਤਕ-ਸੂਚੀ

## ਭੂ ਮਿ ਕਾ

## ਭੂਮਿਕਾ

ਇਸ ਸ਼ੋਧ ਪ੍ਰਬੰਧ ਉਤੇ ੧੯੭੦ ਵਿਚ ਕੰਮ ਸ਼ੁਰੂ ਕੀਤਾ ਗਿਆ ਸੀ । ਪੰਜਾਬ ਵਿਸ਼ਵ-ਵਿਦਿਆਲੇ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦੇ ਭਿੰਨ ਭਿੰਨ ਸੰਕਲਪਾਂ ਉਤੇ ਕੰਮ ਕਰਵਾਇਆ ਜਾ ਰਿਹਾ ਸੀ ।ਜਿਸ ਮਾਹੌਲ ਵਿਚੋਂ ਮੈਂ ਲੰਘੀ ਸਾਂ ਅਤੇ ਲੰਘ ਰਹੀ ਸਾਂ ,ਦਾਰਸ਼ਨਿਕ ਚਿੰਤਨ ਲਈ ਉਹ ਅਨੁਕੂਲ ਸੀ ,ਇਸ ਲਈ ਮੈਂ 'ਗੁਰੂ ਨਾਨਕ ਦੇਵ ਜੀ ਦਾ ਜੀਵ ਦਾ ਸੰਕਲਪ " ਬਾਰੇ ਵਿਸ਼ਵ-ਵਿਦਿਆਲੇ ਦੀ ਸਵੀਕ੍ਰਿਤੀ ਲੈ ਕੇ ਕੰਮ ਆਰੰਭ ਦਿਤਾ । ਪੰਜਾਬੀ ਵਿਭਾਗ ਦੇ ਮੁਖੀ ਡਾ: ਸੁਰਿੰਦਰ ਸਿੰਘ ਕੋਹਲੀ ਨੇ ਮੈਨੂੰ ਉਤਸ਼ਾਹਤ ਕੀਤਾ ਅਤੇ ਡਾ: ਕਰਤਾਰ ਸਿੰਘ ਸੂਰੀ ( ਜੋ ਉਦੋਂ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਟੀ ਵਿਚ ਲੈਕਚਰਾਰ ਸਨ ਅਤੇ ਹੁਣ ਪੰਜਾਬੀ ਯੂਨੀਵਰਸਟੀ ,ਪਟਿਆਲਾ ਵਿਚ ਪੰਜਾਬੀ ਵਿਭਾਗ ਦੇ ਰੀਡਰ ਹਨ ) ਨੇ ਨਿਗਰਾਨੀ ਦੀ ਜ਼ਿੰਮੇਵਾਰੀ ਲਈ । ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਬਹੁਤ ਮਿਹਨਤ ਕਰਨੀ ਪਈ ਹੈ ਕਿਉਂਕਿ ਇਕ ਤਾਂ ਸਿਧੇ ਤੌਰ ਤੇ ਗੁਰੂ ਨਾਨਕ ਬਾਣੀ ਵਿਚ ਬ੍ਰਹਮ ਬਾਰੇ ਤਾਂ ਬਹੁਤ ਕੁਝ ਮਿਲਦਾ ਹੈ ,ਪਰ ਜੀਵ ਬਾਰੇ ਕੁਝ ਨਹੀਂ ਮਿਲਦਾ ।ਦੂਜੇ ਇਸ ਵਿਸ਼ੇ ਬਾਰੇ ਇਸ ਤੋਂ ਪਹਿਲਾਂ ਕੋਈ ਕੰਮ ਨਹੀਂ ਸੀ ਹੋਇਆ ,ਕੁਝ ਇਕ ਰਚਨਾਵਾਂ ਅਤੇ ਸ਼ੋਧ - ਪ੍ਰਬੰਧਾਂ ਵਿਚ ਕੇਵਲ ਸੰਖਿਪ ਜਿਹੇ ਸੰਕੇਤ ਹੀ ਮਿਲਦੇ ਸਨ । ਤੀਜੇ ਸਹਾਇਕ ਪੁਸਤਕਾਂ ਪੰਜਾਬੀ ਵਿਚ ਤਾਂ ਨਾਂ-ਮਾਤਰ ਹੀ ਸਨ ।ਇਨ੍ਹਾਂ ਕਾਰਨਾਂ ਕਰ ਕੇ ਜੋ ਕੁਝ ਵੀ ਮੈਂ ਲਿਖ ਸਕੀ ਹਾਂ, ਇਹ ਸਭ ਇਸ ਵਿਸ਼ੇ ਤੇ ਪਹਿਲਾ ਕੰਮ ਹੈ ।ਇਸ ਤੋਂ ਪਹਿਲਾਂ ਗੁਰੂ ਨਾਨਕ ਦਰਸ਼ਨ ਬਾਰੇ ਕੁਝ ਵਿਦਵਾਨਾਂ ਨੇ ਜੋ ਕੰਮ ਕੀਤਾ ਹੈ ,ਉਹ ਪ੍ਰਸੰਸਾ ਯੋਗ ਹੈ ।ਪੰਜਾਬੀ ਵਿਚ ਇਸ ਸਬੰਧੀ ਡਾ: ਤਾਰਨ ਸਿੰਘ ,ਡਾ: ਰਤਨ ਸਿੰਘ ਜੱਗੀ , ਡਾ: ਪ੍ਰੇਮ ਪ੍ਰਕਾਸ਼ ਸਿੰਘ ,ਡਾ: ਭਾਈ ਜੋਧ ਸਿੰਘ , ਡਾ: ਗੋਪਾਲ ਸਿੰਘ , ਡਾ: ਦੀਵਾਨ ਸਿੰਘ ਆਦਿ ਨੇ ਕੰਮ ਕੀਤਾ ਹੈ ,ਹਿੰਦੀ ਵਿਚ ਡਾ: ਜੈ ਰਾਮ ਮਿਸ਼ਰ , ਡਾ: ਮਨਮੋਹਨ ਸਹਿਗਲ ਆਦਿ ਨੇ ਅਤੇ ਅੰਗ੍ਰੇਜ਼ੀ ਵਿਚ ਡਾ: ਸੁਰਿੰਦਰ ਸਿੰਘ ਕੋਹਲੀ ,ਪ੍ਰਿੰਸੀਪਲ ਤੇਜਾ ਸਿੰਘ ਆਦਿ ਨੇ ।

ਗੁਰੂ ਨਾਨਕ ਦੇਵ ਜੀ ਸੰਸਾਰ ਦੇ ਪ੍ਰਮੁਖ ਧਰਮਾਂ ਦੇ ਕੇਂਦਰਾਂ ਤੇ ਆਪਣੀਆਂ ਉਦਾਸੀਆਂ ਦੇ ਸਮੇ ਆਪ ਗਏ ਅਤੇ ਉਨ੍ਹਾਂ ਧਰਮਾਂ ਦੇ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ।

ਇਸ ਲਈ ਇਹ ਜ਼ਰੂਰੀ ਭਾਸਦਾ ਸੀ ਕਿ ਸਰਬ-ਸੰਸਾਰ ਧਰਮਾਂ ਦੇ ਸੰਦਰਭ ਵਿਚ ਗੁਰੂ ਨਾਨਕ ਦਰਸ਼ਨ ਦੀ ਵਿਸ਼ੇਸ਼ ਜਾਣਕਾਰੀ ਦਿਤੀ ਜਾਵੇ । ਪਹਿਲਾ ਅਧਿਆਇ ਇਸ ਵਿਸ਼ੇ ਨਾਲ ਸਬੰਧਤ ਹੈ । ਗੁਰੂ ਨਾਨਕ ਦੇਵ ਹਿੰਦੂਆਂ , ਜੈਨੀਆਂ, ਬੋਧੀਆਂ ਦੇ ਧਾਰਮਕ ਆਗੂਆਂ ਨੂੰ ਉਨ੍ਹਾਂ ਦੇ ਵਿਸ਼ੇਸ਼ ਅਸਥਾਨਾਂ ਤੇ ਭਾਰਤ ਵਿਚ ਮਿਲੇ । ਤਿਬਤ, ਚੀਨ, ਵਿਚ ਉਨ੍ਹਾਂ ਦਾ ਸੰਪਰਕ ਤਾਓ ਅਤੇ ਕੰਨਫੀਊਸ਼ੀਅਸ ਮਤ ਦੇ ਅਨੁਯਾਈਆਂ ਨਾਲ ਹੋਇਆ ਅਤੇ ਮਧ-ਪੂਰਬ ਵਿਚ ਜ਼ਰਥੁਸਤਰੀ ਮਤ ,ਯਹੂਦੀ ਮਤ , ਈਸਾਈ ਮਤ ਅਤੇ ਇਸਲਾਮ ਦੇ ਸਮਕਾਲੀ ਆਗੂਆਂ ਨਾਲ । ਸਰਬ-ਸੰਸਾਰਕ ਦ੍ਰਿਸ਼ਟੀ ਤੋਂ ਇਨ੍ਹਾਂ ਧਰਮਾਂ ਦੀਆਂ ਉਣਤਾਈਆਂ ਨੂੰ ਛਿਲ ਤਰਾਸ਼ ਕੇ ਗੁਰੂ ਨਾਨਕ ਦੇਵ ਨੇ ਇਕ ਮਤ ਨੂੰ ਜਨਮ ਦਿਤਾ ਜਿਸ ਨੂੰ ਸਿਖ ਧਰਮ ਕਿਹਾ ਜਾਂਦਾ ਹੈ । ਇਸ ਲਈ ਸਿਖ ਧਰਮ ਦੀ ਜਾਣਕਾਰੀ ਤੁਲਨਾਤਮਕ ਅਧਿਅਨ ਨਾਲ ਵਧੇਰੇ ਚਮਕਦੀ ਹੈ । ਪਰ ਏਥੇ ਇਸਦਾ ਕੇਵਲ ਸੰਖਿਪ ਵਿਵਰਣ ਹੀ ਉਚਿਤ ਸੀ ।

ਦੂਜੇ ਅਧਿਆਇ ਵਿਚ ਜੀਵ ਦੀ ਪਰਿਭਾਸ਼ਾ ਦੇ ਕੇ ,ਇਸਦੇ ਭਿੰਨ ਭਿੰਨ ਅੰਗਾਂ ਨੂੰ ਗੁਰੂ ਨਾਨਕ ਬਾਣੀ ਦੀ ਰੋਸ਼ਨੀ ਵਿਚ ਵੇਖਿਆ ਗਿਆ ਹੈ । ਸਾਦੇਹ ਆਤਮਾ ਨੂੰ ਹੀ ਜੀਵ ਕਿਹਾ ਗਿਆ ਹੈ । ਸੰਸਾਰ ਵਿਚ ਅਨੇਕ ਰੂਪਾਂ, ਰੰਗਾਂ ਅਤੇ ਜਾਤੀਆਂ ਦੇ ਜੀਵ ਵਿਚਰਦੇ ਹਨ ਪਰ ਸਭ ਜੀਵਾਂ ਦਾ ਸਿਰਤਾਜ ਮਾਨਵ ਨੂੰ ਮੰਨਿਆ ਗਿਆ ਹੈ ,ਇਸ ਲਈ ਜਿਥੇ ਗੁਰੂ ਨਾਨਕ ਬਾਣੀ ਵਿਚ ਉਤਮ ਜੀਵ "ਮਾਨਵ" ਸਬੰਧੀ ਬਹੁਤ ਵਿਚਾਰ ਦਰਜ ਹਨ , ਇਸ ਸ਼ੋਧ ਪ੍ਰਬੰਧ ਵਿਚ ਵੀ ਜੀਵ ਦੇ ਕਰਤਵਾਂ ਆਦਿ ਦੇ ਵਿਸਥਾਰ ਲਈ 'ਮਾਨਵ' ਨੂੰ ਹੀ ਮੁਖ ਰਖਿਆ ਗਿਆ ਹੈ ।ਜੀਵ ਦੇ ਜੋ ਪੰਜ-ਭੂਤਕ ਸ਼ਰੀਰ ਦੇ ਅੰਦਰ ਇਕ ਵਿਸ਼ੇਸ਼ ਸੰਸਾਰ ਹੈ ਜਿਸਨੂੰ ਅੰਤਹਕਰਣ ਜਾਂਦਾ ਹੈ ,ਜਿਸਦੇ ਚਾਰ ਅੰਗ ਮਨ, ਬੁਧੀ, ਚਿਤ ਅਤੇ ਅਹੰਕਾਰ ਹਨ ।ਇਹ ਸਾਰੇ ਜੀਵ ਦੇ ਚੇਤੰਨ ਤਤ ਆਤਮਾ ਨਾਲ ਸਬੰਧਤ ਹਨ ।

ਤੀਜੇ ਅਧਿਆਇ ਵਿਚ ਜੀਵਾਂ ਦੀ ਰਚਨਾ ਬਾਰੇ ਸਵਿਸਥਾਰ ਚਰਚਾ ਕੀਤੀ ਗਈ ਹੈ । ਜੀਵ ਦੇ ਵਿਕਾਸ ਨੂੰ ਦਰਸਾ ਕੇ , ਪਾਪ ਪੁੰਨ ਅਤੇ ਕਰਮ ਆਵਾਗਵਣ ਦੇ ਸਿਧਾਂਤਾਂ ਬਾਰੇ ਵਿਚਾਰ ਕੀਤੀ ਗਈ ਹੈ ,ਕਿਉਂਕਿ ਮਾਨਵ ਕਰਮਾਂ ਦੇ ਬਲ ਨਾਲ ਪਸ਼ੂ -ਸ਼੍ਰੇਣੀ ਵਿਚ ਵੀ ਡਿਗ ਸਕਦਾ ਹੈ ਅਤੇ ਦੇਵ -ਸ਼੍ਰੇਣੀ ਵਿਚ ਵੀ ਸ਼ਾਮਲ ਹੋ ਸਕਦਾ ਹੈ । ਪ੍ਰਭੂ ਅਤੇ ਗੁਰੂ ਦੀ ਬਖਸ਼ਸ਼ ਨਾਲ ਉਹ ਵਿਸ਼ੇਸ਼ ਕਰਮ ਕਰਦਾ ਹੋਇਆ ਕਰਮ ਆਵਾਗਵਣ ਨੂੰ ਵੀ ਉਲੰਘ ਸਕਦਾ ਹੈ ।

ਚੌਥਾ ਅਧਿਆਇ ਜੀਵ ਦੇ ਪੰਜ ਕੋਸ਼ਾਂ ਅਤੇ ਚਾਰ ਅਵਸਥਾਵਾਂ ਨੂੰ ਬਿਆਨਦਾ ਹੈ । ਪੰਜ-ਭੂਤਕ ਸ਼ਰੀਰ ਦੇ ਹੇਠਾਂ ਚਾਰ ਹੋਰ ਸੂਖਮ ਸ਼ਰੀਰ ਵੀ ਹਨ ।ਅੰਨਮਯ ਕੋਸ਼ ਦੇ ਹੇਠਾਂ ਪ੍ਰਾਣਮਯ ਕੋਸ਼ ਹੈ ,ਉਸਦੇ ਹੇਠਾਂ ਕ੍ਰਮਵਾਰ ਮਨੋਮਯਕੋਸ਼, ਵਿਗਿਆਨਮਯ ਕੋਸ਼ ਅਤੇ ਅਨੰਦ ਮਯ ਕੋਸ਼ ਹਨ ।ਆਤਮਾ ਦਾ ਨਿਵਾਸ ਅਨੰਦਮਯ ਕੋਸ਼ ਵਿਚ ਹੈ । ਇਹ ਆਤਮਾ ਸੰਸਾਰ ਵਿਚ ਚਾਰ ਅਵਸਥਾਵਾਂ ਵਿਚ ਵਿਚਰਦੀ ਹੈ: ਜਾਗ੍ਰਤ ,ਸੁਪਨ, ਸੁਖੋਪਤ ਅਤੇ ਤੁਰੀਆ। ਅਖੀਰਲੀ ਅਵਸਥਾ ਸਭ ਤੋਂ ਉਚੇਰੀ ਅਵਸਥਾ ਹੈ ,ਜਿਸਨੂੰ ਪਰਮ-ਅਨੰਦ ਦੀ ਅਵਸਥਾ ਵੀ ਕਿਹਾ ਜਾਂਦਾ ਹੈ ।

ਪੰਜਵਾਂ ਅਧਿਆਇ ਜੀਵਾਤਮਾ ਅਤੇ ਬ੍ਰਹਮ ਦੇ ਸਬੰਧ ਨੂੰ ਪ੍ਰਗਟ ਕਰਦਾ ਹੈ । ਭਾਵੇਂ ਜੀਵ ਬ੍ਰਹਮ ਦੀ ਅੰਸ਼ ਹੈ , ਪਰ ਪ੍ਰਕ੍ਰਿਤੀ ਅਥਵਾ ਮਾਇਆ ਨਾਲ ਸਬੰਧਤ ਹੋ ਕੇ ਉਸ ਤੋਂ ਵਿਛੜ ਜਾਂਦੀ ਹੈ । ਬ੍ਰਹਮ ਦੇ ਦੋ ਸਰੂਪ ਹਨ: ਨਿਰਗੁਣ ਅਤੇ ਸਰਗੁਣ ।ਸ੍ਰਿਸ਼ਟੀ ਰਚਨਾ ਤੋਂ ਪਹਿਲੇ ਨਿਰਗੁਣ ਬ੍ਰਹਮ ਸੁੰਨ ਸਮਾਧੀ ਵਿਚ ਲੀਨ ਸੀ, ਜਦੋਂ ਉਸਨੇ ਇਛਾ ਧਾਰਨ ਕੀਤੀ ਤਾਂ ਉਹ ਸਗੁਣ ਅਥਵਾ ਈਸ਼ਵਰ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਆਪਣੇ ਅੰਦਰੋਂ ਸਾਰੀ ਸਮਗ੍ਰੀ ਕਢ ਕੇ ਭਿੰਨ ਭਿੰਨ ਪ੍ਰਕਾਰ ਦੀ ਰਚਨਾ ਕੀਤੀ । ਜੇ ਬ੍ਰਹਮ ਨੂੰ ਸੂਰਜ ਮੰਨਿਆ ਜਾਏ ਤਾਂ ਆਤਮਾ ਇਕ ਕਿਰਨ ਹੈ , ਜੇ ਉਸ ਨੂੰ ਸਾਗਰ ਕਿਹਾ ਜਾਏ ਤਾਂ ਆਤਮਾ ਇਕ ਬੂੰਦ ।

ਛੇਵਾਂ ਅਧਿਆਇ ਜੀਵ ਅਤੇ ਜਗਤ ਦੇ ਸਬੰਧਾਂ ਨੂੰ ਪ੍ਰਗਟ ਕਰਦਾ ਹੈ । ਜੀਵ ਮਾਇਆ ਜਾਲ ਵਿਚ ਫਸ ਕੇ ਜਨਮ ਮਰਨ ਦੇ ਗੇੜ ਵਿਚ ਭਟਕਦਾ ਰਹਿੰਦਾ ਹੈ। ਤ੍ਰੈਗੁਣੀ ਮਾਇਆ ਬਹੁਤ ਬਲਵਾਨ ਹੈ ।ਇਹਦੇ ਵਿਚ ਗ੍ਰਸਤ ਹੋ ਕੇ ਜੀਵ ਹਉਮੈ ਕਰਦਾ ਹੈ ਅਤੇ ਏਸੇ ਲਈ ਧਰਤੀ ਤੋਂ ਉਪਰ ਨਹੀਂ ਉਠ ਸਕਦਾ । ਮਾਇਆ ਅਤੇ ਹਉਮੈ ਦੀ ਮੈਲ ਦੇ ਕਾਰਨ ਅਸਲੀਅਤ ਨੂੰ ਉਹ ਸਮਝ ਨਹੀਂ ਸਕਦਾ ।ਉਹ ਵਿਸ਼ਿਆਂ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ ।

ਸਤਵਾਂ ਅਧਿਆਇ ਜੀਵ ਦੇ ਅੰਤਮ ਮਨੋਰਥ ਬਾਰੇ ਹੈ । ਜੀਵ ਦੇ ਕਸ਼ਟਾਂ ਦੀ ਸਮਾਪਤੀ ਬ੍ਰਹਮ ਦੇ ਮੇਲ ਨਾਲ ਹੀ ਹੋ ਸਕਦੀ ਹੈ । ਇਹ ਮੇਲ ਸਤਿਗੁਰੂ ਤੋਂ ਬਿਨਾ ਨਹੀਂ ਹੋ ਸਕਦਾ । ਸਤਿਗੁਰੂ ਦੀ ਰਹਿਤ ਵਿਚ 'ਨਾਮ' ਨੂੰ ਉਤਮ ਸਥਾਨ ਪ੍ਰਾਪਤ ਹੈ ।ਸਾਧ ਸੰਗ ਅਤੇ ਕੀਰਤਨ ਜੀਵ ਨੂੰ ਨਾਮ-ਸਾਧਨਾ ਵਿਚ ਪ੍ਰਪਕ ਕਰਦੇ ਹਨ । ਇਸ ਨਾਮ ਸਾਧਨਾ ਰਾਹੀਂ ਹੀ ਜੀਵ ਗੁਰਮੁਖ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ ।'ਗੁਰਮੁਖ' ਬਣਨਾ ਹੀ ਜੀਵ ਦਾ ਅੰਤਮ ਨਿਸ਼ਾਨਾ ਹੈ । ਇਕ ਅਵਸਥਾ ਵਿਚ ਮਾਇਆ ਅਤੇ ਹਉਮੈ ਸਾਧਕ ਤੋਂ ਬਹੁਤ ਦੂਰ ਰਹਿ ਜਾਂਦੇ ਹਨ ,ਅਤੇ ਉਹ ਬ੍ਰਹਮ ਦੇ ਨਿਕਟ ਹੁੰਦਾ ਹੁੰਦਾ ਉਹਦੇ ਵਿਚ ਲੀਨ ਹੋ ਜਾਂਦਾ ਹੈ । ਉਹ ਬ੍ਰਹਮ ਗਿਆਨੀ ਹੋ ਜਾਂਦਾ ਹੈ ਅਤੇ ਜੀਉਂਦਿਆਂ ਵੀ ਮੁਕਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ।

ਜੀਵ ਦੇ ਸਬੰਧ ਵਿਚ ਉਪਰੋਕਤ ਅਧਿਆਇ ਗੁਰਬਾਣੀ ਦੀ ਰੋਸ਼ਨੀ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਦੀ ਬਾਣੀ ਦੀ ਰੋਸ਼ਨੀ ਵਿਚ ਲਿਖੇ ਗਏ ਹਨ । ਗੁਰੂ ਨਾਨਕ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ । ਗੁਰਦੇਵ ਦੇ ਨਾਂ ਵਿਚ ਕੁਝ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਮਿਲਦੀ ਹੈ , ਪਰ ਉਹ ਪ੍ਰਮਾਣਿਕ ਨਹੀਂ ਕਹੀ ਜਾ ਸਕਦੀ , ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਗੁਰੂ ਨਾਨਕ ਬਾਣੀ ਨੂੰ ਆਧਾਰ ਬਣਾਇਆ ਗਿਆ ਹੈ । ਹੇਠਾਂ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਗੁਰੂ ਨਾਨਕ ਬਾਣੀ ਦਾ ਵੇਰਵਾ ਦਿੰਦੇ ਹਾਂ ।

## ਗੁਰੂ ਨਾਨਕ ਬਾਣੀ ਦਾ ਵੇਰਵਾ

ਜਪੁਜੀ ਅਤੇ ਕੁਝ ਸ਼ਲੋਕਾਂ ਨੂੰ ਛਡ ਕੇ ਬਾਕੀ ਦੀ ਗੁਰੂ ਨਾਨਕ ਬਾਣੀ ਰਾਗਾਂ ਰਾਗਣੀਆਂ ਦੇ ਅਨੁਵਾਨ ਹੇਠਾਂ ਮਿਲਦੀ ਹੈ । ਗੁਰਦੇਵ ਦੇ ਸ਼ਬਦ ਪਦਿਆਂ ਵਿਚ ਵੰਡੇ ਹੋਏ ਹਨ। ਬਹੁਤੇ ਸ਼ਬਦ ਚਉਪਦਿਆਂ ਅਤੇ ਅਸ਼ਟਪਦੀਆਂ ਦੇ ਰੂਪ ਵਿਚ ਹਨ । ਕੁਝ ਇਕ ਸੋਲਹੇ, ਭਾਵ ਸੋਲਾਂ ਪਦਿਆਂ ਦੇ ਸ਼ਬਦ ਦ ਰਾਗ ਮਾਰੂ ਵਿਚ ਹਨ । ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਤਰਤੀਬ ਵਿਚ ਹੈ:--

| ਨੰਬਰ | ਬਾਣੀ | ਪਦਿਆਂ ਜਾਂ/ਅਤੇ ਸ਼ਲੋਕਾਂ ਦੀ ਸੰਖਿਆ | |
|---|---|---|---|
| ੧- | ਜਪੁਜੀ | ਪਉੜੀਆਂ | ੩੮ |
| | | ਸਲੋਕ | ੨ |
| ੨- | ਸਿਰੀ ਰਾਗੁ (ਦੋ ਪਹਿਰਿਆਂ ਨੂੰ ਮਿਲਾ ਕੇ) | ਪਦੇ | ੪੩ |
| | | ਚੌਥੇ ਗੁਰੂ ਦੀ ਵਾਰ ਵਿਚ ਸਲੋਕ | ੭ |
| ੩- | ਰਾਗੁ ਮਾਝ | ਪਦਾ | ੧ |
| | | ਵਾਰ ਦੀਆਂ ਪਉੜੀਆਂ | ੨੭ |
| | | ਵਾਰ ਵਿਚ ਸਲੋਕ | ੪੬ |
| ੪- | ਰਾਗੁ ਗਉੜੀ | ਪਦੇ | ੩੮ |
| | | ਛੰਤ | ੨ |
| ੫- | ਰਾਗੁ ਆਸਾ | ਪਦੇ | ੬੨ |
| | | ਪਟੀ ਦੇ ਪਦੇ | ੩੫ |
| | | ਛੰਤ | ੫ |
| | | ਵਾਰ ਵਿਚ ਪਉੜੀਆਂ | ੨੪ |
| | | ਵਾਰ ਵਿਚ ਸਲੋਕ | ੪੫ |

| ਨੰਬਰ | ਬਾਣੀ | ਪਦਿਆਂ ਜਾਂ/ਅਤੇ ਸਲੋਕਾਂ ਦੀ ਸੰਖਿਆ | |
|---|---|---|---|
| ੬- | ਰਾਗ ਗੂਜਰੀ | ਪਦੇ | ੭ |
| ੭- | ਰਾਗ ਬਿਹਾਗੜਾ | | |
| | ਚੌਥੇ ਗੁਰੂ ਦੀ ਵਾਰ ਵਿਚ | ਸਲੋਕ | ੨ |
| ੮- | ਰਾਗ ਵਡਹੰਸ | ਪਦੇ | ੩ |
| | | ਛੰਤ | ੨ |
| | | ਅਲਾਹਣੀਆਂ | ੫ |
| | ਚੌਥੇ ਗੁਰੂ ਦੀ ਵਾਰ ਵਿਚ | ਸਲੋਕ | ੩ |
| ੯- | ਰਾਗ ਸੋਰਠਿ | ਪਦੇ | ੧੬ |
| | ਚੌਥੇ ਗੁਰੂ ਦੀ ਵਾਰ ਵਿਚ | ਸਲੋਕ | ੨ |
| ੧੦- | ਰਾਗ ਧਨਾਸਰੀ | | |
| | ਆਰਤੀ ਨੂੰ ਸ਼ਾਮਲ ਕਰ ਕੇ | ਪਦੇ | ੧੧ |
| | | ਛੰਤ | ੩ |
| ੧੧- | ਰਾਗ ਤਿਲੰਗ | ਪਦੇ | ੬ |
| ੧੨- | ਰਾਗ ਸੂਹੀ | ਪਦੇ | ੧੪ |
| | | ਇਕ ਕੁਚਜੀ, ਇਕ ਸੁਚਜੀ | ੨ |
| | | ਛੰਤ | ੫ |
| | ਤੀਜੇ ਗੁਰੂ ਦੀ ਵਾਰ ਵਿਚ | ਸਲੋਕ | ੨੧ |
| ੧੩- | ਰਾਗ ਬਿਲਾਵਲ | ਪਦੇ | ੬ |
| | | ਥਿਤੀ ਪਦੇ | ੨੦ |
| | | ਛੰਤ | ੨ |
| | ਚੌਥੇ ਗੁਰੂ ਦੀ ਵਾਰ ਵਿਚ | ਸਲੋਕ | ੨ |
| ੧੪- | ਰਾਗ ਰਾਮਕਲੀ | ਪਦੇ | ੨੦ |
| | | ਦਖਣੀ ਓਅੰਕਾਰੁ ਪਦੇ | ੫੪ |
| | | ਸਿਧ ਗੋਸਟਿ ਪਦੇ | ੭੩ |
| | ਤੀਜੇ ਗੁਰੂ ਦੀ ਵਾਰ ਵਿਚ | ਸਲੋਕ | ੧੯ |
| ੧੫- | ਰਾਗ ਮਾਰੂ | ਪਦੇ | ੪੫ |
| | ਤੀਜੇ ਗੁਰੂ ਦੀ ਵਾਰ ਵਿਚ | ਸਲੋਕ | ੧੮ |

| ਨੰਬਰ | ਬਾਣੀ | ਪਦਿਆਂ ਜਾਂ/ਅਤੇ ਸਲੋਕਾਂ ਦੀ ਸੰਖਿਆ | |
|---|---|---|---|
| ੧੬- | ਰਾਗੁ ਤੁਖਾਰੀ | ਛੰਤ | ੫ |
| | ਬਾਰਾਮਾਹਾ | ਪਦੇ | ੧੭ |
| ੧੭- | ਰਾਗੁ ਭੈਰਉ | ਪਦੇ | ੯ |
| ੧੮- | ਰਾਗੁ ਬਸੰਤ | ਪਦੇ | ੧੮ |
| ੧੯- | ਰਾਗੁ ਸਾਰੰਗ | ਪਦੇ | ੫ |
| | ਚੌਥੇ ਗੁਰੂ ਦੀ ਵਾਰ ਵਿਚ ਸਲੋਕ | | ੩੩ |
| ੨੦- | ਰਾਗੁ ਮਲਾਰ | ਪਦੇ | ੧੪ |
| | ਵਾਰ ਦੀਆਂ ਪਉੜੀਆਂ | | ੨੭ |
| | ਵਾਰ ਦੇ ਸਲੋਕ | | ੨੪ |
| ੨੧- | ਰਾਗੁ ਪ੍ਰਭਾਤੀ | ਪਦੇ | ੨੪ |
| ੨੨- | ਸਹਸਕ੍ਰਿਤੀ ਸਲੋਕ | | ੪ |
| | (ਇਨ੍ਹਾਂ ਸਲੋਕਾਂ ਵਿਚੋਂ ਇਕ ਆਸਾ ਦੀ ਵਾਰ ਵਿਚ ਗਿਣਿਆ ਗਿਆ ਹੈ। ਬਾਕੀ ਦੇ ਤਿੰਨ ਸਲੋਕ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ ਦੂਜੇ ਗੁਰੂ ਦੇ ਸਲੋਕ ਦਸੇ ਗਏ ਹਨ, ਪਰ ਇਥੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕੀਤਾ ਗਿਆ ਹੈ) | | |
| ੨੩- | ਸਲੋਕ ਵਾਰਾਂ ਤੇ ਵਧੀਕ | | ੩੨ |

ਉਪਰੋਕਤ ਬਾਣੀ ਵਿਚ ਪਦਿਆਂ, ਛੰਤਾਂ ਪਉੜੀਆਂ ਅਤੇ ਸਲੋਕਾਂ ਦਾ ਕੁਲ ਜੋੜ ੯੫੮ ਹੈ।

ਅਖੀਰ ਵਿਚ ਮੈਂ ਆਪਣੇ ਵਿਭਾਗ ਦੇ ਮੁਖੀ ਡਾ: ਸੁਰਿੰਦਰ ਸਿੰਘ ਕੋਹਲੀ ਦਾ ਬਹੁਤ ਧੰਨਵਾਦ ਕਰਦੀ ਹਾਂ। ਉਨ੍ਹਾਂ ਨੇ ਕਦਮ ਕਦਮ ਤੇ ਮੇਰੀ ਹੌਸਲਾ ਅਫਜ਼ਾਈ ਅਤੇ ਅਗਵਾਈ ਕੀਤੀ ਹੈ। ਉਨ੍ਹਾਂ ਦੇ ਨਿਜੀ ਪੁਸਤਕਾਲੇ ਨੇ ਮੇਰੀਆਂ ਬਹੁਤ ਲੋੜਾਂ ਪੂਰੀਆਂ ਕੀਤੀਆਂ ਹਨ। ਸਤਿਕਾਰ ਯੋਗ ਡਾ: ਕਰਤਾਰ ਸਿੰਘ ਸੂਰੀ ਦੀ ਸੁਚੱਜੀ ਨਿਗਰਾਨੀ ਲਈ ਕ੍ਰਿਤੱਗਤਾ ਪ੍ਰਗਟ ਕਰਦੀ ਹਾਂ। ਪੰਜਾਬ ਵਿਸ਼ਵ ਵਿਦਿਆਲੇ ਦੀ ਬਹੁਤ ਅਭਾਰੀ ਹਾਂ ਜਿਨ੍ਹਾਂ ਨੇ ਮੈਨੂੰ ਤਿੰਨ ਸਾਲ ਵਜ਼ੀਫਾ ਦੇ ਕੇ ਰਿਣੀ ਬਣਾਇਆ।

ਮਿਤੀ: ੧੮-੧੧-੭੫

ਕੁਲਜੀਤ ਕੌਰ [redacted]

ਕੁਲਜੀਤ ਕੌਰ [redacted]

*****************

# ਪਹਿਲਾ ਅਧਿਆਇ

*****************

## ਸਰਬ-ਸੰਸਾਰ-ਦਰਸ਼ਨ ਦੇ ਸੰਦਰਭ ਵਿਚ
## ਗੁਰੂ ਨਾਨਕ ਦਰਸ਼ਨ
## ——ਇਕ ਸੰਖਿਪ ਸਰਵੇਖਣ

(ਇਕ ਮਹਾਨ ਪਾਤਰ—ਭਾਰਤ ਦੇ ਧਰਮ—ਹਿੰਦੂ ਧਰਮ—ਚਾਰ ਵੇਦ ਅਤੇ ਛੇ ਸ਼ਾਸਤਰ—ਸਾਂ—ਯੋਗ—ਵੈਸ਼ੇਸ਼ਕ—ਨਿਆਇ—ਪੂਰਬ ਮੀਮਾਂਸਾ—ਵੇਦਾਂਤ—ਜੈਨ ਮਤ—ਬੁਧ ਮਤ—ਤਿਬਤ, ਚੀਨ ਆਦਿ ਦੇ ਧਰਮ—ਤਾਓ ਮਤ—ਕਨਫ਼ੂਸ਼ੀਅਸ ਮਤ—ਸ਼ਿੰਟੋ ਮਤ—ਮਧ-ਪੂਰਬ ਦੇ ਧਰਮ—ਜ਼ਰਤੁਸ਼ਤਰਾ ਮਤ—ਯਹੂਦੀ ਮਤ—ਈਸਾਈ ਮਤ—ਇਸਲਾਮ—ਸਾਰ।).

## ਸਰਬ-ਸੰਸਾਰ-ਦਰਸ਼ਨ ਦੇ ਸੰਦਰਭ ਵਿਚ
## ਗੁਰੂ ਨਾਨਕ ਦਰਸ਼ਨ
## —ਇਕ ਸੰਖਿਪ ਸਰਵੇਖਣ

### ਇਕ ਮਹਾਨ ਯਾਤਰੀ

ਆਪਣੇ ਜੀਵਨ ਵਿਚ ਚਾਰ/ਪੰਜ ਉਦਾਸੀਆਂ ਧਾਰਨ ਕਰਕੇ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ ਕੀਤਾ । ਉਹ ਨਾ ਕੇਵਲ ਸਾਰੇ ਭਾਰਤ ਵਿਚ ਫਿਰੇ , ਸਗੋਂ ਉੱਤਰ ਵਿਚ ਹਿਮਾਲੀਆ ਨੂੰ ਉਲੰਘ ਕੇ ਤਿੱਬਤ ਅਤੇ ਚੀਨ ਵਿਚ ਪ੍ਰਵੇਸ਼ ਕੀਤਾ , ਦੱਖਣ ਵਿਚ ਲੰਕਾ ਦੇ ਟਾਪੂ ਵਿਚ ਵਿਚਰੇ , ਪੱਛਮ ਵਿਚ ਮਧ-ਪੂਰਬੀ ਦੇਸ਼ਾਂ ਦਾ ਦੌਰਾ ਕੀਤਾ ਅਤੇ ਪੂਰਬ ਵਿਚ ਆਸਾਮ ਤੋਂ ਅੱਗੇ ਕਈ ਦੇਸ਼ਾਂ ਅਤੇ ਟਾਪੂਆਂ ਵਿਚ ਵਿਚਰਨ ਦੀ ਸੰਭਾਵਨਾ ਹੈ ।[1] ਆਪਣੀਆਂ ਉਦਾਸੀਆਂ ਵਿਚ ਉਹ ਸਮਕਾਲੀ ਧਰਮਾਂ ਦੇ ਵਿਸ਼ੇਸ਼ ਸਥਾਨਾਂ ਉਤੇ ਗਏ ਅਤੇ ਉਨ੍ਹਾਂ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ ।ਭਾਰਤ ਵਿਚ ਉਹ ਹਿੰਦੂ ਮਤ , ਜੈਨ ਮਤ ਅਤੇ ਬੁਧ ਮਤ ਦੇ ਅਨੁਯਾਈਆਂ ਨੂੰ ਮਿਲੇ , ਮਧਪੂਰਬ ਵਿਚ ਜ਼ਰਾਥੁਸਤਰੀ ਮਤ, ਯਹੂਦੀ ਮਤ , ਈਸਾਈ ਮਤ, ਅਤੇ ਮੁਸਲਮਾਨੀ ਮਤ ਦੇ ਅਨੁਯਾਈਆਂ ਨੂੰ ਅਤੇ ਚੀਨ ਵਿਚ ਤਾਓ ਅਤੇ ਕਨਫ਼ੂਸ਼ੀਅਸ ਦੇ ਮੰਨਣ ਵਾਲਿਆਂ ਨੂੰ । ਹੋ ਸਕਦਾ ਹੈ ਕਿ ਜਾਪਾਨ ਦੇ ਸ਼ਿੰਟੋ ਧਰਮ ਦਾ ਕੋਈ ਜਿਗਿਆਸੂ ਵੀ ਉਨ੍ਹਾਂ ਨੂੰ ਮਿਲਿਆ ਹੋਵੇ ।[2] ਸੰਸਾਰ ਦੇ ਇਤਿਹਾਸ ਵਿਚ ਉਹ ਆਪਣੀ ਮਿਸਾਲ ਆਪ ਸਨ । ਅਜ ਵੀ ਭਾਰਤ ਤੋਂ ਬਾਹਰਲੇ ਕਈ ਦੇਸ਼ਾਂ ਵਿਚ ਉਨ੍ਹਾਂ ਦੇ ਪੈੜ-ਚਿੰਨ੍ਹ ਮਿਲ ਜਾਂਦੇ ਹਨ ।ਲੰਕਾ ਦੇ ਅਜਾਇਬ ਘਰ ਦੇ ਇਕ ਸ਼ਾਹੀ ਤਾਮਰ-ਪਤਰ ਉਤੇ ਉਨ੍ਹਾਂ ਦੀ ਆਮਦ ਦਾ ਜ਼ਿਕਰ ਹੈ ।ਇਰਾਨ ਵਿਚ ਬਗ਼ਦਾਦ ਦੇ ਇਕ ਸਥਾਨ ਤੇ ਉਨ੍ਹਾਂ ਦੀ ਯਾਦ ਵਿਚ ਉਸਾਰਿਆ ਥੜ੍ਹਾ ਮਿਲਦਾ ਹੈ । ਅਫ਼ਗ਼ਾਨਿਸਤਾਨ ਵਿਚ ਉਨ੍ਹਾਂ ਦੇ ਨਾਂ ਤੇ ਕਈ ਯਾਦਗਾਰਾਂ ਹਨ, ਜੋ ਉਨ੍ਹਾਂ ਦੇ ਉਸ ਦੇਸ਼ ਵਿਚ ਵਿਚਰਨ ਦਾ ਪਤਾ ਦਿੰਦੀਆਂ ਹਨ । ਭਾਰਤ ਵਿਚ ਕੋਈ ਵੀ ਪ੍ਰਦੇਸ਼ ਅਜੇਹਾ ਨਹੀ ਜਿਸ ਵਿਚ ਉਨ੍ਹਾਂ ਦੇ ਚਰਨ ਨਾ ਪਏ ਹੋਣ ।ਫਿਰ ਤੁਰ ਕੇ ਅਤੇ ਵਿਚਾਰ-ਵਟਾਂਦਰੇ ਨਾਲ ਉਨ੍ਹਾਂ ਨੇ ਸੰਸਾਰ ਦੇ ਸਭ ਮਤਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਆਪਣੇ ਵਿਚਾਰਾਂ ਨੂੰ ਉਨ੍ਹਾਂ ਨੇ ਲੋਕ -ਕਲਿਆਣ ਲਈ ਕਾਨੀ -ਬਧ ਕਰ ਦਿਤਾ ।

---

੧-, ਵੇਖੋ TRAVELS OF GURU NANAK by Dr. S.S.Kohli.

੨-ਵੇਖੋ PHILOSOPHY OF GURU NANAK by Dr.S.S.Kohli.

## ਭਾਰਤ ਦੇ ਧਰਮ ਅਤੇ ਗੁਰੂ ਨਾਨਕ ਦੇਵ

ਭਾਈ ਗੁਰਦਾਸ ਦੀ ਰਚਨਾ ਗੁਰੂ ਨਾਨਕ ਦੇਵ ਸਬੰਧੀ ਸਭ ਤੋਂ ਪੁਰਾਣੀ ਸਰੋਤ ਮੰਨੀ ਜਾਂਦੀ ਹੈ । ਭਾਈ ਗੁਰਦਾਸ ਚਾਰ ਗੁਰੂ ਸਾਹਿਬਾਨ ,ਤੀਜੇ ਤੋਂ ਛੇਵੇਂ ਤਕ ਦੇ ਸਮਕਾਲੀ ਸਨ । ਸਮੇ ਦੇ ਲਿਹਾਜ਼ ਨਾਲ ਉਨ੍ਹਾਂ ਦੇ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਲੇ ਅਧੀ ਸਦੀ ਤੋਂ ਵਧੀਕ ਵਿਥ ਨਹੀਂ ਹੋਣੀ । ਹੋ ਸਕਦਾ ਹੈ ਕਿ ਉਨ੍ਹਾਂ ਦਾ ਸੰਪਰਕ ਉਨ੍ਹਾਂ ਲੋਕਾਂ ਨਾਲ ਹੋਇਆ ਹੋਵੇ , ਜੋ ਆਪ ਗੁਰੂ ਨਾਨਕ ਦੇਵ ਨੂੰ ਮਿਲੇ ਸਨ । ਇਸ ਲਈ ਉਨ੍ਹਾਂ ਦੀ ਗਵਾਹੀ ਸਭ ਤੋਂ ਵਧੀਕ ਪ੍ਰਮਾਣਿਕ ਮੰਨੀ ਜਾਂਦੀ ਹੈ । ਉਨ੍ਹਾਂ ਅਨੁਸਾਰ ਜਦੋਂ ਉਹ ਉਦਾਸੀਆਂ ਲਈ ਤੁਰੇ ਤਾਂ ਭਾਰਤ ਵਿਚ ਕਈ ਤੀਰਥਾਂ ਅਤੇ ਮੇਲਿਆਂ ਵਿਚ ਵਿਚਰੇ ਜਿਵੇਂ ਭਾਈ ਗੁਰਦਾਸ ਲਿਖਦਾ ਹੈ :

ਬਾਬਾ ਆਇਆ ਤੀਰਥੀਂ
ਤੀਰਥ ਪੁਰਬ ਸਭੇ ਫਿਰ ਦੇਖੇ ।

( ਵਾਰ ੧ )

ਉਨ੍ਹਾਂ ਦੀ ਸਰਬ -ਸੰਸਾਰਕ ਯਾਤਰਾ ਦਾ ਕਾਰਨ 'ਪਰਮ ਮਨੁਖ ' ਦੀ ਭਾਲ ਸੀ , ਜਿਸਨੂੰ ਉਨ੍ਹਾਂ ਨੇ 'ਗੁਰਮੁਖ' ਕਿਹਾ ਹੈ ।ਉਨ੍ਹਾਂ ਨੂੰ ਇਹ ਬੰਦਾ ਕਿਤੇ ਵੀ ਨਾ ਦਿਸਿਆ । ਹਿੰਦੂ ਹਿੰਦੂ ਨਹੀਂ ਸੀ , ਮੁਸਲਮਾਣ ਮੁਸਲਮਾਣ ਨਹੀਂ ਸੀ ,ਏਸੇ ਲਈ ਉਨ੍ਹਾਂ ਦਾ ਮੁਢਲਾ ਨਾਹਰਾ ਹੀ ਇਹ ਸੀ "ਨਾ ਕੋ ਹਿੰਦੂ ਨਾ ਮੁਸਲਮਾਣ " 'ਸਿਧ ਗੋਸਟਿ ' ਵਿਚ ਉਨ੍ਹਾਂ ਨੇ ਆਪਣੀ ਟੋਲ ਦਾ ਜ਼ਿਕਰ ਕੀਤਾ ਹੈ :

ਗੁਰਮੁਖਿ ਖੋਜਤ ਭਏ ਉਦਾਸੀ।
ਦਰਸਨ ਕੈ ਤਾਈ ਭੇਖ ਨਿਵਾਸੀ ।
ਸਾਚ ਵਖਰ ਕੇ ਹਮ ਵਣਜਾਰੇ ।
ਨਾਨਕ ਗੁਰਮੁਖਿ ਉਤਰਸਿ ਪਾਰੇ । ੧੮।

( ਪੰ: ੯੩੯ )

ਇਸ ਲਈ ਗੁਰੂ ਨਾਨਕ ਦੇਵ ਦਾ ਉਦੇਸ਼ 'ਪੂਰਨ ਮਨੁਖ ' ਦਾ ਨਿਰਮਾਣ ਸੀ, ਜਿਸ ਦੀ ਰਹਿਤ ਉਨ੍ਹਾਂ ਨੇ ਆਪਣੀ ਬਾਣੀ ਵਿਚ ਪ੍ਰਗਟ ਕੀਤੀ ਹੈ ।

## ਹਿੰਦੂ ਧਰਮ ਅਥਵਾ ਵਰਣ-ਆਸ੍ਰਮ ਧਰਮ

ਉਨ੍ਹਾਂ ਨੇ ਸਮਾਜ ਵਿਚ ਅਨੇਕ ਵੰਡੀਆਂ ਦੇਖੀਆਂ ।ਜਿਸ ਹਿੰਦੂ ਬ੍ਰਾਦਰੀ ਵਿਚੋਂ ਉਹ ਆਪ ਪ੍ਰਗਟ ਹੋਏ ਸਨ, ਉਹਦੇ ਵਿਚ ਵਰਣਾਂ ਅਤੇ ਆਸ੍ਰਮਾਂ ਦੀਆਂ ਵੰਡੀਆਂ ਬਹੁਤ ਚਿਰ ਤੋਂ ਸਥਾਪਿਤ ਸਨ , ਇਸ ਲਈ ਭਰਾਤਰੀ ਭਾਵ ਅਤੇ ਬਰਾਦਰੀ ਦਾ ਭਾਵ ਨਾ ਹੋਣ ਕਰਕੇ ਸਥਿਤੀ ਦੁਖਦਾਇਕ ਸੀ ।ਗੁਰਦੇਵ ਨੇ ਅਜਿਹੀ ਸਥਿਤੀ ਦੇ ਵਿਰੁਧ ਆਵਾਜ਼ ਉਠਾਈ । ਇਸ ਤੋਂ ਪਹਿਲਾਂ ਕਬੀਰ ਜੀ ਨੇ ਵੀ ਬ੍ਰਾਹਮਣ -ਸ਼ੂਦਰ ਦੇ ਘਿਰਣਿਤ ਬਟਵਾਰੇ ਦੀ ਕਰੜੀ ਆਲੋਚਨਾ ਕੀਤੀ ਸੀ । ਗੁਰਦੇਵ ਨੇ ਸਭ ਜੀਵਾਂ ਉਤੇ ਇਕੋ ਪ੍ਰਭੂ ਦੀ ਛਾਂ ਦਾ ਜ਼ਿਕਰ ਕਰ ਕੇ ਜਾਤਾਂ ਅਤੇ ਉਨ੍ਹਾਂ ਦੇ ਨਾਵਾਂ ਨੂੰ ਫਜ਼ੂਲ ਦਸਿਆ । ਉਨ੍ਹਾਂ ਨੇ ਕਿਹਾ :

ਫਕੜ ਜਾਤੀ ਫਕੜੁ ਨਾਉ ।
ਸਭਨਾ ਜੀਆ ਇਕਾ ਛਾਉ ।

( ਸਿਰੀ ਰਾਗ ਪੰ: ੮੩ )

ਉਨ੍ਹਾਂ ਅਨੁਸਾਰ ਰਬ ਦੇ ਘਰ ਵਿਚ ਜਾਤਾਂ ਜਨਮਾਂ ਦੀ ਕੋਈ ਪੁਛ ਨਹੀਂ ; ਜਿਹੋ ਜਿਹੇ ਕੋਈ ਕਰਮ ਕਰਦਾ ਹੈ ,ਉਸ ਅਨੁਸਾਰ ਹੀ ਉਹਦੀ ਜਾਤ ਮਿਥਣੀ ਚਾਹੀਦੀ ਹੈ:

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ ।
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ ।

( ਪ੍ਰਭਾਤੀ ਮ: ੧ ਪੰ: ੧੩੩੦ )

ਆਸ੍ਰਮਾਂ ਵਿਚੋਂ ਗੁਰਦੇਵ ਨੇ ਗ੍ਰਿਹਸਤ ਧਰਮ ਨੂੰ ਇਸ ਲਈ ਵਡਿਆਇਆ ਹੈ ਕਿ ਗ੍ਰਿਹਸਤੀ ਕਿਰਤੀ ਹੁੰਦਾ ਹੈ । ਉਨ੍ਹਾਂ ਨੇ ਕਿਰਤ ਕਰਨ ਉਤੇ ਬਹੁਤ ਬਲ ਦਿਤਾ ,ਇਸ ਲਈ ਤਿਆਗੀਆਂ ਦਾ ਉਨ੍ਹਾਂ ਨੇ ਖੰਡਨ ਕੀਤਾ ।ਥੋਥੇ ਗਿਆਨ ਦੀ ਵੀ ਉਨ੍ਹਾਂ ਨੇ ਨਿਖੇਧੀ ਕੀਤੀ ।ਉਨ੍ਹਾਂ ਨੇ ਫੁਰਮਾਇਆ:

ਜੋਗੀ ਭੋਗੀ ਕਾਪੜੀ
ਕਿਆ ਭਵਹਿ ਦਿਸੰਤਰ ।
ਗੁਰ ਕਾ ਸਬਦੁ ਨ ਚੀਨਹੀ
ਤਤੁ ਸਾਰੁ ਨਿਰੰਤਰ ।

ਪੰਡਿਤ ਪਾਧੇ ਜੋਇਸੀ
ਨਿਤ ਪੜ੍ਹਹਿ ਪੁਰਾਣਾ ।
ਅੰਤਰਿ ਵਸਤੁ ਨ ਜਾਣਨੀ
ਘਟਿ ਬ੍ਰਹਮੁ ਲੁਕਾਣਾ ।
ਇਕਿ ਤਪਸੀ ਬਨ ਮਹਿ ਤਪੁ ਕਰਹਿ
[redacted] ਨਿਤ ਤੀਰਥ ਵਾਸਾ।
ਆਪੁ ਨ ਚੀਨਹਿ ਤਾਮਸੀ
ਕਾਹੇ ਭਏ ਉਦਾਸਾ।
ਇਕਿ ਬਿੰਦੁ ਜਤਨ ਕਰਿ ਰਾਖਦੇ
ਸੇ ਜਤੀ ਕਹਾਵਹਿ।
ਬਿਨੁ ਗੁਰ ਸਬਦ ਨ ਛੂਟਹੀ
ਭ੍ਰਮਿ ਆਵਹਿ ਜਾਵਹਿ।
ਇਕਿ ਗਿਰਹੀ ਸੇਵਕ ਸਾਧਿਕਾ
ਗੁਰਮਤੀ ਲਾਗੇ।
ਨਾਮੁ ਦਾਨੁ ਇਸਨਾਨੁ ਦ੍ਰਿੜੁ
ਹਰਿ ਭਗਤਿ ਸੁਜਾਗੇ।
ਗੁਰ ਤੇ ਦਰੁ ਘਰੁ ਜਾਣੀਐ
ਸੋ ਜਾਇ ਸਿਞਾਣੈ।
ਨਾਨਕ ਨਾਮੁ ਨ ਵੀਸਰੈ
ਸਾਚੇ ਮਨੁ ਮਾਨੈ। (ਆਸਾ ਮ: ੧, ਪੰਨਾ ੪੧੯).

ਉਪਰੋਕਤ ਤੁਕਾਂ ਵਿਚ ਗੁਰਦੇਵ ਨੇ ਅਮਲੀ ਜੀਵਨ ਉਤੇ ਬਲ ਦਿਤਾ ਹੈ । ਕਿਰਤ ਕਰਨੀ , ਨਾਮ ਜਪਣਾ ਅਤੇ ਵੰਡ ਛਕਣਾ ਹੀ ਉਨ੍ਹਾਂ ਦੇ ਉਪਦੇਸ਼ ਦਾ ਸਾਰ ਹੈ ।

ਹਿੰਦੂ ਧਰਮ ਦੇ ਸ਼੍ਰੋਮਣੀ ਗ੍ਰੰਥ ਵੇਦ ਹਨ , ਇਹਨਾਂ ਨੂੰ ਸ੍ਰੁਤੀ ਕਿਹਾ ਜਾਂਦਾ ਹੈ । ਬਾਕੀ ਦੇ ਸਾਰੇ ਗ੍ਰੰਥ ਸਿੰਮ੍ਰਿਤੀ ਕਹੇ ਜਾਂਦੇ ਹਨ । ਹਰ ਵੇਦ ਦੇ ਚਾਰ ਭਾਗ ਹਨ ,ਪਹਿਲੇ ਦੋ ਭਾਗ ਮੰਤਰ ਅਤੇ ਬ੍ਰਾਹਮਣ ਹਨ , ਜਿਨ੍ਹਾਂ ਨੂੰ ਕਰਮ ਕਾਂਡ ਕਿਹਾ ਜਾਂਦਾ ਹੈ । ਤੀਜਾ ਭਾਗ ਅਰਣਯਕ ਹਨ ਜੋ ਉਪਾਸ਼ਨਾ ਕਾਂਡ ਹੈ ਅਤੇ ਚੌਥਾ ਭਾਗ ਉਪਨਿਸ਼ਦ ਹਨ ਜਿਨ੍ਹਾਂ ਨੂੰ ਗਿਆਨ ਕਾਂਡ ਕਹਿੰਦੇ ਹਨ । ਗੁਰਦੇਵ ਨੇ ਕਰਮਕਾਂਡ ਅਤੇ ਉਪਾਸ਼ਨਾ ਕਾਂਡ ਦਾ ਖੰਡਨ ਕੀਤਾ ਹੈ । ਕਿਉਂ ਜੋ

ਇਹ ਸਾਧਕ ਦੇ ਮਨ ਵਿਚ ਹਉਮੈਪੈਦਾ ਕਰਦੇ ਹਨ ਅਤੇ ਪ੍ਰਭੂ ਤੋਂ ਦੂਰ ਲੈ ਜਾਂਦੇ ਹਨ । ਕੇਵਲ ਆਤਮ ਤਤ ਦੀ ਵੀਚਾਰ ਵਾਲਾ ਗਿਆਨ ਕਾਂਡ ਹੀ ਸੁਖਦਾਇਕ ਹੈ । ਗੁਰਦੇਵ ਪੰਡਤ ਨੂੰ ਇਉਂ ਸੰਬੋਧਨ ਕਰਦੇ ਹਨ:

ਸੁਣਿ ਪੰਡਿਤ ਕਰਮਾਕਾਰੀ ।
ਜਿਤੁ ਕਰਮਿ ਸੁਖੁ ਊਪਜੈ ਭਾਈ
ਸੁ ਆਤਮ ਤਤੁ ਬੀਚਾਰੀ । ਰਹਾਉ ।
ਸਾਸਤੁ ਬੇਦੁ ਬਕੈ ਖੜੋ ਭਾਈ
ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਨ ਚੂਕਈ
ਭਾਈ ਅੰਤਰਿ ਮੈਲੁ ਵਿਕਾਰੀ ।

( ਸੋਰਠਿ ਮ: ੧: ਪੰ: ੬੩੫ )

ਆਸਾ ਦੀ ਵਾਰ ਵਿਚ ਕਰਮਕਾਂਡ ਦਾ ਇਕ ਵਧੀਆ ਚਿਤਰ ਗੁਰਦੇਵ ਨੇ ਖਿਚਿਆ ਹੈ ਅਤੇ ਨਾਲ ਹੀ ਇਸਦੀ ਨਿਰਾਰਥਕਤਾ ਨੂੰ ਪ੍ਰਗਟ ਕੀਤਾ ਹੈ :

ਲਿਖਿ ਲਿਖਿ ਪੜਿਆ
ਤੇਤਾ ਕੜਿਆ ।
ਬਹੁ ਤੀਰਥ ਭਵਿਆ
ਤੇਤੇ ਲਵਿਆ ।
ਬਹੁ ਭੇਖ ਕੀਆ
ਦੇਹੀ ਦੁਖੁ ਦੀਆ ।
ਸਹੁ ਵੇ ਜੀਆ
ਅਪਣਾ ਕੀਆ ।
ਅੰਨੁ ਨ ਖਾਇਆ
ਸਾਦੁ ਗਵਾਇਆ ।
ਬਹੁ ਦੁਖੁ ਪਾਇਆ
ਦੂਜਾ ਭਾਇਆ ।

ਬਸਤ੍ਰ ਨ ਪਹਿਰੈ

ਅਹਿਨਿਸਿ ਕਹਰੈ ।

ਮੋਨਿ ਵਿਗੂਤਾ ਕਿਉ ਜਾਗੈ

ਗੁਰ ਬਿਨੁ ਸੂਤਾ ।

ਪਗ ਉਪੇਤਾਣਾ

ਅਪਣਾ ਕੀਆ ਕਮਾਣਾ ।

ਅਲੁ ਮਲੁ ਖਾਈ

ਸਿਰਿ ਛਾਈ ਪਾਈ ।

ਮੂਰਖਿ ਅੰਧੈ ਪਤਿ ਗਵਾਈ ।

ਵਿਣੁ ਨਾਵੈ ਕਿਛੁ ਥਾਇ ਨ ਪਾਈ ।

ਰਹੈ ਬੇਬਾਣੀ ਮੜੀ ਮਸਾਣੀ ।

ਅੰਧੁ ਨ ਜਾਣੈ ਫਿਰਿ ਪਛੁਤਾਣੀ ।

(ਵਾਰ ਆਸਾ ਮ:੧: ਪੰ: ੪੬੭)

ਵੇਦ-ਮੰਤਰ ਕਈ ਦੇਵੀ ਦੇਵਤਿਆਂ ਦੀ ਖੁਸ਼ੀ ਉਸਤਤੀ ਵਿਚ ਲਿਖੇ ਗਏ ਹਨ ।ਇਸ ਲਈ ਹਿੰਦੂ ਧਰਮ ਵਿਚ ਅਨੇਕ ਦੇਵੀ ਦੇਵਤਿਆਂ ਦੀ ਉਪਾਸ਼ਨਾ ਕੀਤੀ ਜਾਂਦੀ ਹੈ ।ਉਪਾਸ਼ਨਾ -ਵਿਧੀ ਅਤੇ ਭਗਤੀ ਭਾਵਨਾ ਨੂੰ ਮੁਖ ਰਖਦੇ ਹੋਏ ਭਾਰਤ ਵਿਚ ਪੰਜ ਭਗਤੀ ਮਤ ਪ੍ਰਸਿਧ ਹੋਏ ; ਵੈਸ਼ਨਵ ਮਤ , ਸ਼ੈਵ ਮਤ , ਸ਼ਾਕਤ ਮਤ , ਗਣਪਤ ਮਤ ਅਤੇ ਸੌਰਯ ਮਤ । ਇਨ੍ਹਾਂ ਮਤਾਂ ਵਿਚ ਕ੍ਰਮਵਾਰ ਵਿਸ਼ਨੂੰ , ਸ਼ਿਵ ਜੀ , ਦੇਵੀ , ਗਣੇਸ਼ ਅਤੇ ਸੂਰਜ ਨੂੰ ਇਸ਼ਟ ਮੰਨ ਕੇ ਭਗਤੀ ਕੀਤੀ ਜਾਂਦੀ ਹੈ । ਗੁਰਦੇਵ ਨੇ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਮੰਨਿਆ । ਉਨ੍ਹਾਂ ਅਨੁਸਾਰ ਇਹ ਦੇਵੀ ਦੇਵਤੇ ਜਿਸ ਪਾਰਬ੍ਰਹਮ ਪਰਮੇਸ਼ਰ ਦੇ ਬਣਾਏ ਹੋਏ ਹਨ ,ਕੇਵਲ ਉਸਨੂੰ ਹੀ ਸਿਮਰਨਾ ਚਾਹੀਦਾ ਹੈ । ਸ਼ਿਰੋਮਣੀ ਦੇਵਤੇ ਬ੍ਰਹਮਾ , ਬਿਸ਼ਨ ਅਤੇ ਮਹੇਸ਼ ਹਨ ,ਇੰਦਰ ਦੇਵਤਿਆਂ ਦਾ ਰਾਜਾ ਹੈ , ਪਰ ਇਹ ਸਭ ਪਾਰਬ੍ਰਹਮ ਤੋਂ ਹੀ ਸ਼ਕਤੀ ਲੈਂਦੇ ਹਨ । ਗੁਰਦੇਵ ਦਾ ਕਹਿਣਾ ਹੈ ;

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ।

ਦੇਵੀ ਦੇਵ ਉਪਾਏ ਵੇਸਾ ।

ਜੋਤੀ ਜਾਤੀ ਗਣਤ ਨ ਆਵੈ ।

ਜਿਨਿ ਸਾਜੀ ਸੋ ਕੀਮਤਿ ਪਾਇ ।

( ਬਿਲਾਵਲੁ ਮ:੧ : ਥਿਤੀ ਪੰ: ੮੩੯ )

ਵੇਦਾਂ ਦਾ ਅਖੀਰਲਾ ਭਾਗ ਉਪਨਿਸ਼ਦ ਬ੍ਰਹਮ ਬਾਣੀ ਹਨ ਅਤੇ ਗੁਰਦੇਵ ਦੀ ਬਾਣੀ ਵੀ ਬ੍ਰਹਮ ਬਾਣੀ ਹੈ । ਇਸ ਲਈ ਗਿਆਨ ਕਾਂਡ ਨਾਲ ਗੁਰਦੇਵ ਦੀ ਸਾਂਝ ਹੈ । ਉਨ੍ਹਾਂ ਦੀਆਂ ਬਾਣੀਆਂ ਨੂੰ ਅਸੀਂ ਅਜੋਕੇ ਉਪਨਿਸ਼ਦ ਕਹਿ ਸਕਦੇ ਹਾਂ । ਸ਼ੰਕਰ , ਰਾਮਾਨੁਜ, ਮਾਧਵ, ਨਿੰਬਾਰਕ, ਵਲਭ ਆਦਿ ਨੇ ਉਪਨਿਸ਼ਦਾਂ , ਬ੍ਰਹਮ ਸੂਤਰ ਅਤੇ ਗੀਤਾ ਆਦਿ ਨੂੰ ਮਥ ਕੇ ਵੇਦਾਂਤ ਦੇ ਭਿੰਨ ਭਿੰਨ ਸਕੂਲਾਂ ਨੂੰ ਜਨਮ ਦਿਤਾ । ਮਗਰਲੇ ਚਾਰ ਵੈਸ਼ਨਵ ਅਚਾਰੀਆਂ ਦੀ ਭਗਤੀ ਨੂੰ ਸਗੁਣ ਭਗਤੀ ਕਿਹਾ ਜਾ ਸਕਦਾ ਹੈ । ਰਾਮਾਨੁਜ ਦੇ ਅਧਿਆਤਮਕ ਪਰਵਾਰ ਵਿਚੋਂ ਰਾਮਾਨੰਦ ਨੇ ਉਤਰੀ-ਹਿੰਦ ਵਿਚ ਭਗਤੀ ਲਹਿਰ ਨੂੰ ਗਤੀਮਾਨ ਕੀਤਾ ।ਉਸਦੇ ਚੇਲਿਆਂ ਦੇ ਦੋ ਸਕੂਲ ਸਥਾਪਨ ਹੋ ਗਏ , ਇਕ ਤਾਂ ਪਰੰਪਰਾਵਾਦੀ ਸਕੂਲ ਸੀ ਜੋ ਸਗੁਣ ਭਗਤੀ ਨੂੰ ਪ੍ਰਚਾਰਦਾ ਸੀ , ਪਰ ਦੂਜੇ ਸਕੂ ਸਕੂਲ ਦੇ ਸੰਚਾਲਕ ਕਬੀਰ ਨੇ ਨਿਰਗੁਣ ਭਗਤੀ ਉਤੇ ਬਲ ਦਿਤਾ । ਪੰਜਾਬ ਵਿਚ ਇਸ ਸਕੂਲ ਦੇ ਸਮਰਥਕ ਸਿਖ ਗੁਰ ਸਾਹਿਬਾਨ ਹੋਏ । ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਵਿਚ ਇਸ ਸਕੂਲ ਨਾਲ ਸਬੰਧਤ ਭਗਤਾਂ ਦੀ ਬਾਣੀ ਨੂੰ ਸੰਕਲਿਤ ਕੀਤਾ । ਇਸ ਸਕੂਲ ਨੇ ਦੇਵੀ ਦੇਵਤਿਆਂ ਨੂੰ ਛਡ ਕੇ ਪਾਰਬ੍ਰਹਮ ਪਰਮੇਸ਼ਰ ਨੂੰ ਹੀ ਸਭ ਕੁਝ ਮੰਨਿਆ ਅਤੇ ਆਪਣੀ ਬਾਣੀ ਵਿਚ ਕੇਵਲ ਉਸਦੇ ਹੀ ਗੁਣ ਗਾਏ ਹਨ ਜਿਵੇਂ:

ਆਪੇ ਕਵਲਾ ਕੰਤੁ ਆਪਿ ।
ਆਪੇ ਰਾਵੇ ਸਬਦਿ ਥਾਪਿ ।
ਆਪੇ ਬਛਰੁ ਗਊ ਖੀਰੁ ।
ਆਪੇ ਮੰਦਰੁ ਥੰਮ੍ਹ ਸਰੀਰੁ ।

( ਬਸੰਤੁ ਮ: ੧ ਪੰ: ੧੧੯੦)

## ਹਿੰਦੂ ਧਰਮ ਦਰਸ਼ਨ ਅਤੇ ਗੁਰੂ ਨਾਨਕ

ਹਿੰਦੂ ਧਰਮ ਦੇ ਦਰਸ਼ਨ ਦਾ ਨਿਰੂਪਨ ਛੇ ਸ਼ਾਸਤਰਾਂ ਰਾਹੀਂ ਹੋਇਆ ਹੈ ਜਿਨ੍ਹਾਂ ਦਾ ਜ਼ਿਕਰ ਗੁਰਦੇਵ ਨੇ ਇਉਂ ਕੀਤਾ ਹੈ : ਛਿਅ ਘਰ ਛਿਅ ਗੁਰ ਛਿਅ ਉਪਦੇਸ ।(ਆਸਾ ਮ:੧, ਪੰ: ੧੨ ) ਇਨ੍ਹਾਂ ਛੇ ਸ਼ਾਸਤਰਾਂ ਨੂੰ ਛੇ ਜੋੜਿਆਂ ਰਾਹੀਂ ਵਰਣਨ ਕੀਤਾ ਜਾ ਸਕਦਾ ਹੈ: ਸਾਂਖ ਯੋਗ ,

ਵੈਸ਼ੇਸ਼ਿਕ ਨਿਆਇ ਅਤੇ ਪੂਰਬ ਅਤੇ ਉਤਰੀ ਮੀਮਾਂਸਾ । ਸਾਂਖ ਦਾ ਰਚਨਹਾਰ ਕਪਿਲ ਮੁਨੀ ਸੀ , ਯੋਗ ਦਾ ਪਤੰਜਲੀ ਰਿਸ਼ੀ , ਵੈਸ਼ੇਸ਼ਿਕ ਦਾ ਕਣਾਦਿ , ਨਿਆਇ ਦਾ ਗੋਤਮ , ਪੂਰਬ ਮੀਮਾਂਸਾ ਦਾ ਜੈਮਿਨੀ ਅਤੇ ਉਤਰ ਮੀਮਾਂਸਾ ਦਾ ਅਥਵਾ ਵੇਦਾਂਤ ਦਾ ਵਿਆਸ ।ਇਨ੍ਹਾਂ ਛੇ ਸ਼ਾਸਤਰਾਂ ਵਿਚੋਂ ਤਿੰਨ – ਸਾਂਖ ਵੈਸ਼ੇਸ਼ਿਕ ਅਤੇ ਪੂਰਬ ਮੀਮਾਂਸਾ ਰਬ ਨੂੰ ਨਹੀਂ ਮੰਨਦੇ , ਇਸ ਲਈ , ਨਾਸਤਕ ਹੋਣ ਕਰਕੇ , ਗੁਰਦੇਵ ਦੇ ਮੂਲ ਵਿਚਾਰ ਦੇ ਵਿਰੋਧੀ ਹਨ । ਗੁਰਦੇਵ ਦਾ ਦਰਸ਼ਨ ਤਾਂ ਰਬ ਨੂੰ ਪ੍ਰਥਮ ਅਤੇ ਅੰਤਮ ਸਤ ਮੰਨ ਕੇ ਅਗੇ ਤੁਰਦਾ ਹੈ । ਸਾਂਖ ਦੇ ਪੱਚੀ ਤਤਾਂ ਨੂੰ ਗੁਰਦੇਵ ਨੇ ਸਵੀਕਾਰਿਆ ਹੈ , ਪਰ ਉਹਦੇ ਪੁਰਸ਼ ਅਤੇ ਪ੍ਰਕ੍ਰਿਤੀ ਦੇ ਅਨਾਦੀ ਹੋਣ ਦੇ ਸਿਧਾਂਤ ਨੂੰ ਨਹੀਂ ਮੰਨਿਆ । ਉਨ੍ਹਾਂ ਅਨੁਸਾਰ ਪਰਮਾਤਮਾ ਪ੍ਰਕਿਰਤੀ ਦਾ ਬਨਾਣ ਵਾਲਾ ਹੈ । ਸਾਰੀ ਕੁਦਰਤ ਕਾਦਰ ਦੀ ਕਿਰਤ ਹੈ ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ।

( ਵਾਰ ਆਸਾ ਮ: ੧ ਪੰ: ੪੬੪ )

ਸਾਂਖ ਦੇ ਪੱਚੀ ਤਤ ਪੁਰਸ਼ ਤ੍ਰੈਗੁਣੀ ਪ੍ਰਕ੍ਰਿਤੀ , ਮਹਤ , ਅਹੰਕਾਰ, ਪੰਜ ਗਿਆਨ ਇੰਦਰੇ ,ਪੰਜ ਕਰਮ ਇੰਦਰੇ , ਮਨ , ਪੰਜ ਤਨਮਾਤਰਾਵਾਂ ਅਤੇ ਪੰਜ ਮਹਾਂ ਭੂਤ (ਤਤ) ਹਨ ।ਇਨ੍ਹਾਂ ਸਭ ਤਤਾਂ ਦਾ ਵਰਣਨ ਗੁਰੂ ਬਾਣੀ ਵਿਚ ਹੋਇਆ ਹੈ । 'ਮਹਤ' ਸ਼ਬਦ ਦੀ ਵਰਤੋਂ ਆਪ ਗੁਰਦੇਵ ਨੇ ਜਪੁਜੀ ਦੇ ਅਖੀਰਲੇ ਸ਼ਲੋਕ ਵਿਚ ਕੀਤੀ ਹੈ । ਸਾਂਖ ਅਤੇ ਗੁਰਦੇਵ ਦੀ ਵਿਚਾਰ ਪ੍ਰਣਾਲੀ ਦਾ ਮੁਖ ਅੰਤਰ 'ਪਰਮ ਪੁਰਖ ' ਬਾਰੇ ਹੈ ।ਦੂਜਾ ਵਡਾ ਅੰਤਰ ਇਹ ਹੈ ਕਿ ਜਿਥੇ ਸਾਂਖ ਲਈ ਪ੍ਰਕ੍ਰਿਤੀ ਕ੍ਰਿਆਸ਼ੀਲ ਹੈ , ਉਥੇ ਗੁਰਦੇਵ ਪ੍ਰਕ੍ਰਿਤੀ ਨੂੰ ਜੜ ਮੰਨਦੇ ਹਨ ਅਤੇ ਪਰਮ ਪੁਰਖ ਨੂੰ ਕ੍ਰਿਆਸ਼ੀਲਤਾ ਦਾ ਸਰੋਤ ।

<u>ਯੋਗ ਦਰਸ਼ਨ</u> ਸਾਂਖ ਦੇ ਪੱਚੀ ਤਤਾਂ ਨੂੰ ਹੀ ਅਪਣਾਂਦਾ ਹੈ , ਪਰ ਉਹਦੇ ਵਿਚ 'ਪਰਮ ਪੁਰਖ ' ਦਾ ਸੰਕਲਪ ਵੀ ਮੌਜੂਦ ਹੈ ।ਸਾਂਖ ਦਰਸ਼ਨ ਨੂੰ ਅਪਨਾਣ ਕਰਕੇ ਯੋਗ ਦਰਸ਼ਨ ਦਾ 'ਪਰਮ ਪੁਰਖ ' ਕਰਤਾ ਪੁਰਖ ਨਹੀਂ । ਪਰ ਗੁਰਦੇਵ ਨੇ ਤਾਂ ਮੂਲ ਮੰਤਰ ਵਿਚ ਹੀ ਪਾਰਬ੍ਰਹਮ ਨੂੰ ਕਰਤਾ ਪੁਰਖ ਮੰਨਿਆ ਹੈ । ਚਿਤ ਦੀਆਂ ਬਿਰਤੀਆਂ ਨੂੰ ਰੋਕਣ ਦਾ ਨਾਂ 'ਯੋਗ' ਹੈ, ।ਇਹ ਹੱਠ ਇਕਾਗਰਤਾ ਹੈ ਅਤੇ ਇਸਦੀ ਰਹਿਤ ਦੇ ਅੱਠ ਅੰਗ ਮੰਨੇ ਗਏ ਹਨ ।। ਯਮ,ਨੇਮ,ਪ੍ਰਾਣਾਯਮ, ਪ੍ਰਤਯਾਹਾਰ,ਆਸਨ,ਧਿਆਨ, ਧਾਰਨਾ ਅਤੇ ਸਮਾਧੀ ।ਇਨ੍ਹਾਂ ਅੰਗਾਂ ਵਿਚੋਂ ਪ੍ਰਾਣਾਯਮ ਅਤੇ ਆਸਨਾ ਦਾ ਗੁਰਦੇਵ ਨੇ ਖੰਡਨ ਕੀਤਾ ਹੈ । ਉਨ੍ਹਾਂ ਦਾ ਮਾਰਗ ਸਹਿਜ ਮਾਰਗ ਹੈ ਉਨ੍ਹਾਂ ਦੀ ਸਮਾਧੀ ਸਹਿਜ ਸਮਾਧੀ ਅਤੇ ਉਨ੍ਹਾਂ ਦਾ ਯੋਗ ਨਾਮ ਯੋਗ ਅਥਵਾ ਸੁਰਤ -ਸਬਦ ਯੋਗ ।'ਗੁਰਦੇਵ' ਅਨੁਸਾਰ ਮੁਕਤੀ ਪੁਰਸ਼ ਅਤੇ ਪਰਮ ਪੁਰਸ਼ ਦਾ ਮੇਲ ਹੈ ਪਰ ਯੋਗ ਅਨੁਸਾਰ ਮੁਕਤੀ ਪੁਰਸ਼ ਦਾ ਪ੍ਰਕ੍ਰਿਤੀ ਤੋਂ ਛੁਟਕਾਰਾ ਹੈ ।

ਉਦਾਸੀਆਂ ਦੇ ਦੌਰਾਨ ਵਿਚ ਗੁਰਦੇਵ ਦਾ ਮੇਲ ਸਮਕਾਲੀ ਜੋਗੀਆਂ ਨਾਲ ਕਈ ਵਾਰ ਹੋਇਆ । ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਦੋ ਮਿਲਣੀਆਂ ਦਾ ਜ਼ਿਕਰ ਕੀਤਾ ਹੈ ਇਕ ਸੁਮੇਰ ਪਰਬਤ ( ਅਸਲੋਂ ਇਹ ਕੈਲਾਸ਼ ਪਰਬਤ ਹੈ ) ਉਤੇ ਅਤੇ ਦੂਜਾ ਅਚਲ ਵਟਾਲੇ । 'ਸਿਧ ਗੋਸਟਿ' ਵਿਚ ਗੁਰਦੇਵ ਨੇ ਆਪਣੀ ਧਿਰ ਨੂੰ ਸੰਤ ਸਭਾ ਕਿਹਾ ਹੈ ਅਤੇ ਜੋਗੀਆਂ ਦੀ ਧਿਰ ਨੂੰ ਸਿਧ ਸਭਾ ।ਉਨ੍ਹਾਂ ਨੇ ਜੋਗੀਆਂ ਦੀ ਸੰਸਾਰ ਤਿਆਗ ਵਾਲੀ ਰੁਚੀ ਦਾ ਖੰਡਨ ਕੀਤਾ ਹੈ ਕਿਉਂਕਿ ਇਹਦੇ ਵਿਚੋਂ ਇਕ ਤਾਂ ਉਨ੍ਹਾਂ ਦੀ ਸਵਾਰਥੀ ਰੁਚੀ ਪ੍ਰਗਟ ਹੁੰਦੀ ਹੈ ਅਤੇ ਦੂਜੀ ਕਿਰਤ ਤੋਂ ਭੱਜ ਦੀ ਰੁਚੀ । ਗੁਰਦੇਵ ਨੇ ਉਨ੍ਹਾਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਕਾਰੀ ਚੋਟ ਮਾਰੀ :

ਪਾਪ ਗਿਰਾਸੀ ਪ੍ਰਿਥਮੀ
ਧੌਲ ਖੜਾ ਧਰ ਹੇਠ ਪੁਕਾਰਾ ।
ਸਿਧ ਛਪ ਬੈਠੇ ਪਰਬਤੀਂ
ਕੌਣ ਜਗਤ ਕਉ ਪਾਰ ਉਤਾਰਾ ।
(ਭਾਈ ਗੁਰਦਾਸ ,ਵਾਰ ੧
ਪਉੜੀ ੨੯ )

ਭੰਗਰ ਨਾਥ ਜੋਗੀ ਨੇ ਗੁਰੂ ਜੀ ਨੂੰ ਰਾਹੋਂ ਕੁਰਾਹ ਜਾਂਦਾ ਦਸਿਆ ਕਿਉਂਕਿ ਉਨ੍ਹਾਂ ਨੇ ਉਦਾਸੀ ਦਾ ਭੇਖ ਉਤਾਰ ਕੇ ਗ੍ਰਿਹਸਤ ਮਾਰਗ ਅਪਣਾਇਆ ਸੀ :

ਪੁਛੇ ਜੋਗੀ ਭੰਗਰ ਨਾਥ
ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ।
ਫਿਟਿਆ ਚਾਟਾ ਦੁਧ ਦਾ
ਰਿੜਕਿਆਂ ਮਖਣ ਹਥ ਨ ਆਈ ।
ਭੇਖ ਉਤਾਰ ਉਦਾਸ ਦਾ
ਵਤ ਕਿਉਂ ਸੰਸਾਰੀ ਰੀਤ ਚਲਾਈ ।
( ਭਾਈ ਗੁਰਦਾਸ ਪਹਿਲੀ ਵਾਰ
ਪਉੜੀ ੪੦ )

ਗੁਰਦੇਵ ਨੇ ਇਸਦਾ ਸੁਯੋਗ ਉਤਰ ਦਿਤਾ :

ਨਾਨਕ ਆਖੇ ਭੰਗਰ ਨਾਥ
ਤੇਰੀ ਮਾਉਂ ਕੁਚੱਜੀ ਆਹੀ ।

ਭਾਂਡਾ ਧੋਇ ਨ ਜਾਤਿਓਨ
ਭਾਇ ਕੁਚਜੇ ਫੁਲ ਸੜਾਈ ।
ਹੋਇ ਅਤੀਤ ਗ੍ਰਿਹਸਤ ਤਜ
ਫਿਰ ਉਨਹੂੰ ਕੇ ਘਰ ਮੰਗਨ ਜਾਈ ।
ਬਿਨ ਦਿਤੇ ਕਛ ਹਥ ਨਾ ਆਈ ।

( ਭਾਈ ਗੁਰਦਾਸ ਪਹਿਲੀ ਵਾਰ ਪਉੜੀ ੪੦ )

ਗੁਰਦੇਵ ਅਨੁਸਾਰ ਗ੍ਰਿਹਸਤ ਨੂੰ ਛਡ ਕੇ ਫਿਰ ਗ੍ਰਿਹਸਤੀਆਂ ਦੇ ਘਰ ਮੰਗਣ ਜਾਣ ਦੀ ਰੁਚੀ ਇਕ ਖੰਡਣ ਯੋਗ ਰੁਚੀ ਹੈ । ਇਸੇ ਲਈ ਉਨ੍ਹਾਂ ਨੇ ਜਪੁਜੀ ਵਿਚ ਕਿਹਾ ਕਿ ਖਪਰ ਅਤੇ ਝੋਲੀ ਜੋ ਜੋਗੀ ਦੇ ਮੰਗਣ ਚਿੰਨ੍ਹ ਹਨ , ਸਰਮ ਭਾਵ ਮਿਹਨਤ ਅਥਵਾ ਕਿਰਤ ਦੇ ਹੋਣੇ ਚਾਹੀਦੇ ਹਨ ।

ਗੁਰਦੇਵ ਦੇ ਸਮਕਾਲੀ ਜੋਗੀ ਕਈ ਪ੍ਰਕਾਰ ਦੀਆਂ ਕਰਾਮਾਤਾਂ ਕਰਦੇ ਸਨ ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ :

ਸਿਧ ਬੋਲਨ ਸਭ ਅਉਖਧੀਆਂ
ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ ।
ਰੂਪ ਵਟਾਯਾ ਜੋਗੀਆਂ
ਸਿੰਘ ਬਾਘ ਬਹੁ ਚਲਿਤ ਦਿਖਾਈ ।
ਇਕ ਪਰ ਕਰ ਕੇ ਉਡਰਨ ਪੰਖੀ
ਜਿਵੇਂ ਰਹੇ ਲੀਲਾਈ ।
ਇਕ ਨਾਗ ਹੋਇ ਪਵਨ ਛੋੜ
ਇਕਨਾ ਵਰਖਾ ਮਹਾਨ ਵਸਾਈ ।
ਤਾਰੇ ਤੋੜੇ ਭੰਗਰਨਾਥ
ਇਕ ਚੜ੍ਹ ਮਿਰਗਾਨੀ ਜਲ ਤਰ ਜਾਈ ।
ਸਿਧਾਂ ਅਗਨਿ ਨ ਬੁਝੇ ਬੁਝਾਈ ।

( ਵਾਰ ਪਹਿਲੀ ਪਉੜੀ ੪੧ )

ਸਿਧਾਂ ਲਈ ਕਰਾਮਾਤਾਂ ਬਜ਼ੁਰਗੀ ਦਾ ਚਿੰਨ੍ਹ ਸੀ , ਇਸ ਲਈ ਉਨ੍ਹਾਂ ਨੇ ਗੁਰਦੇਵ ਨੂੰ ਕਰਾਮਾਤ ਕਰਨ ਲਈ ਉਕਸਾਇਆ ਜਿਸਦਾ ਉਨ੍ਹਾਂ ਨੂੰ ਸਯੋਗ ਉਤਰ ਮਿਲਿਆ :

ਸਿਧ ਬੋਲੇ ਸੁਣ ਨਾਨਕਾ
ਤੁਹਿ ਜਗ ਨੂੰ ਕਰਾਮਾਤ ਦਿਖਲਾਈ ।

ਕਛੁ ਦਿਖਾਇ ਅਸਾਨੂੰ ਭੀ
ਤੂੰ ਕਿਉਂ ਢਿਲ ਅਜੇਹੀ ਲਾਈ ।

ਬਾਬਾ—ਬੋਲੇ

ਬਾਬਾ ਬੋਲੇ ਨਾਥ ਜੀ
ਅਸਾਂ ਵੇਖੇ ਜੋਗੀ ਵਸਤ ਨ ਕਾਈ ।

ਗੁਰ ਸੰਗਤ ਬਾਣੀ ਬਿਨਾ
ਦੂਜੀ ਓਟ ਨਹੀਂ ਹੈ ਰਾਈ ।-.. (ਪਉੜੀ ੪੨ )

ਬਾਬਾ ਬੋਲੇ ਨਾਥ ਜੀ
ਸਬਦ ਸੁਨਹੁ ਸਚ ਮੁਖਹੁ ਅਲਾਈ ।

ਬਾਝਹੁ ਸਚੇ ਨਾਮ ਦੇ
ਹੋਰ ਕਰਾਮਾਤ ਅਸਾਥੇ ਨਾਹੀ ।

(ਪਉੜੀ ੪੩ )

ਗੁਰਦੇਵ ਨੇ ਬਾਹਰਮੁਖੀ ਚਿੰਨ੍ਹਾਂ ਦੇ ਅੰਤਰੀਵ ਮਹਤਵ ਨੂੰ ਸਮਝਣ ਉਤੇ ਬਲ ਦਿਤਾ ।ਉਨ੍ਹਾਂ ਨੇ ਕਿਹਾ ਕਿ ਜੋਗੀ ਸੰਤੋਖ ਦੀਆਂ ਮੁੰਦਰਾਂ ਪਾਵੇ , ਮਿਹਨਤ ਦੀ ਖਪਰ ਅਤੇ ਝੋਲੀ ਲਏ ,ਪਿੰਡੇ ਉਤੇ ਧਿਆਨ ਦੀ ਬਿਭੂਤ ਮਲੇ ਇਤਿਆਦਿ ।( ਜਪੁਜੀ ਪਉੜੀ ੨੮ )।

ਵੈਸ਼ੇਸ਼ਕ ਸ਼ਾਸਤਰ ਵਿਚ ਸਤ ਪਦਾਰਥਾਂ ਦਾ ਜ਼ਿਕਰ ਹੈ : ਦ੍ਰਵਯ (ਇਹ ਨੌਂ ਮੰਨੇ ਗਏ ਹਨ ਧਰਤੀ,ੇ ਜਲ, ਅਗਨੀ , ਵਾਯੂ , ਕਾਲ , ਦਿਕ ( Space ) ਆਤਮਾ ਅਤੇ ਮਨ ) ਗੁਣ , ਕਰਮ, ਸਮਨਯ , ਵਿਸ਼ੇਸ਼ , ਸਮਵਾਯ ਅਤੇ ਅਭਾਵ । ਗੁਰਦੇਵ ਤਾਂ ਪਰਮਾਤਮਾ ਬਾਰੇ ਅਤੇ ਆਤਮਾ ਬਾਰੇ ਆਪਣੇ ਵਿਚਾਰ-ਪ੍ਰਗਟ ਕਰਦੇ ਹਨ । ਉਨ੍ਹਾਂ ਅਨੁਸਾਰ ਆਤਮਾ ਪਰਮਾਤਮਾ ਦੀ ਅੰਸ਼ ਹੈ , ਇਸ ਲਈ ਇਹ ਦ੍ਰਵਯ ਕਦਾਚਿਤ ਨਹੀਂ ਹੋ ਸਕਦੀ । ਨਿਆਇ ਸ਼ਾਸਤਰ ਪਰਮਾਤਮਾ ਦੀ ਹੋਂਦ ਨੂੰ ਸਥਾਪਤ ਕਰਨ ਲਈ ਗਿਆਨ ਦੇ ਸਰੋਤਾਂ ਦਾ ਵਰਣਨ ਕਰਦਾ ਹੈ । ਇਹ ਹਨ: ਪ੍ਰਤਖ, ਪ੍ਰਮਾਣ , ਅਨੁਮਾਨ ਅਤੇ ਸ਼ਬਦ । ਗੁਰਦੇਵ ਤਾਂ ਆਦਿ , ਮਧ ਅਤੇ ਅੰਤ ਵਿਚ ਪ੍ਰਭੂ ਦੀ ਹੋਂਦ ਨੂੰ ਮੰਨ ਕੇ ਵਿਚਾਰ ਅਗਾਂਹ ਤੋਰਦੇ ਹਨ । ਨਿਆਇ ਅਨੁਸਾਰ ਰਬ, ਆਤਮਾਵਾਂ ਅਤੇ ਪ੍ਰਮਾਣੂ ਸਦੀਵੀ ਹੋਂਦ ਵਾਲੇ ਹਨ ,' ਰਬ ਕਰਤਾ ਪੁਰਖ ਨਹੀ ਸਗੋਂ ਸਭ ਜੀਵਾਂ ਦਾ ਹਾਕਮ ਹੈ । ਆਤਮਾ ਚੇਤੰਨ-ਸਤਾ ਨਹੀਂ , ਇਹ ਰਬ ਤੋਂ ਭਿੰਨ ਹੈ --ਇਹ ਸਭ ਵਿਚਾਰ ਗੁਰਦੇਵ ਨੂੰ ਪ੍ਰਵਾਨ ਨਹੀਂ ਸਨ ।

ਪੂਰਬ ਮੀਮਾਂਸਾ ਨੂੰ ਕਰਮ ਮੀਮਾਂਸਾ ਵੀ ਕਿਹਾ ਜਾਂਦਾ ਹੈ । ਇਹਦਾ ਸਬੰਧ ਵੇਦਾਂ ਦੇ ਕਰਮ ਕਾਂਡ ਨਾਲ ਹੈ । ਜਿਵੇਂ ਉਤੇ ਦਸਿਆ ਗਿਆ ਹੈ , ਗੁਰਦੇਵ ਨੇ ਕਰਮ ਕਾਂਡ ਦਾ ਖੰਡਨ ਕੀਤਾ ਹੈ ।

ਹੈ । ਜਿਥੇ ਜੈਮਿਨੀ ਇਹ ਮੰਨਦਾ ਹੈ ਕਿ ਕਰਮਾਂ ਦੇ ਬਲ ਨਾਲ ਜੀਵ ਸੰਸਾਰ ਵਿਚ ਜਨਮ ਧਾਰਦਾ ਹੈ ਅਤੇ ਕਰਮਾਂ ਦੇ ਬਲ ਨਾਲ ਹੀ ਉਹਨੂੰ ਮੁਕਤੀ ਪ੍ਰਾਪਤ ਹੁੰਦੀ ਹੈ , ਉਥੇ ਗੁਰਦੇਵ ਇਹ ਤਾਂ ਮੰਨਦੇ ਹਨ ਕਿ ਜਨਮ ਦਾ ਕਾਰਨ ਕਰਮ ਹਨ , ਪਰ ਇਹ ਨਹੀ ਮੰਨਦੇ ਕਿ ਕਰਮਾਂ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ । ਉਹ ਮੁਕਤੀ ਦਾ ਕਾਰਨ ਨਦਰ ਅਥਵਾ ਬਖਸ਼ਸ਼ ਦਸਦੇ ਹਨ ।

ਕਰਮੀ ਆਵੈ ਕਪੜਾ
ਨਦਰੀ ਮੋਖੁ ਦੁਆਰੁ ।

( ਜਪੁਜੀ ਪਉੜੀ ੪ )

ਉਤਰ ਮੀਮਾਂਸਾ ਜਾਂ 'ਵੇਦਾਂਤ' ਉਪਨਿਸ਼ਦਾਂ ਉਤੇ ਆਧਾਰਿਤ ਹੈ , ਬਾਦਰਾਇਣ ਰਿਸ਼ੀ ਨੇ ਉਪਨਿਸ਼ਦਾਂ ਦੇ ਸਾਰ ਨੂੰ ਬ੍ਰਹਮ ਸੂਤ੍ਰ ਸੂਤਰ ਰਾਹੀਂ ਨਿਰੂਪਨ ਕੀਤਾ । ਗੀਤਾ ਜੀ ਨੂੰ ਵੀ ਇਕ ਉਪਨਿਸ਼ਦ ਹੀ ਮੰਨਿਆ ਜਾਂਦਾ ਹੈ । ਉਪਨਿਸ਼ਦ , ਬ੍ਰਹਮ ਸੂਤਰ ਅਤੇ ਗੀਤਾ ਜੀ ਨੂੰ ਮਿਲਾ ਕੇ "ਪ੍ਰਸਥਾਨ ਤ੍ਰੈਯੀ" ਕਿਹਾ ਜਾਂਦਾ ਹੈ ਜੋ ਵੇਦਾਂਤ ਦੀ ਬੁਨਿਆਦ ਹੈ । ਇਸਨੂੰ ਮਥ ਕੇ ਸ਼ੰਕਰਾ-ਚਾਰੀਆ ਨੇ ਜਿਸ ਸਿਧਾਂਤ ਨੂੰ ਪ੍ਰਗਟ ਕੀਤਾ , ਉਸਨੂੰ ਅਦ੍ਵੈਤ ਕਿਹਾ ਜਾਂਦਾ ਹੈ । ਸ਼ੰਕਰਾਚਾਰੀਆ ਦਾ ਮੂਲ ਸਿਧਾਂਤ ਇਸ ਤੁਕ ਰਾਹੀਂ ਪ੍ਰਗਟ ਹੁੰਦਾ ਹੈ : "ਬ੍ਰਹਮ ਸਤ੍ਯੰ ਜਗਨ ਮਿਥ੍ਯਾ । ਜੀਵੋ ਬ੍ਰਹਮੈਵ ਨ ਪਰਾ ।" ਇਸਦਾ ਭਾਵ ਇਹ ਹੈ ਕਿ ਕੇਵਲ ਬ੍ਰਹਮ ਹੀ ਸਤ ਹੈ , ਜਗਤ ਸਭ ਮਿਥਿਆ ਹੈ , ਜੀਵ ਹੀ ਬ੍ਰਹਮ ਹੈ । ਇਸਦੀ ਵਿਆਖਿਆ ਅਨੁਸਾਰ ਸੰਸਾਰ ਦੀ ਕੋਈ ਵਾਸਤਵਿਕ ਹੋਂਦ ਨਹੀਂ , ਇਹ ਕੇਵਲ ਭਰਮ ਤੋਂ ਹੀ ਭਾਸਦਾ ਹੈ । ਪਰ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਸਤਯਤਾ ਦੇ ਨਾਲ ਨਾਲ ਜਗਤ ਨੂੰ ਵੀ ਸਾਪੇਖ ਸਤ ਮੰਨਿਆ ਹੈ । ਜੀਵ ਦੀ ਵਖਰੀ ਹੋਂਦ ਮੰਨ ਕੇ ਇਸ ਤਥ ਨੂੰ ਵੀ ਪ੍ਰਗਟ ਕੀਤਾ ਹੈ ਕਿ ਜੀਵ ਬ੍ਰਹਮ ਦੀ ਅੰਸ਼ ਹੈ ਅਤੇ ਇਹ ਉਸ ਨਾਲ ਇਕ ਮਿਕ ਹੋ ਸਕਦਾ ਹੈ । ਗੁਰਦੇਵ ਦੇ ਵਿਚਾਰਾਂ ਦੀ ਸਮਾਨਤਾ ਰਾਮਾਨੁਜ ਚਾਰੀਆ ਦੇ ਵਸ਼ਿਸ਼ਟਾਦਵੈਤ ਨਾਲ ਦਿਸ ਪੈਂਦੀ ਹੈ । ਪਰ ਰਾਮਾਨੁਜ ਚਾਰੀਆ ਸਗੁਣਵਾਦੀ ਹੈ ਅਤੇ ਗੁਰਦੇਵ ਨਿਰਗੁਣਵਾਦੀ ਹਨ । ਮਾਧਵਾਚਾਰੀਆ ਦੇ ਸਿਧਾਂਤ ਨੂੰ ਦ੍ਵੈਤ ਕਿਹਾ ਗਿਆ ਹੈ , ਕਿਉਂਕਿ ਇਹ ਰਬ ਅਤੇ ਆਤਮਾ , ਆਤਮਾ ਅਤੇ ਅਨਾਤਮਾ , ਰਬ ਅਤੇ ਮਾਦਾ (matter) ਅਤੇ ਆਤਮਾ ਅਤੇ ਮਾਦਾ ਦੇ ਭੇਦ ਨੂੰ ਪ੍ਰਗਟ ਕਰਦਾ ਹੈ । ਨਿੰਬਾਰਕਾਚਾਰੀਆ ਦਾ ਸਿਧਾਂਤ ਦ੍ਵੈਤਾਦ੍ਵੈਤ ਹੈ ਜਿਸ ਅਨੁਸਾਰ ਆਤਮਾਵਾਂ ਅਤੇ ਮਾਦਾ ਬ੍ਰਹਮ ਨਾਲ ਇਕ ਮਿਕ ਵੀ ਹਨ ਅਤੇ ਵਖ ਵੀ । ਵਲਭਚਾਰੀਆ ਦੇ ਮਤ ਸ਼ੁਧਅਦ੍ਵੈਤ ਅਨੁਸਾਰ ਜਗਤ ਦਾ ਬ੍ਰਹਮ ਨਾਲੋਂ ਸ਼ੁਧ ਭੇਦ ਹੈ । ਸ਼ੰਕਰਾਚਾਰੀਆ ਨੂੰ ਛਡ ਕੇ ਬਾਕੀ ਸਭ ਅਚਾਰੀਆ ਸਗੁਣਵਾਦੀ ਹਨ , ਇਸ ਲਈ ਕਈ ਨੁਕਤਿਆਂ ਵਿਚ ਗੁਰਦੇਵ ਨਾਲ ਮਿਲਦੇ ਹੋਏ ਵੀ ਭਿੰਨ ਹਨ ।

ਉਪਰੋਕਤ ਛੇ ਸ਼ਾਸਤਰ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰਦੇ ਹਨ ।ਪਰ ਭਾਰਤ ਵਿਚ ਤਿੰਨ ਮਤ ਅਜਿਹੇ ਵੀ ਪੈਦਾ ਹੋਏ ਜਿਨ੍ਹਾਂ ਨੇ ਵੇਦਾਂ ਦੀ ਪ੍ਰਭੁਤਾ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ । ਇਹ ਤਿੰਨ ਮਤ ਚਾਰਵਾਕ ਮਤ , ਜੈਨ ਮਤ ਅਤੇ ਬੁਧ ਮਤ ਹਨ । ਚਾਰਵਾਕ ਮਤ ਨਿਰਾ ਭੌਤਿਕਵਾਦੀ ਮਤ ਹੈ ।ਇਹ ਨਾ ਰਬ ਨੂੰ ਮੰਨਦਾ ਹੈ ਨਾ ਆਤਮਾ ਨੂੰ ਅਤੇ ਨਾ ਹੀ ਅਗਲੀ ਦੁਨੀਆਂ ਅਤੇ ਕਰਮ ਸਿਧਾਂਤ ਨੂੰ ।ਇਹ ਕੇਵਲ ਸੁਖਵਾਦ ਦੇ ਸਿਧਾਂਤ ਨੂੰ ਸਾਹਮਣੇ ਰਖਦਾ ਹੈ ,ਸੰਸਾਰ ਨੂੰ ਰਜ ਕੇ ਮਾਣਨਾ ਹੀ ਇਸਦਾ ਉਦੇਸ਼ ਹੈ ।ਇਸ ਮਤ ਨੂੰ ਬਹੁਤੀ ਮਾਨਤਾ ਪ੍ਰਾਪਤ ਨਹੀਂ ਹੋਈ । ਜੈਨ ਮਤ ਅਤੇ ਬੁਧ ਮਤ ਦੇ ਭਾਰਤ ਵਿਚ ਕਈ ਕੇਂਦਰ ਸਨ ਜਿਨ੍ਹਾਂ ਵਿਚ ਗੁਰਦੇਵ ਆਪਣੀਆਂ ਉਦਾਸੀਆਂ ਦੇ ਦੌਰਾਨ ਵਿਚ ਗਏ ।ਬੁਧ ਧਰਮ ਤਾਂ ਭਾਰਤ ਤੋਂ ਬਾਹਰ ਵੀ ਬਹੁਤ ਫੈਲਿਆ ਸੀ ,ਇਸ ਲਈ ਤਿਬਤ , ਚੀਨ ਆਦਿ ਦੇਸ਼ਾਂ ਵਿਚ ਉਨ੍ਹਾ -ਜੀ ਦਾ ਸੰਪਰਕ ਪ੍ਰਦੇਸੀ ਬੋਧੀਆਂ ਨਾਲ ਵੀ ਹੋਇਆ ਹੋਵੇਗਾ ।

ਜੈਨ ਮਤ: ਇਹ ਮਤ ਚੌਵੀ ਤੀਰਥੰਕਰਾਂ ਨੂੰ ਮੰਨਦਾ ਹੈ। ਚੌਵੀਆਂ ਤੀਰਥੰਕਰ ਮਹਾਂਵੀਰ ਮਹਾਤਮਾ ਬੁਧ ਦਾ ਸਮਕਾਲੀ ਸੀ ।ਇਸਦੇ ਅਨੁਯਾਈਆਂ ਦੀਆਂ ਦੋ ਪ੍ਰਮੁਖ ਵੰਡੀਆਂ ਹਨ: ਸਵੇਤੰਬਰ ਅਤੇ ਦਿਗੰਬਰ । ਸਵੇਤੰਬਰ ਚਿੱਟੇ ਕਪੜੇ ਪਾਂਦੇ ਹਨ ਅਤੇ ਦਿਗੰਬਰ ਨੰਗੇ ਰਹਿੰਦੇ ਹਨ । ਗੁਰਦੇਵ ਦੇ ਸਮੇ ਦਿਗੰਬਰ ਅਤਿਅੰਤ ਕਿਰਿਆਵਾਦੀ ਸਨ ,।ਉਹ ਆਪਣਾ ਵਿਸ਼ਟਾ ਫਰੋਲਦੇ ,ਮੂੰਹ ਵਿਚੋਂ ਭੜਾਸਾਂ ਕਢਦੇ ,ਪਾਣੀ ਤੋਂ ਪਰ੍ਹੇ ਰਹਿੰਦੇ ,ਸਿਰ ਦੇ ਵਾਲ ਛਿਕ ਛਿਕ ਕਰਕੇ ਪੁਟਦੇ ,ਗੰਦਾ ਪਾਣੀ ਪੀਂਦੇ ਅਤੇ ਜੂਠੀ ਰੋਟੀ ਖਾਂਦੇ ਸਨ । ਉਹ ਹਰ ਸਮੇਂ ਕੁਸ਼ਲ ਕੁਚੀਲ ਰਹਿੰਦੇ ਅਤੇ ਕਿਸੇ ਦਿਵਾਨ ਵਿਚ ਹਾਜਰ ਨਹੀਂ ਹੁੰਦੇ ਸਨ । ਉਹ [illegible] ਫਿਰਦੇ ਸਨ , ਲਕਾਂ ਨਾਲ ਕਾਸੇ ਲਟਕਦੇ ਸਨ ਅਤੇ ਹਥਾਂ ਵਿਚ ਝੰਮਣ ਹੁੰਦੇ ਸਨ । ਉਹ ਇਹ ਸਭ ਕੁਝ ਇਸ ਲਈ ਕਰਦੇ ਸਨ ਕਿ ਕਿਤੇ ਭੁਲ ਭੁਲੇਖੇ ਵੀ ਉਨ੍ਹਾਂ ਕੋਲੋਂ ਕਿਸੇ ਨਿੱਕੇ ਤੋਂ ਨਿੱਕੇ ਜੀਵ ਦੀ ਵੀ ਹਤਿਆ ਨਾ ਹੋ ਜਾਵੇ ।ਗੁਰੂ ਸਾਹਿਬ ਨੇ ਉਨ੍ਹਾਂ ਦਾ ਚਿਤਰ ਇਉਂ ਖਿਚਿਆ ਹੈ :

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗਿ ਮੰਗਿ ਖਾਹੀ ।
ਫੋਲਿ ਫਦੀਹਤ ਮੁਹਿ ਲੈਨਿ ਭੜਾਸਾ
ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ
ਭਰੀਅਨਿ ਹਥ ਸੁਆਹੀ ।

ਮਾਉ ਪੀਉ ਕਿਰਤੁ ਗਵਾਇਨਿ
ਟਬਰ ਰੋਵਨਿ ਧਾਹੀ ।
ਓਨਾ ਪਿੰਡੁ ਨ ਪਤਲਿ
ਕਿਰਿਆ ਨ ਦੀਵਾ
ਮੁਏ ਕਿਥਾਊ ਪਾਹੀ ।
ਅਠਸਠਿ ਤੀਰਥ ਦੇਨਿ ਨ ਢੋਈ
ਬ੍ਰਹਮਣ ਅੰਨੁ ਨ ਖਾਹੀ ।
ਸਦਾ ਕੁਚੀਲ ਰਹਹਿ ਦਿਨੁ ਰਾਤੀ
ਮਥੈ ਟਿਕੇ ਨਾਹੀ ।
ਝੁੰਡੀ ਪਾਇ ਬਹਨਿ ਨਿਤਿ ਮਰਣੈ
ਦੜਿ ਦੀਬਾਣਿ ਨ ਜਾਹੀ ।
ਲਕੀ ਕਾਸੇ ਹਥੀ ਫੁੰਮਣ
ਅਗੋ ਪਿਛੀ ਜਾਹੀ ....।

( ਵਾਰ ਮਾਝ ਕੀ ,ਸਲੋਕ ਮ:੧ ਪੰ: ੧੪੯)

ਇਹ ਕੰਮ ਦਿਗੰਬਰਾਂ ਅਥਵਾ ਭਿਖਸ਼ੂਆਂ ਦਾ ਸੀ ।

ਜੈਨ ਮਤ ਦੇ ਪ੍ਰਮੁਖ ਸਿਧਾਂਤ ਹਨ: ਅਨੇਕਾਂਤਵਾਦ ਅਤੇ ਸਯਾਦਵਾਦ ।ਅਨੇਕਾਂਤਵਾਦ ਅਨੁਸਾਰ ਮਾਦੇ ( ਪੁਦਗਲ) ਦੇ ਪ੍ਰਮਾਣੂ ਅਤੇ ਜੀਵ ਬੇਅੰਤ ਹਨ । ਸਯਾਦਵਾਦ ਅਨੁਸਾਰ ਮਨੁਖੀ ਗਿਆਨ ਸਾਪੇਖ ਅਤੇ ਸੀਮਿਤ ਹੈ । ਇਸਨੂੰ ਸੰਭਾਵਨਾ ਦਾ ਸਿਧਾਂਤ ਵੀ ਕਹਿੰਦੇ ਹਨ ।ਜੈਨ ਮਤ ਵਿਚ ਦੋ ਪਦਾਰਥ ਮੰਨੇ ਗਏ ਹਨ : ਜੀਵ ਅਤੇ ਅਜੀਵ । ਅਜੀਵ ਵਿਚ ਪੁਦਗਲ ( ਮਾਦਾ ) , ਆਕਾਸ਼ , ਧਰਮ , ਅਧਰਮ ਅਤੇ ਕਾਲ ਸ਼ਾਮਲ ਹਨ । ਜਦ ਤਕ ਕਰਮਾਂ ਦੇ ਅਣੂ ਸਮਾਪਤ ਨਹੀਂ ਹੁੰਦੇ , ਜੀਵ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ । ਕਰਮ ਅਣੂ ਜਦ ਆਤਮਾ ਵਿਚ ਜਾ ਰਲਦੇ ਹਨ , ਉਸਨੂੰ ਬੰਧਨ ਵਿਚ ਪਾ ਦਿੰਦੇ ਹਨ । ਜਦੋਂ ਸੁਧ ਸਿਦਕ , ਸੁਧ ਗਿਆਨ, ਅਤੇ ਸ਼ੁਧ ਕਿਰਿਆ ਨਾਲ ਆਤਮਾ ਵਲੋਂ ਕਰਮਾਂ ਨੂੰ ਰੋਕ ਲਿਆ ਜਾਂਦਾ ਹੈ ਤਾਂ ਮੋਖ ਪ੍ਰਾਪਤ ਹੁੰਦਾ ਹੈ ।

ਗੁਰੂ ਨਾਨਕ ਦੇਵ ਜੀ ਨੇ ਭਿਕਸ਼ੂਆਂ ਦੇ ਤਿਆਗ ਅਤੇ ਅਤਯੰਤ ਕਿਰਿਆਵਾਦ ਦੀ ਕਰੜੀ ਅਲੋਚਨਾ ਕੀਤੀ । ਰਬ ਨੂੰ ਨਾ ਮੰਨਣ ਕਰਕੇ ਜੈਨ ਧਰਮ ਗੁਰਦੇਵ ਦੀ ਵਿਚਾਰ ਪ੍ਰਣਾਲੀ ਤੋਂ ਦੂਰ ਰਹਿ ਜਾਂਦਾ ਹੈ ।

ਬੁਧ ਮਤ - ਇਹ ਧਰਮ ਮਹਾਤਮਾ ਬੁਧ ਦਾ ਚਲਾਇਆ ਹੋਇਆ ਧਰਮ ਹੈ , ਜੋ ਵਰਧਮਾਨ ਮਹਾਂਵੀਰ ਦਾ ਸਮਕਾਲੀ ਸੀ । ਚਾਰ ਸਚਾਈਆਂ ਅਤੇ ਅਸ਼ਟਾਂਗ ਮਾਰਗ ਉਹਦੇ ਧਰਮ ਦੀ ਬੁਨਿਆਦ ਹਨ।ਚਾਰ ਸਚਾਈਆਂ ਇਹ ਹਨ:੧-ਕਿ ਸੰਸਾਰ ਵਿਚ ਦੁਖ ਹੈ ੨-ਕਿ ਦੁਖ ਦਾ ਕੋਈ ਕਾਰਨ ਹੈ

੩- ਕਿ ਦੁਖ ਦਾ ਅੰਤ ਹੋ ਸਕਦਾ ਹੈ ਅਤੇ ੪- ਕਿ ਦੁਖ ਦਾ ਅੰਤ ਕਰਨ ਲਈ ਇਕ ਰਸਤਾ ਹੈ । ਅਸ਼ਟਕ ਮਾਰਗ ਦੇ ਅੱਠ ਅੰਗ ਇਹ ਹਨ : ਸਹੀ ਸਿਦਕ , ਸਹੀ ਪ੍ਰਤਿਗਿਆ , ਸਹੀ ਬਚਨ , ਸਹੀ ਕਰਮ , ਸਹੀ ਨਿਰਬਾਹ , ਸਹੀ ਉਦਮ , ਸਹੀ ਵਿਚਾਰ ਅਤੇ ਸਹੀ ਇਕਾਗਰਤਾ । ਸਮਾ ਪਾ ਕੇ ਬੁਧ ਧਰਮ ਦੇ ਦੋ ਫਿਰਕੇ ਬਣ ਗਏ : ਹੀਨਯਾਨ ਅਤੇ ਮਹਾਂਯਾਨ । ਹੀਨਯਾਨ ਪਰੰਪਰਾਵਾਦੀ ਮਤ ਹੈ ਅਤੇ ਮਹਾਤਮਾ ਬੁਧ ਦੀ ਦਸੀ ਅਚਾਰ ਨੀਤੀ ਨੂੰ ਅਪਣਾਂਦਾ ਹੈ । ਇਸਦਾ ਅੰਤਮ ਨਿਸ਼ਾਨਾ ਅਰਹਤ ਦੀ ਅਵਸਥਾ ਦੀ ਪ੍ਰਾਪਤੀ ਹੈ । ਹੀਨਯਾਨ ਦਾ ਅਰਹਤ ਨਿਜੀ ਮੁਕਤੀ ਵਿਚ ਵਿਸ਼ਵਾਸ ਰਖਦਾ ਹੈ । ਮਹਾਂਯਾਨ ਦਾ ਨਿਸ਼ਾਨਾ ਬੋਧੀਸਤ ਦੀ ਅਵਸਥਾ ਹੈ , ਜੋ ਲੋਕ ਕਲਿਆਨ ਉਤੇ ਬਲ ਦਿੰਦਾ ਹੈ । ਜਿਥੇ ਹੀਨਯਾਨ ਦਾ ਅਨੁਯਾਈ ਤਿਆਗਵਾਦੀ ਹੈ,ਉਥੇ ਮਹਾਯਾਨ ਦਾ ਅਨੁਯਾਈ ਮਨੁਖਤਾ ਦੀ ਨਿਰਸੁਆਰਥ ਸੇਵਾ ਵਿਚ ਵਿਸ਼ਵਾਸ ਰਖਦਾ ਹੈ ।

ਬੁਧ ਮਤ ਦਾ ਇਕ ਮਹਤਵਪੂਰਨ ਸਿਧਾਂਤ ਸ਼ੂਨਯਵਾਦ ਹੈ । ਇਹ ਸਿਧਾਂਤ ਮਾਧਯਮਿਕ ਬੋਧੀਆਂ ਦਾ ਹੈ ਜੋ ਮਧ-ਮਾਰਗ ਦੇ ਵਿਚਾਰ ਨੂੰ ਮੰਨਦੇ ਹਨ ।ਉਨ੍ਹਾਂ ਅਨੁਸਾਰ 'ਸ਼ੂਨਯ' ਨਿਰਾ ਖਾਲੀ ਖਿਲਾਅ ਨਹੀ । ਇਹਦਾ ਭਾਵ ਅਨਿਰਵਚਨੀਯ ( ਅਕਥਨੀਯ ) ਹੈ ।'ਸਿਧ ਗੋਸ਼ਟਿ ' ਵਿਚ ਗੁਰੂ ਨਾਨਕ ਨੇ ਸ਼ੂਨਯ ਬਾਰੇ ਆਪਣੇ ਵਿਚਾਰ ਦਿਤੇ ਹਨ । ਉਨ੍ਹਾਂ ਅਨੁਸਰ ਸੁੰਨ ਸਭ ਪਾਸੇ ਹੈ , ਪਰ ਤੁਰੀਆਵਸਥਾ ਵਿਚ 'ਸੁੰਨ ' ਨੂੰ ਸਮਝਣ ਵਾਲਾ ਪਾਪ ਪੁੰਨ ਤੋਂ ਉਪਰ ਉਠ ਜਾਂਦਾ ਹੈ ।

ਮਹਾਤਮਾ ਬੁਧ ਨੇ ਰੱਬ ਬਾਰੇ ਕੋਈ ਵਿਚਾਰ ਨਹੀਂ ਦਿਤੇ ।ਹੀਨਯਾਨ ਸ਼ਾਖਾ ਵਿਚ ਏਸੇ ਲਈ ਰੱਬ ਨੂੰ ਨਹੀ ਮੰਨਿਆ ਗਿਆ ।ਉਨ੍ਹਾਂ ਵਿਚ ਰੱਬ ਦੀ ਥਾਂ 'ਕਰਮ ' ਨੂੰ ਪੂ ਪ੍ਰਧਾਨਤਾ ਪ੍ਰਾਪਤ ਕੀ ਹੈ । ਉਨ੍ਹਾਂ ਅਨੁਸਾਰ ਆਤਮਾ ਆਵਾਗਵਣ ਦੇ ਚਕਰ ਵਿਚ ਨਹੀਂ ਪੈਂਦੀ ,ਕੇਵਲ ਆਚਾਰ ਇਸ ਚਕਰ ਵਿਚ ਫਸਦਾ ਹੈ । ✓

ਛੇਵੀਂ ਸਦੀ ਦੇ ਅੰਤ ਵਿਚ ਤੰਤਰਾਂ ਦਾ ਪ੍ਰਭਾਵ ਬੁਧ ਮਤ ਉਤੇ ਪਿਆ , ਜਿਸਦੇ ਕਾਰਨ 'ਮੰਤਰਯਾਨ' ਨਾਮੇ ਬੋਧੀਆਂ ਦੇ ਇਕ ਹੋਰ ਸ਼ਾਖਾ ਨੇ ਜਨਮ ਲਿਆ । ਦਸਵੀਂ ਸਦੀ ਦੇ ਲਗ ਭਗ ਇਸ ਸ਼ਾਖਾ ਵਿਚੋਂ ਤਿੰਨ ਉਪ -ਸ਼ਾਖਾਵਾਂ : ਕਾਲਚਕਰਯਾਨ , ਵਜਰਯਾਨ , ਅਤੇ ਸਹਜਯਾਨ ਦਾ ਵਿਕਾਸ ਹੋਇਆ ।

ਬੁਧ ਧਰਮ ਭਾਰਤ ਤੋਂ ਬਾਹਰ ਤਿਬਤ, ਚੀਨ , ਬਰਮਾ , ਲੰਕਾ , ਜਾਪਾਨ ਆਦਿ ਕਈ ਦੇਸ਼ਾਂ ਵਿਚ ਫੈਲ ਗਿਆ ।'ਜਿਥੇ ਅਜੇ ਵੀ ਇਸਦਾ ਜੋਰ ਹੈ ,ਭਾਵੇਂ ਭਾਰਤ ਵਿਚ ਕਾਫ਼ੀ

ਜ਼ੋਰ ਤੋਂ ਇਹ ਲੋਕ-ਮਤ ਦੇ ਰੂਪ ਵਿਚ ਅਲੋਪ ਹੋ ਚੁਕਾ ਹੈ । ਭਾਰਤ ਵਿਚ ਇਸਦੇ ਪ੍ਰਸਿਧ ਟਿਕਾਣੇ ਬੋਧ ਗਯਾ, ਰਾਜਗਿਰ ਆਦਿ ਹਨ , ਜਿਥੋਂ ਦੇ ਮਹੰਤਾਂ ਨਾਲ ਗੁਰੂ ਨਾਨਕ ਦੇਵ ਨੇ ਵਿਚਾਰ-ਵਟਾਂਦਰਾ ਕੀਤਾ ।

## ਤਿਬਤ,ਚੀਨ ਆਦਿ ਦੇ ਧਰਮ

ਆਪਣੀ ਤੀਜੀ ਉਦਾਸੀ ਵਿਚ ਗੁਰਦੇਵ ਤਿਬਤ, ਚੀਨ, ਆਦਿ ਦੇਸ਼ਾਂ ਵਿਚ ਗਏ । ਤਿਬਤ ਵਿਚ ਕੈਲਾਸ਼ ਪਰਬਤ ਅਤੇ ਮਾਨਸਰੋਵਰ ਝੀਲ ਦੇ ਆਸੇ ਪਾਸੇ ਉਨ੍ਹਾਂ ਦਾ ਮੇਲ ਸਿਧਾਂ ਜੋਗੀਆਂ ਨਾਲ ਹੋਇਆ, ਜਿਸਦਾ ਜ਼ਿਕਰ ਭਾਈ ਗੁਰਦਾਸ ਨੇ ਆਪਣੀ ਵਾਰ ਵਿਚ ਕੀਤਾ ਹੈ । ਤਿਬਤ , ਚੀਨ ਆਦਿ ਦੇਸ਼ਾਂ ਵਿਚ ਭਾਵੇਂ ਬੁਧ ਮਤ ਫੈਲਿਆ ਸੀ , ਪਰ ਉਨ੍ਹਾਂ ਦੇ ਆਪਣੇ ਧਰਮ ਵੀ ਪ੍ਰਚਲਤ ਸਨ। ਚੀਨ ਦੇ ਦੋ ਪ੍ਰਾਚੀਨ ਧਰਮ ਤਾਓ ਮਤ ਅਤੇ ਕਨਫ਼ੂਸ਼ੀਅਸ ਮਤ ਸਨ ਅਤੇ ਜਾਪਾਨ ਦਾ ਧਰਮ ਸ਼ਿੰਟੋ ਮਤ ਸੀ। ਇਨ੍ਹਾਂ ਬਾਰੇ ਵੀ ਸੰਖਿਪ ਵਿਚਾਰ ਇਥੇ ਦੇਣੀ ਉਚਿਤ ਹੈ ।

<u>ਤਾਓ ਮਤ</u> ਵਿਚ ਸਰੀਰ ਵਿਗਿਆਨ ਅਤੇ ਰਾਜਨੀਤੀ -ਵਿਗਿਆਨ ਬਾਰੇ ਵੀ ਵਿਚਾਰ ਮਿਲਦੇ ਹਨ । ਲੰਮੇਰੀ ਉਮਰ ਵਾਸਤੇ ਪ੍ਰਾਣਾਂ ਨੂੰ ਨਿਯਮਬਧ ਕਰਨ ਦਾ ਸੁਝਾਉ ਮਿਲਦਾ ਹੈ ।ਚੰਗੀ ਸਰਕਾਰ ਲੋਕ-ਹਿਤਾਂ ਦਾ ਖ਼ਿਆਲ ਸਭ ਤੋਂ ਅਗੇ ਰਖਦੀ ਹੈ ,ਅਤੇ ਲੜਾਈ ਤੋਂ ਨਫ਼ਰਤ ਕਰਦੀ ਹੈ । ਸ਼ੁਰੂ ਸ਼ੁਰੂ ਵਿਚ ਇਸ ਮਤ ਨੇ ਨਿਸ਼ਕ੍ਰਿਯਤਾ ਦੇ ਦਰਸ਼ਨ ਨੂੰ ਪ੍ਰਚਾਰਿਆ ਜਿਸਦਾ ਸਮੇਂ ਨਾਲ ਜਾਦੂਗਰੀ ਦੇ ਰੂਪ ਵਿਚ ਪੌਤਨ ਹੋਇਆ ।ਇੱਕ ਧਰਮ ਦੇ ਤੌਰ ਤੇ ਇਹ ਅਨੇਕ ਦੇਵਤਿਆਂ ਅਤੇ ਚੰਗੀਆਂ ਮੰਦੀਆਂ ਆਤਮਾਵਾਂ ਨੂੰ ਮਨਣ ਲਗ ਪਿਆ । ਇਸ ਧਰਮ ਦੇ ਅਨੁਯਾਈ ਲਈ ਆਕਾਸ਼, ਧਰਤੀ , ਪਹਾੜਾਂ ,ਟਾਪੂਆਂ, ਚੁਲ੍ਹਿਆਂ , ਦਰਵਾਜ਼ਿਆਂ , ਸਿਹਤ, ਕਿਸਮਤ, ਵਪਾਰ ਆਦਿ ਸਭ ਲਈ ਵਖ ਵਖ ਪੂਜਨੀਕ ਹਸਤੀਆਂ ਅਤੇ ਆਤਮਾਵਾਂ ਹਨ । ਇਨ੍ਹਾਂ ਸਭ ਨੂੰ ਸੰਤੁਸ਼ਟ ਰਖਣ ਲਈ ਪੁਜਾਰੀ ਕਈ ਪ੍ਰਕਾਰ ਦੀਆਂ ਰਸਮਾਂ ਨੂੰ ਨਿਭਾਂਦਾ ਹੈ । ਅਜਿਹੇ ਧਾਰਮਕ ਵਿਚਾਰ ਗੁਰਦੇਵ ਦੀ ਵਿਚਾਰ ਪ੍ਰਣਾਲੀ ਤੋਂ ਬਹੁਤ ਭਿੰਨ ਸਨ ।

<u>ਕਨਫ਼ੂਸ਼ੀਅਸ ਮਤ</u> ਵਿਚ ਬਹੁਤੇ ਵਿਚਾਰ ਰਾਜ-ਸੱਤਾ ਅਤੇ ਸਮਾਜ ਬਾਰੇ ਮਿਲਦੇ ਹਨ, ਚੰਗੇ ਜੀਵਨ ਅਤੇ ਚੰਗੀ ਸਰਕਾਰ ਉਤੇ ਬਲ ਦਿਤਾ ਗਿਆ ਹੈ । ਹਰ ਇਕ ਨੂੰ ਆਪਣੇ ਫ਼ਰਜ਼ਾਂ ਨੂੰ ਪਛਾਣਨਾ ਚ

Irrelevant

ਚਾਹੀਦਾ ਹੈ ।ਰਾਜਾ ( ਅਸਲ ਅਰਥਾਂ ਵਿਚ ਰਾਜਾ ਹੋਵੇ ,ਵਜ਼ੀਰ ਵਜ਼ੀਰ , ਪਿਤਾ ਪਿਤਾ ਅਤੇ ਪੁਤਰ ਪੁਤਰ ਹੈ । ਸਮਾਜ ਦਾ ਅੰਗ ਹੁੰਦਿਆਂ ਹਰ ਵਿਅਕਤੀ ਸਤਵਾਦੀ ਅਤੇ ਮਾਨਵ -ਹਿਤੈਸ਼ੀ ਹੋਵੇ । ਉਸਦੇ ਜੀਵਨ ਵਿਚ ਸੰਤੁਲਨ ਹੋਵੇ । ਵਿਅਕਤੀ ਦੀ ਉਤਮਤਾ ਵਾਸਤੇ ਗਿਆਨ ਬਹੁਤ ਜ਼ਰੂਰੀ ਹੈ ਅਤੇ ਇਹ ਗਿਆਨ ਬ੍ਰਹਿਮੰਡ ਦੀਆਂ ਸ਼ਕਤੀਆਂ ਅਤੇ ਵਰਤਮਾਨ ਹਾਲਾਤ ਬਾਰੇ ਚਾਹੀਦਾ ਹੈ । ਬਹੁਤਾ ਬਲ ਮਨੁਖੀ ਸਬੰਧਾਂ ਉਤੇ ਦਿਤਾ ਗਿਆ ਹੈ । ਰਾਜਸਤਾ ਅਤੇ ਸਮਾਜ ਬਾਰੇ ਇਹ ਮਤ ਗੁਣਾਂ ਨੂੰ ਗ੍ਰਹਿਣ ਕਰਨ ਉਤੇ ਜ਼ੋਰ ਦਿੰਦਾ ਹੈ ।ਇਨ੍ਹਾਂ ਵਿਚੋਂ ਕੁਝ ਗੁਣ ਪਿਆਰ, ਇਨਸਾਫ਼, ਦਇਆਲਤਾ , ਨਿਰਸੁਆਰਥੀਪਨ ਆਦਿ ਹਨ ।

ਕੌਨਫ਼ੂਉਸ਼ੀਅਸ ਰਬ ਅਤੇ ਅਗਲੀ ਦੁਨੀਆਂ ਬਾਰੇ ਕੁਝ ਨਹੀਂ ਕਹਿੰਦਾ ।ਉਹ ਦੈਵੀ ਅਤੇ ਦਾਨਵ ਸ਼ਕਤੀਆਂ ਵਿਚ ਵਿਸ਼ਵਾਸ ਰਖਦਾ ਹੈ , ਸੂਰਜ, ਚੰਦਰਮਾਂ, ਨਛਤਰਾਂ, ਬਦਲਾਂ , ਗਰਜ, ਹਵਾ, ਬਾਰਸ਼ ਪਹਾੜਾਂ , ਦਰਿਆਵਾਂ , ਆਦਿ ਦੀਆਂ ਸ਼ਕਤੀਆਂ ਵਡੀ ਦੈਵੀ ਸ਼ਕਤੀ ਦਾ ਅੰਗ ਹਨ । ਬਾਦਸ਼ਾਹ ਅਤੇ ਵਿਆਹਿਆ ਦੀ ਖ਼ੁਸ਼ੀ ਲਈ ਦੈਵੀ ਸ਼ਕਤੀਆਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਰਸਮਾਂ ਰੀਤਾਂ ਨਿਭਾਈਆਂ ਜਾਂਦੀਆਂ ਹਨ । ਹਿੰਦੂ ਧਰਮ ਵਾਂਗ ਪਿਤਰ-ਪੂਜਾ ਵੀ ਹੁੰਦੀ ਹੈ । ਬਹੁ-ਦੇਵ ਪੂਜਕ ਅਤੇ ਕਰਮ ਕਾਂਡੀ ਮਤ ਹੋਣ ਕਰਕੇ ਗੁਰੂ ਨਾਨਕ ਦੀ ਵਿਚਾਰ ਪ੍ਰਣਾਲੀ ਤੋਂ ਇਹ ਮਤ ਵੀ ਭਿੰਨ ਹੈ ।

ਸ਼ਿੰਟੋ ਮਤ ਜਪਾਨ ਦਾ ਮਤ ਹੈ । ਇਹ ਵੀ ਬਹੁ ਦੇਵ -ਪੂਜਕ ਮਤ ਹੈ । ਸੂਰਜ ਦੀ ਦੇਵੀ ਸਭ ਤੋਂ ਵਡੀ ਦਿਬ-ਸ਼ਕਤੀ ਹੈ । ਦੋ ਪ੍ਰਕਾਰ ਦੇ ਦੇਵਤਿਆਂ ਦੀ ਪੂਜਾ ਹੁੰਦੀ ਹੈ , ਪ੍ਰਾਕ੍ਰਿ ਪ੍ਰਾਕ੍ਰਿਤਕ ਦਿਬ ਸ਼ਕਤੀਆਂ ਦੀ ਅਤੇ ਸ਼੍ਰੋਮਣੀ ਪਿਤਰਾਂ ਦੀ । ਬਹੁ ਦੇਵ-ਪੂਜਕ ਹੋਣ ਕਰਕੇ ਇਸ ਮਤ ਵਿਚ ਪੁਜਾਰੀ ਦੀ ਵੀ ਵਿਸ਼ੇਸ਼ ਥਾਂ ਹੈ , ਪੂਜਾ ਵਿਚ ਮੰਤਰ ਉਚਾਰਨ ਅਤੇ ਡੰਡੌਤ ਸ਼ਾਮਲ ਹਨ। ਇਸ ਮਤ ਦਾ ਕੋਈ ਨੈਤਿਕ -ਵਿਧਾਨ ਨਹੀਂ ,ਕੁਝ ਰਸਮਾਂ ਜ਼ਰੂਰ ਹਨ । ਇਹ ਮਤ ਵੀ ਗੁਰੂ ਨਾਨਕ ਦੇਵ ਦੀ ਵਿਚਾਰ ਪ੍ਰਣਾਲੀ ਤੋਂ ਭਿੰਨ ਹੈ । ਗੁਰਦੇਵ ਦੇ ਜਾਪਾਨ ਵਿਚ ਜਾਣ ਬਾਰੇ ਕੋਈ ਸੰਕੇਤ ਨਹੀ ਮਿਲਦੇ । ਹੋ ਸਕਦਾ ਹੈ ਕਿ ਚੀਨ ਵਿਚ ਹੀ ਉਨ੍ਹਾਂ ਨੂੰ ਸ਼ਿੰਟੋ ਮਤ ਦੇ ਅਨੁਯਾਈ ਮਿਲੇ ਹੋਣ ।

## ਮਧ ਪਰਬ ਦੇ ਧਰਮ

ਚਾਰ ਧਰਮਾਂ ਨੇ ਮਧ-ਪੂਰਬ ਵਿਚ ਜਨਮ ਲਿਆ। ਜ਼ਰਥੁਸਤਰੀ ਮਤ, ਯਹੂਦੀ ਮਤ, ਈਸਾਈ ਮਤ ਅਤੇ ਇਸਲਾਮ । ਇਨ੍ਹਾਂ ਵਿਚੋਂ ਜ਼ਰਥੁਸਤਰੀ ਮਤ ਬਾਕੀ ਤਿੰਨਾ ਨਾਲੋਂ ਵਖਰਾ ਮਤ ਹੈ । ਪ੍ਰਾਚੀਨ ਫ਼ਾਰਸ ਵਿਚ ਜ਼ਰਦੁਸ਼ਤ ਨੇ ਇਸਨੂੰ ਪ੍ਰਚਾਰਿਆ ,ਉਸਨੇ ਆਦਿ ਸ਼ਕਤੀ ਦੇ ਦੋ ਸਰੂਪ ਮੰਨੇ ਹਨ ।

ਅਹੁਰ ਮਜ਼ਦਾ ਅਤੇ ਆਹਰੀਮਾਨ । ਅਹੁਰ ਮਜ਼ਦਾ ਨੇਕੀ , ਚਾਨਣ ਅਤੇ ਧਰਮ ਨੂੰ ਨਿਰੂਪਨ ਕਰਦਾ ਹੈ। ਅਤੇ ਆਹਰੀਮਾਨ ਬਦੀ , ਹਨੇਰੇ ਅਤੇ ਅਧਰਮ ਨੂੰ । ਗੁਰੂ ਨਾਨਕ ਨੇ ਇਸ ਦਵੈਤ ਦਾ ਖੰਡਨ ਕੀਤਾ ਅਤੇ ਇਕੋ ਆਦਿ ਸ਼ਕਤੀ ਨੂੰ ਪਾਪ ਪੁੰਨ ਦਾ ਕਰਤਾ ਦਸਿਆ । ਅਸੰਖਾ ਸਰੇਸ਼ਟ ਪੁਰਸ਼, ਉਸੇ ਪ੍ਰਭੂ ਦੀ ਰਚਨਾ ਹਨ ਅਤੇ ਅਸੰਖਾਂ ਪਾਪੀ ਵੀ ਉਸੇ ਨੇ ਪੈਦਾ ਕੀਤੇ ਹੋਏ ਹਨ । ਇਹ ਭਾਵ ਜਪੁਜੀ ਦੀਆਂ ਹੇਠ ਲਿਖੀਆਂ ਦੋ ਪਉੜੀਆਂ ਰਾਹੀਂ ਭਲੀ ਭਾਂਤ ਨਿਰੂਪਨ ਹੁੰ ਹੁੰਦਾ ਹੈ । ਇਉਂ ਜਾਪਦਾ ਹੈ ਕਿ ਗੁਰਦੇਵ ਨੇ ਇਸ ਮਤ ਦੇ ਅਨੁਯਾਈਆਂ ਨੂੰ ਸੰਬੋਧਨ ਕਰ ਕੇ ਇਹ ਪਉੜੀਆਂ ਉਚਾਰੀਆਂ ਹਨ :

(੧) ਅਸੰਖ ਜਪ ਅਸੰਖ ਭਾਉ।
ਅਸੰਖ ਪੂਜਾ ਅਸੰਖ ਤਪ ਤਾਉ ।
ਅਸੰਖ ਗਰੰਥ ਮੁਖਿ ਵੇਦ ਪਾਠ।
ਅਸੰਖ ਜੋਗ ਮਨਿ ਰਹਹਿ ਉਦਾਸ ।
ਅਸੰਖ ਭਗਤ ਗੁਣ ਗਿਆਨ ਵੀਚਾਰ ।
ਅਸੰਖ ਸਤੀ ਅਸੰਖ ਦਾਤਾਰ ।
ਅਸੰਖ ਸੂਰ ਮੁਹ ਭਖ ਸਾਰ ।
ਅਸੰਖ ਮੋਨਿ ਲਿਵ ਲਾਇ ਤਾਰ ।
ਕੁਦਰਤਿ ਕਵਣ ਕਹਾ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂ ਸਦਾ ਸਲਾਮਤਿ ਨਿਰੰਕਾਰ । ੧੭। (ਜਪੁਜੀ ਪੰ:੪)

(੨) ਅਸੰਖ ਮੂਰਖ ਅੰਧ ਘੋਰ ।
ਅਸੰਖ ਚੋਰ ਹਰਾਮਖੋਰ ।
ਅਸੰਖ ਅਮਰ ਕਰਿ ਜਾਹਿ ਜੋਰ ।
ਅਸੰਖ ਗਲ ਵਢ ਹਤਿਆ ਕਮਾਹਿ ।
ਅਸੰਖ ਪਾਪੀ ਪਾਪੁ ਕਰਿ ਜਾਹਿ ।
ਅਸੰਖ ਕੂੜਿਆਰ ਕੂੜੇ ਫਿਰਾਹਿ ।
ਅਸੰਖ ਮਲੇਛ ਮਲੁ ਭਖਿ ਖਾਹਿ ।

ਅਸੰਖ ਨਿੰਦਕ ਸਿਰਿ ਕਰਹਿ ਭਾਰੁ ।
ਨਾਨਕੁ ਨੀਚੁ ਕਹੈ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ।
ਤੂ ਸਦਾ ਸਲਾਮਤਿ ਨਿਰੰਕਾਰ । ੧੮ ।(ਜਪੁਜੀ ਪੰ: ੪)

ਜ਼ਰਥੁਸਤਰਾ ਮਤ ਦੇ ਅਨੁਯਾਈਆਂ ਨੂੰ ਗੁਰਦੇਵ ਭਾਰਤ ਵਿਚ ਹੀ ਮਿਲੇ ਹੋਣਗੇ ਕਿਉਂਕਿ ਮਜ਼੍ਹਬੀ ਤਅਸਬ ਦੇ ਕਾਰਨ ਇਨ੍ਹਾਂ ਉਤੇ ਜਬਰ ਕਰਕੇ ਈਰਾਨ ਚੋਂ ਕਢ ਦਿਤਾ ਗਿਆ ਸੀ ਅਤੇ ਇਹ ਭਾਰਤ ਵਿਚ ਆ ਵਸੇ ਸਨ । ਇਨ੍ਹਾਂ ਦੀ ਬਹੁਤੀ ਗਿਣਤੀ ਗੁਜਰਾਤ ਵਿਚ ਰਹਿੰਦੀ ਸੀ ।ਮਗਰੋਂ ਕਈ ਬੰਬਈ ਵਿਚ ਜਾ ਆਬਾਦ ਹੋਏ ।ਇਨ੍ਹਾਂ ਨੂੰ ਪਾਰਸੀ ਕਿਹਾ ਜਾਂਦਾ ਹੈ । ਇਹ ਆਮ ਕਰਕੇ ਅਗਨੀ ਪੂਜ ਹਨ ।

ਮਧ-ਪੂਰਬ ਦਾ ਸਭ ਤੋਂ ਪ੍ਰਾਚੀਨ ਮਤ ਯਹੂਦੀ ਧਰਮ ਨੂੰ ਮੰਨਿਆ ਜਾਂਦਾ ਹੈ । ਈਸਾਈ ਮਤ ਅਤੇ ਇਸਲਾਮ ਦਾ ਨਿਕਾਸ ਇਹਦੇ ਵਿਚੋਂ ਹੀ ਹੋਇਆ ਹੈ । ਜਦੋਂ ਗੁਰਦੇਵ ਮਧ-ਪੂਰਬ ਵਿਚ ਗਏ ਤਾਂ ਯਹੂਦੀ ਉਨ੍ਹਾਂ ਨੂੰ ਯੋਰੋਸ਼ਲਮ ਵਿਚ ਸ਼( Jerusalem ) ਵਿਚ ਮਿਲੇ ਹੋਣਗੇ । ਉਂਝ ਯਹੂਦੀਆਂ ਦੀਆਂ ਵਸਤੀਆਂ ਮਧ-ਪੂਰਬੀ ਦੇਸ਼ਾਂ ਦੇ ਲਗ ਭਗ ਸਭ ਵਡੇ ਸ਼ਹਿਰਾਂ ਸ਼ਹਿਰਾਂ ਵਿਚ ਸਨ । ਯਹੂਦੀ ਧਰਮ ਚੋਣਵੇਂ ਲੋਕਾਂ ਦਾ ਧਰਮ ਹੈ ,ਜੋ ਇਜ਼ਰਾਈਲ ਦੇ ਵਾਸੀ ਹਨ । ਉਹ ਕੇਵਲ ਇਕ ਰਬ ਵਿਚ ਵਿਸ਼ਵਾਸ ਰਖਦੇ ਹਨ ਜੋ ਸਰਬ -ਵਿਆਪਕ , ਸਰਬ -ਸ਼ਕਤੀਮਾਨ ,ਸਰਬ-ਗਿਆਤਾ ,ਸਦੀਵ ,ਨਿਆਂਕਾਰ ਅਤੇ ਕਿਰਪਾਲੂ ਹੈ ।ਉਸਨੇ ਮਾਨਵ ਨੂੰ ਆਪਣੇ ਸਰੂਪ ਵਿਚ ਪੈਦਾ ਕੀਤਾ ਹੈ ਜੋ ਪ੍ਰਭੂ ਦੇ ਪ੍ਰੇਮ ਦੁਆਰਾ ਪੂਰਨਤਾ ਨੂੰ ਪ੍ਰਾਪਤ ਕਰ ਸਕਦਾ ਹੈ ।ਇਸ ਧਰਮ ਦਾ ਆਪਣਾ ਮਨੁਖੀ ਆਚਾਰ ਦਾ ਇਕ ਵਿਧਾਨ ਹੈ ਪਰ ਇਹ ਕਿਸੇ ਗੁਰੂ ਜਾਂ ਵਿਚੋਲੇ ਦੀ ਲੋੜ ਨਹੀਂ ਸਮਝਦਾ ।ਇਸ ਧਰਮ ਵਿਚ ਬੁਤ-ਪੂਜਾ ਅਤੇ ਬਹੁ ਦੇਵ ਵਾਦ ਦਾ ਖੰਡਨ ਕੀਤਾ ਗਿਆ ਹੈ । ਮਨੁਖੀ ਜੀਵਨ ਦਾ ਮਨੋਰਥ ਸੇਵਾ ਹੈ । ਜੀਵਾਤਮਾ ਰਬ ਦਾ ਸੁਵਾਸ ਹੈ ਅਤੇ ਰਬ ਵਾਂਗ ਹੀ ਅਮਰ ਹੈ । ਸੰਸਾਰ ਦੀ ਰਚਨਾ ਰਬ ਨੇ ਸ਼ਬਦ ਉਚਾਰ ਕੇ ਕੀਤੀ ਹੈ । ਰਬ ਆਪ ਗੁਣੀ-ਨਿਧਾਨ ਹੈ । ਅਤੇ ਉਸਦੀ ਰਚਨਾ ਗੁਣਵਾਨ । ਸ਼ੈਤਾਨ ਦੀ ਕੋਈ ਹੋਂਦ ਨਹੀਂ ਅਤੇ ਨਾ ਹੀ ਦੋਜ਼ਖ ਦੀ ।ਜਿਹੜਾ ਵੀ ਪ੍ਰਭੂ ਦੇ ਹੁਕਮ ਦੀ ਉਲੰਘਣਾ ਕਰਦਾ ਹੈ, ਉਹ ਪਾਪ ਕਮਾਂਦਾ ਹੈ । ਮਾਨਵ ਨੂੰ ਆਪਣੇ ਮਾਰਗ ਦੀ ਚੋਣ ਦੀ ਅਜ਼ਾਦੀ ਹੈ । ਸੁਚੀ ਅਤੇ ਸਵਾਰਥ ਰਹਿਤ ਅਰਦਾਸ ਸਾਨੂੰ ਰਬ ਦੇ ਨੇੜੇ ਲੈ ਜਾਂਦੀ ਹੈ ।

ਵਿਅਕਤੀ ਲਈ ਤਿੰਨ ਗੱਲਾਂ ਜ਼ਰੂਰੀ ਹਨ: ਪਾਪਾਂ ਦਾ ਪ੍ਰਾਸਚਿਤ , ਰਬ ਨਾਲ ਪ੍ਰੇਮ ਅਤੇ ਮਨੁਖ ਮਾਤਰ ਦੀ ਸੇਵਾ । ਹਜ਼ਰਤ ਮੂਸਾ ਯਹੂਦੀ ਮਤ ਦਾ ਪਹਿਲਾ ਅਚਾਰੀਆ ਹੋਇਆ ਹੈ , ਜਿਸਦੇ ਦੱਸ ਉਦੇਸ਼ ਬਹੁਤ ਮਹਤਵ ਪੂਰਨ ਹਨ ।

ਯਹੂਦੀ ਮਤ ਅਤੇ ਗੁਰੂ ਨਾਨਕ ਦੇ ਮਤ ਦੇ ਕਈ ਨੁਕਤਿਆਂ ਦੀ ਸਾਂਝ ਹੈ ,ਪਰ ਜਿਥੇ ਯਹੂਦੀ ਮਤ ਕੇਵਲ ਇਜ਼ਰਾਈਲ ਦੇ ਲੋਕਾਂ ਦਾ ਮਤ ਹੈ ,ਉਥੇ ਗੁਰੂ ਨਾਨਕ ਦਾ ਮਤ ਸਰਬ-ਸੰਸਾਰਕ ਹੈ। ਗੁਰਦੇਵ ਦੀ ਦ੍ਰਿਸ਼ਟੀ ਵਿਚ ਸਾਰੇ ਮਾਨਵ ਰਬ ਦੇ ਬਚੇ ਹਨ ,ਅਤੇ ਉਨ੍ਹਾਂ ਦੀ ਆਤਮਕ ਕਲਿਆਨ ਕੇਵਲ ਗੁਰੂ ਰਾਹੀਂ ਹੋ ਸਕਦੀ ਹੈ । ਯਹੂਦੀ ਮਤ ਵਿਚ ਗੁਰਮਤ ਵਰਗਾ ਉਚੇਰਾ ਰਹਸਵਾਦ ਨਹੀਂ ।ਉਸਦਾ ਰਹਸਵਾਦ ਕੇਵਲ ਧਰਮ-ਗ੍ਰੰਥਾਂ ਦੇ ਸ਼ਬਦਾਂ ਅਤੇ ਹਿੰਦਸਿਆਂ ਦੇ ਸਹਜ ਅਰਥਾਂ ਤਕ ਸੀਮਿਤ ਹੈ । ਯਹੂਦੀ ਮਤ ਦਾ ਪੁਜਾਰੀਵਾਦ ਵੀ ਗੁਰਦੇਵ ਨੂੰ ਪ੍ਰਵਾਨ ਨਹੀਂ।

ਈਸਾਈ ਮਤ ਦਾ ਨਿਕਾਸ ਯਹੂਦੀ ਮਤ ਵਿਚੋਂ ਮੰਨਿਆ ਜਾਂਦਾ ਹੈ ।ਇਹ ਮਤ ਮੰਨਦਾ ਹੈ ਕਿ ਮਾਨਵ ਚੰਗੇ ਮੰਦੇ ਵਿਚੋਂ ਚੋਣ ਕਰਨ ਵਿਚ ਸੁਤੰਤਰ ਹੈ । ਉਹ ਜੰਨਤ ਵਿਚੋਂ ਕਿ ਇਸ ਲਈ ਗਿਰਿਆ ਹੈ ਕਿਉਂਕਿ ਉਸਨੇ ਇਕ ਮੁਢਲਾ ਪਾਪ ਕੀਤਾ ਹੈ । ਪਾਪ ਤੋਂ ਮੁਕਤ ਪ੍ਰਾਸਚਿਤ ,ਸਿਦਕ ਅਤੇ ਪ੍ਰੇਮ ਨਾਲ ਹੀ ਹੋਇਆ ਜਾ ਸਕਦਾ ਹੈ ।ਇਕ ਇਸਾਈ ,ਈਸਾ ਜੀ ਵਿਚ ਰਬ ਦੀ ਬਖਸ਼ਸ਼ ਮੰਨ ਕੇ ਆਪਣੇ ਪਾਪਾਂ ਦੀ ਮੈਲ ਨੂੰ ਧੋ ਸਕਦਾ ਹੈ ।ਈਸਾਈ ਮਤ ਰਬ ਦੀ ਏਕਤਾ ਵਿਚ ਵਿਸ਼ਵਾਸ ਰਖਦਾ ਹੈ ,ਪਰ ਇਹ ਵੀ ਮੰਨਦਾ ਹੈ ਕਿ ਰਬ ਪਿਤਾ ,ਪੁਤਰ ਅਤੇ ਪਵਿਤਰ ਆਤਮਾ ( Spirit ) ਤਿੰਨੇ ਹੈ । ਇਸ ਸਿਧਾਂਤ ਨੂੰ ਪਵਿਤ੍ਰ ਤ੍ਰਿਮੂਰਤੀ (Holy Trinity) ਕਿਹਾ ਜਾਂਦਾ ਹੈ ਇਕ ਹੋਰ ਮਹਤਵ ਪੂਰਨ ਸਿਧਾਂਤ ਪ੍ਰਾਸਚਿਤ ਦਾ ਹੈ ।ਈਸਾ ਜੀ ਨੂੰ ਰਖਵਾਲਾ ਮੰਨਿਆ ਗਿਆ ਹੈ । ਉਹ ਲੋਕਾਂ ਦੇ ਪਾਪਾਂ ਲਈ ਪ੍ਰਾਸਚਿਤ ਕਰਦਾ ਹੈ ।~~ਅਤੇ ਲੋਕਾਂ~~ ਉਹ ਮਨੁਖਤਾ ਨੂੰ ਉਚਾ ਕਰਦਾ ਹੈ ਅਤੇ ਲੋਕਾਂ ਦੀ ਅਗਿਆਨਤਾ ਨੂੰ ਘਟਾਂਦਾ ਹੈ ।

ਈਸਾਈ ਮਤ ਵਿਚ ਸੰਸਕਾਰਾਂ ਨੂੰ ਵੀ ਮੰਨਿਆ ਗਿਆ ਹੈ , ਜਿਨ੍ਹਾਂ ਵਿਚ ਬਪ-ਤਿਸਮਾ , ਵਿਵਾਹ ਆਦਿ ਸ਼ਾਮਲ ਹਨ ।ਇਕ ਸਿਧਾਂਤ ਅਖੀਰਲੇ ਰਬੀ ਨਿਆਂ ਬਾਰੇ ਵੀ ਹੈ ਜਿਸ ਅਨੁਸਾਰ ਚੰਗੇ ਕਰਮਾਂ ਵਾਲਿਆਂ ਨੂੰ ਬਹਿਸ਼ਤ ਵਿਚ ਭੇਜਿਆ ਜਾਂਦਾ ਹੈ ਅਤੇ ਮਾੜਿਆਂ ਨੂੰ ਦੋਜ਼ਖ ਵਿਚ । ਈਸਾਈਆਂ ਦਾ ਇਕ ਨੈਤਿਕ ~~ਸਿਧਾਂਤ~~ ਵਿਧਾਨ ਵੀ ਹੈ ,ਜਿਹੜਾ ਰਬ ਅਤੇ ਮਾਨਵ ਦੇ ਸੰਕਲਪ ਵਿਚੋਂ ਉਪਜਿਆ ਹੈ ।ਈਸਾਈ ਮਤ ਰਬ ਦੀ ਮਿਹਰੀ ਪਿਤਰੀਅਤਾ ਅਤੇ ਮਾਨਵ ਦੀ ਭ੍ਰਾਤਰੀਅਤਾ ਵਿਚ ਵਿਸ਼ਵਾਸ ਰਖਦਾ ਹੈ ।ਰਬ ਦੀ ਪੂਜਾ ਵਿਚ ਪੁਜਾਰੀ ਅਥਵਾ ਪਾਦਰੀ ਦਾ ਵਿਸ਼ੇਸ਼ ਸਥਾਨ ਹੈ ।

ਗੁਰੂ ਨਾਨਕ ਦੇਵ ਨੇ ਈਸਾਈ ਮਤ ਦੇ ਤ੍ਰਿਦੇਵ ਦੇ ਸਿਧਾਂਤ ( ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ) ਨੂੰ ਨਹੀਂ ਮੰਨਿਆ । ਉਹ ਕੇਵਲ ਇਕ ਪ੍ਰਭੂ ਵਿਚ ਵਿਸ਼ਵਾਸ ਰਖਦੇ ਸਨ , ਜਿਸਦਾ ਕੋਈ ਸਾਕ ਸਬੰਧੀ ਨਹੀਂ ਅਤੇ ਜੋ ਕਿਸੇ ਕੋਲੋਂ ਵੀ ਪੁਛ ਕੇ ਕੋਈ ਕੰਮ ਨਹੀਂ ਕਰਦਾ । ਨਾ ਹੀ ਗੁਰਦੇਵ ਕਿਸੇ ਕਰਮ ਕਾਂਡ ਅਤੇ ਸੰਸਕਾਰ ਨੂੰ ਮੰਨਦੇ ਸਨ । ਈਸਾਈ ਮਤ ਦਾ ਬਖਸ਼ਸ਼ ਦਾ ਵਿਚਾਰ ਗੁਰਮਤ ਨਾਲ ਸਾਂਝਾ ਹੈ , ਪਰ ਜਿਥੇ ਈਸਾਈ ਮਤ ਅਖੀਰਲੇ ਨਿਆਂ ਨੂੰ ਮੰਨਦਾ ਹੈ , ਉਥੇ ਗੁਰਦੇਵ ਕਰਮ ਅਤੇ ਆਵਾਗਵਣ ਵਿਚ ਵਿਸ਼ਵਾਸ ਰਖਦੇ ਹਨ ।

ਇਹ ਸੰਭਵ ਹੈ ਕਿ ਗੁਰਦੇਵ ਈਸਾਈਆਂ ਨੂੰ ਭਾਰਤ ਦੇ ਕੇਰਲ ਪ੍ਰਦੇਸ਼ ਵਿਚ ਵੀ ਮਿਲੇ ਹੋਣਗੇ । ਗੁਰੂ ਨਾਨਕ ਦੇਵ ਦੇ ਸਮੇਂ ਭਾਰਤ ਵਿਚ ਮੁਸਲਮਾਨਾਂ ਦਾ ਰਾਜ ਸੀ । ਜਿਥੇ ਉਹ ਕਈ ਮੁਸਲਮਾਣ ਪੀਰਾਂ ਨੂੰ ਭਾਰਤ ਵਿਚ ਮਿਲੇ, ਉਹ ਉਨ੍ਹਾਂ ਦੇ ਮਧ-ਪੂਰਬ ਦੇ ਵਡੇ ਕੇਂਦਰਾਂ ਮਕਾ, ਮਦੀਨਾ, ਅਤੇ ਬਗਦਾਦ ਵੀ ਗਏ । ਜਿਹੜੀਆਂ ਵਿਚਾਰਾਂ ਉਨ੍ਹਾਂ ਦੀਆਂ ਉਥੇ ਹੋਈਆਂ ਉਹ 'ਮਕੇ ਮਦੀਨੇ ਦੀ ਗੋਸ਼ਟ ' ਵਿਚ ਕਾਨੀ ਬੰਦ ਹਨ ।

ਇਸਲਾਮ ਇਕ ਰਬ ( ਅਲਹ ) ਵਿਚ ਵਿਸ਼ਵਾਸ ਰਖਦਾ ਹੈ , ਪਰ ਨਾਲ ਹੀ ਉਸਦੇ ਪੈਗੰਬਰ ਨੂੰ ਵੀ ਮੰਨਦਾ ਹੈ । ਉਸਦਾ ਵਿਸ਼ਵਾਸ ਫ਼ਰਿਸ਼ਤਿਆਂ ਵਿਚ ਵੀ ਹੈ । ਇਕ ਮੁਸਲਮਾਣ ਲਈ ਨਮਾਜ਼ , ਰੋਜ਼ਾ,ਜ਼ਕਾਤ ਅਤੇ ਹਜ ਵੀ ਜ਼ਰੂਰੀ ਹਨ । ਉਹਦੇ ਲਈ ਪੰਜ ਵਾਰੀ ਨਮਾਜ਼ ਪੜ੍ਹਨੀ ਉਚਿਤ ਹੈ । ਇਸਤਰ੍ਹਾਂ ਉਹ ਸ਼ੈਤਾਨ ਤੋਂ ਬਚ ਸਕਦਾ ਹੈ। ਕਿਆਮਤ ਵਾਲੇ ਦਿਨ ਸਭ ਮੁਰਦੇ ਕਬਰਾਂ ਵਿਚੋਂ ਉਠਣਗੇ ਅਤੇ ਅਲਾ ਅਤੇ ਪੈਗੰਬਰ ਦੀ ਹਾਜ਼ਰੀ ਵਿਚ ਨਿਆਂ ਹੋਣਗੇ । ਚੰਗੇ ਜੰਨਤ ਵਿਚ ਭੇਜ ਦਿਤੇ ਜਾਣਗੇ ਅਤੇ ਮਾੜੇ ਦੋਜ਼ਖ ਵਿਚ । ' ਪੁਲ ਸਿਰਾਤ ' ਨਾਮੇ ਇਕ ਪੁਲ ਤੋਂ ਸਭ ਨੂੰ ਲੰਘਣਾ ਪਵੇਗਾ । ਮਾੜੇ ਜੀਵ ਪੁਲ ਤੋਂ ਹੇਠਾਂ ਡਿਗ ਕੇ ਦੋਜ਼ਖ ਦੀ ਅਗ ਵਿਚ ਜਾ ਸੜਨਗੇ । ਰਚਨਾ ਬਾਰੇ ਮੁਸਲਮਾਨਾ ਦਾ ਵਿਸ਼ਵਾਸ ਹੈ ਕਿ ਸਾਡੀ ਧਰਤੀ ਤੋਂ ਛੁਟ ਸਤ ਆਕਾਸ਼ ਅਤੇ ਸਤ ਪਾਤਾਲ ਹਨ ।

ਮੁਸਲਮਾਣਾ ਦੇ ਨੈਤਿਕ ਵਿਧਾਨ ਅਨੁਸਾਰ ਗੁਣਾਂ ਦਾ ਗ੍ਰਹਿਣ ਕਰਨਾ ਜ਼ਰੂਰੀ ਹੈ । ਕੁਰਾਨ ਸਾਹਿਬ ਵਿਚ ਰੱਬ ਦੇ ਨੜਿੰਨਵੇਂ ਨਾਵਾਂ ਦਾ ਜ਼ਿਕਰ ਹੈ । ਜਿਥੇ ਰਬ ਰਹਿਮਾਨ ਅਤੇ ਰਹੀਮ ਹੈ ਉਥੇ ਉਹ ਜਬਾਰ ਅਤੇ ਕਹਾਰ ਵੀ ਹੈ । ਪਰ ਗੁਰਦੇਵ ਦਾ ਰਬ ਤਾਂ ਕੇਵਲ ਦਇਆਲੂ ਤੇ ਕਿਰਪਾਲੂ ਹੈ ।

ਭਾਈ ਗੁਰਦਾਸ ਨੇ ਗੁਰਦੇਵ ਦੀ ~~ਮੱਕੇ ਤਾਂ ਕੇਵਲ~~ ਮੱਕੇ ਅਤੇ ਬਗਦਾਦ ਦੀ ਫੇਰੀ ਦਾ ਬੜਾ ਵਧੀਆ ਬਿਆਨ ਦਿਤਾ ਹੈ, ਜੋ ਇਉਂ ਹੈ :

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨ ਵਾਰੀ ।
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾਧਾਰੀ ।
ਬੈਠਾ ਜਾਇ ਮਸੀਤ ਵਿਚ ਜਿੱਥੇ ਹਾਜੀ ਹੱਜ ਗੁਜਾਰੀ ।
ਜਾਂ ਬਾਬਾ ਸੁਤਾ ਰਾਤ ਨੂੰ ਵੱਲ ਮਹਿਰਾਬੇ ਪਾਇ ਪਸਾਰੀ ।
ਜੀਵਣ ਮਾਰੀ ਲੱਤ ਦੀ ਕੇਹੜਾ ਸੁੱਤਾ ਕੁਫਰ ਕੁਫਾਰੀ ।
ਲੱਤਾਂ ਵੱਲ ਖੁਦਾਇਦੇ ਕਿਉਂਕਰ ਪਇਆ ਹੋਇ ਬਜਗਾਰੀ ।
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ।
ਹੋਇ ਹੈਰਾਨ ਕਰੇਨ ਜੁਹਾਰੀ ।੩੨ ।
ਪੁੱਛਣ ਗੱਲ ਈਮਾਨ ਦੀ ਕਾਜ਼ੀ ਮੁਲਾਂ ਇਕੱਠੇ ਹੋਈ ।
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ ।
ਪੁੱਛਣ ਫੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ ।
ਬਾਬਾ ਆਖੇ ਹਾਜੀਆਂ ਸੁਭ ਅਮਲਾਂ ਬਾਝੋਂ ਦੋਵੇਂ ਰੋਈ ।
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਨ ਨ ਢੋਈ ।
ਕੱਚਾ ਰੰਗ ਕੁਸੁੰਭ ਦਾ ਪਾਣੀ ਧੋਤੇ ਥਿਰ ਨ ਰਹੋਈ ।
ਕਰਨ ਬਖੀਲੀ ਆਪ ਵਿੱਚ ਰਾਮ ਰਹੀਮ ਕੁਥਾਇ ਖਲੋਈ ।
ਰਾਹ ਸ਼ੈਤਾਨੀ ਦੁਨੀਆ ਗੋਈ । ੩੩।
ਬਾਬਾ ਗਿਆ ਬਗਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ (ਨਾਲ) ਦੂਜਾ ਰਬਾਬੀ ਮਰਦਾਨਾ ।
ਦਿਤੀ ਬਾਂਗ ਨਮਾਜ਼ ਕਰ ਸੁੰਨ ਸਮਾਨ ਹੋਆ ਜਹਾਨਾ ।
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਹੋਇਆ ਹੈਰਾਨਾ ।
ਵੇਖੇ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ ।
ਪੁਛਿਆ ਫਿਰ ਕੇ ਦਸਤਗੀਰ ਕੌਣ ਫਕੀਰ ਕਿਸਕਾ ਘਰਾਨਾ ।
ਨਾਨਕ ਕਲ ਵਿਚ ਆਇਆ ਰੱਬ ਫਕੀਰ ਇਕ ਪਹਿਚਾਨਾ ।
ਧਰਤ ਅਕਾਸ ਚਹੁੰ ਦਿਸ ਜਾਨਾ ।੩੪ ।

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਅਤਾਈ ।
ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ ।
ਪਾਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁਣਾਈ ।
ਫੇਰ ਦੁਰਾਇਣ ਦਸਤਗੀਰ ਅਸੀਂ ਭਿ ਵੇਖਾਂ ਜੋ ਤੁਹਿ ਪਾਈ ।
ਨਾਲ ਲੀਤਾ ਬੇਟਾ ਪੀਰ ਦਾ ਅਖੀ ਮੀਟ ਗਿਆ ਹਵਾਈ ।
ਲੱਖ ਆਕਾਸ਼ ਲੱਖ ਪਾਤਾਲ ਲਖ ਅਖ ਫਰਕ ਵਿਚ ਸਭ ਦਿਖਲਾਈ ।
ਭਰ ਕਚਕੌਲ ਪ੍ਰਸਾਦਿ ਦਾ ਧੁਰੋਂ ਲਈ ਕੜਾਹੀ ।
ਜਾਹਰ ਕਲਾ ਨਾ ਛਪੀ ਛਪਾਈ । ੩੬ ।

( ਪਹਿਲੀ ਵਾਰ )

ਮੁਸਲਮਾਣਾ ਨਾਲ ਮੇਲ ਹੋਣ ਕ੍ਰਕੇ ਗੁਰਦੇਵ ਦੀ ਬਾਣੀ ਵਿਚ ਮੁਸਲਮਾਣਾ ਸਬੰਧੀ ਕਈਂ ਵਿਚਾਰ ਮਿਲਦੇ ਹਨ । ਉਨ੍ਹਾਂ ਅਨੁਸਾਰ ਅਸਲੀ ਮੁਸਲਮਾਣ ਉਹ ਹੈ ਜੋ ਰਬੀ ਮਿਹਰ ਦੀ ਮਸੀਤ ਬਣਾਵੇ, ਸਿਦਕ ਦਾ ਮੁਸੱਲਾ ਅਤੇ ਹਕ ਹਲਾਲ ਦੀ ਕਮਾਈ ਨੂੰ ਕੁਰਾਨ ਸਾਹਿਬ । ਸਰਮ ਭਾਵ ਜਤਨ ਨੂੰ ਸੁੰਨਤ ਸਮਝੇ ਅਤੇ ਸੀਲ ਨੂੰ ਰੋਜਾ[1] । ਉਨ੍ਹਾਂ ਨੇ ਪੰਜ ਨਮਾਜਾਂ ਇਹ ਦਸੀਆਂ, ਪਹਿਲੀ ਸਚ, ਦੂਜੀ ਹਲਾਲ ਦੀ ਕਮਾਈ, ਤੀਜੀ ਰਬ ਤੋਂ ਕੁਲ ਸੰਸਾਰ ਦੀ ਖੈਰ ਮੰਗਣੀ, ਚੌਥੀ ਨੀਅਤ ਰਾਸ, ਅਤੇ ਪੰਜਵੀਂ ਪ੍ਰਭੂ ਦੀ ਉਸਤਤੀ[2] । ਉਨ੍ਹਾਂ ਦਾ ਰਚਨਾ ਬਾਰੇ ਵਿਚਾਰ ਇਹ ਸੀ ਕਿ ਅਨੰਤ ਪ੍ਰਭੂ ਦੀ ਰਚਨਾ ਵੀ ਅਨੰਤ ਹੈ[3] । ਆਕਾਸ਼ ਅਤੇ ਪਾਤਾਲ ਸਤ ਸਤ ਨਹੀਂ ਇਹ ਤਾਂ ਲਖਾਂ ਹੀ ਹਨ[4] । ਲਖਾਂ ਵੀ ਨਹੀਂ ਅਸੰਖ ਹੀ ਹਨ[5] ।

ਇਸਲਾਮੀ ਰਹਸਵਾਦ ਸੂਫੀਮਤ ਦੇ ਰੂਪ ਵਿਚ ਪ੍ਰਗਟ ਹੋਇਆ । ਇਨ੍ਹਾਂ ਦੇ ਦਰਸ਼ਨ ਦੀ ਕਾਫੀ ਸਮਾਨਤਾ ਗੁਰੂ ਨਾਨਕ ਦੇਵ ਦੇ ਦਰਸ਼ਨ ਨਾਲ ਹੋਣ ਕਰਕੇ ਬਾਬਾ ਫਰੀਦ

---

੧– ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ । ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ । (ਸਲੋਕੁ ਮ:੧: ਪੰ: ੧੪੦ )

੨–ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ । ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ । ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ । (ਮ:੧: ਪੰ: ੧੪੧ )

੩– ਅੰਤੁ ਨ ਜਾਪੈ ਕੀਤਾ ਆਕਾਰੁ । ਅੰਤੁ ਨ ਜਾਪੈ ਪਾਰਾਵਾਰੁ (ਜਪੁਜੀ ਪੰ:੫)

੪– ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ( ਜਪੁਜੀ ਪੰ: ੫ )

੫– ਅਗੰਮ ਅਗੰਮ ਅਸੰਖ ਲੋਅ । ਅਸੰਖ ਕਹਹਿ ਸਿਰਿ ਭਾਰੁ ਹੋਇ ।(ਜਪੁਜੀ ਪੰ: ੪)

ਵਰਗੇ ਮਹਾਨ ਸੂਫ਼ੀ ਸੰਤ ਦੀ ਬਾਣੀ ਗੁਰਦੇਵ ਨੇ ਆਪਣੇ ਸੰਗ੍ਰਹਿ ਵਿਚ ਸ਼ਾਮਲ ਕੀਤੀ, ਜਿਹੜੀ ਮਗਰੋਂ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਵਿਚ ਚੜ੍ਹਾਈ। ਸੂਫ਼ੀ ਮਤ ਇਹ ਮੰਨਦਾ ਹੈ ਕਿ ਕੇਵਲ ਰਬ ਹੀ ਇਕੋ ਇਕ ਸਤ ਹੈ। ਉਸਨੇ ਹੀ ਸਭ ਜੀਵਾਂ ਦੀ ਅਤੇ ਪਾਪ ਪੁੰਨ ਦੀ ਰਚਨਾ ਕੀਤੀ ਹੈ। ਉਸਦੀ ਬਖਸ਼ਸ਼ ਨਾਲ ਹੀ ਜੀਵ ਅਧਿਆਤਮਕ ਉਚਤਾ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਆਪਣੀ ਬਖਸ਼ਸ਼ ਨਾਲ ਉਹ ਗੁਰੂ ਨਾਲ ਮੇਲ ਕਰਾ ਦਿੰਦਾ ਹੈ। ਰਬ ਨਾਲ ਏਕਤਾ ਪ੍ਰਾਪਤ ਕਰਨ ਲਈ ਸੂਫ਼ੀਆਂ ਨੇ ਕੁਝ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ, ਜੋ ਕਾਫ਼ੀ ਹਦ ਤਕ ਗੁਰਦੇਵ ਦੇ ਜਪੁਜੀ ਵਿਚ ਦਸੇ ਅਧਿਆਤਮਕ ਪੜਾਵਾਂ ਨਾਲ ਮਿਲਦੀਆਂ ਜੁਲਦੀਆਂ ਹਨ। ਆਰੰਭ ਨਾਸੂਤ ਜਾਂ ਸ਼ਰੀਅਤ ਤੋਂ ਹੁੰਦਾ ਹੈ ਜਿਸਨੂੰ ਗੁਰਦੇਵ ਨੇ ਧਰਮ - ਖੰਡ ਕਿਹਾ ਹੈ। ਅਗਲੀ ਅਵਸਥਾ ਮਲਕੂਤ ਦੀ ਹੈ ਜਿਸ ਲਈ ਤਰੀਕਤ ਦਾ ਰਾਹ ਅਪਨਾਣਾ ~~ਪੈਂਦਾ~~ ਪੈਂਦਾ ਹੈ। ਇਹ ਅਵਸਥਾ ਗੁਰਦੇਵ ਦੇ ਦਸੇ ਦੋ ਖੰਡਾਂ ਗਿਆਨ ਖੰਡ ਅਤੇ ਧਰਮ ਖੰਡ ਦੀ ਪ੍ਰਗਟਾਉ ਹੈ। ਇਸ ਅਵਸਥਾ ਵਿਚ ਸਾਧਕ ਫ਼ਰਿਸ਼ਤਿਆਂ ਜਾਂ ਸੁਰਾਂ ਸਿਧਾਂ ਵਰਗਾ ਹੋ ਜਾਂਦਾ ਹੈ। ਅਗਲੀ ਅਵਸਥਾ ਜਬਰੂਤ ਦੀ ਹੈ ਜਦੋਂ ਕਿ ਸਾਧਕ ਵਿਚ ਜੋਰ ਆਉਂਦਾ ਹੈ। ਏਸੇ ਨੂੰ ਮਾਰਫ਼ਤ ਕਿਹਾ ਜਾਂਦਾ ਹੈ। ਗੁਰਦੇਵ ਨੇ ਇਸ ਨੂੰ ਕਰਮ ਖੰਡ ਆਖਿਆ ਹੈ। ਅੰਤਲੀ ਅਵਸਥਾ ਫ਼ਨਾ ਦੀ ਹੈ। ਜਦੋਂ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਇਸ ਅਵਸਥਾ ਨੂੰ ਹਕੀਕਤ ਵੀ ਕਿਹਾ ਗਿਆ ਹੈ। ਗੁਰਦੇਵ ਨੇ ਇਸਨੂੰ ਸਚਖੰਡ ਆਖਿਆ ਹੈ। ਭਾਵੇਂ ਇਨ੍ਹਾਂ ਅਵਸਥਾਵਾਂ ਵਿਚ ਕੁਝ[1] ਨੁਕਤੇ ਅਸਮਾਨਤਾ ਦੇ ਵੀ ਹਨ, ਪਰ ਉਪਰੋਂ ਉਪਰੋਂ ਢੇਰ ਸਮਾਨਤਾ ਪ੍ਰਤੀਤ ਹੁੰਦੀ ਹੈ।

ਸਾਰ -ਉਪਰੋਕਤ ਭਿੰਨ ਭਿੰਨ ਧਰਮਾਂ ਦਾ ਸਰਵੇਖਣ ਬਹੁਤ ਸੰਖਿਪ ਹੈ। ਇਹਦੇ ਵਿਚ ਉਨ੍ਹਾਂ ਦੇ ਸਭ ਵਿਸ਼ੇਸ਼ ਨੁਕਤਿਆਂ ਦਾ ਵਿਸਥਾਰ ਨਹੀ ਦਿਤਾ ਜਾ ਸਕਦਾ ਸੀ। ਪ੍ਰਮੁਖ ਸਿਧਾਂਤਾਂ ਦਾ ਕੇਵਲ ਜ਼ਿਕਰ ਹੀ ਕੀਤਾ ਜਾ ਸਕਿਆ ਹੈ। ਕੁਝ ਸਮਾਨਤਾਵਾਂ ਅਤੇ ਅੰਤਰ ਵੀ ਪ੍ਰਗਟ ਕੀਤੇ ਗਏ ਹਨ।

---

੧- ਵੇਖੋ: PHILOSOPHY OF GURU NANAK by Dr.S.S.Kohli and DICTIONARY OF ISLAM by T.P.Hughes.

ਕੁਝ ਵਿਚਾਰਵਾਨਾਂ ਨੇ ਇਹ ਖਿਆਲ ਵੀ ਦਿਤਾ ਹੈ ਕਿ ਸਿਖ ਧਰਮ ਹਿੰਦੂ ਧਰਮ ਦੀ ਇਕ ਸ਼ਾਖਾ ਹੈ । ਇਹ ਵਿਚਾਰ ਵੀ ਪ੍ਰਗਟਾਇਆ ਗਿਆ ਹੈ ਕਿ ਸਿਖ ਧਰਮ ਇਸਲਾਮ ਦਾ ਇਕ ਫ਼ਿਰਕਾ ਹੈ[1] । ਇਸਾਈ ਮਤ ਦੇ ਕੁਝ ਪ੍ਰਚਾਰਕਾਂ ਨੇ ਇਸਨੂੰ ਆਪਣੇ ਧਰਮ ਦਾ ਰਿਣੀ ਦਸਿਆ ਹੈ , ਪਰ ਇਹ ਸਭ ਕੁਝ ਸਿਖ ਧਰਮ ਦੇ ਪ੍ਰਮੁਖ ਸਿਧਾਂਤਾਂ ਦੀ ਅਗਿਆਨਤਾ ਦੇ ਕਾਰਨ ਹੋਇਆ ਹੈ । ਹੇਠਾਂ ਅਸੀ ਗੁਰੂ ਨਾਨਕ ਦਰਸ਼ਨ ਦੇ ਵਿਸ਼ੇਸ਼ ਮੁ ਨੁਕਤੇ ਸੰਖੇਪ ਵਿਚ ਦਿੰਦੇ ਹਾਂ:

(੧) ਗੁਰੂ ਨਾਨਕ ਦਾ ਧਰਮ ਇਕੋਸ਼ਵਰਵਾਦੀ ਹੈ । ਇਵੇਂ ਹੀ ਯਹੂਦੀ ਮਤ, ਈਸਾਈ ਮਤ ਅਤੇ ਇਸਲਾਮ ਵੀ ਇਕੋਸ਼ਵਰਵਾਦੀ ਹਨ , ਪਰ ਇਨ੍ਹਾਂ ਵਿਚ ਅੰਤਰ ਹੈ । ਯਹੂਦੀ ਮਤ ਇਕ ਪ੍ਰਾਦੇਸ਼ਕ ਮਤ ਹੈ ਇਸ ਲਈ ਸੀਮਿਤ ਹੈ , ਪਰ ਗੁਰਦੇਵ ਦਾ ਧਰਮ ਸਰਬ -ਸੰਸਾਰਕ ਹੈ । ਈਸਾਈ ਮਤ ਅਤੇ ਇਸਲਾਮ ਦੇ ਬਾਨੀ ਰਬ ਨਾਲ ਆਪਣਾ ਰਿਸ਼ਤਾ ਸਥਾਪਿਤ ਕਰਦੇ ਹਨ । ਈਸਾ ਜੀ ਨੂੰ ਰਬ ਦਾ ਪੁਤਰ ਕਿਹਾ ਗਿਆ ਹੈ ਅਤੇ ਹਜ਼ਰਤ ਮੁਹੰਮਦ ਨੂੰ ਰਸੂਲ । ਪਰ ਗੁਰੂ ਨਾਨਕ ਦਾ ਬ੍ਰਹਮ ਸਭ ਰਿਸ਼ਤਿਆਂ ਤੋਂ ਉਚਾ ਹੈ । ਇਸ ਲਿਹਾਜ਼ ਨਾਲ ਗੁਰੂ ਨਾਨਕ ਦਰਸ਼ਨ ਦੀ ਸਾਂਝ ਵੇਦਾਂਤ ਨਾਲ ਹੈ । ਗੁਰੂ ਨਾਨਕ ਦਾ ਰੱਬ ਅਜੂਨੀ ਹੈ , ਇਸ ਲਈ ਗੁਰੂ ਨਾਨਕ ਦਰਸ਼ਨ ਅਵਤਾਰਵਾਦ ਦਾ ਖੰਡਨ ਕਰਦਾ ਹੈ ।

(੨) ਗੁਰੂ ਨਾਨਕ ਦਰਸ਼ਨ ਕਿਸੇ ਪ੍ਰਕਾਰ ਦੇ ਕਰਮ ਕਾਂਡ ਅਤੇ ਉਪਾਸ਼ਨਾ ਕਾਂਡ ਦੇ ਵਿਰੁਧ ਹੈ , ਇਹ ਗਿਆਨ ਕਾਂਡ ਦਾ ਪ੍ਰਚਾਰਕ ਹੈ । ਸੰਸਾਰ ਦੇ ਲਗ ਭਗ ਸਭ ਧਰਮਾਂ ਵਿਚ ਕਰਮ ਕਾਂਡ ਮਿਲ ਜਾਂਦਾ ਹੈ , ਇਸ ਪਖੋਂ ਗੁਰੂ ਨਾਨਕ ਦਰਸ਼ਨ ਵਿਲੱਖਣ ਹੈ । ਗੁਰੂ ਨਾਨਕ ਦਾ ਮਤ ਭਗਤੀ ਮਤ ਹੈ , ਪਰ ਇਹ ਭਾਰਤ ਦੇ ਹੋਰ ਭਗਤੀ ਮਤਾਂ ਵਾਂਗੂੰ ਸਗੁਣ ਭਗਤੀ ਦਾ ਮਤ ਨਹੀਂ । ਇਹਦੇ ਵਿਚ ਨਿਰਗੁਣ ਭਗਤੀ ਉਤੇ ਬਲ ਦਿਤਾ ਗਿਆ ਹੈ । ਪ੍ਰਭੂ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਬਖਸ਼ਸ਼ ਜ਼ਰੂਰੀ ਹੈ , ਉਸ ਤੋਂ ਨਾਮ ਲੈ ਕੇ ਸਾਧਕ, ਪ੍ਰੇਮਾ-ਭਗਤੀ ਕਰਦਾ ਹੋਇਆ ਪ੍ਰਭੂ ਨਾਲ ਇਕ ਮਿਕ ਹੋ ਜਾਂਦਾ ਹੈ ।

---

੧- DICTIONARY OF ISLAM by T.P.Hughes, See Entry on SIKHISM.

(੩) ਉਚੇਰੇ ਅਧਿਆਤਮਕ ਜੀਵਨ ਲਈ ਸਦਾਚਾਰਕ ਗੁਣ ਬੁਨਿਆਦ ਦਾ ਕੰਮ ਦਿੰਦੇ ਹਨ । ਗੁਰੂ ਨਾਨਕ ਦਰਸ਼ਨ ਵਿਚ ਰਬੀ ਗੁਣਾਂ ਦੇ ਗ੍ਰਹਿਣ ਕਰਨ ਉਤੇ ਬਹੁਤ ਬਲ ਦਿਤਾ ਗਿਆ ਹੈ । ਇਹਦੇ ਵਿਚ ਨੈਤਿਕਤਾ ਅਤੇ ਧਰਮ ਦਾ ਅਟੁਟ ਸਬੰਧ ਹੈ । ਕਈ ਧਰਮਾਂ ਵਿਚ ਦਿਤਾ ਨੈਤਿਕ ਵਿਧਾਨ ਗੁਰੂ ਨਾਨਕ ਦੇਵ ਦੇ ਦਸੇ ਨੈਤਿਕ ਵਿਧਾਨ ਦੇ ਕਾਫੀ ਨੇੜੇ ਹੈ, ਪਰ ਉਨ੍ਹਾਂ ਵਿਚ ਉਨੀ ਮਾਤਰਾ ਵਿਚ ਰੱਬੀ ਚੇਤੰਨਤਾ ਨਹੀਂ । ਇਸ ਲਿਹਾਜ਼ ਨਾਲ ਗੁਰੂ ਨਾਨਕ ਦਰਸ਼ਨ ਦੀ ਵਧੇਰੇ ਸਾਂਝ ਵੇਦਾਂਤ ਨਾਲ ਹੈ ।

(੪) ਕਈ ਧਰਮ ਅਨੀਸ਼ਰਵਾਦੀ ਹਨ, ਪਰ ਗੁਰਦੇਵ ਦੇ ਧਰਮ ਦਾ ਬਲ ਹੀ ਈਸ਼ਵਰ-ਪ੍ਰਾਪਤੀ ਉਤੇ ਦਿਤਾ ਗਿਆ ਹੈ । ਈਸ਼ਵਰ ਦੀ ਪ੍ਰਾਪਤੀ ਲਈ ਤਿਆਗ ਦੀ ਲੋੜ ਨਹੀਂ । ਜੰਗਲਾਂ ਵਿਚ ਚਲੇ ਜਾਣਾ ਮੂਰਖਤਾ ਹੈ, ਕਿਉਂਕਿ ਪ੍ਰਭੂ ਤਾਂ ਸਾਡੇ ਹਿਰਦੇ ਵਿਚ ਵਸਦਾ ਹੈ । ਉਸਨੂੰ ਪ੍ਰਾਪਤ ਕਰਨ ਲਈ ਸੰਸਾਰ ਵਿਚ ਰਹਿਣਾ ਹੀ ਉਚਿਤ ਹੈ । ਸੰਸਾਰਕ ਰਣ-ਭੂਮੀ ਵਿਚ ਨਿਤਰ ਕੇ ਬੁਰਿਆਈਆਂ ਦਾ ਟਾਕਰਾ ਕਰਨਾ ਜ਼ਰੂਰੀ ਹੈ, ਇਹ ਸੰਸਾਰ ਹੀ ਇਕ ਵਡਾ ਇਮਤਿਹਾਨ ਘਰ ਹੈ, ਜਿਸ ਵਿਚੋਂ ਪਾਸ ਹੋਣ ਵਾਲਾ ਉਚੇਰੀਆਂ ਅਧਿਆਤਮਕ ਸਿਖਰਾਂ ਛੂਹ ਸਕਦਾ ਹੈ । ਕੁਝ ਧਰਮ ਅਥਵਾ ਮਤ ਦਵੈਤ ਵਾਦੀ ਹਨ, ਗੁਰਦੇਵ ਨੇ ਉਨ੍ਹਾਂ ਦਾ ਖੰਡਨ ਕੀਤਾ ਹੈ, ਕਿਉਂਕਿ ਉਨ੍ਹਾਂ ਲਈ ਇਕੋ ਈਸ਼ਵਰ ਹੀ ਪਰਮ-ਸਤਾ ਹੈ ।

(੫) ਗੁਰੂ ਨਾਨਕ ਦਰਸ਼ਨ ਸਭ ਦੇਵੀ ਦੇਵਤਿਆਂ ਦਾ ਖੰਡਨ ਕਰਦਾ ਹੈ । ਪ੍ਰਭੂ ਦੀਆਂ ਭਿੰਨ ਭਿੰਨ ਸ਼ਕਤੀਆਂ ਨੂੰ ਪ੍ਰਭੂ ਦਾ ਦਰਜਾ ਦੇ ਦੇਣਾ ਠੀਕ ਨਹੀਂ, ਪ੍ਰਭੂ ਪੂਰਨ ਹੈ । ਪ੍ਰਭੂ ਨੂੰ ਸਥਾਪਨ ਨਹੀਂ ਕੀਤਾ ਜਾ ਸਕਦਾ, ਉਹ ਰੂਪ ਰੰਗ ਅਤੇ ਭੇਖ ਤੋਂ ਨਿਆਰਾ ਹੈ, ਇਸ ਲਈ ਉਸਦੇ ਬੁਤ ਨਹੀਂ ਬਣਾਏ ਜਾ ਸਕਦੇ । ਬੁਤ ਪੂਜਾ ਦਾ ਗੁਰੂ ਨਾਨਕ ਦੇਵ ਨੇ ਜ਼ੋਰਦਾਰ ਖੰਡਨ ਕੀਤਾ ਹੈ । ਕਈ ਧਰਮਾਂ ਵਿਚ ਦੇਵੀ ਦੇਵਤਿਆਂ ਤੋਂ ਛੁਟ ਹੋਰ ਬਹੁਤ ਸਾਰੀਆਂ ਆਤਮਾਵਾਂ (Spirits) ਅਤੇ ਪਿਤਰਾਂ ਨੂੰ ਵੀ ਮੰਨਿਆ ਜਾਂਦਾ ਹੈ । ਗੁਰੂ ਜੀ ਨੇ ਅਜਿਹੀ ਪੂਜਾ ਦਾ ਵੀ ਖੰਡਨ ਕੀਤਾ ਹੈ ।

(੬) ਗੁਰੂ ਨਾਨਕ ਦਰਸ਼ਨ ਅਨੁਸਾਰ ਜਗਤ ਸਾਪੇਖ ਸਤ ਹੈ, ਇਹ ਭਰਮ ਜਾਂ ਛਲਾਵਾ ਨਹੀਂ ।

ਉਂਝ ਦ੍ਰਿਸ਼ਟਮਾਨ ਅਥਵਾ ਅਦ੍ਰਿਸ਼ਟ ਜਗਤ ਨਾਸ਼ਮਾਨ ਹੈ । ਪ੍ਰਭੂ ਦੀ ਰਚਨਾ ਪ੍ਰਭੂ ਵਾਂਗ ਹੀ ਬੇਅੰਤ ਹੈ । ਇਸਨੂੰ ਸੀਮਿਤ ਕਰਨਾ ਇਕ ਭੁਲ ਹੈ ।

(੨) ਗੁਰੂ ਨਾਨਕ ਦਾ ਧਰਮ ਸਰਬ-ਸੰਸਾਰਕ ਅਤੇ ਅਸਲੀ ਧਰਮ ਹੈ । ਸਾਧਕ ਇਕੋ ਸਮੇ ਸੰਤ, ਸਿਪਾਹੀ ਅਤੇ ਗਿਆਨੀ ਹੁੰਦਾ ਹੈ । ਗੁਰੂ ਨਾਨਕ ਦਰਸ਼ਨ ਵਿਚ ਕਰਮ, ਭਗਤੀ ਅਤੇ ਗਿਆਨ ਦੇ ਸੰਤੁਲਿਤ ਸੁਮੇਲ ਉਤੇ ਬਲ ਦਿਤਾ ਗਿਆ ਹੈ । ਸਾਧਕ ਹੌਲੇ ਹੌਲੇ , ਨਾਮ-ਸਾਧਨਾ ਰਾਹੀਂ , ਗੁਰੂ ਦੀ ਬਖਸ਼ਿਸ਼ ਨਾਲ ਤੁਰੀਆਵਸਥਾ ਵਲ ਵਧਦਾ ਹੈ, ਤੇ ਜਿਹੜੀ ਕਿ ਪਰਮ-ਅਨੰਦ ਦੀ ਅਵਸਥਾ ਹੈ । ਗੁਰਦੇਵ ਦੇ ਯੋਗ ਨੂੰ ਭਗਤੀ ਯੋਗ , ਨਾਮ ਯੋਗ , ਸੁਰਤ ਸ਼ਬਦ ਯੋਗ, ਜਾਂ ਸਹਿਜ ਯੋਗ ਦਾ ਨਾਂ ਦਿਤਾ ਜਾਂਦਾ ਹੈ ।

*****************

## ਦੂਜਾ ਅਧਿਆਇ

*****************

### ਜੀਵ

(ਜੀਵ ਅਤੇ ਇਸਦੇ ਅੰਗ—ਸਰੀਰ—ਆਤਮਾ—ਆਤਮਾ ਨਾਲ ਸਬੰਧਤ ਅੰਗ—ਮਨ—ਬੁਧੀ—ਚਿਤ—ਅਹੰਕਾਰ।)

# ਅ ਧਿ ਆ ਇ ਦੂ ਜਾ

## ਜੀਵ

ਹਰ ਜੀਵਿਤ ਪ੍ਰਾਣੀ ਨੂੰ ਜੀਵ ਕਿਹਾ ਜਾਂਦਾ ਹੈ। ਸੰਸਾਰ ਵਿਚ ਭਿੰਨ ਭਿੰਨ ਆਕਾਰਾਂ ਦੇ ਜੀਵ ਦ੍ਰਿਸ਼ਟੀ ਵਿਚ ਆਉਂਦੇ ਹਨ। ਪਾਣੀ ਵਿਚ ਵੀ ਅਨੇਕ ਤਰ੍ਹਾਂ ਦੇ ਜੀਵ ਹਨ। ਧਰਤੀ ਉਤੇ ਵੀ ਅਨੇਕ ਤਰ੍ਹਾਂ ਦੇ ਜੀਵ ਹਨ। ਇਹ ਪੁਰਾਣਾ ਵਿਚਾਰ ਚਲਿਆ ਆਉਂਦਾ ਹੈ ਕਿ ਚੌਰਾਸੀ ਲਖ ਜੂਨਾਂ ਵਿਚੋਂ ਅੱਧੇ ਜੀਵ ਪਾਣੀ ਵਿਚ ਰਹਿੰਦੇ ਹਨ ਅਤੇ ਅੱਧੇ ਧਰਤੀ ਉ[1] ਵਿਚਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹ ਵਿਚਾਰ ਭਗਤ ਨਾਮਦੇਵ ਦੀ ਰਚਨਾ ਵਿਚ ਮਿਲਦਾ ਹੈ। ਆਮ ਤੌਰ ਤੇ ਜੀਵ ਸ਼ਬਦ ਦੇ ਨਾਲ 'ਜੰਤੂ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਜੰਤ ਜਾਂ ਜੰਤੂ ਜਨਿਤ (ਪੈਦਾ ਹੋਏ) ਪ੍ਰਾਣੀ ਨੂੰ ਕਹਿੰਦੇ ਹਨ। ਇਸ ਲਈ ਜੀਵ ਜੰਤੂ ਪੈਦਾ ਹੁੰਦੇ ਹਨ। ਪੈਦਾ ਹੋਣ ਦਾ ਅਮਲ ਚਾਰ ਖਾਣੀਆਂ ਦੀ ਵੰਡ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਜਿਨ੍ਹਾਂ ਜੀਵਾਂ ਦੀ ਉਤਪਤੀ ਜੇਰ ਨਾਲ ਸਬੰਧਤ ਹੈ, ਉਹ ਜੇਰਜ ਖਾਣੀ ਦੇ ਜੀਵ ਕਹੇ ਜਾਂਦੇ ਹਨ। ਅੰਡਜ ਖਾਣੀ ਦੇ ਜੀਵ ਅੰਡਿਆਂ ਵਿਚੋਂ ਪੈਦਾ ਹੁੰਦੇ ਹਨ, ਸੇਤਜ ਦੇ ਸੇਤ ਜਾਂ ਪਸੀਨੇ ਵਿਚੋਂ, ਬਨਸਪਤੀ ਦੇ ਪੈਦਾ ਹੋਣ ਦਾ ਅਮਲ ਉਤਭੁਜ ਖਾਣੀ ਦਾ ਵਿਸ਼ਾ ਹੈ।

ਭਿੰਨ ਭਿੰਨ ਜੀਵਾਂ ਦੀ ਕੁੱਲ ਗਿਣਤੀ ਚੌਰਾਸੀ ਲਖ ਹੈ। ਇਹ ਪੈਦਾ ਹੋ ਕੇ ਸਵਾਸ ਲੈਂਦੇ ਕਹੇ ਜਾਂਦੇ ਹਨ।[2] ਸਾਹ ਲੈਣ ਦੇ ਅਮਲ ਕਰ ਕੇ ਹੀ ਜੀਵ ਨੂੰ ਪ੍ਰਾਣੀ ਕਿਹਾ ਜਾਂਦਾ ਹੈ। ਜਾਤ, ਜਿਨਸ ਤੇ ਰੰਗ ਕਰ ਕੇ ਇਕ ਸ੍ਰੇਣੀ ਦੇ ਜੀਵਾਂ ਦਾ ਦੂਜੀ ਸ੍ਰੇਣੀ ਦੇ ਜੀਵਾਂ ਨਾਲੋਂ ਢੇਰ ਅੰਤਰ ਹੈ। ਪੈਦਾ ਹੋਏ ਜੀਵਾਂ ਅਤੇ ਜੰਤਾਂ ਦਾ ਸ਼ੁਮਾਰ ਨਹੀਂ ਕੀਤਾ ਜਾ ਸਕਦਾ।[3] ਬੇਅੰਤ ਜੀਵ ਪਾਣੀ ਵਿਚ ਰਹਿੰਦੇ ਹਨ, ਜਿਨ੍ਹਾਂ ਦਾ ਆਧਾਰ ਕੇਵਲ ਪਾਣੀ ਹੀ ਹੈ।[4] ਧਰਤੀ ਉਤੇ ਰਹਿਣ ਵਾਲੇ ਜੀਵਾਂ ਦਾ ਵੀ ਸ਼ੁਮਾਰ ਨਹੀਂ। ਜੰਗਲਾਂ ਵਿਚ ਵਿਚਰਨ ਵਾਲੇ ਕਈ ਜੀਵ ਮਾਸ-ਅਹਾਰੀ ਹਨ। ਕਈ ਜੀਵਾਂ ਦਾ ਆਧਾਰ ਕੇਵਲ ਘਾਹ ਹੈ।[5] ਧਰਤੀ ਵਿਚ ਰਹਿਣ ਵਾਲੇ ਜੀਵ ਵੀ ਅਨੇਕ ਹਨ, ਜਿਨ੍ਹਾਂ ਦਾ ਆਧਾਰ ਕੇਵਲ ਮਿੱਟੀ ਹੈ।[6] ਅਨੇਕਾਂ ਜੀਵ ਹਵਾ ਵਿਚ ਉਡਣ ਵਾਲੇ ਹਨ, ਜਿਨ੍ਹਾਂ ਨੂੰ ਪੰਛੀ ਕਿਹਾ ਜਾਂਦਾ ਹੈ।[7]

---

੧-ਬਹਿਆਲੀਸ ਲਖ ਜੀ ਜਲ ਮਹਿ ਹੋਤੇ।(ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ-ਪੰਨਾ ੪੮੫)
੨-ਲਖ ਚਉਰਾਸੀਹ ਜੀਅ ਉਪਾਏ ਜਾਣੈ ਸਾਹ ਲਵਾਇਦਾ।(ਮਾਰੂ ਮ:੧--ਪੰ:੧੦੩੪)
੩-ਕੇਤੇ ਤੇਰੇ ਜੀਅ ਜੰਤ।(ਸਿਰੀ ਰਾਗੁ ਮ:੧,ਪੰ:੧੯) ਨਾਨਕ ਅੰਤ ਨਾ ਅੰਤ।(ਜਪੁ)
੪-ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ।(ਸਿਰੀ ਰਾਗੁ ਮ:੧,ਪੰ:੫੯)
੫-ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ।(ਵਾਰ ਮਾਝ ਮ:੧,ਪੰ:੧੪੪)
੬-ਇਕਿ ਮਿਟੀਆ ਮਹਿ ਮਿਟੀਆ ਖਾਹਿ।(ਉਹੀ)
੭-ਇਕਿ ਪਉਣ ਸੁਮਾਰੀ ਪਉਣ ਸੁਮਾਰਿ। -(ਉਹੀ)

ਗੁਰੂ ਨਾਨਕ ਬਾਣੀ ਵਿਚ ਉਪਰੋਕਤ ਦ੍ਰਿਸ਼ਟਮਾਨ ਜੀਵਾਂ ਤੋਂ ਛੁਟ ਅਦ੍ਰਿਸ਼ਟ -ਮੰਡਲ ਦੇ ਕਈ ਜੀਵਾਂ ਦਾ ਵਰਣਨ ਵੀ ਹੋਇਆ ਹੈ, ਜਿਨ੍ਹਾਂ ਵਿਚ ਦੇਵੀਆਂ, ਦੇਵਤੇ, ਧਰਮਰਾਜ, ਚਿਤ੍ਰ ਗੁਪਤ, ਗਣ, ਗੰਧਰਬ, ਜੱਛ, ਕਿੰਨਰ, ਪਿਸ਼ਾਚ, ਪਰੀਆਂ, ਅਤੇ ਭੂਤ ਪ੍ਰੇਤ ਆਦਿ ਸ਼ਾਮਲ ਹਨ । ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਕਈ ਖੰਡ-ਮੰਡਲ ਬ੍ਰਹਿਮੰਡਲ ਆਏ ਹਨ । ਜਿਨ੍ਹਾਂ ਵਿਚ ਵੀ ਅਨੇਕ ਪ੍ਰਕਾਰ ਦੇ ਜੀਵ ਵਸਦੇ ਹਨ। ਇਹੋ ਕਾਰਨ ਹੈ ਕਿ ਚਾਰ ਖਾਣੀਆਂ ਦੀ ਸੀਮਾਂ ਨੂੰ ਉਲੰਘ ਕੇ ਉਨ੍ਹਾਂ ਨੇ "ਕੇਤੀਆ ਖਾਣੀ" ਦਾ ਵਰਣਨ ਕੀਤਾ ਹੈ । ਜੀਵਾਂ ਦੀ ਦੁਨੀਆਂ ਵਿਸਮਾਦ -ਜਨਕ ਹੈ[1] ਜਿਸ ਵਿਚ ਜੀਵ ਵਿਸਮਾਦ ਦੀ ਅਵਸਥਾ ਵਿਚ ਵਿਚਰ ਰਹੇ ਹਨ । ਜੀਵਾਂ ਦਾ ਵਾਸਾ ਨਾ ਕੇਵਲ ਅਕਾਸ਼ੀ ਮੰਡਲਾਂ ਵਿਚ ਹੈ, ਸਗੋਂ ਪਤਾਲਾਂ ਵਿਚ ਵੀ ਉਹ ਵਸਦੇ ਹਨ । ਇਸ ਸਬੰਧ ਵਿਚ ਹੀ "ਪਇਆਲ"[2] ਸ਼ਬਦ ਦੀ ਵਰਤੋਂ ਹੋਈ ਹੈ । ਸ੍ਰਿਸ਼ਟੀ ਦੀ ਵਿਸ਼ਾਲਤਾ ਅਤੇ ਜੀਵਾਂ ਦੀ ਅਨੰਤਤਾ ਸਬੰਧੀ ਵਿਚਾਰ ਨਾਨਕ ਬਾਣੀ ਦਾ ਵਿਸ਼ੇਸ਼ ਵਿਚਾਰ ਹੈ । ਲਖਾਂ ਹੀ ਅਕਾਸ਼ ਤੇ ਲਖਾਂ ਹੀ ਪਤਾਲ ਹਨ[3] । ਅਤੇ ਕੋਈ ਮੰਡਲ ਵੀ ਜੀਵ ਦੀ ਹੋਂਦ ਤੋਂ ਬਿਨਾ ਨਹੀ । ਬ੍ਰਹਮ ਦੀ ਅਦਿਖ ਸ਼ਕਤੀ ਨੇ ਇਨ੍ਹਾਂ ਸ੍ਰਿਸ਼ਟੀਆਂ ਅਤੇ ਜੀਵਾਂ ਨੂੰ ਇਕ ਮਰਯਾਦਾ ਵਿਚ ਬੰਨਿਆ ਹੋਇਆ ਹੈ ।

ਗੁਰਬਾਣੀ ਵਿਚ ਜੀਵ ਦੇ ਵਿਕਾਸ ਸਬੰਧੀ ਵੀ ਕੁਝ ਇਸ਼ਾਰੇ ਮਿਲਦੇ ਹਨ । ਜਿਵੇਂ ਵਿਗਿਆਨ ਦਸਦਾ ਹੈ ਕਿ ਧਾਤਾਂ ਦੀ ਦੁਨੀਆਂ ਤੋਂ ਬਨਸਪਤ ਸੰਸਾਰ ਹੋਂਦ ਵਿਚ ਆਇਆ, ਇਸ ਤੋਂ ਮਗਰੋਂ ਪਸ਼ੂ ਸੰਸਾਰ ਬਣਿਆ । ਗੁਰੂ ਅਰਜਨ ਦੇਵ ਨੇ ਇਸ ਅਮਲ ਨੂੰ ਇਸ ਤਰ੍ਹਾਂ ਬਿਆਨਿਆ ਹੈ:-

੧. "ਕਈ ਜਨਮ ਸੈਲ ਗਿਰਿ ਕਰਿਆ"

੨. "ਕਈ ਜਨਮ ਸਾਖ ਕਰਿ ਉਪਾਇਆ"

੩. "ਕਈ ਜਨਮ ਭਏ ਕੀਟ ਪਤੰਗਾ"

---

੧-ੳ- ਵਿਸਮਾਦੁ ਜੀਅ ਵਿਸਮਾਦੁ ਭੇਦ (ਸਲੋਕ ਮ:੧ਪੰ: ੪੬੩)
ਅ- ਵਿਸਮਾਦੁ ਨਾਗਿ ਫਿਰਹਿ ਜੰਤ ( " " " " " " " " " " )

੨- ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ (ਰਾਮਕਲੀ ਮ: ੧ ਪੰ:੮੭੬)

੩- ਪਾਤਾਲਾ ਪਾਤਾਲ ਲਖ ਆਗਾਸਾ ਆਗਾਸ (ਜਪੁਜੀ ਪੰ: ੫)

੪- ਵੇਖੋ ਸੀ.ਡਬਲਯੂ.ਲੈਡਬੀਟਰ ਦੀ ਪੁਸਤਕ "ਸੀਨ ਵਿਜ਼ੀਬਲ ਐਂਡ ਇਨਵਿਜ਼ੀਬਲ ਦਾ ਅਠਵਾਂ ਕਾਂਡ 'ਦੀ ਅਪਵਰਡ ਕਰਵ'

੪. " ਕਈ ਜਨਮ ਗਜ ਮੀਨ ਕੁਰੰਗਾ "

੫. " ਕਈ ਜਨਮ ਪੰਖੀ ਸਰਪ ਹੋਇਓ "

੬. " ਕਈ ਜਨਮ ਹੈਵਰ ਬ੍ਰਿਖ ਜੋਇਓ " (ਗਉੜੀ ਮ: ੫ ਪੰ:੧੭੬)

ਵਿਕਾਸ ਦੀ ਇਸ ਲੜੀ ਵਿਚ ਮਨੁਖ ਸਭ ਤੋਂ ਮਗਰੋਂ ਆਉਂਦਾ ਹੈ । ਜਿਸ ਨੂੰ ਧਾਤੂ ਸੰਸਾਰ , ਬਨਸਪਤਿ ਸੰਸਾਰ, ਅਤੇ ਪਸ਼ੂ ਸੰਸਾਰ ਸਭ ਉਤੇ ਸਰਦਾਰੀ ਪ੍ਰਾਪਤ ਹੈ[1] । ਧਾਤੂ ਸੰਸਾਰ ਤੋਂ ਮਨੁਖ ਦੀ ਅਵਸਥਾ ਤਕ ਚੇਤੰਨਤਾ ਦਾ ਢੇਰ ਵਿਕਾਸ ਹੋਇਆ ਹੈ । ਇਸ ਅਧਿਆਇ ਵਿਚ ਜੀਵ ਸ੍ਰੇਣੀ ਦੀ ਸਿਖਰਲੀ ਅਵਸਥਾ ਭਾਵ ਮਨੁਖ ਦੇ ਭਿੰਨ ਭਿੰਨ ਅੰਗਾ ਦਾ ਅਧਿਐਨ ਕੀਤਾ ਜਾਏਗਾ ॥

ਭਾਰਤੀ ਵਿਚਾਰ-ਧਾਰਾ ਅਨੁਸਾਰ ,ਜਿਸ ਨੂੰ ਅਸੀਂ ਗੁਰੂ ਨਾਨਕ ਦੀ ਵਿਚਾਰ-ਧਾਰਾ ਦੇ ਪਿਛੋਕੜ ਵਿਚ ਵੇਖਦੇ ਹਾਂ, ਸੰਰੀਰ ਆਤਮਾ ਨੂੰ ਜੀਵ ਕਿਹਾ ਜਾਂਦਾ ਹੈ। ਇਸ ਲਈ ਜੀਵ ਦੇ ਦੋ ਪਰਮੁਖ ਅੰਗ ਹਨ:--

੧. ਸ਼ਰੀਰ

੨. ਆਤਮਾ

ਇਨ੍ਹਾਂ ਵਿਚੋਂ ਸ਼ਰੀਰ ਦ੍ਰਿਸ਼ਟਮਾਨ ਹੈ ਅਤੇ ਆਤਮਾ ਅਦ੍ਰਿਸ਼ਟ। ਜੀਵ ਦਾ ਸ਼ਰੀਰ ਪ੍ਰਕ੍ਰਿਤੀ ਹੈ ਅਤੇ ਆਤਮਾ ਪੁਰਸ਼ ।ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਸ਼ਰੀਰ ਰੂਪੀ ਰਥ ਦਾ ਜਿਕਰ ਕੀਤਾ ਹੈ[2]। ਇਹ ਅਲੰਕਾਰ ਸਾਨੂੰ ਪੂਰਨ ਰੂਪ ਵਿਚ ਕੱਠ - ਉਪਨਿਸ਼ਦ ਵਿਚ ਮਿਲਦਾ ਹੈ । ਸ਼ਰੀਰ ਰੂਪੀ ਰਥ ਦਾ ਮਾਲਕ ਆਤਮਾ ਹੈ , ਅਤੇ ਇਸਦਾ ਰਥਵਾਨ ਬੁਧੀ ਹੈ , ਗਿਆਨ ਇੰਦ੍ਰਿਆਂ ਦੇ ਘੋੜੇ ਇਸ ਰਥ ਅਗੇ ਜੁਤੇ ਹੋਏ ਹਨ । ਇਨ੍ਹਾਂ ਦੀ ਵਾਗ ਮਨ ਹੈ,ਜਿਸ ਨੂੰ ਬੁਧੀ ਨੇ ਆਪਣੇ ਹੱਥ ਵਿਚ ਫੜਿਆ ਹੋਇਆ ਹੈ । ਇਸ ਲਈ ਜੀਵ ਨਾਲ ਸਬੰਧਤ ਵਿਸ਼ੇਸ਼ ਅੰਗ ਸ਼ਰੀਰ , ਆਤਮਾ, ਮਨ ਅਤੇ ਬੁਧੀ ਹਨ । ਨਾਨਕ ਬਾਣੀ ਅਨੁਸਾਰ ਇਨ੍ਹਾਂ ਬਾਰੇ ਵਿਚਾਰ ਅਸੀਂ ਹੇਠਾਂ ਦਿੰਦੇ ਹਾਂ ।

(੧) ਸ਼ਰੀਰ

ਸ਼ਰੀਰ ਪੰਜਾਂਤਤਾਂ ਦੀ ਘਾੜਤ ਹੈ[3] । ਇਹ ਪਿਤਾ ਦੀ ਬਿੰਦ ਅਤੇ

---

੧- ੳ- ਅਵਰ ਜੋਨਿ ਤੇਰੀ ਪਨਿਹਾਰੀ ਇਸੁ ਧਰਤੀ ਮਹਿ ਤੇਰੀ ਸਿਕਦਾਰੀ (ਆਸਾ ਮ:੫ ਪੰ: ੩੭੪ )
ਅ- ਲਖ ਚਉਰਾਸੀ ਜੋਨਿ ਸਬਾਈ ਮਾਣਸ ਕਉ ਪ੍ਰਭਿ ਦੀਈ ਵਡਿਆਈ । (ਮਾਰੂ ਸੋਹਲੇ ਮ: ੫ ਪੰ: ੧੦੭੫ )

੨- ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ । ( ਆਸਾ ਦੀ ਵਾਰ ਪੰ: ੪੭੦)

੩- ੳ- ਪੰਚ ਤਤੁ ਮਿਲਿ ਕਾਇਆ ਕੀਨੀ (ਰਾਗੁ ਗੋਂਡ ਬਾਣੀ ਭਗਤ ਕਬੀਰ ਪੰ:੮੭੦)
ਅ- ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ( ਮਾਰੂ ਮ: ੧, ਪੰ: ੧੦੩੬)

ਮਾਤਾ ਦੀ ਰਕਤ ਦੇ ਮੇਲ ਤੋਂ ਪੈਦਾ ਹੁੰਦਾ ਹੈ[1]। ਪੈਦਾ ਹੋ ਕੇ ਸਰੀਰ ਸਹਿਜੇ ਸਹਿਜੇ ਸਹਿਜੇ ਵਿਕਾਸ ਕਰਦਾ ਹੈ। ਸਭ ਤੋਂ ਪਹਿਲੇ ਇਹ ਮਾਤਾ ਦੇ ਦੁਧ ਤੇ ਪਲਦਾ ਹੈ। ਸਮੇ ਅਨੁਸਾਰ ਬਚਪਨ, ਜਵਾਨੀ ਅਤੇ ਬੁਢੇਪਾ ਇਸ ਉਤੇ ਵਾਪਰਦੇ ਹਨ, ਅਤੇ ਅਖੀਰ ਵਿਚ ਜਦੋਂ ਸਭ ਸ਼ਕਤੀਆਂ ਖੀਣ ਹੋ ਜਾਂਦੀਆਂ ਹਨ ਤਾਂ ਇਸਦਾ ਅੰਤ ਹੋ ਜਾਂਦਾ ਹੈ। ਗੁਰੂ ਨਾਨਕ ਨੇ ਸਰੀਰ ਨਾਲ ਸਬੰਧਤ ਦਸ ਅਵਸਥਾਵਾਂ ਦਾ ਜਿਕਰ ਇਉਂ ਕੀਤਾ ਹੈ:--

ਪਹਿਲੈ ਪਿਆਰਿ ਲਗਾ ਥਣ ਦੁਧਿ
ਦੂਜੈ ਮਾਇ ਬਾਪ ਕੀ ਸੁਧਿ
ਤੀਜੈ ਭਯਾ ਭਾਭੀ ਬੇਬ
ਚਉਥੈ ਪਿਆਰਿ ਉਪੰਨੀ ਖੇਡ
ਪੰਜਵੈ ਖਾਣ ਪੀਅਣ ਕੀ ਧਾਤੁ

ਛਿਵੈਂ ਕਾਮੁ ਨ ਪੁਛੈ ਜਾਤਿ
ਸਤਵੈਂ ਸੰਜਿ ਕੀਆ ਘਰ ਵਾਸੁ

ਅਠਵੈਂ ਕ੍ਰੋਧੁ ਹੋਆ ਤਨ ਨਾਸੁ
ਨਾਵੈ ਧਉਲੇ ਉਭੇ ਸਾਹ
ਦਸਵੈਂ ਦਧਾ ਹੋਆ ਸੁਆਹ

( ਵਾਰ ਮਾਝ ਮ: ੧ ਅੰ: ੧੩੭-੧੩੮)

ਸਰੀਰ ਦੀ ਹਾਲਤ ਨੂੰ ਗੁਰੂ ਨਾਨਕ ਦੇਵ ਨੇ ਇਕ ਹੋਰ ਸਲੋਕ ਰਾਹੀਂ ਵੀ ਪ੍ਰਗਟ ਕੀਤਾ ਹੈ। ਜਿਸ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਦਸਾਂ ਵਰ੍ਹਿਆਂ ਦੀ ਆਯੂ ਤਕ ਬਚਪਨ ਹੁੰਦਾ ਹੈ। ਵੀਹ ਵਰ੍ਹਿਆਂ ਦੀ ਉਮਰ ਵਿਚ ਜਵਾਨ ਹੁੰਦਾ ਹੈ। ਤੀਹ ਵਰ੍ਹਿਆਂ ਦੀ ਉਮਰ ਵਿਚ ਇਸਦਾ ਸੁੰਦਰ ਸਰੂਪ ਦ੍ਰਿਸ਼ਟੀ ਵਿਚ ਆਉਂਦਾ ਹੈ। ਚਾਲੀ ਸਾਲਾਂ ਦੀ ਅਵਸਥਾ ਵਿਚ ਇਹ ਭਰ ਜੋਬਨ ਵਿਚ ਹੁੰਦਾ ਹੈ। ਫਿਰ ਇਹ ਢਲਣਾ ਸ਼ੁਰੂ ਹੋ ਜਾਂਦਾ ਹੈ। ਪੰਜਾਹ ਸਾਲ ਦਾ ਹੋ ਕੇ ਪੈਰ ਤਿਲਕਦਾ ਹੈ। ਸੱਠ ਸਾਲ ਦੀ ਉਮਰ ਵਿਚ ਬੁਢੇਪਾ ਸ਼ੁਰੂ ਹੁੰਦਾ ਹੈ। ਸੱਤਰ ਦਾ ਮੱਤ ਹੀਣ ਹੋ ਜਾਂਦਾ ਹੈ ਅਤੇ ਅਸੀਆਂ ਦਾ ਹੋ ਕੇ ਕੰਮ-ਕਾਰ ਜੋਗਾ ਨਹੀ ਰਹਿੰਦਾ। ਨੱਬੇ ਸਾਲ ਦਾ ਸਰੀਰ ਮੰਜੇ ਉਤੇ ਡਿਗ ਪੈਂਦਾ ਹੈ ਅਤੇ ਸੌ ਦੇ ਨੇੜੇ ਤੇੜੇ ਇਸਦਾ ਅੰਤ ਹੋ ਜਾਂਦਾ ਹੈ[2]।

---

੧- ਰਕਤੁ ਬਿੰਦੁ ਕਾ ਇਹੁ ਤਨੋ ,ਅਗਨੀ ਪਾਸਿ ਪਿਰਾਣੁ। ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨਿਸਾਣੁ। (ਸਿਰੀ ਰਾਗੁ ਮ: ੧ ਪੰ: ੬੩ )

ਦਸ ਬਾਲਤਣਿ
ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ।
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ।
ਸਤਰਿ ਕਾ ਮਤਿ ਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ।
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪਬਲੁ
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।

(ਮ: ੧ ਪੰ: ੧੩੮ )

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਇਹ ਸਰੀਰ ਜੰਮਦਾ ਵੀ ਹੈ ਅਤੇ ਮਰਦਾ ਵੀ ਹੈ । ਮਰ ਜਾਣ ਉਤੇ ਕੋਈ ਇਸ ਨੂੰ ਧਰਤੀ ਵਿਚ ਦਬ ਦਿੰਦੇ ਹਨ , ਕੋਈ ਇਸ ਨੂੰ ਜਲਾ ਦਿੰਦੇ ਹਨ ਅਤੇ ਕੋਈ ਜਲ ਪ੍ਰਵਾਹ ਕਰ ਦਿੰਦੇ ਹਨ ,ਅਤੇ ਕੋਈ ਇਸ ਨੂੰ ਕਾਂ ਕੁਤਿਆਂ ਦੇ ਖਾਣ ਲਈ ਸੁਟ ਦਿੰਦੇ ਹਨ[1]। ਜਿਨ੍ਹਾਂ ਤਤਾਂ ਤੋਂ ਇਹ ਸਰੀਰ ਬਣਿਆ ਸੀ ਅਖੀਰ ਵਿਚ ਇਸਦੇ ਤਤਾਂ ਨਾਲ ਮਿਲ ਜਾਂਦੇ ਹਨ ।

ਸਰੀਰ ਹਡੀਆਂ ਮਾਸ ਤੇ ਨਾੜੀਆਂ ਤੋਂ ਮਿਲ ਕੇ ਬਣਿਆ ਹੈ । ਇਹ ਹਡ ਮਾਸ ਅਤੇ ਨਾੜੀ ਦਾ ਪਿੰਜਰ ਹੈ । ਇਸਦਾ ਜਿਸਮਾ ਸਰੂਪ ਮਾਸ ਦਾ ਹੈ । ਇਸ ਲਈ ਸਰੀਰਕ ਸਬੰਧਾਂ ਨੂੰ ਮਾਸ ਦਾ ਸਬੰਧ ਵੀ ਕਿਹਾ ਜਾਂਦਾ ਹੈ । ਮਾਸ ਵਿਚ ਜੀਵ ਨਿੰਮਦਾ ਹੈ ਅਤੇ ਮਾਸ ਤੋਂ ਹੀ ਜੰਮਦਾ ਹੈ । ਸੰਸਾਰ ਦੇ ਸਾਰੇ ਸਾਕ ਸਬੰਧ ਮਾਸ ਦੇ ਹੀ ਸਾਕ ਸਬੰਧ ਹਨ[2]।

---

੧- ਇਕਿ ਦਝਹਿ ਇਕਿ ਦਬੀਅਹਿ ਇਕਨਾ ਕੁਤੇ ਖਾਹਿ ਇਕਿ ਪਾਣੀ ਵਿਚਿ
ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ (ਸਲੋਕ ਮ: ੩ ਪੰ: ੬੪੮ )

੨- ਪਹਿਲਾਂ ਮਾਸਹੁ ਨਿੰਮਿਆ, ਮਾਸੈ ਅੰਦਰਿ ਵਾਸੁ ।।
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ।।
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ।।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ।।

ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ।।
ਮਾਸਹੁ ਹੀ ਮਾਸੁ ਉਪਜੈ ਮਾਸਹੁ ਸਭੋ ਸਾਕੁ ।।
(ਮਲਾਰ ਵਾਰ ਮ: ੧, ਪੰ: ੧੨੮੯ )

ਮਾਸ ਦੇ ਇਸ ਅਕਾਰ ਵਿਚ ਦਸ ਦਰਵਾਜੇ ਹਨ । ਜਿਨ੍ਹਾਂ ਵਿਚੋਂ ਨੌਂ ਜਿਨ੍ਹਾਂ ਵਿਚੋਂ ਨੌਂ ਪ੍ਰਤਖਹਨ ਅਤੇ ਦਸਵਾਂ ਗੁਪਤ । ਨੌਂ ਦਰਵਾਜਿਆਂ ਰਾਹੀਂ ਸਰੀਰ ਦਾ ਸੰਸਾਰਕ ਕਾਰ-ਵਿਹਾਰ ਚਲਦਾ ਹੈ । ਗੁਰੂ ਨਾਨਕ ਦੇਵ ਨੇ ਸਰੀਰ ਨੂੰ ਅਜੇਹਾ ਨਗਰ ਕਿਹਾ ਹੈ ਜਿਸਦੇ ਨੌਂ ਦਰਵਾਜੇ ਹਨ[1] । ਇਹ ਨੌਂ ਦਰਵਾਜੇ ਹਨ ਦੋ ਅਖੀਆਂ , ਦੋ ਸ੍ਰਵਣ , ਦੋ ਨਾਸਕਾ , ਮੂੰਹ , ਇੰਦ੍ਰੀ ਅਤੇ ਗੁਦਾ । ਜਿਥੇ ਸਰੀਰ ਵਿਚ ਦਸ ਦਰਵਾਜੇ ਹਨ ਉਥੇ ਦਸ ਇੰਦ੍ਰੀਆਂ ਵੀ ਹਨ -ਪੰਜ ਗਿਆਨ ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ ਕੰਨ, ਤੁਚਾ, (ਚਮੜੀ ) ਨੇਤ੍ਰ , ਰਸਨਾ, ਅਤੇ ਨਾਸਕਾ ਇਹ ਪੰਜ ਗਿਆਨ ਇੰਦ੍ਰੀਆਂ ਹਨ , ਮੁਖ, ਹਥ, ਪੈਰ, ਗੁਦਾ ਅਤੇ ਲਿੰਗ ਇਹ ਪੰਜ ਕਰਮ ਇੰਦ੍ਰੀਆਂ ਹਨ । ਕੰਨਾ , ਅਖਾਂ ਅਤੇ ਨਾਸਕਾ ਦੇ ਛੇ ਦਰਵਾਜੇ ਗਿਆਨ ਇੰਦ੍ਰੀਆਂ ਵਿਚ ਸ਼ਾਮਲ ਹਨ ਮੂੰਹ ਗੁਦਾ , ਅਤੇ ਲਿੰਗ ਦੇ ਤਿੰਨ ਦਰਵਾਜੇ ਕਰਮ ਇੰਦ੍ਰੀਆਂ ਵਿਚ । ਗਿਆਨ ਇੰਦ੍ਰੀਆਂ ਦੇ ਵਿਸ਼ੇ ਸ਼ਬਦ , ਸਪਰਸ਼ , ਰੂਪ, ਰਸ, ਅਤੇ ਗੰਧ ਹਨ । ਕੰਨ ਸ੍ਰਵਣ ਕਰਦੇ ਹਨ , ਤੁਚਾ ਸਪਰਸ਼ ਕਰਦੀ ਹੈ, ਨੇਤ੍ਰ ਰੂਪ ਨੂੰ ਵੇਖਦੇ ਹਨ , ਰਸਨਾ ਰਸ ਨੂੰ ਮਾਣਦੀ ਹੈ । ਅਤੇ ਨਾਸਕਾ ਸੁੰਘਦੀ ਹੈ । ਹੱਥ ਕਿਰਤ ਕਰਦੇ ਹਨ , ਪੈਰ ਚਲਦੇ ਹਨ , ਮੂੰਹ ਇਕ ਧਿਰ ਖਾਣ-ਪੀਣ ਦਾ ਕੰਮ ਕਰਦਾ ਹੈ ਅਤੇ ਦੂਜੀ ਧਿਰ ਬੋਲਣ ਦਾ ਲਿੰਗ ਅਤੇ ਗੁਦਾ ਸਰੀਰ ਅੰਦਰਲੇ ਮਲ-ਮੂਤ੍ਰ ਨੂੰ ਬਾਹਰ ਕਢਣ ਦਾ ਕਾਰਜ ਸਾਧਦੇ ਹਨ ।

ਮਨੁਖੀ ਸਰੀਰ ਨੂੰ ਹਰਿਮੰਦਰ ਕਿਹਾ ਗਿਆ ਹੈ । ਇਹ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ । ਇਸ ਲਈ ਦੇਵਤੇ ਵੀ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ[2] ।

ਇਹ ਸਰੀਰ ਓਦੋਂ ਤਕ ਸਥਿਰ ਹੈ ਜਦ ਤਕ ਇਹਦੇ ਵਿਚ ਸੁਆਸ ਚਲਦੇ ਹਨ । ਪ੍ਰਾਣਾਂ ਤੋਂ ਬਿਨਾ ਇਹ ਮੁਰਦਾ ਹੈ[3] ਪ੍ਰਾਣਾਂ ਦੀ ਚਾਲ ਅਦਿਖ ਸ਼ਕਤੀ ਦੇ ਵਸ ਵਿਚ

---

੧- ਦੇਹੀ ਨਗਰੀ ਨਉ ਦਰਵਾਜੇ ਸਿਰਿ ਸਿਰਿ ਕਰਣੈਹਾਰੈ ਸਾਜੇ ( ਮਾਰੂ ਮ: ੧, ਪੰ: ੧੦੩੯ )

੨- ਇਸ ਦੇਹੀ ਕਉ ਸਿਮਰਹਿ ਦੇਵ (ਭੈਰਉ ਕਬੀਰ ਪੰ: ੧੧੫੯ )

੩- ਜਬਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ( ਸਿਰੀ ਰਾਗੁ ਮ: ੧, ਪੰ: ੨੦ )

ਹੈ । ਇਸ ਲਈ ਸਰੀਰ ਦੀ ਠੀਕ ਤੌਰ ਤੇ ਕੋਈ ਮਿਆਦ ਨਹੀਂ ਮਿਥੀ ਜਾ ਸਕਦੀ । ਗੁਰੂ ਨਾਨਕ ਦੇਵ ਨੇ ਆਦਮੀ ਨੂੰ ਇਕ ਦਮੀ ਕਿਹਾ ਹੈ[1] । ਪ੍ਰਾਣ ਪੰਜ ਪ੍ਰਕਾਰ ਦੇ ਮੰਨੇ ਜਾਂਦੇ ਹਨ ਜੋ ਸਰੀਰ ਵਿਚ ਆਪੋ ਆਪਣਾ ਕਾਰਜ ਸਾਧਦੇ ਹਨ । ਇਹ ਪੰਜ ਹਨ: ਪ੍ਰਾਣ, ਅਪਾਨ, ਸਮਾਨ, ਉਦਾਨ, ਅਤੇ ਵਿਆਨ, । ਪ੍ਰਾਣ ਨਾਸਕਾ ਫੇਫੜਿਆਂ ਗਲੇ , ਨਾਭੀ ਅਤੇ ਪੈਰਾਂ ਦੀਆਂ ਉਂਗਲਾਂ ਤੀਕ ਚਲਦਾ ਅਤੇ ਆਪਣਾ ਕੰਮ ਕਰਦਾ ਹੈ । ਅਪਾਨ ਆਪਣਾ ਕਾਰਜ ਇੰਦ੍ਰੀ ,ਗੁਦਾ, ਪਟਾਂ, ਗੋਡਿਆਂ , ਮੇਹਦੇ , ਕਮਰ, ਨਾਭੀ ਆਦਿ ਵਿਚ ਕਰਦਾ ਹੈ । ਸਮਾਨ ਸਾਰੇ ਸਰੀਰ ਅਤੇ ਇਹਦੀਆਂ ਨਾੜੀਆਂ ਵਿਚ ਚਲਦਾ ਹੈ । ਇਹਦੇ ਰਾਹੀਂ ਹੀ ਖਾਧੀ ਪੀਤੀ ਸਾਰੀ ਖੁਰਾਕ ਸਰੀਰ ਵਿਚ ਫੈਲਦੀ ਹੈ । ਉਦਾਨ ਸਰੀਰ ਦੇ ਸਾਰੇ ਜੋੜਾਂ ਵਿਚ ਆਪਣਾ ਕੰਮ ਕਰਦਾ ਹੈ । ਵਿਆਨ ਅੱਖਾਂ , ਕੰਨਾਂ, ਗਿੱਟਿਆਂ, ਨਕ ਗਲੇ , ਕਮਰ ਆਦਿ ਵਿਚ ਚਲ ਕੇ ਆਪਣਾ ਕਾਰਜ ਸਾਧਦਾ ਹੈ ।

ਇਉਂ ਮਨੁਖੀ ਸਰੀਰ ਇਕ ਜੰਤ੍ਰ ਹੈ ਜੋ ਰਬ ਕਲਾਕਾਰ ਦੀ ਇਕ ਸਭ ਤੋਂ ਵਧੀਆ ਘਾੜਤ ਹੈ । ਇਹ ਕਿਹਾ ਜਾਂਦਾ ਹੈ ਕਿ ਇਹ ਪ੍ਰਮਾਤਮਾ ਦੇ ਨਿਜ ਸਰੂਪ ਦਾ ਉਤਾਰਾ ਹੈ । ਸਿਰ ਵਿਚ ਦਿਮਾਗ ਹੈ , ਜੋ ਬੁਧੀ ਦਾ ਘਰ ਹੈ । ਮਨ ਇਹਦੀ ਸ਼ਕਤੀ ਨਾਲ ਹੀ ਇੰਦ੍ਰੀਆਂ ਰਾਹੀਂ ਆਪਣੇ ਸਾਰੇ ਕਾਰਜ ਨਿਭਾਉਂਦਾ ਹੈ । ਸਿਰ ਉਤੇ ਉਗੇ ਵਾਲ ਸਰੀਰ ਦੀ ਸੋਭਾ ਨੂੰ ਵਧਾਉਂਦੇ ਹਨ । ਕਿਸੇ ਇਕ ਅੰਗ ਦੀ ਘਾਟ ਕਰਕੇ ਸਰੀਰ ਹੀਣਾ ਹੋ ਜਾਂਦਾ ਹੈ । ਜਿਵੇਂ ਕਿਸੇ ਘਰ ਦੀ ਸੁੰਦਰਤਾ ਨੂੰ ਕਾਇਮ ਰਖਣ ਲਈ ਉਹਦੀ ਸਫਾਈ ਜ਼ਰੂਰੀ ਹੈ , ਇਵੇਂ ਹੀ ਸਰੀਰ ਨੂੰ ਕਈ ਪ੍ਰਕਾਰ ਦੇ ਰੋਗਾਂ ਤੋਂ ਬਚਾਉਣ ਲਈ ਇਸਦੇ ਸਭ ਅੰਗਾਂ ਦੀ ਸਫਾਈ ਜ਼ਰੂਰੀ ਹੈ । ਮਨੁਖ ਦੀਆਂ ਬਣਾਈਆਂ ਮਸ਼ੀਨਾਂ ਨਾਲੋਂ ਸਰੀਰ ਰੂਪੀ ਮਸ਼ੀਨ ਦਾ ਵਡਾ ਗੁਣ ਇਹ ਹੈ ਕਿ ਇਹ ਮਸ਼ੀਨ ਸੁਤੇ ਸਿਧ ਚਲਦੀ ਰਹਿੰਦੀ ਹੈ । ਇਸ ਨੂੰ ਚਲਾਉਣ ਵਾਲਾ ਅਦ੍ਰਿਸ਼ਟ ਹੈ । ਜਦੋਂ ਉਸਦੀ ਇੱਛਾ ਹੁੰਦੀ ਹੈ ਦਿਲ ਦੀ ਹਰਕਤ ਬੰਦ ਹੋਣ ਨਾਲ ਇਹ ਮਸ਼ੀਨ ਨਿਕਾਰੀ ਹੋ ਜਾਂਦੀ ਹੈ । ਵਡੀ ਗਲ ਤਾਂ ਇਹ ਹੈ ਕਿ ਇਸ ਮਸ਼ੀਨ ਦਾ ਮਾਲਕ ਇਸ ਦੇ ਅੰਦਰ ਹੀ ਬਿਰਾਜਮਾਨ ਰਹਿੰਦਾ ਹੈ ਅਤੇ ਜਦੋਂ ਇਹ ਮਸ਼ੀਨ ਕੰਮ ਕਰਨੋਂ ਹਟ ਜਾਂਦੀ ਹੈ ਤਾਂ ਇਸ ਦਾ ਮਾਲਕ ਅਦ੍ਰਿਸ਼ਟ ਮੰਡਲਾਂ ਵਿਚ ਜਾ ਪ੍ਰਵੇਸ਼ ਕਰਦਾ ਹੈ। ਕਿਸੇ ਅਚਾਨਕ ਹਾਦਸੇ ਨਾਲ ਵੀ ਇਸ ਅਨੋਖ ਮਸ਼ੀਨ ਦਾ ਅੰਤ ਹੋ ਸਕਦਾ ਹੈ।

---

੧- ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ

(ਧਨਾਸਰੀ ਮ: ੧, ਪੰ: ੬੬੦ )

(੨) ਆਤਮਾ

ਜੀਵ ਦੇ ਦੂਜੇ ਮਹੱਤਵ-ਪੂਰਨ ਅੰਗ ਨੂੰ ਜੋ ਅਦ੍ਰਿਸ਼ਟ ਹੈ, ਆਤਮਾ ਕਿਹਾ ਜਾਂਦਾ ਹੈ। ਇਹੋ ਸਰੀਰ ਦੀ ਜਿੰਦ ਜਾਨ ਹੈ, ਇਸ ਬਿਨਾ ਸਰੀਰ ਮੁਰਦਾ ਹੈ। ਪ੍ਰਾਚੀਨ ਸਮੇਂ ਤੋਂ ਅਨੇਕ ਚਿੰਤਕਾਂ ਅਤੇ ਅਨੁਭਵੀ ਮਹਾਂ- ਪੁਰਸ਼ਾਂ ਨੇ ਇਸ ਬਾਰੇ ਆਪਣੇ ਵਿਚਾਰ ਦਿਤੇ ਹਨ। ਪੁਰਾਣੇ ਉਪਨਿਸ਼ਦਾਂ ਵਿਚ ਇਕੋ ਸਰਬ-ਵਿਆਪਕ ਆਤਮਾ ਦਾ ਜ਼ਿਕਰ ਮਿਲਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਲਿਖਿਆ ਹੈ: "ਇਹ ਤੁਹਾਡੀ ਆਤਮਾ ਹੀ ਹੈ ਜਿਹੜੀ ਸਭ ਵਿਚ ਵਿਆਪਕ ਹੈ। -------ਇਹ ਆਤਮਾ ਸਭ ਕੁਝ ਵੇਖਦੀ ਹੈ, ਪਰ ਵੇਖੀ ਨਹੀ ਜਾਂਦੀ, ਸਭ ਕੁਝ ਸੁਣਦੀ ਹੈ, ਪਰ ਉਸਦੀ ਅਵਾਜ਼ ਸੁਣੀ ਨਹੀ ਜਾਂਦੀ ਇਹ ਸਭ ਕੁਝ ਜਾਣਦੀ ਹੈ, ਪਰ ਇਸ ਨੂੰ ਕੋਈ ਨਹੀ ਜਾਣਦਾ। ਕੇਵਲ ਇਹ ਹੀ ਜਾਣਨਹਾਰ ਆਤਮਾ ਹੋਂਦ ਵਿਚ ਹੈ ਅਤੇ ਸਭ ਸ੍ਰਿਸ਼ਟੀ ਨੂੰ ਧਾਰਨ ਕਰ ਰਹੀ ਹੈ। ਇਸਦੇ ਵਿਚ ਸਭ ਕੁਝ ਹੈ ਅਤੇ ਇਸ ਤੋਂ ਪਰੇ ਕੁਝ ਵੀ ਨਹੀ। ਇਸ ਦੇ ਗਿਆਨ ਨਾਲ ਸਭ ਕਾਸੇ ਦਾ ਗਿਆਨ ਹੋ ਜਾਂਦਾ ਹੈ।" ਪਰ ਇਹ ਤਾਂ ਇਕ ਆਦਰਸ਼ਵਾਦੀ ਵਿਚਾਰ ਹੈ, ਜਿਹੜੀ ਵੰਨ ਸੁਵੰਨੇ ਵਿਸ਼ਵ ਦੀ ਹੋਂਦ ਤੋਂ ਮੁਨਕਰ ਹੈ। ਇਹ ਤਾਂ ਇਕ ਪਰਕਾਰ ਦਾ ਸਰਬੇਸ਼ਵਰਵਾਦ (PANTHEISM) ਹੈ ਕਿਉਂਕਿ ਇਹ ਵਿਸ਼ਵ ਨੂੰ ਇਕ ਸਾਪੇਖਕ ਹੋਂਦ ਪ੍ਰਦਾਨ ਕਰਦੀ ਹੈ ਅਤੇ ਇਸ ਸਾਰੇ ਵਿਸ਼ਵ ਦੀ ਸਰਬ-ਗਿਆਤਾ ਆਤਮਾ ਨਾਲ ਇਕ ਰੂਪਤਾ ਦਰਸਾਂਦੀ ਹੈ। ਇਸ ਸਬੰਧ ਵਿਚ ਇਹ ਸਿਧਾਂਤ ਪ੍ਰਤਖ ਤੌਰ ਤੇ ਸਾਡੇ ਸਾਹਮਣੇ ਆਉਂਦਾ ਹੈ ਕਿ ਇਸ ਸਰਵ- ਵਿਆਪਕ ਆਤਮਾ ਨੇ ਸੰਸਾਰ ਦੀ ਰਚਨਾ ਕੀਤੀ ਅਤੇ ਫਿਰ ਇਹਦੇ ਵਿਚ ਆਤਮ-ਰੂਪ ਵਿਚ ਦਾਖਲ ਹੋ ਗਈ। ਛਾਂਦੋਗਯ ਉਪਨਿਸ਼ਦ ਦੇ ਇਹ ਸ਼ਬਦ ਮਹੱਤਵ ਪੂਰਨ ਹਨ: ਅਨੇਨ ਜੀਵਨੇ ਆਤਮਨਾ ਅਨੁਪ੍ਰਵਿਸ਼ਯ। ਏਥੇ ਪਹਿਲੀ ਵਾਰ ਜੀਵਾਤਮਾ ਸ਼ਬਦ ਦੀ ਵਰਤੋਂ ਹੋਈ ਹੈ, ਪਰ ਇਹ ਜੀਵਾਤਮਾ ਦਾ ਪ੍ਰਯੋਗ ਸਰਬ-ਵਿਆਪਕ ਆਤਮਾ ਦੇ ਵਿਚਾਰ ਤੋਂ ਭਿੰਨ ਨਹੀ। ਇਹ ਭਿੰਨਤਾ ਤਦੋਂ ਪ੍ਰਗਟ ਹੁੰਦੀ ਹੈ ਜਦੋਂ ਸਰਬ- ਵਿਆਪਕ ਆਤਮਾ ਸੰਸਾਰ ਵਿਚ ਪ੍ਰਵੇਸ਼ ਕਰਕੇ ਜੀਵ ਵਿਚ ਬਦਲ ਜਾਂਦੀ ਹੈ ਅਤੇ ਇਸਦੇ ਭਾਗ ਇਕ ਦੂਜੇ ਦੇ ਵਿਰੋਧੀ ਪ੍ਰਤੀਤ ਹੁੰਦੇ ਹਨ।

ਸ਼ੰਕਰਾਚਾਰੀਆ ਦੇ ਵੇਦਾਂਤਿਕ ਸਕੂਲ ਵਿਚ ਪਰਮ-ਆਤਮਾ ਅਤੇ ਜੀਵਾਤਮਾਵਾਂ ਦੇ ਭੇਦ ਨੂੰ ਪ੍ਰਗਟ ਕੀਤਾ ਗਿਆ ਹੈ। ਜਿਥੇ ਪਰਮਾਤਮਾ ਸਰਬ-ਵਿਆਪਕ, ਸਰਬ-ਸ਼ਕਤੀਮਾਨ ਅਤੇ ਸਰਬ-ਗਿਆਤਾ ਹੈ, ਉਥੇ ਆਤਮਾ ਗਿਆਨ ਸ਼ਕਤੀ ਅਤੇ ਗਤੀ ਵਿਚ ਸੀਮਾਬਧ ਹੈ। ਪਰਮਾਤਮਾ ਨਾ ਹੀ ਕ੍ਰਿਆਸ਼ੀਲ ਹੈ ਅਤੇ ਨਾ ਹੀ ਨਿਸ਼ਕ੍ਰਿਆ, ਇਸ ਲਈ

ਆਦਿ ਕਾਲ ਤੋਂ ਹੀ ਸੁਤੰਤਰ ਹੈ ਪਰ ਆਤਮਾ ਕ੍ਰਿਆਸ਼ੀਲ ਹੋਣ ਕਰਕੇ ਸੰਸਾਰ -ਚੱਕਰ ਵਿਚ ਬਝੀ ਹੋਣ ਕਰ ਕੇ ਮੁਕਤੀ ਦੀ ਲੋੜਵੰਦ ਹੈ । ਕੱਠ-ਉਪਨਿਸ਼ਦ ਅਨੁਸਾਰ ਪਰਮ ਆਤਮਾ ਇਕ ਜੋਤੀ ਹੈ ਅਤੇ ਆਤਮਾ ਉਸ ਨਾਲ ਸਬੰਧਤ ਪਰਛਾਵਾਂ/ਆਤਮਾ ਮਨ, ਗਿਆਨ ਗਿਆਨ ਇੰਦਰਿਆਂ ਅਤੇ ਕਰਮ ਇੰਦਰਿਆਂ ਨਾਲ ਮਿਲਕੇ ਸੰਸਾਰਕ ਪਦਾਰਥਾਂ ਨੂੰ ਭੋਗਦੀ ਹੈ। ਮੁੰਡਕ ਉਪਨਿਸ਼ਦ ਅਨੁਸਾਰ ਇਕੋ ਬ੍ਰਿਛ ਉਤੇ ਦੋ ਪੰਛੀ ਬੈਠੇ ਹਨ , ਇਕ ਤਾਂ ਫਲਾਂ ਦਾ ਸਵਾਦ ਮਾਣਦਾ ਹੈ ਅਤੇ ਦੂਜਾ ਇਨ੍ਹਾਂ ਫੋਵਾਂ ਵਲੋਂ ਉਦਾਸ ਹੈ। ਸੰਸਾਰ-ਬ੍ਰਿਛ ਦਾ ਪਹਿਲਾ ਪੰਛੀ ਆਤਮਾ ਹੈ ਅਤੇ ਦੂਜਾ ਪਰਮ-ਆਤਮਾ । ਆਤਮਾ ਸੰਕਲਪ ,ਬੁਧੀ ਅਤੇ ਅਹੰਕਾਰ ਦੇ ਅਧੀਨ ਕੀਤੇ ਕਰਮਾਂ ਦਾ ਫਲ ਭੋਗਦੀ ਹੈ । ਆਤਮਾ ਨੂੰ ਇਕ ਇੰਚ ਕਦ ਦਾ ਵੀ ਦਸਿਆ ਗਿਆ ਹੈ , ਸੂਈ ਦੇ ਨਕੇ ਨਾਲੋਂ ਵੀ ਛੋਟਾ ਅਤੇ ਵਾਲ ਦੇ ਸਿਰੇ ਦੇ ਹਜਾਰਵੇਂ ਭਾਗ ਨਾਲੋਂ ਵੀ ਛੋਟਾ , ਪਰ ਪਦਾਰਥਕ ਤੇ ਵਿਹਾਰਕ ਸੰਸਾਰ ਦੇ ਭਰਮਾਂ ਨੂੰ ਦੂਰ ਕਰਕੇ ਇਹ ਅਮਰਤਾ ਪ੍ਰਾਪਤ ਕਰ ਸਕਦਾ ਹੈ ।

ਆਤਮਾ ਸ਼ਬਦ ਦਾ ਨਿਕਾਸ ਵਖ ਵਖ ਤਰੀਕੇ ਅਨੁਸਾਰ ਮੰਨਿਆ ਜਾਂਦਾ ਹੈ। ਕਈ ਇਸਨੂੰ 'ਆਂ (ān )' ਤੋਂ ਨਿਕਲਿਆ ਮੰਨਦੇ ਹਨ ਜਿਸਦਾ ਭਾਵ ਹੈ "ਸਾਹ ਲੈਣਾ" ਕਈਆਂ ਲਈ ਇਸਦਾ ਨਿਕਾਸ 'ਅਤ(at ) ' ਵਿਚੋਂ ਹੋਇਆ ਹੈ ਜਿਸਦਾ ਭਾਵ ਹੈ 'ਹਿਲਣਾ ' ਕੁਝ 'ਵਾ (vā )' ਵਿਚੋਂ ਨਿਕਾਸ ਸਮਝਦੇ ਹਨ ਜਿਸਦਾ ਹੈ 'ਚਲਣਾ ' । 'ਆਤਮਾ ' ਸ਼ਬਦ ਜਿਥੇ ਰੂਹ ਦਾ ਸੂਚਕ ਹੈ ਉਥੇ ਨਿਰਪੇਖ ਵਿਅਕਤੀ ਅਤੇ ਆਪੇ ਦਾ ਵੀ । ਪ੍ਰਾਚੀਨ ਸਮੇਂ ਵਿਚ ਇਹ 'ਪ੍ਰਾਣ' ਲਈ ਵਰਤਿਆ ਜਾਂਦਾ ਸੀ । ਵਿਦਵਾਨ ਇਸ ਦਾ ਸਬੰਧ ਯੂਨਾਨੀ ਸ਼ਬਦ ਅਤੇ ਜਰਮਨ ਸ਼ਬਦ ਨਾਲ ਜੋੜਦੇ ਹਨ ਜਿਨ੍ਹਾਂ ਦਾ ਭਾਵ 'ਪ੍ਰਾਣ ' ਹੀ ਹੈ । 'ਆਤਮਾ ' ਸ਼ਬਦ ਸਮੇਂ ਸਮੇਂ ਮਨ , ਚੇਤੰਨਤਾ, ਹਉਮੈ- ਲਈ ਵੀ ਵਰਤਿਆ ਜਾਂਦਾ ਰਿਹਾ ਹੈ ਅਤੇ ਅਖੀਰ ਵਿਚ ਇਸਦੀ ਵਰਤੋਂ 'ਰੂਹ' ( soul ) ਲਈ ਹੋਣ ਲਗੀ ।

ਕਈ ਵਾਰੀ 'ਆਤਮਾ' ਅਤੇ 'ਜੀਵ' ਦੋਹਾਂ ਸ਼ਬਦਾਂ ਨੂੰ ਸਮਾਨਾਰਥਕ ਸਮਝ ਲਿਆ ਜਾਂਦਾ ਹੈ , ਪਰ ਇਹ ਠੀਕ ਨਹੀ ਕਿਉਂਕਿ ਜੀਵ ਤਾਂ ਜੀਵਨ-ਸ਼ਕਤੀ ਵਾਲੇ ਹਰ ਪ੍ਰਾਣੀ ਨੂੰ ਕਿਹਾ ਜਾਂਦਾ ਹੈ । ਦੇਵਤੇ ,ਦੈਂਤ, ਮਨੁਖ ,ਪਸ਼ੂ , ਪੰਛੀ , ਕੀੜੇ, ਮਕੌੜੇ ,ਬ੍ਰਿਛ ਬੂਟੇ ਆਦਿ ਸਭ ਜੀਵ ਹਨ । ਜੀਵ ਦੇ ਤੌਰ ਤੇ ਮਨੁਖ ਵਿਚ ਆਤਮਾ ਤੋਂ ਛੁਟ ਮਨ, ਬੁਧੀ,ਪ੍ਰਾਣ, ਗਿਆਨ ਇੰਦਰੇ ਆਦਿ ਸਭ ਸ਼ਾਮਲ ਹਨ । ਕਦੇ ਕਦੇ ਜੀਵ ਦੇ

ਆਤਮਕ ਪਖ ਨੂੰ ਉਘਾੜਨ ਲਈ ਜੀਵਾਤਮਾ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਹ ਪਰਮਾਤਮਾ ਅਤੇ ਆਤਮਾ ਦੀ ਭਿੰਨਤਾ ਨੂੰ ਪ੍ਰਗਟਾਣ ਲਈ ਵਰਤਿਆ ਜਾਂਦਾ ਹੈ । ਗੁਰਬਾਣੀ ਵਿਚ ਕਈ ਵਾਰੀ ਜੀਵਾਤਮਾ ਦੀ ਥਾਂ 'ਜੀਉ' ਸ਼ਬਦ ਵੀ ਵਰਤਿਆ ਗਿਆ ਹੈ ਜਿਵੇਂ :--

੧- ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ( ਵਾਰ ਮਾਝ ਮ: ੧ ਪੰ: ੧੩੮

੨- ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ (ਮਲਾਰ ਮ: ੧ ਪੰ: ੧੨੭੩ )

੩- ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ( ਸਾਰੰਗ ਮ: ੧ ਪੰ: ੧੨੪੦ )

ਪਰ ਇਹ ਜੀਵਾਤਮਾ ਜਾ ਜੀਉ ਹੈ ਕੀ ? ਸ਼ਰੀਰ ਬਾਰੇ ਤਾਂ ਅਸੀਂ ਵੇਖ ਚੁਕੇ ਹਾਂ ਕਿ ਇਹ ਬਿਨਸਨ ਹਾਰ ਹੈ , ਇਸ ਦੇ ਤਤ ਤਤਾਂ ਵਿਚ ਸਮਾ ਜਾਣਗੇ ਪਰ ਇਸ ਦੇ ਅੰਦਰ ਜਿਹੜਾ ਅਦ੍ਰਿਸ਼ਟ ਤਤ ਆਤਮਾ ਜਾਂ ਜੀਓ ਹੈ ਉਸ ਬਾਰੇ ਗੁਰਦੇਵ ਦਾ ਸਪਸ਼ਟ ਕਥਨ ਹੈ:

ਨਾ ਜੀਉ ਮਰੈ ਨ ਮਾਰਿਆ ਜਾਈ (ਮਾਰੂ ਸੋਹਲੇ ਮ: ੧, ਪੰ: ੧੦੨੬)

ਜੇ ਇਹ ਨਾ ਮਰਨ ਵਾਲਾ ਤਤ ਹੈ ਤਾਂ ਅਮਰ ਅਟਲ ਅਤੇ ਅਬਿਨਾਸ਼ੀ ਪ੍ਰਭੂ ਨਾਲ ਇਸ ਦਾ ਕੋਈ ਰਿਸ਼ਤਾ ਜ਼ਰੂਰ ਹੋਵੇਗਾ । ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਆਤਮਾ ਅਤੇ ਵਾਸਦੇਵ (ਬ੍ਰਹਮ) ਵਿਚ ਕੋਈ ਭੇਦ ਨਹੀਂ[੧] । ਕੇਵਲ ਜੀਵ ਦੇ ਅੰਤਰ ਦੀ ਦੁਬਿਧਾ ਇਨ੍ਹਾਂ ਦੇ ਵਿਚਾਲੇ ਇਕ ਕੰਧ ਉਸਾਰ ਦਿੰਦੀ ਹੈ ਅਤੇ ਉਹ ਦੇ ਹਟਣ ਨਾਲ ਆਤਮਾ ਅਤੇ ਪਰਮਾਤਮਾ ( ਵਾਸਦੇਵ ) ਇਕ ਮਿਕ ਹੋ ਜਾਂਦੇ ਹਨ[੨] । ਪੰਜਾਂ ਤਤਾਂ ਦੇ ਸ਼ਰੀਰ ਵਿਚ ਇਹ

---

੧- ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ --(ਆਸਾ ਵਾਰ ਮ: ੨ ਪੰ: ੪੬੯)
ਬਾਸੁਦੇਵਸਿ ਦਾ ਮੂਲ ਸ਼ਬਦ ਵਾਸਦੇਵ ਹੈ ਜਿਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪ ਪਟੀ ਵਿਚ ਕਿਹਾ ਹੈ :

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ
( ਰਾਗੁ ਆਸਾ ਮ:੧ ਪਟੀ ਪੰ: ੪

੨--ਆਤਮਾ ਪਰਾਤਮਾ ਏਕੋ ਕਰੈ
ਅੰਤਰ ਕੀ ਦੁਬਿਧਾ ਅੰਤਰਿ ਮਰੈ ( ਧਨਾਸਰੀ ਮ: ੧ ਪੰ: ੬੬੧ )

ਵਿਚ ਆਤਮਾ ਰੂਪੀ ਰਾਮ ਰਤਨ ਹੈ, ਜਿਸ ਨੂੰ ਖੋਜਣ ਤੇ ਇਹ ਪ੍ਰਗਟ ਹੋ ਜਾਂਦਾ ਹੈ।ਕਿ ਆਤਮਾ ਅਤੇ ਰਾਮ (ਪਰਮਾਤਮਾ) ਇਕ ਮਿਕ ਹਨ[1] । ਸਭ ਪਾਸੇ ਆਤਮਾ ਅਤੇ ਰਾਮ ਦਾ ਸਾਰਾ ਖੇਲ ਪਸਰਿਆ ਹੋਇਆ ਹੈ[2] । ਰਾਮ ਸ਼ਬਦ ਪਰਮਆਤਮਾ ਜਾਂ ਬ੍ਰਹਮ ਦਾ ਸੂਚਕ ਹੈ ਅਤੇ ਆਤਮਾ ਉਸਦੀ ਅੰਸ ਦਾ । ਕਬੀਰ ਜੀ ਨੇ ਇਸ ਗਲ ਨੂੰ ਭਲੀ ਭਾਂਤ ਸਪਸ਼ਟ ਕੀਤਾ ਹੈ :—

ਕਹੁ ਕਬੀਰ ਇਹੁ ਰਾਮ ਕੀ ਅੰਸੁ
ਜਸ ਕਾਗਦ ਪਰ ਮਿਟੈ ਨ ਮੰਸੁ ( ਗੌਂਡ ਕਬੀਰ ਪੰ: ੮੭੧)

ਆਤਮਾ ਦੇ ਸਰੂਪ ਬਾਰੇ ਗੁਰੂ ਨਾਨਕ ਦੇਵ ਜੀ ਨੇ ਇਸ਼ਾਰੇ ਮਾਤਰ ਗਲ ਕੀਤੀ ਹੈ । ਉਨ੍ਹਾਂ ਦਾ ਕਥਨ ਹੈ ਕਿ ਸ੍ਰੀਰ -ਨਗਰੀ ਦਾ ਇਹ ਨਾਇਕ ਬਾਲਕ ਅਨੂਪ ਲੀਲਾ ਰਚਨਹਾਰ ਹੈ[3] । ਇਹ ਨਾ ਹੀ ਨਾਰ ਹੈ ਨਾ ਪੁਰਖ ਹੈ, ਨਾ ਹੀ ਪੰਛੀ ਹੈ । ਇਹ ਸਚਾਈ ਅਤੇ ਗਿਆਨ ਸਪੰਨ ਸਰੂਪ ਹੈ[4] । ਕਬੀਰ ਜੀ ਨੇ ਅਕਮਾ ਆਤਮਾ ਬਾਰੇ ਵਿਸਥਾਰ ਪੂਰਬਕ ਵਿਚਾਰ ਪ੍ਰਗਟ ਕੀਤਾ ਹੈ । ਉਨ੍ਹਾਂ ਅਨੁਸਾਰ ਆਤਮਾ ਨਾ ਮਨੁਖ ਹੈ, ਨਾ ਦੇਵਤਾ , ਨਾ ਜਤੀ, ਹੈ ਨਾ ਸ਼ੈ ਸ਼ਿਵ , ਨਾ ਜੋਗੀ ਹੈ, ਨਾ ਅਵਧੂਤ ,ਨਾ ਇਸ ਦੀ ਕੋਈ ਮਾਂ ਹੈ ਨਾ ਕੋਈ ਪੁਤਰ ਹੈ ।ਇਸ ਨਗਰੀ ਰੂਪ ਮੰਦਰ ਵਿਚ ਕੌਣ ਰਹਿੰਦਾ ਹੈ—ਇਸ ਨੂੰ ਕੋਈ ਪੂਰੀ ਤਰ੍ਹਾਂ ਨਹੀ ਜਾਣ ਸਕਦਾ । ਨ ਇਹ ਗ੍ਰਹਸਥੀ ਹੈ । ਨਾ ਉਦਾਸੀ , ਨਾ ਰਾਜਾ , ਨਾ ਭੀਖਕ , ਨਾ ਇਸਦਾ ਕੋਈ ਸ੍ਰੀਰ ਹੈ ਅਤੇ ਨਾ ਹੀ ਕੋਈ ਖੂਨੀ ਸਬੰਧ , ਨਾ ਇਹ ਬ੍ਰਾਹਮਣ ਹੈ, ਨਾ ਖਤਰੀ , ਨਾ ਤਪਾ , ਨਾ ਸੇਖ ਨਾ ਹੀ

---

੧- ਪੰਚ ਤਤੁ ਮਿਲਿ ਕਾਇਆ ਕੀਨੀ । ਤਿਸ ਮਹਿ ਰਾਮ ਰਤਨੁ ਲੈ ਚੀਨੀ
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ
( ਮਾਰੂ ਮ: ੧ ਪੰ: ੧੦੩੦ )

੨- ਆਤਮ ਰਾਮੁ ਸੰਸਾਰਾ । ਸਾਚਾ ਖੇਲੁ ਤੁਮਾਰਾ ( ਰਾਗੁ ਸੂਹੀ ਮ: ੧, ਪੰ: ੭੬੪ )

੩- ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ( ਮਾਰੂ ਮ: ੧, ਪੰ: ੧੦੧੦ )

੪- ਨਾਰਿ ਨ ਪੁਰਖੁ ਨਾ ਪੰਖਣੂ ਸਾਚਉ ਚਤੁਰ ਸਰੂਪੁ ( ਮਾਰੂ ਮ: ੧, ਪੰ: ੧੦੧੦)

ਇਹ ਜਾਂਦਾ ਹੈ , ਨਾ ਇਹ ਮਰਦਿਆਂ ਵੇਖਿਆ ਜਾਂਦਾ ਹੈ । ਜਿਹੜਾ ਇਸ ਨੂੰ ਮਰਦਿਆਂ ਜਾਣ ਕੇ ਰੋਂਦਾ ਹੈ ਉਹ ਆਪਣੀ ਇੱਜ਼ਤ ਗੁਆ ਲੈਂਦਾ ਹੈ[1]। ਇਸ ਸਾਰੀ ਵਿਚਾਰ ਤੋਂ ਇਹ ਸਿਟਾ ਨਿਕਲਦਾ ਹੈ ਕਿ ਆਤਮਾ ਸੰਸਾਰਕ ਤਤਾਂ , ਵ੍ਰਿਤਿਆਂ , ਪਰਵਰੀਆਂ ਆਦਿ ਤੋਂ ਪਰੇ ਦੀ ਕੋਈ ਵਸਤ ਹੈ ।

ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਦੇ ਵਿਚਾਰ ਦਾ ਵਿਸਥਾਰ ਇਉਂ ਕੀਤਾ ਹੈ:- ਆਤਮਾ ਦੀ ਕਥਾ ਬਹੁਤ ਅਸਚਰਜ ਹੈ । ਇਹ ਪਾਰਬ੍ਰਹਮ ਦਾ ਰੂਪ ਹੈ, ਇਹ ਜੀਵਨ ਅਵਸਥਾਵਾਂ ਵਾਂਗ ਵਿਕਾਸ ਕਰਦੀ ਹੈ, ਨਾ ਇਸ ਨੂੰ ਕੋਈ ਦੁਖ ਹੈ ,ਨਾ ਜੰਜਾਲ , ਇਹ ਬਿਨਸਨਹਾਰ ਨਹੀ , ਸਦੀਵੀ ਅਤੇ ਆਦਿ ਜੁਗਾਦੀ ਹੈ । ਇਸ ਨੂੰ ਸੀਤ ਅਤੇ ਗਰਮੀ ਪੁਹ ਨਹੀ ਸਕਦੇ , ਇਹ ਵੈਰੀ ਅਤੇ ਮਿਤ੍ਰ ਦੇ ਸਬੰਧਾਂ ਤੋਂ ਉਪਰ ਹੈ , ਇਹ ਖੁਸ਼ੀ ਗ਼ਮੀ ਤੋਂ ਰਹਿਤ ਹੈ । ਸਭ ਕੁਝ ਇਸ ਦੀ ਖਾਤਰ ਹੈ ਅਤੇ ਇਸ ਵਿਚ ਕਰਤਿਤਵ ਦੀ ਸ਼ਕਤੀ ਹੈ । ਇਸ ਨੂੰ ਪੈਦਾ ਕਰਨ ਵਾਲਾ ਕੋਈ ਨਹੀ । ਇਹ ਸਦੀਵੀ ਕਾਲ ਤੋਂ ਹੈ । ਪਾਪ ਪੁੰਨ ਦਾ ਇਸ ਉਤੇ ਕੋਈ ਪ੍ਰਭਾਵ ਨਹੀ ਅਤੇ ਹਰ ਹਿਰਦੇ ਦੇ ਅੰਦਰ ਇਹ ਪ੍ਰਕਾਸ਼ਮਾਨ ਹੈ[2]। ਉਹ ਦੇ ਨਾਲ ਸਬੰਧਤ ਠੰਢੀ ਤਤੀ ਮਿਟੀ ਬਿਨਸ ਜਾਂਦੀ ਹੈ । ਪਰ ਉਹ ਆਪ ਕਦੇ ਬਾਲਾ ਜਾਂ ਬੁਢਾ ਨਹੀ ਹੁੰਦਾ[3]।

ਗੁਰੂ ਨਾਨਕ ਬਾਣੀ ਤੋਂ ਇਕ ਗਲ ਹੋਰ ਸਪਸ਼ਟ ਹੁੰਦੀ ਹੈ ਕਿ ਆਤਮਾ ਭਾਵੇਂ ਪਰਮਾਤਮਾ ਦੀ ਅੰਸ਼ ਹੈ ,ਆਤਮਾ ਵਿਚ ਪਰਮਾਤਮਾ ਦਾ ਨਿਵਾਸ ਹੈ। ਜਿਹੜਾ ਆਤਮਾ ਨੂੰ ਖੋਜ ਲੈਂਦਾ ਹੈ ,ਉਹ ਪਰਮਾਤਮਾ ਨੂੰ ਪ੍ਰਾਪਤ ਕਰ ਕੇ ਰਸ-ਰੂਪ ਹੋ ਜਾਂਦਾ ਹੈ। ਪ੍ਰਭੂ ਅਤੇ ਆਤਮਾ ਦਾ ਸਬੰਧ ਇਉਂ ਹੈ ਜਿਵੇਂ ਅੰਮ੍ਰਿਤ ਬ੍ਰਿਛ ਅਤੇ ਅੰਮ੍ਰਿਤ ਫਲ ਦਾ ਹੈ ,ਜਿਹੜੇ ਇਸ ਅੰਮ੍ਰਿਤ ਫਲ ਨੂੰ ਚਖ ਲੈਂਦੇ ਹਨ ਉਹ ਸਭੇ ਪ੍ਰਭੂ ਨੂੰ ਪ੍ਰਾਪਤ

---

੧- ਨਾ ਇਹ ਮਾਨਸੁ ਨਾ ਇਹ ਦੇਉ -----ਜੋ ਰੋਵੈ ਸੋਇ ਪਤਿ ਖੋਵੈ
( ਕਬੀਰ ਪੰ: ੮੭੧ )

੨- ਅਚਰਜ ਕਥਾ ਮਹਾ ਅਨੂਪ
ਪ੍ਰਾਤਮਾ ਪਾਰਬ੍ਰਹਮ ਕਾ ਰੂਪ
ਘਟ ਘਟਿ ਅੰਤਰਿ ਸਦ ਹੀ ਜਾਗੈ ( ਗੋਂਡ ਮ: ੫ ਪੰ: ੮੬੮ )

੩- ਠੰਢੀ ਤਾਤੀ ਮਿਟੀ ਖਾਈ ।
ਓਹੁ ਨ ਬਾਲਾ ਬੂਢਾ ਭਾਈ ( ਆਸਾ ਮ: ੫ ਪੰ: ੩੭੮ )

ਕਰ ਕੇ ਤ੍ਰਿਪਤ ਹੋ ਜਾਂਦੇ ਹਨ[੧]। ਜਿਨ੍ਹਾਂ ਨੇ ਆਤਮ ਰਸ ਨੂੰ ਮਾਣਿਆ ਹੈ, ਉਹ ਸਹਿਜੇ ਹੀ ਹਰੀ ਰਸ ਨੂੰ ਮਾਣਦੇ ਹਨ[੨]।

ਜੀਵ ਵਿਚ ਆਤਮਾ ਪੁਰਖ ਹੈ ਅਤੇ ਸ੍ਰੀਰ ਪ੍ਰਕ੍ਰਿਤੀ। ਆਤਮਾ ਨਿਰਮਲ ਬ੍ਰਹਮ ਦੀ ਅੰਸ਼ ਹੋਣ ਕਰ ਕੇ ਸਦਾ ਨਿਰਮਲ ਹੈ, ਇਕ ਰਸ ਪ੍ਰਭੂ ਵਾਂਗੂ ਇਹ ਵੀ ਇਕ ਰਸ ਰਹਿੰਦੀ ਹੈ, ਕੇਵਲ ਪ੍ਰਕ੍ਰਿਤੀ ਹੀ ਬਦਲਦੀ ਹੈ ਜਾਂ ਅੰਤ ਨੂੰ ਪ੍ਰਾਪਤ ਹੁੰਦੀ ਹੈ, ਪਰ ਪ੍ਰਕ੍ਰਿਤੀ ਵਿਚ ਬਝ ਕੇ ਜੀਵਾਤਮਾ, ਉਸ ਦੇ ਸੁਭਾਵ ਨੂੰ ਪ੍ਰਤਿਬਿੰਬਤ ਕਰਦੀ ਹੈ। ਮਾਇਆ ਦੇ ਪ੍ਰਭਾਵ ਕਾਰਨ ਇਹ ਅਵਿਦਿਆ ਅਤੇ ਅਗਿਆਨਤਾ ਵਿਚ ਭਟਕਦੀ ਹੈ। ਚੇਤੰਨ ਆਤਮਾ ਨਾਲ ਮਿਲ ਕੇ ਪ੍ਰਕ੍ਰਿਤੀ ਵਿਚੋਂ ਪ੍ਰਾਣ, ਮਨ ਅਤੇ ਬੁਧੀ ਹੋਂਦ ਵਿਚ ਆਉਂਦੇ ਹਨ, ਜੋ ਇਕ ਸੂਖਮ ਸ੍ਰੀਰ ਬਣ ਕੇ ਆਤਮਾ ਦੀ ਅਸਲੀਅਤ ਨੂੰ ਉਘੜਨ ਨਹੀ ਦਿੰਦੇ।

ਪਰਮਾਤਮਾ ਸਚਿ ਦਾ ਨੰਦ ਹੈ ਭਾਵ ਉਹ ਸਤ, ਚਿਤ ਅਤੇ ਅਨੰਦ ਹੈ। ਆਤਮਾ ਵਿਚ ਵੀ ਇਹ ਤਿੰਨੇ ਖਾਸੇ ਹਨ। ਸਤ ਹੋਣ ਕਰ ਕੇ ਉਹ ਅਮਰ ਹੈ। ਉਹ ਚੇਤੰਨ ਹੈ, ਇਸ ਲਈ ਗਿਆਨੀ ਹੈ। ਉਹ ਅਨੰਦ ਮਈ ਹੋਣ ਕਰਕੇ ਕੇ ਸਦਾ ਖੇੜੇ ਦੀ ਅਵਸਥਾ ਵਿਚ ਹੈ, ਪਰ ਸ੍ਰੀਰ, ਮਨ ਅਤੇ ਬੁਧੀ ਦੀ ਦੁਨੀਆਂ ਵਿਚ ਖਚਿਤ ਹੋਣ ਕਰ ਕੇ ਜੀਵ ਸਦੀਵੀ ਅਨੰਦ ਨੂੰ ਅਨੁਭਵ ਨਹੀਂ ਕਰ ਸਕਦਾ। ਸਤ-ਮਾਰਗ ਤੋਂ ਪਰ੍ਹੇ ਹਟ ਕੇ ਜਨਮ ਮਰਨ ਦੇ ਗੇੜ ਵਿਚ ਭਟਕਦਾ ਰਹਿੰਦਾ ਹੈ।

ਸਰਬ ਸੰਸਾਰ ਵਿਚ ਪਰਮਾਤਮਾ ਰਮ ਰਿਹਾ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਕਿ ਸਾਰੇ ਆਤਮ ਪਸਾਰੇ ਦਾ ਕਾਰਨ ਪ੍ਰਭੂ ਆਪ ਹੈ[੩]। ਏਸੇ ਲਈ ਪ੍ਰਭੂ ਨੂੰ ਆਤਮਰਾਮ ਵੀ ਕਿਹਾ ਹੈ। ਰਾਮ ਵਿਚ ਆਤਮਾ ਹੈ ਅਤੇ ਆਤਮਾ ਵਿਚ ਰਾਮ

---

੧ੳ- ਜਿਨੀ ਆਤਮ ਚੀਨਿਆ ਪਰਮਾਤਮ ਸੋਈ।
ਏਕੋ ਅੰਮ੍ਰਿਤ ਬਿਰਖ ਹੈ ਫਲ ਅੰਮ੍ਰਿਤ ਹੋਈ।
ਅ- ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ (ਆਸਾ ਮ: ੧, ਪੰ: ੪੨੧)

੨- ਆਤਮ ਰਸੁ ਜਿਹ ਜਾਨਿਆ ਹਰਿ ਰੰਗਿ ਸਹਜੇ ਮਾਣੁ ( ਗਉੜੀ ਬਾਵਨ ਅਖਰੀ ਪੰ: ੨੫੨ )

੩- ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।

( ਬਿਲਾਵਲ ਮ੫ ਪੰ: ੮੪੬ )

ਹੈ । ਇਹੋ ਆਤਮਰਾਮ ਸਭ ਜੀਵਾਂ ਵਿਚ ਪਰੀਪੂਰਨ ਹੈ।[1] ਪਰ ਜੀਵ ਵਿਚ ਆਤਮਾ ਦਾ ਨਿਵਾਸ ਕਿਥੇ ਹੈ? ਗੁਰਦੇਵ ਇਸ ਅਮੋਲਕ ਰਤਨ ਦਾ ਨਿਵਾਸ ਹਿਰਦੇ ਵਿਚ ਦਸਦੇ ਹਨ।[2] ਕਈ ਚਿੰਤਕਾਂ ਦਾ ਖਿਆਲ ਹੈ ਕਿ ਆਤਮਾ ਦਾ ਨਿਵਾਸ ਸਿਰ ਵਿਚ ਹੈ , ਕਈ ਇਸ- ਇਸ ਨੂੰ ਖਬੇ ਪਤਾਲੂ ਵਿਚ ਦਸਦੇ ਹਨ । ਕਈ ਇਸ ਨੂੰ ਸ੍ਰੀਰ ਦੇ ਬਾਹਰ ਸੂਖਮ ਅਤੇ ਅਦ੍ਰਿਸ਼ਟ ਸੀਸ- ਚਕਰ ਦੇ ਰੂਪ ਵਿਚ ਪ੍ਰਗਟ ਕਰ ਦੇ ਹਨ । ਕਈ ਇਸ ਨੂੰ ਨਾਭੀ ਦੇ ਅੰਗੂਠੇ ਦੇ ਅਕਾਰ ਜਿੰਨੀ ਦਸਦੇ ਹਨ ।

ਗੁਰਬਾਣੀ ਵਿਚ ਵਿਭਿੰਨ ਰੂਪਕਾਂ ਦੁਆਰਾ ਆਤਮ ਵਰਣਨ ਮਿਲਦਾ ਹੈ । ਸਭ ਤੋਂ ਵਧ ਵਰਤੋਂ ਵਿਚ ਆਉਣ ਵਾਲਾ ਰੂਪਕ ਜੋਤ ਦਾ ਹੈ । ਪਰਮਾਤਮਾ ਨੂੰ ਜੋਤ ਮੰਨਿਆ ਗਿਆ ਹੈ[3] । ਇਸ ਲਈ ਆਤਮਾ ਵੀ ਇਕ ਜੋਤ ਹੈ । ਜੋਤ ਰੂਪੀ ਆਤਮਾ ਨੂੰ ਜੋਤ ਰੂਪੀ ਪਰਮਾਤਮਾ ਵਿਚ ਲੀਨ ਹੋਣ ਦੀ ਲੋਚਨਾ ਪ੍ਰਗਟ ਕੀਤੀ ਗਈ ਹੈ[4] । ਸਥੂਲ ਸੰਸਾਰ ਵਿਚ ਜੋਤ ਦਾ ਭਰਪੂਰ ਪ੍ਰਗਟਾਉ ਸੂਰਜ ਰਾਹੀਂ ਮੰਨਿਆ ਗਿਆ ਹੈ , ਇਸ ਲਈ ਜਿਥੇ ਬ੍ਰਹਮ ਨੂੰ ਸੂਰਜ ਕਿਹਾ ਗਿਆ ਹੈ , ਉਥੇ ਆਤਮਾ ਉਸ ਸੂਰਜ ਦੀ ਇਕ ਕਿਰਣ ਹੈ[5]। ਜਾਂ ਫਿਰ ਜੇ ਬ੍ਰਹਮ ਨੂੰ — ਸਾਗਰ ਮੰਨੀਏ ਤਾਂ ਆਤਮਾ ਇਕ ਬੂੰਦ ਸਮਾਨ ਹੈ।[6] ਇਕ ਦਿਨ ਆਤਮਾ ਨੇ ਸ੍ਰੀਰ ਵਿਚੋਂ ਉਡਾਰੀ ਮਾਰ ਜਾਣੀ ਹੈ , ਇਸ ਲਈ ਇਸ ਨੂੰ ਪੰਛੀ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ[7]। ਪੰਛੀਆਂ ਵਿਚੋਂ ਵੀ ਸਭ ਤੋਂ ਉਤਮ ਪੰਛੀ ਹੰਸ ਦੀ ਪਦਵੀ ਇਸ ਨੂੰ ਵੀ ਦਿਤੀ ਗਈ ਹੈ[8]

---

੧- ਆਤਮ ਰਾਮੁ ਸਰਬ ਮਹਿ ਪੇਖੁ ।
ਪੂਰਨ ਪੂਰਿ ਰਹਿਆ ਪ੍ਰਭੁ ਏਕੁ ( ਰਾਮਕਲੀ ਮ: ੫ ਪੰ: ੮੯੨ )

੨- ਰਤਨੁ ਅਮੋਲੁ ਰਿਦੇ ਮਹਿ ਜਾਨੁ ( ਵਹੀ )

੩- ਸਭ ਮਹਿ ਜੋਤਿ ਜੋਤਿ ਹੈ ਸੋਇ ( ਧਨਾਸਰੀ ਮ: ੧, ਆਰਤੀ ਪੰ: ੬੬੩ )

੪- ਜੋਤੀ ਜੋਤਿ ਮਿਲਾਈਐ ( ਸਿਰੀ ਰਾਗੁ ਮ: ੧ ਪੰ: ੨੧ )

੫- ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ( ਬਿਲਾਵਲ ਮ: ੫ ਪੰ: ੮੪੬ )

੬- ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ( ਰਾਮਕਲੀ ਮ: ੧ ਪੰ: ੮੭੮ )

੭- ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ( ਸੋਰਠਿ ਰਵਿਦਾਸ ਪੰ: ੬੫੯)

੮- ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ( ਰਾਗੁ ਵਡਹੰਸੁ ਮ:੧, ਪੰ: ੫੭੯ )

ਗੁਰੂ ਅਰਜਨ ਦੇਵ ਨੇ ਤਾਂ ਆਤਮਾ ਨੂੰ ਪਤੀ ਦੇ ਰੂਪ ਵਿਚ ਵੇਖਿਆ ਹੈ ਅਤੇ ਸਰੀਰ ਨੂੰ ਪਤਨੀ ਦੇ ਰੂਪ ਵਿਚ[੧] ।

ਜਿਥੇ ਆਪ ਸ਼ਬਦ ਹਉਮੈ ਲਈ ਵਰਤਿਆ ਗਿਆ ਹੈ,[੨] ਉਥੇ ਇਸ ਦਾ ਪ੍ਰਯੋਗ ਆਤਮਾ ਲਈ ਵੀ ਹੋਇਆ ਹੈ[੩] । ਆਪਣੇ ਆਪ ਨੂੰ ਖੋਜਣ, ਚੀਨਣ ਜਾਂ ਸਮਝਣ ਦਾ ਭਾਵ ਆਪਣੀ ਆਤਮਾ ਨੂੰ ਜਾਣਨ ਤੋਂ ਹੈ । ਅਸਲ ਵਿਚ ਜੀਵ ਦਾ ਉਤਮ ਆਪ ਆਪਾ ਉਸਦੀ ਆਤਮਾ ਹੈ, ਅਤੇ ਨੀਵਾਂ ਆਪਾ ਉਸ ਦੀ ਹਉਮੈ ।

## ਆਤਮਾ ਨਾਲ ਸਬੰਧਤ ਅੰਸ਼ :

ਭਾਰਤੀ ਦਰਸ਼ਨ ਦੇ ਬਹੁਤੇ ਸਕੂਲ ਆਤਮਾ ਨਾਲ ਸਬੰਧਤ ਤਿੰਨ ਅੰਸ਼ਾਂ ਦਾ ਜ਼ਿਕਰ ਕਰਦੇ ਹਨ : ਬੁਧੀ, ਅਹੰਕਾਰ ਅਤੇ ਮਨ, ਜਿਹੜੇ ਕਿਸੇ ਨ ਕਿਸੇ ਤਰ੍ਹਾਂ ਆਤਮਾ ਨਾਲ ਸਬੰਧਤ ਹਨ । ਪਰ ਪਛਮੀ ਦਰਸ਼ਨ ਵਿਚ ਆਤਮਾ ਤੋਂ ਛੁਟ ਉਪਰੋਕਤ ਤਿੰਨਾ ਅੰਸ਼ਾਂ ਨੂੰ ਵੀ ਮਨ ਵਿਚ ਸ਼ਾਮਲ ਕਰ ਲਿਆ ਗਿਆ ਹੈ । ਭਾਰਤੀ ਦਰਸ਼ਨ ਵਿ ਵਿਚ ਪ੍ਰਾਣ ਵੀ ਆਤਮਾ ਨਾਲ ਸਬੰਧਤ ਹਨ, ਜਿਨ੍ਹਾਂ ਦਾ ਜ਼ਿਕਰ ਪਿਛੇ ਕੀਤਾ ਜਾ ਚੁਕਾ ਹੈ । ਭਾਵੇਂ ਭਾਰਤ-ਸਕੂਲ ਆਤਮਾ, ਬੁਧੀ ਅਹੰਕਾਰ ਅਤੇ ਮਨ ਜਿਨ੍ਹਾਂ ਚਾਰ ਪਦਾਂ ਦੇ ਸਬੰਧਾਂ ਨੂੰ ਭਿੰਨ ਭਿੰਨ ਜੁਗਤੀ ਨਾਲ ਪ੍ਰਗਟ ਕਰ ਦੇ ਹਨ, ਪਰ ਇਨ੍ਹਾਂ ਵਿਚੋਂ ਕੋਈ ਵੀ ਆਤਮਾ ਅਤੇ ਮਨ ਨੂੰ ਸਮਰੂਪ ਨਹੀ ਪ੍ਰਗਟਾਂਦਾ । ਇਕੋ ਦਰਸ਼ਨ ਜਿਹੜਾ ਅੰਤਰ ਪ੍ਰਗਟ ਨਹੀ ਕਰਦਾ, ਉਹ ਬੁਧ ਮਤ ਦਾ ਦਰਸ਼ਨ ਹੈ, ਜਿਹੜਾ ਆਤਮਾ ਦੀ ਹੋਂਦ ਬਾਰੇ ਪੁਸ਼ਟੀ ਨਹੀ ਕਰਦਾ । ਇਕ ਹੋਰ ਗਲ ਇਹ ਹੈ ਕਿ ਪਛਮੀ ਮਨੋਵਿਗਿਆਨ ਆਤਮਾ ਨੂੰ ਸ਼ਖਸੀਅਤ ਨਹੀਂ ਬਖਸ਼ਦਾ, ਸ਼ਖਸੀਅਤ ਨੂੰ ਇਹ ਪ੍ਰਯੋਗਿਕ ਉਪਜ ਸਮਝਦਾ ਹੈ, ਪਰ ਆਤਮਾ ਨੂੰ ਨਹੀ । ਪਛਮੀ ਮਨੋਵਿਗਿਆਨ ਵਿਚਲੀ ਸ਼ਖਸੀਅਤ ਦਾ ਸਮਾਨ ਸ਼ਬਦ ਭਾਰਤੀ ਦਰਸ਼ਨ ਵਿਚ ਅਹੰਕਾਰ ਹੈ ਜੋ ਅਸਲੋਂ ਜੀਵਾਤਮਾ ਦਾ ਇਕ ਰੂਪ ਹੈ। ਇਸ ਲਈ ਅਸੀ ਇਹ ਕਹਿ ਸਕਦੇ ਹਾਂ ਕਿ ਪਛਮੀ ਦਰਸ਼ਨ ਦਾ 'ਮਨ' ਬੁਧੀ ਅਹੰਕਾਰ ਅਤੇ 'ਮਨਸ' ਦੇ ਸੁਗਠਿਤ ਅਵਸਥਾ ਦਾ ਨਾਂ ਹੈ ਅਤੇ ਜਿਸ ਨੂੰ ਅੰਤਹਕਰਨ ਕਿਹਾ ਜਾ ਸਕਦਾ ਹੈ ।

---

੧- ਧਨ ਕਰੇ ਬਿਨਉ ਦੋਊ ਕਰ ਜੋਰੈ । ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ (ਮਾਰੂ ਸੋਲਹੇ ਮ: ੫ ਪੰ: ੧੦੭੨)
੨- ਆਪੁ ਤਿਆਗਿ -ਬਿਨਤੀ ਕਰਹਿ ( ਮਾਝ ਮ: ੫ ਪੰ: ੧੩੪ )
੩- ਪਰਹਰਿ - ਪਾਪੁ ਪਛਾਣੈ ਆਪੁ ( ਰਾਮਕਲੀ ਮ: ੧ ਪੰ: ੯੩੫ )

ਅਦ੍ਵੈਤ ਵੇਦਾਂਤ ਅਨੁਸਾਰ ਗਿਆਨ ਇੰਦ੍ਰੇ ਅਤੇ ਕਰਮ ਇੰਦ੍ਰੇ ਜੀਵ ਦਾ ਸੰਬੰਧ ਜਗਤ ਨਾਲ ਜੋੜਦੇ ਹਨ । ਹਥ , ਪੈਰ, ਮੂੰਹ ਇੰਦ੍ਰੀ ਅਤੇ ਗੁਦਾ ਕਰਮ ਇੰਦ੍ਰੇ ਹਨ । ਅਤੇ ਅੱਖ , ਕੰਨ, ਨਕ , ਜੀਭ ਅਤੇ ਤੁਚਾ ਗਿਆਨ ਇੰਦ੍ਰੇ ਹਨ । ਅੰਤਹਕਰਨ ਜਗਤ ਦੇ ਪਦਾਰਥਾਂ ਨਾਲ ਇਨ੍ਹਾਂ ਇੰਦ੍ਰਿਆਂ ਰਾਹੀਂ ਸੰਬੰਧ ਜੋੜਦਾ ਹੈ । ਇਸ ਅੰਤਹਕਰਨ ਦੇ ਚਾਰ ਭਾਗ ਮੰਨੇ ਗਏ ਹਨ: ਮਨ, ਬੁਧੀ, ਅਹੰਕਾਰ ਅਤੇ ਚਿਤ । ਮਨ ਸੰਕਾਵਾਦੀ ਹੈ , ਬੁਧੀ ਪਾਰਖੂ ਹੈ । ਚਿਤ ਚਿਤਵਦਾ ਹੈ ਅਤੇ ਅਹੰਕਾਰ 'ਹਉਮੈ' ਦੇ ਤਜਰਬੇ ਦਾ ਵਾਧਾ ਕਰਦਾ ਹੈ । ਅਦ੍ਵੈਤੀ ਕਈ ਵਾਰ ਅਹੰਕਾਰ ਨੂੰ ਮਨ ਵਿਚ ਸ਼ਾਮਲ ਕਰ ਲੈਂਦੇ ਹਨ ਅਤੇ ਚਿਤ ਨੂੰ ਬੁਧੀ ਵਿਚ ਅਤੇ ਇਸ ਅੰਤਹਕਰਨ ਨੂੰ ਕੇਵਲ ਬੁਧੀ ਅਤੇ ਮਨ ਦਾ ਮੇਲ ਦਸਦੇ ਹਨ । ਸਾਂਖ ਸ਼ਾਸਤਰ ਦੇ ਵਿਚਾਰ ਵੀ ਅਦ੍ਵੈਤੀ ਵਿਚਾਰ ਨਾਲ ਮਿਲਦੇ ਜੁਲਦੇ ਹਨ । ਅੰਤਰ ਕੇਵਲ ਇਸ ਗਲ ਵਿਚ ਹੈ ਕਿ ਮਨ ਨੂੰ ਇਕ ਇੰਦ੍ਰੀ ਮੰਨ ਲਿਆ ਗਿਆ ਹੈ ਅਤੇ ਚਿਤ ਨੂੰ ਅੰਤਹਕਰਨ ਵਿਚ ਸ਼ਾਮਲ ਨਹੀਂ ਕੀਤਾ ਗਿਆ ।

ਗੁਰਬਾਣੀ ਵਿਚ ਵੀ ਅੰਤਹਕਰਣ ਦੇ ਉਪਰੋਕਤ ਚਾਰ ਭਾਗਾਂ ਨੂੰ ਮੰਨ ਲਿਆ ਗਿਆ ਹੈ । ਹੇਠਾਂ ਅਸੀਂ ਇਕ ਇਕ ਕਰ ਕੇ ਇਨ੍ਹਾਂ ਦੇ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਨੂੰ ਪ੍ਰਗਟ ਕਰਦੇ ਹਾਂ :—

## ਮਨ

ਮਨ ਇਕ ਬਹੁਤ ਸੂਖਮ ਅੰਸ਼ ਹੈ । ਨਾ ਹੀ ਇਹ ਸਰੀਰਕ ਅਖਾਂ ਨਾਲ ਨਜ਼ਰ ਆ ਸਕਦਾ ਹੈ ਅਤੇ ਨਾ ਹੀ ਅਤੀ ਸ਼ਕਤੀਸ਼ਾਲੀ ਖੁਰਦਬੀਨ ਨਾਲ । ਇਹ ਬਾਹਰਲੇ ਤਜਰਬਿਆਂ ਨਾਲ ਵਸ ਵਿਚ ਨਹੀਂ ਆਉਂਦਾ । ਜੀਵਾਤਮਾ ਨੂੰ ਅਸੀਂ ਮਨ ਨਹੀਂ ਕਹਿ ਸਕਦੇ , ਪਰ ਜੀਵਾਤਮਾ ਮਨ ਦੀ ਉਪਜ ਦਾ ਕਾਰਨ ਹੈ । ਸਰੀਰ ਅਤੇ ਮਨ ਦੀ ਹਾਲਤ ਵਿਚ ਵਟਾਉ ਆਉਂਦੇ ਰਹਿੰਦੇ ਹਨ , ਪਰ ਜੀਵਾਤਮਾ ਇਕ ਰਸ ਰਹਿੰਦੀ ਹੈ । ਮਨ ਸਥਿਰ ਨਹੀਂ ਰਹਿੰਦਾ । ਇਸ ਲਈ ਇਸ ਨੂੰ ਚੰਚਲ ਕਿਹਾ ਗਿਆ ਹੈ[੧] । ਇਹ ਪੰਜਾਂ ਤਤਾਂ ਦੇ ਸੰਜੋਗ ਵਿਚੋਂ ਪ੍ਰਗਟਦਾ ਹੈ[੨] ।

---

੧- ਮਨੁ ਚੰਚਲੁ ਬਿਧਿ ਨਾਹੀ ਜਾਣੈ ( ਆਸਾ ਅਸਟਪਦੀਆਂ ਪੰ: ੪੧੫ )

੨- ਇਹੁ ਮਨੁ ਪੰਚ ਤਤੁ ਤੇ ਜਨਮਾ ( ਆਸਾ ਅਸਟਪਦੀਆਂ ਪੰ: ੪੧੫ )

ਮਨ ਇੰਦਰੀਆਂ ਦੇ ਘੋੜਿਆਂ ਦੀ ਵਾਗ ਹੈ । ਇਨ੍ਹਾਂ ਘੋੜਿਆਂ ਨੂੰ ਮਨ ਵਸ ਵਿਚ ਵੀ ਕਰ ਸਕਦਾ ਹੈ ,ਅਤੇ ਜਿਧਰ ਚਾਹੇ ਦੁੜਾ ਵੀ ਸਕਦਾ ਹੈ । ਆਮ ਤੌਰ ਤੇ ਮਨ ਪੰਜਾਂ ਵਿਸ਼ਿਆਂ ਵਿਕਾਰਾਂ ਦੀ ਮੈਲ ਨਾਲ ਭਰਿਆ ਰਹਿੰਦਾ ਹੈ , ਜਿਸ ਕਰਕੇ ਇਹ ਰੋਗੀ ਹੋ ਜਾਂਦਾ ਹੈ [1] । ਇਹ ਰੋਗੀ ਮਨ ਜਨਮ ਮਰਨ ਦੇ ਗੇੜ ਵਿਚ ਚਕਰ ਲਗਾਂਦਾ ਰਹਿੰਦਾ ਹੈ । ਭਾਵੇਂ ਹਰ ਵਿਕਾਰ ਨਾਲ ਮਨ ਮਲੀਨ ਹੁੰਦਾ ਹੈ , ਪਰ ਗੁਰਦੇਵ ਨੇ ਵਿਸ਼ੇਸ਼ ਤੌਰ ਤੇ ਲੋਭ ਨੂੰ ਮਨ ਦਾ ਸੂਤਕ ਦਸਿਆ ਹੈ [2] । ਮੂਰਖ ਮਨ ਲੋਭ ਵਿਚ ਫ਼ਸਿਆ ਜਾਂਦਾ ਹੈ [3] । ਮਾਇਆ ਦਾ ਪੁਜਾਰੀ ਹੋਣ ਕਰ ਕੇ ਇਸ ਮਨ ਨੂੰ ਸਾਕਤ ਕਿਹਾ ਗਿਆ ਹੈ [4] । ਇਹ ਲੋਭੀ ਰਾਜੇ ਦੀ ਨਿਆਈਂ ਹੈ [5] । ਇਹ ਮਨ ਕਈ ਤਰ੍ਹਾਂ ਦੇ ਵਿਕਾਰ ਚਿਤਰਦਾ ਹੈ ਅਤੇ ਭੁਲਾਂ ਦੀ ਪੰਡ ਸਿਰ ਉਤੇ ਚੁਕੀ ਫਿਰਦਾ ਹੈ [6] । ਵਿ- ਇਹ ਮਾਇਆ ਦਾ ਦੀਵਾਨਾ ਮਨ ਕਾਮ ਵਿਚ ਉਲਝਿਆ ਰਹਿੰਦਾ ਹੈ [7] । ਜਿਵੇਂ ਹਾਥੀ ਜੰਗਲ ਵਿਚ ਕਾਮ ਵਸ ਹੋ ਕੇ ਭਟਕਦਾ ਹੈ [8] । ਮਨ ਲਈ ਇਹ ਸੰਸਾਰ ਜੰਗਲ ਮਾਇਆ ਅਤੇ ਮੋਹ ਦਾ ਬਨ ਖੰਡ ਹੈ [9] । ਮਨ ਦਾ ਅੰਨ੍ਹਾ ਮਾਇਆ ਦੇ ਬੰਧਨ ਵਿਚ ਖੁਆਰ ਹੁੰਦਾ ਹੈ [10] । ਮਨ ਨੂੰ ਅੰਨ੍ਹਾ ,ਕੂਤਾ ਅਤੇ ਕੂੜਿਆਰ ਵੀ ਕਿਹਾ ਗਿਆ ਹੈ [11] । ਆਮ ਤੌਰ ਤੇ ਮਨ ਜਮਾਂ

---

੧- ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ( ਸਲੋਕ ਮ: ੩ ਪੰ: ੬੫੧ )

੨- ਮਨ ਕਾ ਸੂਤਕੁ ਲੋਭੁ ਹੈ । ਆਸਾ ਦੀ ਵਾਰ ਪੰ: ੪੭੨ )

੩-ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ( ਸਿਰੀ ਰਾਗੁ ਮ: ੧ਪੰ: ੨੧)

੪- ਸਾਕਤੁ ਲੋਭੀ ਇਹੁ ਮਨੁ ਮੂੜਾ ( ਆਸਾ ਮ: ੧ ਪੰ: ੪੩੫ )

੫-ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ( ਆਸਾ ਮ੧ ਪੰ: ੪੧੯ )

੬- ਮਨੁ ਭੂਲੋ ਬਹੁ ਚਿਤੈ ਵਿਕਾਰੁ । ਮਨੁ ਭੂਲੋ ਸਿਰਿ ਆਵੈ ਭਾਰੁ ( ਗਉੜੀ ਮ: ੧ ਪੰ: ੨੨੨)

੭- ਮਨੁ ਭੂਲੋ ਮਾਇਆ ਘਰਿ ਜਾਇ ।
ਕਾਮਿ ਬਿਰੂਧਉ ਰਹੈ ਨ ਠਾਇ ( ਓਹੀ )

੮- ਮਨੁ ਮੈਗਲੁ ਸਾਕਤੁ ਦੇਵਾਨਾ ( ਆਸਾ ਮ: ੧ ਪੰ: ੪੧੫ )

੯- ਬਨ ਖੰਡਿ ਮਾਇਆ ਮੋਹਿ ਹੈਰਾਨਾ ( ਓਹੀ )

੧੦ - ਮਨ ਕਾ ਅੰਧੁਲਾ ਮਾਇਆ ਕਾ ਬੰਧੁ , ਖੀਨ ਖਰਾਬ ਹੋਵੈ ਨਿਤ ਕੰਧੁ ( ਆਸਾ ਮ: ੧ ਪੰ: ੩੫੪ )

੧੧- ਸੁਣਿ ਮਨ ਅੰਧੇ ਕੂਤੇ ਕੂੜਿਆਰ ! ( ਧਨਾਸਰੀ ਮ: ੧ ਪੰ: ੬੬੨ )

ਦੇ ਜਾਲ ਵਿਚ ਫਸਿਆ ਰਹਿੰਦਾ ਹੈ[1]। ਕਿਉਂਕਿ ਮਾਇਆ ਨਾਲ ਇਸ ਦਾ ਘਣਾ ਸਨੇਹ ਹੈ[2]। ਅਕਾਸ਼ ਵਿਚ ਉਡਦੇ ਪੰਛੀ ਵਾਂਗ ਇਹ ਮਨ ਮਾਇਆ ਦੇ ਮੰਡਲ ਵਿਚ ਧਾਉਂਦਾ ਹੈ[3]।

ਮਨ ਕਰਮ ਖੇਤਰ ਵਿਚ ਰਹਿੰਦਾ ਹੋਇਆ ਚੰਗੇ ਮੰਦੇ ਦੋਵੇਂ ਪ੍ਰਕਾਰ ਦੇ ਕਰਮ ਕਰਦਾ ਹੈ। ਜਿਥੇ ਇਹ ਮਾੜੇ ਕਰਮ ਕਰਦਾ ਹੈ, ਉਥੇ ਗੁਰੂ ਦੀ ਦੀਖਿਆ ਲੈ ਕੇ ਗੁਰਮਤ ਨੂੰ ਧਾਰਨ ਕਰਦਾ ਹੈ[4]। ਗੁਰਮਤ ਨੂੰ ਧਾਰਨ ਕਰ ਕੇ ਇਸ ਦੀ ਭਟਕਣ ਮੁਕ ਜਾਂਦੀ ਹੈ[5]। ਭੋਗਾਂ ਵਿਚ ਰਹਿੰਦਾ ਹੋਇਆ ਵੀ ਇਹ ਮਨ ਸਾਧਨਾ ਸਾਧਦਾ ਅਤੇ ਜੋਗੀ ਹੋ ਜਾਂਦਾ ਹੈ[6]। ਇਹ ਬੈਰਾਗੀ ਹੋ ਕੇ ਹਉਮੈ ਨੂੰ ਤਿਆਗਦਾ ਹੈ, ਮਨਸਾ ਅਤੇ ਦੁਬਧਾ ਨੂੰ ਦੂਰ ਕਰਦਾ ਹੈ[7]। ਇਹ ਫਿਰ ਸ਼ਕਤੀਸ਼ਾਲੀ ਰਾਜੇ ਦੀ ਨਿਆਈਂ ਨਿਰਭਉ ਹੋ ਜਾਂਦਾ ਹੈ[8] ਅਤੇ ਪੰਜ ਤਤ ਜਿਨ੍ਹਾਂ ਵਿਚੋਂ ਇਹ-ਜਨਮ ਨਿਰਮਲ ਹੋ ਕੇ ਪ੍ਰਭੂ ਦੇ ਦਰ ਅੰਦਰ ਦਾਖਲ ਹੋ ਜਾਂਦਾ ਹੈ[9]। ਸਚ ਸੰਤੋਖ ਦੀ ਪ੍ਰਾਪਤੀ ਕਰ ਕੇ ਇਹ ਬਖਸ਼ਿਆ ਜਾਂਦਾ ਹੈ ਅਤੇ ਪੰਜ ਤਤ ਜਿਨ੍ਹਾਂ ਵਿਚੋਂ ਇਹ ਜਨਮ ਲੈਂਦਾ ਹੈ, ਸਚੇ ਪ੍ਰਭੂ ਦਾ ਭੈ ਧਾਰਨ ਕਰਦੇ ਹਨ ਅਤੇ ਪ੍ਰਭੂ ਦੀ ਜੋਤੀ ਮਨ ਨੂੰ ਨਵੇਂ ਨੂਰ ਨਾਲ ਭਰ ਦੇਂਦੀ ਹੈ ੧੦।

ਰੋਗੀ ਮਨ ਤਨ ਨੂੰ ਵੀ ਰੋਗੀ ਕਰ ਦੇਂਦਾ ਹੈ[11]। ਗੁਰੂ ਅਰਜਨ ਦੇਵ ਜੀ ਦੇ ਇਹ ਸ਼ਬਦ ਮਹਤਵ-ਪੂਰਨ ਹਨ ਕਿ ਮਨ ਤਾਂ ਪੂਰਨ ਕਿਰਪਾ ਨਾਲ ਵਸ ਵਿਚ ਆਉਂਦਾ

---

੧- ਮਨ ਜੰਜਾਲੀ ਵੇੜ੍ਹਿਆ ਭੀ ਜੰਜਾਲੀ ਮਾਹਿ ( ਰਾਮਕਲੀ ਮ: ੧ ਪੰ: ੯੩੫ )

੨- ਇਸੁ ਮਨ ਮਾਇਆ ਕਉ ਨੇਹੁ ਘਨੇਰਾ ( ਮਾਰੂ ਮ: ੧ ਪੰ: ੧੦੩੮ )

੩- ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਅਕਾਸਿ ( ਪ੍ਰਭਾਤੀ ਮ: ੧ ਪੰ: ੧੩੩੦ )

੪- ਇਹੁ ਮਨੁ ਕਰਮਾ ਇਹੁ ਮਨੁ ਧਰਮਾ ( ਆਸਾ ਮ: ੧ ਪੰ: ੪੧੫ )

੫- ਗੁਰਮੁਖ ਮਨੁ ਅਸਥਾਨੇ ਸੋਈ ( ਓਹੀ )

੬- ਇਹੁ ਮਨੁ ਜੋਗੀ ਭੋਗੀ ਤਪੁ ਤਾਪੇ (ਓਹੀ )

੭- ਮਨੁ ਬੈਰਾਗੀ ਹਉਮੈ ਤਿਆਗੀ । ਘਟਿ ਘਟਿ ਮਨਸਾ ਦੁਬਧਾ ਲਾਗੀ ( ਓਹੀ )

੮- ਇਹੁ ਮਨ ਰਾਜਾ ਸੂਰ ਸੰਗ੍ਰਾਮਿ । ਇਹੁ ਮਨੁ ਨਿਰਭਉ ਗੁਰਮੁਖਿ ਨਾਮਿ (ਓਹੀ )

੯- ਇਹੁ ਮਨੁ ਨਿਰਮਲੁ ਦਰਿ ਘਰਿ ਸੋਝੀ ( ਓਹੀ )

੧੦- ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ।
ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ (ਸਿਰੀ ਰਾਗੁ ਮ: ੧ ਪੰ:੧੯

੧੧- ਖਸਮੁ ਵਿਸਾਰਿ ਕੀਏ ਰਸ ਭੋਗ । ਤਾਂ ਤਨਿ ਉਠਿ ਖਲੋਇ ਰੋਗ (ਮਲਾਰ ਮ:੧ ਪੰ: ੧੨੫੬ )

ਹੈ।[1] ਕਈ ਪ੍ਰਕਾਰ ਦੇ ਵਰਤੇ ਗਏ ਸਾਧਨ ਵਿਅਰਥ ਸਿਧ ਹੁੰਦੇ ਹਨ । ਸ਼ਰੀਰ ਨੂੰ ਜੇ ਬਰਫ਼ ਵਿਚ ਵੀ ਗਾਲ ਲਈਏ ਤਾਂ ਵੀ ਰੋਗੀ ਮਨ ਠੀਕ ਨਹੀ ਹੋ ਸਕਦਾ[2], ਕਿਉਂਕਿ :--

ਭੀਤਰਿ ਪੰਚ ਗੁਪਤ ਮਨਿ ਵਾਸੇ
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ।
ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ।
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ
( ਆਸਾ ਘਰ ੫ ਮ: ੧ ਪੰ: ੩੫੯)

ਮਹਾਂ ਪੁਰਸ਼ਾਂ ਨੇ ਅਜਿਹੇ ਮਨ ਨੂੰ ਮਾਰਨ ਦਾ ਉਪਦੇਸ਼ ਦਿਤਾ ਹੈ[3] ਕਿਉਂਕਿ ਮਨ ਮਾਰੇ ਬਗੈਰ ਕਾਰਜ ਸਿਧ ਨਹੀ ਹੋ ਸਕਦਾ[4]। ਮਨ ਨਾਲ ਜੂਝ ਕੇ ਇਸ ਨੂੰ ਮਾਰਨ ਨਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ । ਇਸ ਤਰ੍ਹਾਂ ਮਨ ਧਾਵਨ ਤੋਂ ਰਹਿ ਜਾਂਦਾ ਹੈ ਅਤੇ ਮਨਸਾ ਮਨ ਵਿਚ ਹੀ ਸਮਾ ਜਾਂਦੀ ਹੈ[5]। ਮਨਸਾ ਮਨ ਦਾ ਕਿਹਾ ਕਰਦੀ ਹੈ :_

" ਮਨ ਕਾ ਕਹਿਆ ਮਨਸਾ ਕਰੈ
ਇਹੁ ਮਨੁ ਪਾਪ ਪੁੰਨੁ ਉਚਰੈ " (ਬਿਲਾਵਲ ਮ: ੧ ਪੰ: ੮੩੨)

ਮਨ ਦੇ ਮਾਰਣ ਨਾਲ ਮਾਇਆ ਮਰਦੀ ਹੈ[6]। ਅਤੇ ਜਨਮ ਜਿਤਿਆ ਜਾਂਦਾ ਹੈ । ਉਸ ਨੂੰ ਅਸੀ ਪਛਾਣ ਲੈਂਦੇ ਹਾਂ ਅਤੇ ਉਹ ਸਾਡੇ ਵਸ ਵਿਚ ਹੋ ਜਾਂਦਾ ਹੈ । ਉਹ ਸਦੇ ਮਾਰਗ ਤੇ ਚਲਣਾ ਮੰਨ ਜਾਂਦਾ ਹੈ[7]। ਉਸਦੇ ਨਾਲ ਸਾਡੀ ਹਉਮੈ ਦਾ ਨਾਸ਼ ਹੋ ਜਾਂਦਾ ਹੈ[8]।

---

੧- ਮਨੁ ਵਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ (ਗਉੜੀ ਮ: ੫ ਪੰ: ੨੯੮ )
੨- ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ( ਸਿਰੀ ਰਾਗੁ ਮ: ੧ ਪੰ: ੬੨ )
੩- ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ (ਸਿਰੀ ਰਾਗੁ ਮ: ੧ ਪੰ:੨੧)
੪- ਨਾ ਮਨੁ ਮਰੈ ਨ ਕਾਰਜੁ ਹੋਇ (ਗਉੜੀ ਗੁਆਰੇਰੀ ਮ:੧ ਪੰ: ੨੨੨ )
੫- ਮਨੁ ਜਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ( ਆਸਾ ਮ: ੧ ਪੰ: ੩੫੩
੬- ਨਾ ਮਨੁ ਮਰੈ ਨ ਮਾਇਆ ਮਰੈ ( ਪ੍ਰਭਾਤੀ ਅਸਟਪਦੀਆਂ ਮ: ੧ ਪੰ: ੧੩੪੨ )

੭- ਜਨਮੁ ਜੀਤਿ ਮਰਣਿ ਮਨੁ ਮਾਨਿਆ । ਆਪਿ ਮੂਆ ਮਨੁ ਮਨ ਤੇ ਜਾਨਿਆ ।
੮- ੳ - ਗੁਰਮੁਖਿ ਮਨੁ ਜੀਤਾ ਹਉਮੈ ਮਾਰ (ਰਾਮਕਲੀ ਮ:੧ (ਪੰ: ੯੪੬ ) (ਗਉੜੀ ਮ:੧ ਪੰ: ੧੫੩ )
੮- ਅ - ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣਾ ( ( ਗਉੜੀ ਮ: ੧ ਪੰ: ੨੨੭)

ਗੁਰੂ ਨਾਨਕ ਦੇਵ ਜੀ ਨੇ ਮਨ ਲਈ 'ਜੀਅੜਾ' ਸ਼ਬਦ ਵੀ ਵਰਤਿਆ ਹੈ, ਪਰ ਇਹ ਜੀਵਆਤਮਾ ਦਾ ਸੂਚਕ ਨਹੀਂ ਜਿਵੇਂ ਉਹ ਕਹਿੰਦੇ ਹਨ :-

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ।
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ।

( ਰਾਮਕਲੀ ਮ:੧ ਪੰ: ੮੭੬ )

ਕਿਉਂਕਿ ਲੋਭੀ ਮਨ ਹੈ, ਇਸ ਲਈ 'ਜੀਅੜਾ' ਮਨ ਦਾ ਸੂਚਕ ਹੈ ।

ਜਦੋਂ ਮਨ ਦਾ ਮੂੰਹ ਜਗਤ ਵਲ ਹੁੰਦਾ ਹੈ ਤਾਂ ਇਹ ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਹੈ, ਪਰ ਜਦੋਂ ਇਹ ਜਗਤ ਵਲੋਂ ਮੂੰਹ ਮੋੜ ਕੇ ਆਤਮਾ ਵਲ ਕੁਰਦਾ ਹੈ ਤਾਂ ਇਹ ਨੂਰੋ ਨੂਰ ਹੋ ਜਾਂਦਾ ਹੈ[1] । ਇਸ ਹਾਲਤ ਵਿਚ ਇਸ ਨੂੰ ਅਸੀਂ ਜੋਤੀ ਜਾਂ ਸਰੂਪ ਕਹਿ ਸਕਦੇ ਹਾਂ ।

ਜਦੋਂ ਸਿਧਾਂ ਨੇ ਗੁਰਦੇਵ ਨੂੰ[2] ਪ੍ਰਸ਼ਨ ਕੀਤਾ ਕਿ ਜਦੋਂ ਹਿਰਦਾ ਅਤੇ ਸਰੀਰ ਨਹੀਂ ਸਨ ਤਾਂ ਉਦੋਂ ਮਨ ਕਿਥੇ ਰਹਿੰਦਾ ਸੀ ? ਤਾਂ ਗੁਰੂ ਜੀ ਦਾ ਉਤਰ ਇਹ ਸੀ ਕਿ ਉਦੋਂ ਮਨ ਬੈਰਾਗੀ ਦੀ ਅਵਸਥਾ ਵਿਚ ਅਫੁਰ ਪਰਮਾਤਮਾ ਵਿਚ ਲੀਨ ਸੀ[3] । ਇਕ ਪ੍ਰਸ਼ਨ ਇਹ ਵੀ ਸੀ ਕਿ ਇਹ ਮਨ ਰੂਪ ਹਾਥੀ ਕਿਥੇ ਰਹਿੰਦਾ ਹੈ[4] ? ਇਸ ਦਾ ਉਤਰ ਸਿਧਾਂ ਨੂੰ ਮਿਲਿਆ ਕਿ ਜਦੋਂ ਮਨ ਨਿਹਚਲ ਹੋ ਜਾਂਦਾ ਹੈ ਤਾਂ ਇਸਦਾ ਨਿਵਾਸ ਹਿਰਦੇ ਵਿਚ ਹੁੰਦਾ ਹੈ[5] ।

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮਨ ਤਿੰਨਾ ਗੁਣਾ

---

੧- ਮਨ ਮਹਿ ਜੋਤਿ ਜੋਤਿ ਮਹਿ ਮਨੂਆ ( ਰਾਮਕਲੀ ਮ: ੧ ਪੰ: ੮੭੯ )
੨- ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ( ਰਾਮਕਲੀ ਮ: ੧ ਪੰ:੯੪੫)
੩- ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ( ਉਹੀ)
੪- ਇਹੁ ਮਨੁ ਮੈਗਲੁ ਕਹਾ ਬਸੀਅਲੇ ( ਉਹੀ )
੫- ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ( ਉਹੀ )

ਵਿਚ ਵਿਚਰਦਾ ਹੈ ਅਤੇ ਇਸਦੀਆਂ ਚਾਰ ਸ਼ਕਤੀਆਂ ਹਨ:-

(੧)-ਇਹ ਇੱਛਾ ਧਾਰਨ ਕਰਦਾ ਹੈ।

(੨)-ਇਹ ਮਹਿਸੂਸ ਕਰਦਾ ਹੈ ।

(੩)-ਇਹ ਸੋਚ ਸਕਦਾ ਹੈ ਅਤੇ

(੪)-ਇਹ ਇਕਾਗਰ ਅਥਵਾ ਅਡੋਲ ਹੋ ਸਕਦਾ ਹੈ।

ਮਨ ਇੱਛਾ ਧਾਰਨ ਕਰ ਕੇ ਇਸਦੀ ਪ੍ਰਾਪਤੀ ਲਈ ਜਤਨ ਕਰਦਾ ਹੈ। ਪ੍ਰਾਪਤੀ ਦੀ ਦਸ਼ਾ ਵਿਚ ਇਹ ਹਰਖ ਅਨੁਭਵ ਕਰਦਾ ਹੈ ਅਤੇ ਅਪ੍ਰਾਪਤੀ ਦੀ ਦਸ਼ਾ ਵਿਚ ਸੋਗ। ਸੋਚਣ ਨਾਲ ਇਹ ਗਿਆਨ ਅਤੇ ਨਿਰੀਖਣ ਸ਼ਕਤੀ ਪ੍ਰਾਪਤ ਕਰਦਾ ਹੈ । ਜਤਨ ਕਰਨ ਨਾਲ ਕਿਸੇ ਨੁਕਤੇ ਤੇ ਵੀ ਇਕਾਗਰ ਹੋ ਸਕਦਾ ਹੈ । ਬਖਸ਼ਸ਼ ਦੀ ਪ੍ਰਾਪਤੀ ਲਈ ਵੀ ਇਸ ਨੂੰ ਇਕ ਸ਼ੁਬਤ ਧਾਰਨ ਕਰਨਾ ਪੈਂਦਾ ਹੈ।

## ਬੁਧੀ

ਅੰਤਹਕਰਣ ਦਾ ਦੂਜਾ ਵਿਸ਼ੇਸ਼ ਭਾਗ ਬੁਧੀ ਹੈ । ਸਾਂਖ-ਮਤ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੇ ਮੇਲ ਤੋਂ ਬੁਧੀ ਦਾ ਜਨਮ ਹੋਇਆ ਹੈ । ਇਸ ਨੂੰ 'ਮਹਤ ' ਕਿਹਾ ਗਿਆ ਹੈ । ਜਪੁਜੀ ਦੇ ਅਖੀਰਲੇ ਸ਼ਲੋਕ ਵਿਚ ਵਰਤਿਆ ਇਹੋ ਸ਼ਬਦ ਬੁਧੀ ( ਜਾਂ ਚੇਤਨਤਾ ) ਦਾ ਪ੍ਰਗਟਾਉ ਹੈ, ਪਰ ਜੇ ਮਨ ਦੀ ਪਛਮੀ ਪਰਿਭਾਸ਼ਾ ਨੂੰ ਸਾਹਮਣੇ ਰਖਿਆ ਜਾਏ ਤਾਂ ਬੁਧੀ ਮਨ ਦੀ ਸੋਚਣ ਸ਼ਕਤੀ ਹੈ । ਸੰਸਾਰਕ ਪਦਾਰਥਾਂ ਨਾਲ ਸਬੰਧਤ ਹੋ ਕੇ ਇਹ ਗਿਆਨ ਅਖਵਾਂਦੀ ਹੈ । ਮਨੁਖੀ ਸਰੀਰ ਵਿਚ ਇਹ ਦਿਮਾਗ ਵਿਚ ਇਸਥਿਤ ਹੋ ਕੇ ਕੰਮ ਕਰਦੀ ਹੈ । ਮਨੁਖ ਦਾ ਕ੍ਰਿਆਸ਼ੀਲ ਜਗਤ ਤਾਂ ਮਨ ਅਤੇ ਬੁਧੀ ਦੀ ਖੇਡ ਹੀ ਹੈ।[1]

ਜਦੋਂ ਤਕ ਮਤ ( ਬੁਧੀ ) ਮਨ ਦੇ ਅਧੀਨ ਹੁੰਦੀ ਹੈ , ਓਦੋਂ ਤਕ ਮਨੁਖ ਆਤਮਕ ਵਿਕਾਸ ਨਹੀ ਕਰ ਸਕਦਾ । ਚੰਚਲ ਮਤ ਤਿਆਗਣ ਨਾਲ ਹੀ ਵਿਸ਼ੇ ਵਿਕਾਰਾਂ ਉਤੇ ਜਿਤ ਪ੍ਰਾਪਤ ਕੀਤੀ ਜਾ ਸਕਦੀ ਹੈ[2]। ਮਨਮੁਖ ਦੀ ਮਤ ਕੂੜ ਵਿਚ ਵਿਆਪੀ ਰਹਿੰਦੀ ਹੈ ਅਤੇ ਨਿਤ ਪ੍ਰਤਿ ਪਾਪਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ[3]। ਕਬੁਧ/ਦਾ ਕੋਝੀ ਕੋਈ

------

੧.- ਚੰਚਲ ਚਪਲ ਬੁਧਿ ਕਾ ਖੇਲੁ ( ਗਉੜੀ ਮ: ੧ ਪੰ: ੧੫੨ )

੨- ਚੰਚਲ ਮਤ ਤਿਆਗਿ ਪੰਚ ਸੰਘਾਰੇ (ਗਉੜੀ ਮ: ੧ ਪੰ: ੨੨੬ )

੩- ਮਨਮੁਖ ਕੀ ਮਤਿ ਕੂੜਿ ਵਿਆਪੀ
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ( ਆਸਾ ਮ: ੧ ਪੰ: ੩੫੬ )

ਟਿਕਾਣਾ ਨਹੀ[1]। ਇਹ ਕੁਬੁਧ ਗੁਰੂ ਸ਼ਬਦ ਦੀ ਵਿਚਾਰ ਨਾਲ ਮਿਟਦੀ ਹੈ[2]।

ਬੁਧੀ ਸਮੇ ਸਥਾਨ ਅਤੇ ਕਾਰਜ ਕਾਰਣ ਅਨੁਸਾਰ ਵਰਤਦੀ ਹੈ ,ਪਰ ਸਮੇ ਸਥਾਨ ਅਤੇ ਕਾਰਜ ਕਾਰਣ ਨੂੰ ਵੀ ਅਸੀ ਬੁਧੀ ਰਾਹੀਂ ਹੀ ਜਾਣ ਸਕਦੇ ਹਾਂ । ਬੁਧੀ ਦੁਆਰਾ ਅਸੀ ਚੰਗੇ ਮੰਦੇ ਦੀ ਪਛਾਣ ਕਰਦੇ ਹਾਂ ।ਉਨ੍ਹਾਂ ਦੇ ਅੰਤਰ ਨੂੰ ਜਾਣਦੇ ਹਾਂ ਅਤੇ ਉਨ੍ਹਾਂ ਸਬੰਧੀ ਵਿਚਾਰ ਕੇ ਅਮਲ ਕਰਦੇ ਹਾਂ । ਜਿਹੜੇ ਬੁਧੀ ਅਥਵਾ ਅਕਲ ਤੋਂ ਖਾਲੀ ਹਨ, ਉਹ ਅੰਨ੍ਹੇ ਹਨ , ਕਿਉਂਕਿ ਉਹ ਭਲਾਈ ਬੁਰਾਈ ਬਾਰੇ ਸੋਚ ਨਹੀ ਸਕਦੇ । ਉਨ੍ਹਾਂ ਦਾ ਗਿਆਨ ਵੀ ਅੰਨ੍ਹਾ ਹੈ[3]। ਉਨ੍ਹਾਂ ਨੂੰ ਤਾਂ ਸਿਖਿਆ ਦੇਣੀ ਵੀ ਫਜ਼ੂਲ ਹੈ[4] । ਪ੍ਰਭੂ ਨੇ ਅਕਲ ਇਸੇ ਲਈ ਦਿਤੀ ਹੈ ਕਿ ਅਸੀ ਆਪਣੇ ਆਪ ਨੂੰ ਹੋਰ ਉਚਾ ਲੈ ਜਾਈਏ , ਪਰ ਅਸੀ ਤਾਂ ਝਗੜਿਆਂ ਵਿਚ ਹੀ ਆਪਣੇ ਜੀਵਨ ਨੂੰ ਅਜਾਈਂ ਗੰਵਾ ਲੈਂਦੇ ਹਾਂ ਗੁਰਦੇਵ ਦਾ ਕਹਿਣਾ ਹੈ :_

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ।
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ।
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ।

( ਮ: ੧ ,ਪੰ: ੧੨੪੫ )

ਸੁਧ ਅਤੇ ਗਿਆਨ ਭਰਪੂਰ ਬੁਧੀ ਨੂੰ ਬਿਬੇਕ ਬੁਧੀ ਕਿਹਾ ਗਿਆ ਹੈ । ਗੁਰਬਾਣੀ ਵਿਚ ਇਸ ਨਿਰਮਲ ਬੁਧੀ ਦਾ ਰਸ ਪੀਣ ਦਾ ਉਪਦੇਸ਼ ਦਿਤਾ ਗਿਆ ਹੈ[5] । ਇਸ ਨੂੰ ਪੂਰੀ ਮਤ ਵੀ ਕਿਹਾ ਗਿਆ ਹੈ । ਪੂਰੀ ਮਤ ਵਾਲੇ ਮਹਾਂ ਪੁਰਸ਼ ਹੀ ਕਰਣੀ ਵਾਲੇ ਹੁੰਦੇ ਹਨ[6]।

---

੧-ਕੁਬੁਧਿ ਚਵਾਵੈ ਸੋ ਕਿਤੁ ਠਾਇ (ਰਾਮਕਲੀ ਮ:੧ ਪੰ: ੯੪੪ )

੨- ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ( ਓਹੀ )

੩- ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ( ਮ:੧.ਪੰ: ੭੮੯ )
੪- ਅੰਧੇ ਅਕਲੀ ਬਾਹਰੇ - ਕਿਆ ਤਿਨ ਸਿਉ ਕਹੀਐ ( ਗਉੜੀ ਮ: ੧ ਪੰ: ੨੨੯ )
੫-ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ (- ਕਲਿਆਣ ਮ: ੧.ਪੰ:੧੩੨ ੧੩੨੫ )

੬ - ਜਹ ਕਰਣੀ ਤਹ ਪੂਰੀ ਮਤਿ ਕਰਣੀ ਬਾਝਹੁ ਘਟੇ ਘਟਿ ( ਸਿਰੀ ਰਾਗੁ ਮ:੧ ; ਪੰ: ੨੫ )

ਅਜਿਹੀ ਮਤ ਤੋਂ ਬਿਨਾ ਬਾਕੀ ਸਿਆਣਪਾ ਸਭ ਜਗਤ ਦੀਆਂ ਚਤੁਰਾਈਆਂ ਹਨ । ਚਤੁਰਾਈਆਂ ਨਾਲ ਅਸੀ ਖੋਜ ਵਿਚ ਸਫਲ ਨਹੀ ਹੋ ਸਕਦੇ[੧] । ਬੁਧੀ ਦੀ ਖੇਡ ਵਿਚ ਉਤਸ਼ਾਹ ਜਰੂਰਪੈਦਾ ਹੁੰਦਾ ਹੈ , ਪਰ ਸੰਸਾਰਕ ਚਤੁਰਾਈਆਂ ਕੁਝ ਸੰਵਾਰ ਨਹੀ ਸਕਦੀਆਂ[੨] ਸਭ ਜੁਗਤਾਂ ਅਤੇ ਸਿਆਣਪਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ[੩] । ਚਤੁਰਾਈਆਂ ਨਾਲ ਮਨੁਖ ਭਟਕਦਾ ਹੈ[੪]। ਇਹ ਸਭ ਝੂਠੀਆਂ ਹਨ[੫] ।

ਜੇ ਮਨ ਨੇ ਉਚਾ ਹੋਣਾ ਹੈ ਤਾਂ ਇਹ ਗਿਆਨ ਖੜਗ ਨਾਲ ਹੀ ਹੋ ਸਕਦਾ ਹੈ[੬] । ਗਿਆਨ ਦੀ ਪ੍ਰਾਪਤੀ ਧਿਆਨ ਦੀ ਮੰਗ ਕਰਦੀ ਹੈ , ਅਧਿਆਤਮਕ ਗਿਆਨ ਕੇਵਲ ਗੁਰੂ ਤੋਂ ਹੀ ਮਿਲ ਸਕਦਾ ਹੈ[੭] । ਜਿਹੜਾ ਇਸ ਗਿਆਨ ਤੋਂ ਵਾਂਝਿਆ ਜਾਂਦਾ ਹੈ ਉਹ ਤਾਂ ਠਗਿਆ ਗਿਆ ਸਮਝੋ[੮] । ਗੁਰੂ ਦੀ ਸਿਖਿਆ ਸੁਣਨ ਵਾਲੀ ਮਤ ਮਾਣੋ ਰਤਨਾ ਜਵਾਹਰਾਂ ਅਤੇ ਮਾਣਕਾਂ ਨਾਲ ਭਰੀ ਹੁੰਦੀ ਹੈ[੯] । ਨਿਰੀਆਂ ਗਲਾਂ ਅਤੇ ਚਤੁਰਾਈਆਂ ਨਾਲ ਇਹ ਗਿਆਨ ਨਹੀ ਮਿਲਦਾ[੧੦] । ਮਨ ਦਾ ਸੂਤਕ ਕੇਵਲ ਗਿਆਨ ਨਾਲ ਹੀ ਦੂਰ ਹੋ ਸਕਦਾ ਹੈ[੧੧] । ਗੁਰਦੇਵ ਨੇ ਅਜਿਹੇ ਗਿਆਨ ਨਾਲ ਸੁਰਤ ਜੋੜਨ ਨਈ ਕਿਹਾ ਹੈ ,ਜਿਸ ਨਾਲ ਸਭੇ

---

੧-ਚਤੁਰਾਈ ਨਹ ਚੀਨਿਆ ਜਾਇ (ਗਉੜੀ ਮ:੧ ਪੰ: ੨੨੯)

੨- ਬੁਧੀ ਬਾਜੀ ਉਪਜਿ ਚਾਉ ਸਹਸ ਸਿਆਣਪ ਪਵੈ ਨ ਤਾਉ (ਗਉੜੀ ਗੁਆਰੇਰੀ ਮ:੧ਪੰ: ੧੫੧ )

੩- ਸਭਿ ਸੰਜਮ ਰਹੇ ਸਿਆਣਪਾਂ (ਸਿਰੀ ਰਾਗੁ ਮ:੧ ਪੰ: ੭੨ )

੪- ੳ- ਸਭਿ ਜਪ ਸਭਿ ਤਪ ਸਭ ਚਤੁਰਾਈ ਊਝੜਿ ਭਰਮਿ ਭਵੈ ਨ ਪਾਈ (ਆਸਾ੧ਪੰ:੪੧

ਅ- ਬਹੁਤੁ ਸਿਆਣਪ ਭਰਮੁ ਨ ਜਾਏ (ਮਾਰੂ ਮ: ਪੰ: ੧੦੨੫ )

੫- ਝੂਠੀ ਦੁਰਮਤਿ ਕੀ ਚਤੁਰਾਈ ( ਪ੍ਰਭਾਤੀ ਮ: ੧ ,ਪੰ ੧੩੨੫ )

੬- ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ (ਮਾਰੂਮ:੧ਪੰ: ੧੦੨੨)

੭-ੳ- ਗੁਰ ਬਿਨੁ ਗਿਆਨੁ ਨ ਹੋਇ (ਵਾਰ ਆਸਾ ਮ:੧ ਪੰ: ੪੬੯ )

ਅ- ਗਾਵਨਿ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜਾਉ (ਸੂਹੀ ਮ:੧ਪੰ: ੭੫੧)

੮- ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ( ਸਿਰੀ ਰਾਗੁ ਮ:੧ ਪੰ: ੬੦ )

੯- ਮਤਿ ਵਿਚਿ ਰਤਨ ਜਵਾਹਰ ਮਾਣਿਕ (ਜਪੁਜੀ ਪੰ: ੨ )

੧੦- ਗਿਆਨੁ ਨ ਗਲੀਈ ਢੂਢੀਐ (ਆਸਾ ਦੀ ਵਾਰ ਪੰ: ੪੬੫ )

੧੧- ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ( ਵਾਰ ਆਸਾ ਮ:੧ ਪੰ: ੪੭੨

ਪ੍ਰਭੂ ਨਾਲ ਸਾਡਾ ਸਬੰਧ ਜੁੜ ਜਾਵੇ[1]। ਗਿਆਨ ਕਥਨੀ ਦੀ ਚੀਜ਼ ਨਹੀਂ, ਕਰਨੀ ਦੀ ਚੀਜ਼ ਹੈ, ਨਿਰੇ ਕਥਨ ਨਾਲ ਦੁਖ ਹੀ ਦੁਖ ਪ੍ਰਾਪਤ ਹੁੰਦਾ ਹੈ[2]। ਗਿਆਨੀ ਉਹ ਹੈ ਜਿਸ ਨੇ ਸ਼ਬਦ ਨਾਲ ਲਿਵ ਲਗਾਈ ਹੈ[3]। ਸਭ ਜੀਵਾਂ ਦੀ ਸੁਰਤੀ ਇਕੋ ਜਿਹੀ ਹੈ[4] ਪਰ ਸੁਰਤ ਦਾ ਪੂਰਾ ਲਾਹਾ ਲੈਣਾ ਚਾਹੀਦਾ ਹੈ। ਜਿਹੋ ਜਿਹੇ ਸੰਸਾਰਕ ਗਿਆਨ ਵਿਚ ਕੋਈ ਸੁਰਤ ਜੋੜ ਲੈਂਦਾ ਹੈ, ਉਹ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ, ਪਰ ਅਜਿਹੇ ਗਿਆਨ ਵਾਲੇ ਨੂੰ ਲੇਖਾ ਦੇਣਾ ਪੈਂਦਾ ਹੈ[5]। ਅਧਿਆਤਮਕ ਗਿਆਨ ਤਾਂ ਗਿਆਨ ਤਤ ਹੈ ਜੋ ਕੇਵਲ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ[6]। ਇਸ ਗਿਆਨ ਰਾਹੀਂ ਉਹ ਪਰਮ ਤਤ ਵਿਚ ਲੀਨ ਹੋ ਜਾਂਦੇ ਹਨ[7]।

ਗਿਆਨ ਪ੍ਰਾਪਤੀ ਸਮੇ ਬੁਧੀ ਵਿਚ ਸ਼ੰ ਸ਼ੰਕਾ ਵੀ ਉਪਜ ਸਕਦਾ ਹੈ ਅਤੇ ਵਿਸ਼ਵਾਸ ਵੀ। ਜੇ ਠੀਕ ਗਿਆਨ ਨਾ ਮਿਲੇ ਤਾਂ ਸ਼ੰਕਾ ਉਪਜਦਾ ਹੈ ਅਤੇ ਜਦੋਂ ਨਿਸ਼ਾ ਹੋ ਜਾਂਦੀ ਹੈ ਤਾਂ ਵਿਸ਼ਵਾਸ ਬਣ ਜਾਂਦਾ ਹੈ।

## ਚਿਤ

ਮਨ ਦੀਆਂ ਅਨੇਕ ਚਿਤਵਨੀਆਂ ਦਾ ਭੰਡਾਰ ਚਿਤ ਹੈ। ਇਹਦੇ ਵਿਚ ਮਨੁਖ ਦਾ ਪਿਛਲਾ ਅਤੇ ਹੁਣ ਦਾ ਸਾਰਾ ਗਿਆਨ ਸੰਚਿਤ ਹੈ, ਜਨਮ ਜਨਮਾਂਤਰਾਂ ਦੇ ਸਾਰੇ ਤਜਰਬੇ ਸੰਖਿਪਤ ਰੂਪ ਵਿਚ ਚਿਤ ਵਿਚ ਰਹਿੰਦੇ ਹਨ, ਇਹ ਤਜਰਬੇ ਜਾਗ੍ਰਤ ਅਵਸਥਾ ਦੇ ਹੁੰਦੇ ਹਨ ਅਤੇ ਸੁਪਨ ਅਵਸਥਾ ਵਿਚ ਇਹੋ ਭਿੰਨ ਭਿੰਨ ਰੂਪ ਧਾਰਦੇ ਹਨ। ਚਿਤ ਬੁਧੀ ਦੇ ਨੇੜੇ ਦਾ ਤਤ ਹੈ। ਕਈ ਵਾਰੀ ਸੰਤ ਬਾਣੀ ਨੂੰ ਪੜ੍ਹਦਿਆਂ ਮਨ ਅਤੇ

---

੧- ਐਸਾ ਗਿਆਨੁ ਜਪਹੁ ਮਨ ਮੇਰੇ ਹੋਵਹੁ ਚਾਕਰ ਸਾਚੇ ਕੇਰੇ (ਸੂਹੀ ਮ: ੧ ੭੨੮)

੨- ਗਿਆਨੁ ਗਿਆਨੁ ਕਥੈ ਸਭੁ ਕੋਈ ਕਥਿ ਕਥਿ ਬਾਦੁ ਕਰੇ ਦੁਖੁ ਹੋਈ। (ਬਿਲਾਵਲੁ ਅਸਟਪਦੀਆਂ ਮ: ੧ ਪੰ: ੮੩੧)

330289

੩- ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ( ਓਹੀ )

੪ ਏਕਾ ਸੁਰਤਿ ਜੇਤੇ ਹੈਂ ਜੀਅ ( ਸਿਰੀ ਰਾਗੁ ਮ: ੧ ਪੰ: ੨੪ )

੫- ਸੁਰਤਿ ਵਿਹੂਣਾ ਕੋਇ ਨ ਕੀਅ। ਜੇਹੀ ਸੁਰਤਿ ਤੇਹਾ ਤਿਨ ਰਾਹੁ।
ਲੇਖਾ ਇਕੋ ਆਵਹੁ ਜਾਹੁ ( ਓਹੀ )

੬- ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ (ਰਾਮਕਲੀ ਮ: ੧: ਪੰ: ੯੪੬ )

੭- ਤੰਤੁ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ (ਪ੍ਰਭਾਤੀ ਮ: ੧, ਪੰ: ੧੩੨੮

ਚਿਤ ਦੇ ਇਕੋ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਅਸਲੋਂ ਦੋਵੇਂ ਭਿੰਨ ਹਨ । ਗੁਰੂ ਨਾਨਕ ਦੇਵ ਜੀ ਦੀਆਂ ਇਹ ਤੁਕਾਂ ਇਸ ਤੱਥ ਨੂੰ ਸਪਸ਼ਟ ਕਰਦੀਆਂ ਹਨ :-

ਮਨ ਮਹਿ ਮਨੂਆ ਚਿਤ ਮਹਿ ਚੀਤਾ ।
ਐਸੇ ਹਰਿ ਕੇ ਲੋਗ ਅਤੀਤਾ ।

(ਬਸੰਤ ਮ:੧ , ਪੰ: ੧੧੯੯ )

ਪਤੰਜਲੀ ਦੇ 'ਯੋਗ ਦਰਸ਼ਨ' ਦੇ ਅਰੰਭ ਵਿਚ ਹੀ ਚਿਤ ਦਾ ਵਰਣਨ ਮਿਲਦਾ ਹੈ । ਯੋਗ ਪ੍ਰਿਭਾਸ਼ਾ ਦਸਦਿਆਂ ਪਤੰਜਲੀ ਨੇ ਲਿਖਿਆ ਹੈ ਕਿ ਯੋਗ ਚਿਤ ਦੀਆਂ ਬਿਰਤੀਆਂ ਨੂੰ ਰੋਕਣ ਦਾ ਨਾਂ ਹੈ । ਇਥੇ ਚਿਤ ਭਾਵ- ਪਸਾਰੇ ਵਿਚ ਪ੍ਰਾਣ, ਇੰਦਰੇ, ਮਨ , ਬੁਧੀ ਅਤੇ ਅਹੰਕਾਰ ਸਭ ਸ਼ਾਮਲ ਹਨ । ਪਰ ਗੁਰਬਾਣੀ ਦਾ ਚਿਤ ਅਦਵੈਤ ਵੇਦਾਂਤ ਵਾਂਗੂ ਹੀ ਮਨ , ਬੁਧੀ , ਅਤੇ ਅਹੰਕਾਰ ਤੋਂ ਵਖਰਾ ਤਤ ਹੈ । ਜਦੋਂ ਮਨ ਕਿਸੇ ਵਸਤੂ ਨੂੰ ਵੇਖਦਾ ਹੈ ਉਹ ਉਸਦਾ ਸਰੂਪ ਧਾਰਨ ਕਰ ਲੈਂਦਾ ਹੈ ਅਤੇ ਉਸ ਨੂੰ ਬੁਧੀ ਦੇ ਹਵਾਲੇ ਕਰਦਾ ਹੈ , ਬੁਧੀ ਉਸ ਨੂੰ ਚਿਤ ਦੇ ਹਵਾਲੇ ਕਰਦੀ ਹੈ ਅਤੇ ਅਹੰਕਾਰ ਉਸ ਨੂੰ ਨਿਜ ਦ੍ਰਿਸ਼ਟੀ ਦੇ ਭੁਲੇਖੇ ਵਿਚ ਅਪਣਾ ਲੈਂਦਾ ਹੈ । ਇਸ ਤੋਂ ਇਹ ਸਹੀ ਹੁੰਦਾ ਹੈ ਕਿ ਮਨ ਵਿਭੂ (ਸਰਬ-ਵਿਆਪਕ )ਹੈ ਆਵਰਣ ਸ਼ਕਤੀ ਹਰ ਸ਼ੈ ਦੇ ਅਸਲੀ ਸਰੂਪ ਨੂੰ ਮਨ ਤੋਂ ਲੁਕਾ ਲੈਂਦੀ ਹੈ । ਵਿਕਸ਼ੇਪ ਸ਼ਕਤੀ ਦੇ ਕਾਰਨ ਮਨ ਭਾਕਤਾਂ ਨੂੰ ਧਾਰਨ ਕਰਦਾ ਹੈ ।

ਮਨ ਤਾਂ ਚੰਚਲ ਹੈ ਹੀ ਪਰ ਜਦੋਂ ਚੰਚਲ ਮਨ ਬੁਧੀ ਰਾਹੀਂ ਚਿਤ ਵਿਚ ਆਪਣੀ ਚੰਚਲਤਾ ਸੰਚਦਾ ਹੈ ਤਾਂ ਚਿਤ ਵੀ ਚੰਚਲ ਹੁੰਦਾ ਹੈ[1] । ਜੇ ਮਾਇਆ ਦਾ ਪ੍ਰਭਾਵ ਤੀਬਰ ਹੋ ਜਾਂਦਾ ਹੈ ਤਾਂ ਚਿਤ ਵੀ ਮਲੀਨ ਹੋ ਜਾਂਦਾ ਹੈ,[2] ਪਰ ਜੇ ਗੁਰੂ ਦਾ ਗਿਆਨ ਸੰਚਦਾ ਹੈ ਤਾਂ ਹਿਰਦੇ ਵਿਚ ਠਾਕੁਰ ਦਾ ਵਾਸਾ ਹੋ ਜਾਂਦਾ ਹੈ[2] । ਜਿਨ੍ਹਾਂ ਦਾ ਮਨ ਇਸਕ

---

੧- ਚੰਚਲੁ ਚੀਤੁ ਨ ਰਹਈ ਠਾਇ ( ਰਾਮਕਲੀ ਮ: ੧ ਪੰ: ੯੩੨ )

੨- ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ।
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ।

(ਸੋਰਠਿ ਮ:੧ ਪੰ: ੬੩੭ )

ਬੁਰਾਈਆਂ ਦੇ ਕਾਰਨ ਮਲੀਨ ਹੋ ਜਾਂਦਾ ਹੈ , ਉਨ੍ਹਾਂ ਦਾ ਚਿਤ ਵੀ ਮਲੀਨ ਹੋ ਜਾਂਦਾ ਹੈ[1]।

ਮਨੁਖ ਦਾ ਨਿਸ਼ਾਨਾ ਹੀ ਇਹ ਹੋਣਾ ਚਾਹੀਦਾ ਹੈ ਕਿ ਚਿਤ ਵਿਚ ਪ੍ਰਭੂ ਦੀ ਯਾਦ ਸਮਾਈ ਰਹੇ[2] ।

## ਅਹੰਕਾਰ

ਮਨ ਦੇ ਇਸ ਪਖ ਨੂੰ ਅਹੰਕਾਰ ਕਹਿੰਦੇ ਹਨ ਜਿਹੜਾ ਆਪਣੇ ਆਪ ਨੂੰ ਸਰੀਰ ਅਤੇ ਇੰਦਰਿਆਂ ਨਾਲ ਇਕ ਰੂਪ ਕਰਦਾ ਹੈ । ਸਰੀਰ ਵਿਚ ਅਹੰਕਾਰ ਦਾ ਕੇਂਦਰ ਦਿਲ ਹੈ । ਆਮ ਤੌਰ ਤੇ ਜੀਵ ਦਾ ਸਾਰਾ ਕਾਰ ਵਿਹਾਰ ਹਉ ਉਤੇ ਆਸ਼੍ਰਿਤ ਹੁੰਦਾ ਹੈ । ਹਉ ਵਿਚ ਹੀ ਉਹ ਸਚਿਆਰ ਵੀ ਹੁੰਦਾ ਹੈ ਅਤੇ ਕੂੜਿਆਰ ਵੀ[3] । ਜਦੋਂ ਹਉਮੈ ਸਬੰਧੀ ਗਿਆਨ ਹੋ ਜਾਂਦਾ ਹੈ ਅਤੇ ਮਨ ਨੂੰ ਇਸ ਪਾਸਿਉਂ ਵਰਜ ਲਿਆ ਜਾਂਦਾ ਹੈ ਤਾਂ ਜੀਵ ਆਪਣੇ ਆਪ ਨੂੰ ਪਛਾਣਦਾ ਹੈ[4]। ਵਡੇ ਵਡੇ ਦੇਵਤੇ ਅਤੇ ਰਿਸ਼ੀ ਹਉਮੈ ਦੇ ਕਾਰਨ ਖੁਆਰ ਹੋਏ । ਇਸ ਤਥ ਨੂੰ ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਦੇ ਸ਼ਬਦ ਵਿਚ ਬੜੀ ਵਿਆਖਿਆ ਨਾਲ ਪ੍ਰਗਟ ਕੀਤਾ ਹੈ[5]। ਗੁਰੂ ਅਰਜਨ ਦੇਵ ਨੇ ਅਹੰਕਾਰ ਨੂੰ ਜਨਮ ਮਰਣ ਦਾ ਮੂਲ ਅਤੇ ਪਾਪਾਤਮਾ ਕਿਹਾ ਹੈ[6]। ਅਹੰਕਾਰ ਕਰਨ ਨਾਲ ਸਿਰ ਉਤੇ ਭਾਰ ਚੜ੍ਹਦਾ ਹੈ[7]। ਹਉ ਹਉ ਕਰਨ ਨਾਲ ਜੀਵ ਸਚ ਤੋਂ ਦੂਰ ਹੋ ਜਾਂਦਾ ਹੈ ਕਿਉਂਕਿ ਉਹ ਕੂੜੇ ਪਦਾਰਥਾਂ ਨਾਲ ਨਾਤਾ ਜੋੜਦਾ ਹੈ[8]।

---

੧- ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ (ਮਾਝ ਵਾਰ ਮ:੧ ਪੰ:੧੪੦ )

੨- ਚਿਤ ਚੇਤਸਿ ਕੀ ਨਹੀ ਬਾਵਰਿਆ ਹਰਿ ਬਿਸਰਤ ਤੇਰੇ ਗੁਣ ਗਲਿਆ (ਮਾਰੂ ਮ:੧ ਪੰ: ੯੯੦)

੩- ਹਉਂ ਵਿਚਿ ਸਚਿਆਰੁ ਕੂੜਿਆਰੁ ( ਆਸਾ ਦੀ ਵਾਰ ਮ:੧ ਪੰ: ੪੬੬)

੪- ਹਉਮੈ ਬੂਝੈ ਤਾ ਦਰੁ ਸੂਝੈ । (ਵਾਰ ਆਸਾ ਮ: ੧, ੪੬੬)

੫- ਆਦਿ ਗ੍ਰੰਥ ਪੰ: ੨੨੪-੨੫

੬- ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ (ਸਲੋਕ ਸਹਸ ਕ੍ਰਿਤੀ ਮ: ੫. ਪੰ:੧੩੫੮ )

੭- ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ (ਮ: ੧. ਪੰ: ੯੫੬ )

੮- ਹਉਂ ਹਉਂ ਕਰਤ ਨਹੀ ਸਚੁ ਪਾਈਐ (ਗਉੜੀ ਪੰ: ੨੨੬ )

ਸਾਂਖ ਅਨੁਸਾਰ ਅਹੰਕਾਰ ਮਹਤ ਵਿਚੋਂ ਉਪਜਦਾ ਹੈ ਅਤੇ ਇੰਦਰੇ ਤੇ ਮਨ ਅਹੰਕਾਰ ਵਿਚੋਂ ਪੈਦਾ ਹੁੰਦੇ ਹਨ ।

ਹਉਮੈ ਦੀਰਘ ਰੋਗ ਹੈ , ਪਰ ਜਦੋਂ ਗੁਰਦੇਵ ਦੀ ਕਿਰਪਾ ਹੁੰਦੀ ਹੈ ਤਾਂ ਗੁਰਸ਼ਬਦ ਦੀ ਕਮਾਈ ਨਾਲ ਇਸ ਰੋਗ ਦਾ ਨਾਸ ਹੋ ਜਾਂਦਾ ਹੈ[1]। "ਮੈਂ" ਦਾ ਵਿਚਾਰ ਜੀਵ ਵਿਚ ਅਗਿਆਨਤਾ ਦੇ ਕਾਰਨ ਪੈਦਾ ਹੁੰਦਾ ਹੈ । ਇਸ ਲਈ ਇਹ ਬੰਧਨ ਹੈ ਅਤੇ ਨਰਕ ਦੇ ਸਮਾਨ ਹੈ । ਹਉਮੈ ਵਿਚ ਫਸ ਕੇ ਜੀਵ ਸੰਸਾਰਕ ਵਸਤਾਂ ਦੇ ਮੋਹ ਵਿਚ ਫਸ ਜਾਂਦਾ ਹੈ ਅਤੇ ਪਦਾਰਥਾਂ ਦੇ ਭੋਗਣ ਦੀ ਇਛਾ ਉਤਪੰਨ ਹੁੰਦੀ ਜਿਹੜੀ ਦੁਖ ਦਾ ਕਾਰਨ ਬਣਦੀ ਹੈ ।ਹਉਮੈ ਦੇ ਕਾਰਨ ਹੀ ਜੀਵ ਸ਼ਰੀਰ ,ਮਨ ਅਤੇ ਇੰਦਰਿਆਂ ਦੇ ਬੰਧਨ ਵਿਚ ਪੀੜਿਆ ਰਹਿੰਦਾ ਹੈ ,ਅਤੇ ਜਨਮ ਮਰਨ ਦਾ ਗੇੜ ਨਹੀਂ ਮੁਕਾ ਸਕਦਾ।

**********

---

੧-ਹਉਮੈ ਦੀਰਘ ਰੋਗੁ ਹੈ :------ ਦੁਖ ਜਾਹਿ।(ਵਾਰ ਆਸਾ, ਸਲੋਕ ਮ:੨, ਪੰ:੪੬੬)

****************

## ਤੀਜਾ ਅਧਿਆਇ

****************

### ਜੀਵਾਂ ਦੀ ਉਤਪਤੀ ਅਤੇ ਆਵਾਗਵਣ

([illegible] ਸ੍ਰਿਸ਼ਟੀ ਰਚਨਾ ਤੋਂ ਪਹਿਲਾਂ—ਪ੍ਰਭੂ ਦੇ ਭਾਣੇ ਨਾਲ ਰਚਨਾ ਹੋਈ—ਸੁੰਨ ਪ੍ਰਭੂ ਹੀ ਸਾਰੀ ਰਚਨਾ ਦਾ ਕਾਰਨ ਹੈ—ਰਚਨਾ ਦਾ ਅਮਲ ਵਿਕਾਸ-ਸ਼ੀਲ ਹੈ—ਰਚਨਾ-ਪ੍ਰਕ੍ਰਿਤੀ-ਕੁਦਰਤ—ਮਾਇਆ ਅਤੇ ਕੁਦਰਤ ਸ਼ਕਤੀ ਦੇ ਰੂਪ ਵਿਚ—ਰਚਨਾ ਦਾ ਆਰੰਭ ਅਤੇ ਵਿਕਾਸ—ਚਾਰ ਖਾਣੀਆਂ—ਆਵਾਗਵਣ—ਰਚਨਾ ਦਾ ਆਰੰਭ ਕਦੋਂ ਹੋਇਆ?—ਸ੍ਰਿਸ਼ਟੀ ਦਾ ਪਸਾਰ— ਸਾਡੀ ਧਰਤੀ ਕਰਮ-ਭੂਮੀ ਹੈ—ਮਨੁੱਖ--ਜੀਵਾਤਮਾ ਦੇ ਵਿਕਾਸ ਦਾ ਸਿਖਰ—ਜੀਵਾਤਮਾ ਦਾ ਸਰੂਪ—ਪ੍ਰਵ੍ਰਿਤੀ ਮਾਰਗ ਅਤੇ ਨਿਵ੍ਰਿਤੀ ਮਾਰਗ—ਕਰਮ—ਤਿੰਨ ਪ੍ਰਕਾਰ ਦੇ ਕਰਮ—ਪੁੰਨ ਪਾਪ—ਪਾਪ ਦਾ ਸੰਕਲਪ—ਸ਼ੁਭ ਕਰਮ।)

# ਤੀਜਾ ਅਧਿਆਇ

## ਜੀਵਾਂ ਦੀ ਉਤਪਤੀ ਅਤੇ ਆਵਾਗਵਣ

### ਸ੍ਰਿਸ਼ਟੀ ਰਚਨਾ ਤੋਂ ਪਹਿਲਾਂ

ਜੀਵਾਂ ਦੀ ਰਚਨਾ ਤੋਂ ਪਹਿਲਾਂ ਜਦੋਂ ਅਜੇ ਮਾਦਾ ਜਗਤ ( matter ) ਹੋਂਦ ਵਿਚ ਨਹੀਂ ਸੀ ਆਇਆ , ਉਦੋਂ ਨਿਰਗੁਣ ਬ੍ਰਹਮ ਸੁੰਨ ਸਮਾਧੀ ਵਿਚ ਲੀਨ ਸੀ । ਰਿਗ ਵੇਦ ਦੇ ਨਾਸਦੀਆ ਸੂਕਤ ਵਾਂਗ ਹੀ ਗੁਰੂ ਨਾਨਕ ਦੇਵ ਨੇ ਰਾਗ ਮਾਰੂ ਦੇ ਇਕ ਸੋਲਹੇ ਵਿਚ ਉਸ ਅਵਸਥਾ ਨੂੰ ਵਿਅਕਤ ਕੀਤਾ ਹੈ[1] । ਉਹ ਅਵਸਥਾ ਧੁੰਦੂਕਾਰ ਦੀ ਅਵਸਥਾ ਸੀ । ਸਭ ਪਾਸੇ ਧੁੰਦ ਦੇ ਕਾਰਨ ਅੰਧਕਾਰ ਸੀ । ਕੇਵਲ ਪਾਰਬ੍ਰਹਮ ਪਰਮੇਸ਼ਵਰ ਆਪਣੇ ਆਪੇ ਵਿਚ ਲੀਨ ਸੀ । ਇਹ ਅਵਸਥਾ ਅਰਬਾਂ ਖਰਬਾਂ ਵਰ੍ਹੇ ਰਹੀ । ਨਾ ਤਦੋਂ ਧਰਤੀ ਸੀ ਨਾ ਆਸਮਾਨ , ਨਾ ਦਿਨ ਸੀ ਨਾ ਰਾਤ , ਨਾ ਚੰਦਰਮਾ ਸੀ ਨਾ ਸੂਰਜ, ਨਾ ਖਾਣੀ ਸੀ ਨਾ ਬਾਣੀ , ਨਾ ਪਉਣ ਸੀ ਨਾ ਪਾਣੀ ---ਨਿਰੰਕਾਰ ਬ੍ਰਹਮ ਅਫੁਰ ਸਮਾਧੀ ਵਿਚ ਇਸਥਿਤ ਸੀ।

### ਪ੍ਰਭੂ ਦੇ ਭਾਣੇ ਨਾਲ ਰਚਨਾ ਹੋਈ

ਪ੍ਰਭੂ ਦੇ ਹੁਕਮ ਅਤੇ ਰਜ਼ਾ ਨਾਲ ਜਗਤ ਦੀ ਰਚਨਾ ਹੋਈ । ਨਿਰਗੁਣ ਪ੍ਰਭੂ ਸਰਗੁਣ ਸਰੂਪ ਵਿਚ ਪ੍ਰਗਟ ਹੋਇਆ । ਉਸਦੇ ਇਕ ਕਵਾਉ ( ਕਵਉ= ਕਥਣ = ਸਬਦ= ਹੁਕਮ ) ਨਾਲ ਰਚਨਾ ਦਾ ਪਸਾਰਾ ਸ਼ੁਰੂ ਹੋਇਆ[2] ਅਤੇ ਜ਼ਿੰਦਗੀ ਦੇ ਲਖਾਂ ਦਰਿਆ ਵਹਿ ਤੁਰੇ । ਤ੍ਰੈਗੁਣੀ ਮਾਇਆ ਦੀ ਸ਼ਕਤੀ ਧਾਰਨ ਕਰਕੇ ਪ੍ਰਭੂ ਨੇ ਤਿੰਨ ਤਾਕਤਾਂ ਦਾ ਪ੍ਰਗਟਾਉ ਕੀਤਾ : ਸਿਰਜਨਾ ਸ਼ਕਤੀ , ਜਿਸਨੂੰ ਬ੍ਰਹਮਾ ਦਾ ਨਾਂ ਦਿਤਾ ਗਿਆ ।

---

੧- ਅਰਬਦ ਨਰਬਦ ਧੁੰਧੂਕਾਰਾ ----(ਮਾਰੂ ਸੋਲਹੇ ਪੰ: ੧੦੩੫ )

੨- ਕੀਤਾ ਪਸਾਉ --------( ਜਪੁਜੀ )

ਪ੍ਰਿਤਪਾਲਣ ਸ਼ਕਤੀ , ਜਿਸਨੂੰ ਵਿਸ਼ਨੂੰ[1] ਕਿਹਾ ਗਿਆ , ਸੰਘਾਰਨ ਸ਼ਕਤੀ , ਜਿਸ ਨੂੰ ਸ਼ਿਵਜੀ ਦਾ ਨਾਂ ਦਿਤਾ ਗਿਆ । ਜਿਉਂ ਜਿਉਂ ਰੱਬੀ ਹੁਕਮ ਹੁੰਦਾ ਹੈ , ਤਿਉਂ ਤਿਉਂ ਅਕਾਰ ਹੋਂਦ ਵਿਚ ਆਉਂਦੇ ਹਨ[2] । ਅਕਾਰ ਵਡੇ ਤੋਂ ਵਡੇ ਵੀ ਹਨ ਅਤੇ ਛੋਟੇ ਤੋਂ ਛੋਟੇ ਵੀ । ਕਈ 'ਸਮੁੰਦ ਸਾਹ ਸੁਲਤਾਨ ' ਹਨ ਜਿਨ੍ਹਾਂ ਕੋਲ ' ਗਿਰਹਾ ਸੇਤੀ ਮਾਲ ਧਨ ਹੈ'; ਅਤੇ ਕਈ ਕੀੜੀ ਅਤੇ ਇਸ ਤੋਂ ਨਿਕੇ ਅਕਾਰ ਵੀ ਹਨ ਜਿਨ੍ਹਾਂ ਨੂੰ ਰਚਨਾ ਵਿਚ ਸ਼ੁਮਾਰ ਕੀਤਾ ਜਾਂਦਾ ਹੈ । ਗੁਰਦੇਵ ਦਾ ਫੁਰਮਾਨ ਹੈ :

ਹੁਕਮੀ ਸਭੇ ਉਪਜਹਿ ਹੁਕਮੀ ਕਾਰ ਕਮਾਹਿ ।

( ਸਿਰੀ ਰਾਗ ਮ:੧ ਪੰ: ੫੫ )

ਹੁਕਮੀ ਆਪੇ ਹੀ ਰਚਨਾ ਨੂੰ ਸਾਜ ਕੇ ਖੇ ਕਰਦਾ ਹੈ: --

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ।

ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ । ( ਵਾਰ ਮਲਾਰ ਮ: ੧ ਪੰ: ੧੨੮੯ )

## ਸੁੰਨ ਪ੍ਰਭੁ ਹੀ ਸਾਰੀ ਰਚਨਾ ਦਾ ਕਾਰਨ ਹੈ

ਸੁੰਨ ਸਮਾਧੀ ਵਿਚ ਲੀਨ ਨਿਰਗੁਣ ਬ੍ਰਹਮ ਹੀ ਸਭ ਰਚਨਾ ਅਤੇ ਇਸ ਦੇ ਵਿਕਾਸ ਦਾ ਕਾਰਨ ਹੈ । ਇਸ ਲਈ ਪਾਰਬ੍ਰਹਮ ਦੀ ਸੁੰਨ ( ਸੂਨਯ = ਅਫੁਰ ) ਅਵਸਥਾ ਤੋਂ ਹੀ ਸਾਰੀ ਰਚਨਾ ਵਿਕਸਿਤ ,ਹੋਈ॥ ਗੁਰੂ ਨਾਨਕ ਦੇਵ ਜੀ ਨੇ ਇਸ ਤਥ ਨੂੰ ਮਾਰੂ ਰਾਗ ਦੇ ਇਕ ਸੋਲਹੇ ਰਾਹੀਂ ਬਿਆਨ ਕੀਤਾ ਹੈ । ਉਨ੍ਹਾਂ ਅਨੁਸਾਰ ਪਉਣ ਅਤੇ ਪਾਣੀ ਸੁੰਨ ਤੋਂ ਹੀ ਪ੍ਰਕਾਸ਼ਮਾਨ ਹੋਏ । ਬ੍ਰਹਮਾ , ਵਿਸ਼ਨੂੰ ਅਤੇ ਸ਼ਿਵਜੀ ਵੀ ਸੁੰਨ ਤੋਂ ਪ੍ਰਗਟੇ । ਸੁੰਨ ਤੋਂ ਹੀ ਸਪਤ ਸਾਗਰ ਹੋਂਦ ਵਿਚ ਆਏ । ਚੰਦਰਮਾ , ਸੂਰਜ ਅਤੇ ਗਗਨ ਵੀ ਸੁੰਨ ਨੇ ਹੀ ਸਾਜੇ । ਸੁੰਨ ਤੋਂ ਹੀ ਬ੍ਰਹਿਮੰਡ ਦੀ ਉਤਪਤੀ ਹੋਈ ਅਤੇ ਅੰਤ ਵਿਚ ਸਭ ਕੁਝ ਸੁੰਨ ਵਿਚ ਹੀ ਲੀਨ ਹੋ ਜਾਏਗਾ[3] । ਪੰਜ ਤਤਾਂ ਦ ਆਵੇਸ਼ ਵੀ ਸੁੰਨ ਤੋਂ ਹੋਇਆ ਜਿਨ੍ਹਾਂ ਦੇ ਸੰਜੋਗ ਤੋਂ ਜੀਵਾਂ ਦੀ ਰਚਨਾ ਹੋਈ । ਗੁਰ ਦੇਵ ਦਾ ਫੁਰਮਾਨ ਹੈ:-

---

੧-ਏਕਾ ਮਾਈ ਜੁਗਤਿ ਵਿਆਈ ----(ਜਪੁਜੀ )

੨- ਹੁਕਮੀ ਹੋਵਨਿ ਅਕਾਰ ------( ਓਹੀ )

੩- ਆਦਿ ਗ੍ਰੰਥ ਪੰ: ੧੦੩੭- ੩੮ .

ਪੰਚ ਤਤੁ ਸੁੰਨਹੁ ਪਰਗਾਸਾ ।
ਦੇਹ ਸੰਜੋਗੀ ਕਰਮ ਅਭਿਆਸਾ ।
ਬੁਰਾ ਭਲਾ ਦੁਇ ਮਸਤਕਿ ਲੀਖੇ
ਪਾਪੁ ਪੁੰਨੁ ਬੀਜਾਇਦਾ । (ਮਾਰੂ ਮ: ੧ ਪੰ: ੧੦੩੭-੩੮ )

## ਰਚਨਾ ਦਾ ਅਮਲ ਵਿਕਾਸ -ਸ਼ੀਲ ਹੈ

ਉਪਨਿਸ਼ਦਾਂ , ਪੁਰਾਣਾਂ ਅਤੇ ਸਾਂਖ ਸ਼ਾਸਤਰ ਸਭ ਦਾ ਇਹ ਸਿਧ ਮਤ ਹੈ ਕਿ ਪੰਜ ਤਨਮਾਤਰਾਂ ਵਿਚੋਂ ਪੰਜ ਮਹਾਂ ਭੂਤਾਂ ਦਾ ਜਨਮ ਹੋਇਆ : ਸ਼ਬਦ ਵਿਚੋਂ ਆਕਾਸ਼ ਦਾ , ਸਪਰਸ਼ ਵਿਚੋਂ ਵਾਯੂ ਦਾ , ਰੂਪ ਵਿਚੋਂ ਅਗਨੀ ਦਾ , ਰਸ ਵਿਚੋਂ ਅਪਸ( ਜਲ) ਦਾ ਅਤੇ ਗੰਧ ਵਿਚੋਂ ਪ੍ਰਿਥਵੀ ਦਾ । ਸ਼ਬਦ ਸਭ ਤੋਂ ਮੁਢਲੀ ਤਨਮਾਤਰਾ ਹੈ , ਇਸ ਲਈ ਰਚਨਾ ਦੇ ਵਿਕਾਸ ਵਿਚ ਇਸਦਾ ਪ੍ਰਥਮ ਸਥਾਨ ਹੈ । ਰਚਨਾ ਸ਼ਬਦ ਵਿਚੋਂ ਹੀ ਉਤਪੰਨ ਹੋ ਕੇ ਸ਼ਬਦ ਵਿਚ ਲੀਨ ਹੋ ਜਾਂਦੀ ਹੈ । ਗੁਰੂ ਅਮਰਦਾਸ ਜੀ ਦਾ ਮਹਾਂਵਾਕ ਹੈ :

ਉਤਪਤਿ ਪਰਲਉ ਸਬਦੇ ਹੋਵੈ ।
ਸਬਦੇ ਹੀ ਫਿਰਿ ਓਪਤਿ ਹੋਵੈ ।
( ਮਾਝ ਮ: ੩ ਪੰ: ੧੧੭ )

ਸ਼ਬਦ ਵਿਚੋਂ ਆਕਾਸ਼ ਦੀ ਉਤਪਤੀ ਹੈ । ਆਕਾਸ਼ ਇਸ ਲਈ ਮੁਢਲਾ ਮਹਾਂ ਭੂਤ ਹੈ । ਇਸ ਵਿਚੋਂ ਵਾਯੂ ਦਾ ਨਿਕਾਸ ਹੋਇਆ , ਵਾਯੂ ਵਿਚੋਂ ਅਗਨੀ ਦਾ , ਅਗਨੀ ਵਿਚੋਂ ਪਾਣੀ ਦਾ ਅਤੇ ਪਾਣੀ ਵਿਚੋਂ ਪ੍ਰਿਥਵੀ ਦਾ । ਵਿਕਾਸ ਸ਼ੀਲ ਅਮਲ ਵਿਚ ਕਈ ਯੁਗ ਬੀਤ ਗਏ । ਗੁਰੂ ਨਾਨਕ ਦੇਵ ਨੇ ਉਪਰੋਕਤ ਨਿਕਾਸੀ ਅਮਲ ਨੂੰ ਏਦਾਂ ਪ੍ਰਗਟ ਕੀਤਾ ਹੈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ ।
( ਸਿਰੀ ਰਾਗ ਮ: ੧ ਪੰ: ੧੯

ਇਨ੍ਹਾਂ ਦੋ ਤੁਕਾਂ ਵਿਚ ਰਚਨਾ ਦੇ ਅਮਲ ਨੂੰ ਬਹੁਤ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ । ਏਥੇ ਕੇਵਲ ਤਿੰਨ ਤੱਤਾਂ ਪਉਣ , ਪਾਣੀ ਅਤੇ ਪ੍ਰਿਥਵੀ ਦਾ ਜ਼ਿਕਰ ਹੈ । ਸੰਖੇਪਤਾ ਦੇ ਕਾਰਨ ਸਾਚੇ ( ਪ੍ਰਭੂ) ਅਤੇ ਪਵਨ ਦੇ ਵਿਚਾਲੇ ਆਕਾਸ਼ , ਪਵਣ ਅਤੇ ਜਲ ਦੇ

ਵਿਚਾਲੇ ਅਗਨੀ ਦਾ ਵਰਣਨ ਨਹੀਂ ਕੀਤਾ ਗਿਆ , ਪਰ ਅਸਲ ਵਿਚ ਗੁਰਦੇਵ ਨੇ ਇਨ੍ਹਾਂ ਤੁਕਾਂ ਰਾਹੀਂ ਉਪਨਿਸ਼ਦਾਂ , ਪੁਰਾਣਾਂ ਅਤੇ ਸਾਂਖ ਸ਼ਾਸਤਰ ਦੇ ਪ੍ਰਗਟਾਏ ਰਚਨਾ ਦੇ ਵਿਕਾਸੀ ਅਮਲ ਨੂੰ ਹੀ ਸਾਹਮਣੇ ਰਖਿਆ ਹੈ ।

## ਰਚਨਾ- ਪ੍ਰਕ੍ਰਿਤੀ -ਕੁਦਰਤ

ਭਾਰਤੀ ਦਰਸ਼ਨ ਵਿਚ 'ਪ੍ਰਕ੍ਰਿਤੀ' ਸ਼ਬਦ ਮਾਇਆ ਲਈ ਵਰਤੋਂ ਵਿਚ ਆਉਂਦਾ ਹੈ । ਸਾਂਖ ਸ਼ਾਸਤਰ ਪੁਰਸ਼ ਅਤੇ ਪ੍ਰਕ੍ਰਿਤੀ ਕੇਵਲ ਦੋ ਅਨਾਦੀ ਤੱਤ ਮੰਨਦਾ ਹੈ । ਪ੍ਰਕ੍ਰਿਤੀ ਅਥਵਾ ਮਾਇਆ ਤ੍ਰੈਗੁਣੀ ਹੈ । ਜਦੋਂ ਤਕ ਰਜੋ, ਸਤੋ, ਤਮੋ ਇਕ ਸੰਤੁਲਨ ਵਿਚ ਹੁੰਦੇ ਹਨ , ਸੰਸਾਰ ਦੀ ਰਚਨਾ ਨਹੀਂ ਹੁੰਦੀ । ਜਦੋਂ ਇਹ ਸੰਤੁਲਨ ਟੁਟ ਜਾਂਦਾ ਹੈ , ਭਾਂਤ ਭਾਂਤ ਦੀ ਰਚਨਾ ਦ੍ਰਿਸ਼ਟਮਾਨ ਹੋ ਜਾਂਦੀ ਹੈ । ਇਸ ਲਈ ਤਿੰਨ ਗੁਣਾਂ ਵਿਚ ਖੇਡਦੀ ਸਾਰੀ ਰਚਨਾ ਪ੍ਰਕ੍ਰਿਤੀ ਅਥਵਾ ਮਾਇਆ ਹੈ । ਅਰਬੀ ਦਾ ਸ਼ਬਦ ਕੁਦਰਤ ਪ੍ਰਕ੍ਰਿਤੀ ਦੇ ਸਮ-ਅਰਥਕ ਤੌਰ ਤੇ ਵਰਤਿਆ ਗਿਆ ਹੈ । ਗੁਰੂ ਨਾਨਕ ਦੇਵ ਜੀ ਨੇ 'ਪ੍ਰਕ੍ਰਿਤੀ' ਸ਼ਬਦ ਦਾ ਪ੍ਰਯੋਗ ਨਹੀਂ ਕੀਤਾ । ਉਨ੍ਹਾਂ ਨੇ ਮਾਇਆ ਅਤੇ ਕੁਦਰਤ ਦੇ ਸ਼ਬਦ ਵਰਤੇ ਹਨ । ਆਸਾ ਦੀ ਵਾਰ ਵਿਚ ਉਨ੍ਹਾਂ ਦਾ ਕੁਦਰਤ ਚਿਤਰ ਇਸ ਪ੍ਰਕਾਰ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ।
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ।
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨ ।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ।

( ਵਾਰ ਆਸਾ ਮ: ੧ ਪੰ: ੪੬੪ )

ਕਾਦਿਰ ਦੀ ਕੁਦਰਤਿ ਬਹੁਰੰਗੀ ਹੈ । ਇਹਦੇ ਵਿਚ ਸਭ 'ਜੀਅ ਜਹਾਨ ' ਸ਼ਾਮਲ ਹਨ । 'ਬਲਿਹਾਰੀ ਕੁਦਰਤਿ ਵਸਿਆ ' ( ਵਾਰ ਆਸਾ ਮ: ੧ ਪੰ: ੪੬੯ ) ਕਹਿਕੇ ਗੁਰਦੇਵ ਸਰਬ-ਵਿਆਪਕ ਕਾਦਰ ਅਤੇ ਉਸਦੀ ਬਹੁਰੰਗੀ ਕੁਦਰਤ ਦੋਹਾਂ ਨੂੰ ਦ੍ਰਿਸ਼ਟੀ ਵਿਚ ਲਿਆਉਂਦੇ ਹਨ ।

## ਮਾਇਆ ਅਤੇ ਕੁਦਰਤ ਸ਼ਕਤੀ ਦੇ ਰੂਪ ਵਿਚ

ਕੁਦਰਤ ਦੇ ਸ਼ਾਬਦਿਕ ਅਰਥ ਸ਼ਕਤੀ ਹਨ ਅਤੇ ਮਾਇਆ ਨੂੰ ਭਾਰਤੀ ਦਰਸ਼ਨ ਵਿਚ ਪ੍ਰਭੂ ਦੀ ਸ਼ਕਤੀ ਮੰਨਿਆ ਗਿਆ ਹੈ । ਜਦੋਂ ਬ੍ਰਹਮ ਇਸ ਸ਼ਕਤੀ ਨਾਲ ਸਬੰਧਤ ਹੁੰਦਾ ਹੈ ਤਾਂ ਉਸਦੀਆਂ ਤਿੰਨ ਪ੍ਰਮੁਖ ਕ੍ਰਿਆਵਾਂ ਦਾ ਪ੍ਰਗਟਾਵਾ ਹੁੰਦਾ ਹੈ : ਸਿਰਜਣ ਪ੍ਰਕ੍ਰਿਆ ,ਪ੍ਰਤਿਪਾਲਣ ਪ੍ਰਕ੍ਰਿਆ ਅਤੇ ਸੰਘਾਰਣ ਪ੍ਰਕਿਆ । ਮਗਰੋਂ ਇਨ੍ਹਾਂ ਕਿਆਵਾਂ ਦਾ ਦੈਵ-ਕਰਨ ਹੋਇਆ । ਇਸ ਸਬੰਧੀ ਪਹਿਲੇ ਜ਼ਿਕਰ ਕੀਤਾ ਜਾ ਚੁਕਾ ਹੈ।

## ਰਚਨਾ ਦਾ ਅਰੰਭ ਅਤੇ ਵਿਕਾਸ

ਅਰਬਾਂ ਖਰਬਾਂ ਵਰ੍ਹੇ ਸਭ ਪਾਸੇ ਧੁੰਦਾਂ ਛਾਈਆਂ ਰਹੀਆਂ । ਜਦੋਂ ਧੁੰਦਾਂ ਹਟੀਆਂ ਤਾਂ ਈਥਰ ( ਆਕਾਸ਼ ) ਵਿਚੋਂ ਪਉਣਾਂ ਪ੍ਰਗਟ ਹੋਈਆਂ ਜਿਨ੍ਹਾਂ ਨੇ ਗੈਸਾਂ ਦਾ ਰੂਪ ਧਾਰਨ ਕੀਤਾ ।ਇਨ੍ਹਾਂ ਗੈਸਾਂ ਵਿਚੋਂ ਪਾਣੀ ਪ੍ਰਗਟ ਹੋਇਆ ਜਿਸ ਵਿਚੋਂ ਮਗਰੋਂ ਪ੍ਰਿਥਵੀ ਨੇ ਉਭਾਰ ਖਾਧਾ । ' ਜਲਤੇ ਤ੍ਰਿਭਵਣ ਸਾਜਿਆ ' ਕਹਿਕੇ ਗੁਰਦੇਵ ਨੇ ਰਚਨਾ ਦੇ ਵਿਕਾਸ਼ ਵਿਚ ਪਾਣੀ ਦਾ ਮਹਤਵ ਨਿਰੂਪਨ ਕੀਤਾ ।ਧਰਤੀ ਨੂੰ ਉਨ੍ਹਾਂ ਨੇ ਮਾਤਾ ਕਿਹਾ ਹੈ ਅਤੇ ਪਾਣੀ ਨੂੰ ਪਿਤਾ[੧] । ਇਨ੍ਹਾਂ ਦੋਹਾਂ ਦੇ ਸੁਮੇਲ ਤੋਂ ਰਚਨਾ ਦਾ ਕਾਰਜ ਤੁਰਦਾ ਹੈ । ਤੈਤਰੀਯ ਉਪਨਿਸ਼ਦ ( ੧, ੨੮ )ਵਿਚ ਲਿਖਿਆ ਹੈ:" ਪ੍ਰਿਥਵੀ ਅਤੇ ਇਸ ਵਿਚਲੀ ਸਾਰੀ ਸਮਿਗਰੀ ਨੇ ਪਾਣੀ ਵਿਚੋਂ ਜਨਮ ਲਿਆ ਹੈ "। ਗੀਤਾ ਜੀ (੧੫.੧੮) ਵਿਚ ਸ੍ਰੀ ਕ੍ਰਿਸ਼ਨ ਜੀ ਦਾ ਫੁਰਮਾਨ ਹੈ :" ਮੈਂ ਹੀ ਧਰਤੀ ਵਿਚਾਲੇ ਪਾਣੀ ਦੇ ਰੂਪ ਵਿਚ ਸਾਰੇ ਪੌਦਿਆਂ ਨੂੰ ਜਿੰਦ ਬਖਸ਼ਦਾ ਹਾਂ ਅਤੇ ਉਨ੍ਹਾਂ ਦੇ ਵਧਣ ਫੁਲਣ ਵਿਚ ਸਹਾਇਕ ਹੁੰਦਾ ਹਾਂ ।" ਗੁਰਦੇਵ ਨੇ ਵੀ ਇਸ ਵਿਚਾਰ ਨੂੰ ਏਦਾਂ ਪ੍ਰਗਟ ਕੀਤਾ ਹੈ:

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।

( ਵਾਰ ਆਸਾ ਮ: ੧ ਪੰ: ੪੭੨ )

ਪਾਣੀ ਪਿਤਾ ਜਗਤ ਕਾ --------( ਵਾਰ ਸਾਰੰਗ ਸਲੋਕ ਮ: ੧ ਪੰ: ੧੨੪੦ )

---

੧- ਪਾਣੀ ਪਿਤਾ ਮਾਤਾ ਧਰਤਿ ਮਹਤੁ ------(ਸਲੋਕ ਜਪੁਜੀ )

ਗੁਰਦੇਵ ਅਨੁਸਾਰ ਜੀਵਾਂ ਦੇ ਜੀਵਨ ਦੀ ਜੁਗਤੀ ਪਾਣੀ ਵਿਚ ਸਮਾਈ ਹੋਈ ਹੈ । ਉਨ੍ਹਾਂ ਦਾ ਬਚਨ ਹੈ:

ਵੁਠੇ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ।

( ਵਾਰ ਮਾਝ ਸਲੋਕ ਮ:੧ ਪੰ: ੧੫੦ )

ਮੀਂਹ ਵਸਣ ਨਾਲ ਸਭ ਪਾਸੇ ਅਨੰਦ ਹੁੰਦਾ ਹੈ ।ਮੀਂਹ ਵਸਣ ਨਾਲ ਹੀ ਅੰਨ , ਕਮਾਦ ਅਤੇ ਕਪਾਹ ਦੀ ਉਪਜ ਹੁੰਦੀ ਹੈ । ਮੀਂਹ ਵਸਣ ਨਾਲ ਹੀ ਘਾਹ ਪੈਦਾ ਹੁੰਦਾ ਹੈ ਜਿਸਨੂੰ ਚਰ ਕੇ ਗਊਆਂ ਦੁਧ ਦੇਂਦੀਆਂ ਹਨ । ਦੁਧ ਤੋਂ ਘਿਉ ਬਣਦਾ ਹੈ ਜਿਸ ਨਾਲ ਹਵਨ ਅਤੇ ਯਗਾਂ ਵਰਗੇ ਕਾਰਜ ਸੋਭਦੇ ਹਨ[੧] । ਸਭ ਜਾਨਦਾਰ ਅਤੇ ਬੇਜਾਨ ਚੀਜ਼ਾਂ ਦਾ ਜਨਮ ਪਾਣੀ ਵਿਚੋਂ ਹੁੰਦਾ ਹੈ । ਭਾਰਤੀ ਮਿਥਿਹਾਸ ਵਿਚ ਵਰਣਨ ਕੀਤੇ ਦਸ ਅਵਤਾਰਾਂ ਵਿਚੋਂ ਪਹਿਲੇ ਦੋ ਅਵਤਾਰ ਮਛ ਅਤੇ ਕਛ ਪਾਣੀ ਨਾਲ ਹੀ ਸੰਬੰਧਤ ਹਨ , ਵੇਦਾਂਤ ਅਨੁਸਾਰ ਪ੍ਰਿਥਵੀ ਦਾ ਜਨਮ ਪਾਣੀ ਵਿਚੋਂ ਹੋਇਆ ਹੈ[੨] । ਰਿਗਵੇਦ ਵਿਚ ਵੀ ਲਿਖਿਆ ਹੈ ਕਿ ਅਰੰਭ ਵਿਚ ਪ੍ਰਿਥਵੀ ਪਾਣੀ ਨਾਲ ਢਕੀ ਹੋਈ ਸੀ[੨] । ਪਾਣੀ ਨੂੰ ਹੀ ਪਰਜਾਪਤੀ ਬ੍ਰਹਮ ਦਾ ਸ੍ਰੋਤ ਕਿਹਾ ਗਿਆ ਹੈ[੩] ।

ਸਭ ਤੋਂ ਪਹਿਲੇ ਪਾਣੀ ਵਿਚ ਪੌਦੇ ਉਗੇ , ਅਤੇ ਫਿਰ ਇਨ੍ਹਾਂ ਪੌਦਿਆਂ ਵਿਚ ਹੀ ਕੀੜੇ ਮਕੌੜੇ ਪੈਦਾ ਹੋਣੇ ਸ਼ੁਰੂ ਹੋਏ । ਸੰਸਾਰ ਪ੍ਰਸਿਧ ਵਿਗਿਆਨੀ ਸਰ ਜਗਦੀਸ਼ ਚੰਦਰ ਬੋਸ ਨੇ ਇਹ ਸਾਬਤ ਕੀਤਾ ਕਿ ਪੌਦਿਆਂ ਵਿਚ ਵੀ ਜੀਵਨ ਹੈ । ਜਾਨਦਾਰ ਪੌਦਿਆਂ ਨੇ ਹੀ ਅਗੋਂ ਹੋਰ ਜੀਵਾਂ ਨੂੰ ਜਨਮ ਦਿਤਾ । ਰੁਖਾਂ , ਪੌਦਿਆਂ , ਝਾੜੀਆਂ , ਵੇਲਾਂ ਅਤੇ ਪਸ਼ੂ ਸ੍ਰੋਤਾਂ ---ਸਾਰਿਆਂ ਵਿਚ ਹੀ ਵਡੇਰੀ ਗਿਣਤੀ ਵਿਚ ਜਾਨਦਾਰ ਸੈਲ (ਘੁਰੇ ) ਹਨ । ਇਹ ਇਕ ਵਿਗਿਆਨਕ ਸਚਾਈ ਹੈ । ਜਾਨਦਾਰ ਸ੍ਰੋਤ ਦੇ ਹਰ ਸੈਲ ( ਘੁਰੇ ) ਵਿਚ ਵਖਰੀ ਜਾਨ ਹੈ । ਕਿਸੇ ਸ੍ਰੋਤ ਵਿਚ ਇਨ੍ਹਾਂ ਸੈਲਾਂ ਦੇ ਜੋੜ ਨੂੰ ਹੀ ਪਿੰਡ ਕਿਹਾ ਜਾਂਦਾ ਹੈ ਅਤੇ ਸਮੁਚੇ ਜੀਵਾਂ ਦੇ ਜੋੜ ਨੂੰ ਬ੍ਰਹਿਮੰਡ ।

---

੧- ਆਦਿ ਗ੍ਰੰਥ ਪੰਨਾ ੧੫੦

੨- **As quoted in <u>The Quest of the Infinite</u> by Kaviraja A.P.Roy, I Edition, Page 85.**

੩- ਬ੍ਰਿਹਦਰਣਯਕ ਉਪਨਿਸ਼ਦ ੧.੫.੧੩ .

ਵਿਸ਼ਾਲ ਬ੍ਰਹਿਮੰਡ ਵਿਚ ਜ਼ਿੰਦਗੀ ਸਭ ਪਾਸੇ ਪਸਰੀ ਹੋਈ ਹੈ ਅਤੇ ਇਸ ਨੇ ਸਮੇ ਸਮੇ ਸਥਾਨਕ ਲੋੜਾਂ ਅਨੁਸਾਰ ਭਿੰਨ ਭਿੰਨ ਰੂਪ ਧਾਰਨ ਕੀਤੇ ਹਨ । ਗੁਰਦੇਵ ਨੇ ਬਿਰਖਾਂ ਵਿਚ ਜੀਵਨ ਮੰਨਿਆ ਹੈ । ਉਨ੍ਹਾਂ ਨੇ ਸਮੁਚੀ ਜ਼ਿੰਦਗੀ ਦਾ ਚਿਤਰ ਏਦਾਂ ਖਿਚਿਆ ਹੈ:

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ।

ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ।
ਅੰਡਜ ਜੇਰਜ ਉਤਭੁਜ ਖਾਣੀ ਸੇਤਜਾਂਹ ।
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ।
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ।

( ਵਾਰ ਆਸਾ ਸਲੋਕ ਮ: ੧ ਪੰ: ੪੬੭ )

<u>ਚਾਰ ਖਾਣੀਆਂ</u>

ਉਤਭੁਜ ਖਾਣੀ ( ਜਿਸ ਵਿਚ ਸਾਰੀ ਬਨਸਪਤੀ ਸ਼ਾਮਲ ਹੈ ) ਦੇ ਜਾਨਦਾਰ ਸੈਲਾਂ ( ਘੁਰਿਆਂ ,ਖੋਲੀਆਂ ) ਨੇ ਕਈ ਅਵਸਥਾਵਾਂ ਵਿਚੋਂ ਲੰਘਦਿਆਂ ਪਸ਼ੂ ਜੀਵਨ ਦਾ ਰੂਪ ਧਾਰਨ ਕੀਤਾ ਅਤੇ ਫ਼ਿਰ ਮਨੁੱਖੀ ਜੀਵਨ ਵਿਚ ਪ੍ਰਗਟ ਹੋਏ । ਜਾਨਦਾਰ ਘੁਰਿਆਂ ਵਿਚ ਵਗਦੀ ਜੀਵਨ -ਰੌ ਕਈਂ ਜੁਗਾਂ ਬਾਣੀ ਲੰਘਦੀ ਮਾਨਵ ਜੀਵਨ ਤਕ ਪੁੱਜੀ ਹੈ ,ਜੋ ਬ੍ਰਹਮ ਵਰਗਾ ਇਕ ਪੂਰਨ ਸਰੂਪ ਹੈ । ਇਸ ਦਾ ਭਾਵ ਇਹ ਹੋਇਆ ਕਿ ਉਤਭੁਜ ਖਾਣੀ ਵਿਚੋਂ ਅੰਡਜ, ਜੇਰਜ , ਅਤੇ ਸੇਤਜ, ਖਾਣੀਆਂ ਵਿਕਸਿਤ ਹੋਈਆਂ ਅਤੇ ਸਭ ਦੀ ਬੁਨਿਆਦ ਜਲ ਹੈ । ਭਾਰਤੀ ਦਰਸ਼ਨ ਅਨੁਸਾਰ ਚਉਰਾਸੀ ਲਖ ਜੂਨਾਂ ਵਿਚੋਂ ਮਨੁਖ ਨੂੰ ਸਰਦਾਰੀ ਪ੍ਰਾਪਤ ਹੈ । ਪੰਜਵੇਂ ਗੁਰਦੇਵ ਵੀ ਇਹੋ ਕਹਿੰਦੇ ਹਨ:--

ਲਖ ਚਉਰਾਸੀਹ ਜੋਨਿ ਸਬਾਈ । ਮਾਣਸ ਕਉ ਪ੍ਰਭਿ ਦੀਈ ਵਡਿਆਈ ।
ਇਸ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ।

( ਮਾਰੂ ਸੋਲਹੇ ਮ: ੪ ਪੰ: ੧੦੨੫ )

ਉਨ੍ਹਾਂ ਨੇ ਜੀਵ ਦੇ ਅਣਗਿਣਤ ਜਨਮਾਂ ਦਾ ਜ਼ਿਕਰ ਕਰਦਿਆਂ ਇਹ ਫ਼ੁਰਮਾਇਆ ਹੈ[1] ਕਿ ਜੀਵ ਕਈ ਜਨਮ ਪਹਾੜ ਦਾ ਪਥਰ ਬਣਿਆ (Mineral - ਖਣਿਜ ਪਦਾਰਥ), ਕਈ ਜਨਮ

---

੧- ਆਦਿ ਗ੍ਰੰਥ , ਗਉੜੀ ਗੁਆਰੇਰੀ ਮ: ੫ ਪੰ: ੧੭੬ )

ਰੁਖ ਬਿਰਖ ਬਣਿਆ (vegetable- ਬਨਾਸਪਤੀ) , ਕਈ ਜਨਮ ਕੀਟ ਪਤੰਗਾ ( insects ) ਹੋਇਆ , ਕਈ ਜਨਮ ਹਾਥੀ , ਮਛੀ ਅਤੇ ਹਿਰਨ ਬਣਿਆ (animals and fish ) , ਕਈ ਜਨਮ ਪੰਛੀ ਅਤੇ ਸਰਪ ਦੀ ਜੂਨ ਵਿਚ ਪਿਆ (birds and crawlong creatures) , ਕਈ ਜਨਮ ਘੋੜੇ ਅਤੇ ਬਲਦ ਵਾਂਗ ਜੁਤਿਆ ( domestic animals) , --ਇਹ ਜੀਵਿਤ ਸ੍ਰੋਤ ਬੜੇ ਚਿਰਾਂ ਤੋਂ ਹੋਂਦ ਵਿਚ ਆਇਆ ਹੈ[1] । ਇਸ ਵਿਚਾਰ ਵਿਚ ਜੁਗਾਂ ਜੁਗਾਂ ਵਿਚ ਚਲਦੀ ਜੀਵਨ -ਰੌ ਦਾ ਵਿਕਾਸ ਦਰਸਾਇਆ ਗਿਆ ।

ਜੀਵਨ-ਤੱਤ ( protoplasm ) ਸਭ ਤੋਂ ਪਹਿਲਾਂ ਰੀੜ ਦੀ ਹੱਡੀ ਤੋਂ ਬਿਨਾ ਨਰਮ ਮਾਸ ਵਾਲੇ ਜੀਵ ਦੇ ਰੂਪ ਵਿਚ ਪ੍ਰਗਟ ਹੋਇਆ ਦਸਿਆ ਜਾਂਦਾ ਹੈ । ਜੀਵ-ਤੱਤ ਸ਼ੁਰੂ ਵਿਚ ਕਈ ਪ੍ਰਕਾਰ ਦੇ ਸਮੁੰਦਰੀ ਜੀਵਾਂ ਦੇ ਰੂਪ ਵਿਚ ਪ੍ਰਗਟ ਹੋਇਆ । ਰਮਿਆ ਜਦੋਂ ਸਮੁੰਦਰ ਵਿਚੋਂ ਧਰਤੀ ਨੇ ਉਭਾਰ ਖਾਧਾ , ਤਾਂ ਸਭ ਤੋਂ ਪਹਿਲੇ ਜਲ-ਥਲੀਏ ਜੀਵਾਂ ਨੇ ਧਰਤੀ ਉਤੇ ਰੀਂਗਣਾ ਅਤੇ ਵਿਚਰਨ ਅਰੰਭਿਆ । ਕਛੂਆ ਇਨ੍ਹਾਂ ਵਿਚੋਂ ਇਕ ਸੀ । ਚਮਗਿਦੜਾਂ ਵਰਗੇ ਜੀਵ ਹਵਾ ਵਿਚ ਉਡਣ ਲਗੇ । ਫਿਰ ਗਿਦੜ, ਸੂਰ , ਸ਼ੇਰ , ਹਾਥੀ ਦੇ ਸਰੂਪ ਵਿਚ ਜੀਵ ਧਰਤੀ ਨੂੰ ਗਾਹਣ ਲਗੇ , ਵਡੇ ਵਡੇ ਨਾਗ ਰੀਂਗਣ ਲਗੇ ਅਤੇ ਸ਼ੁਤਰ ਮੁਰਗ ਵਰਗੇ ਪੰਛੀ ਹੋਂਦ ਵਿਚ ਆਏ । ਭਾਰਤੀ ਮਿਥਿਹਾਸ ਵਿਚ ਇਸ ਸਮੇਂ ਦਾ ਅਵਤਾਰ ਵਰਾਹ ( ਸੂਰ ) ਅਵਤਾਰ ਸੀ । ਫਿਰ ਨਰਸਿੰਘ ਅਵਤਾਰ ਵਰਗਾ ਅਰਧ ਮਨੁਖ ਅਤੇ ਅਰਧ ਪਸ਼ੂ ਧਰਤੀ ਉਤੇ ਤੁਰਨ ਫਿਰਨ ਲਗਾ । ਇਸ ਤੋਂ ਮਗਰੋਂ ਮਾਨਵ ਜਾਤੀ ਪ੍ਰਗਟ ਹੋਈ। ਗੁਰਦੇਵ ਨੇ ਜੀਵਾਂ ਦੇ ਵਿਕਾਸ ਨੂੰ ਅਤੇ ਉਸ ਦੇ ਕਈ ਸਰੂਪਾਂ ਨੂੰ ਏਦਾਂ ਪ੍ਰਗਟ ਕੀਤਾ ਹੈ :

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ।
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ।

( ਗਉੜੀ ਚੇਤੀ ਮ:੧ ਪੰ: ੧੫੬ )

ਛੋਟੇ ਤੋਂ ਛੋਟੇ ਅਤੇ ਵਡੇ ਤੋਂ ਵਡੇ ਅਕਾਰ ਵਾਲੇ ਜੀਵ ਵਿਚ ਵਧ ਜਾਂ ਘਟ ਚੇਤੰਨਤਾ ਅਤੇ ਸਮਝ ਵਿਖਾਈ ਦਿੰਦੀ ਹੈ ਜਿਸ ਨਾਲ ਉਹ ਆਪਣੇ ਕਰਮ ਖੇਤਰ ਵਿਚ ਕ੍ਰਿਆ ਸਾਧਦਾ ਹੈ । ਇਸ ਚੇਤੰਨਤਾ ਅਤੇ ਸਮਝ ਨੂੰ ਭਾਰਤੀ ਦਰਸ਼ਨ ਵਿਚ ' ਮਹਤ ' ਦਾ ਨਾਂ ਦਿਤਾ ਗਿਆ ਹੈ । ਸਾਂਖ ਮਤ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੇ ਮੇਲ ਤੋਂ ਮਹਤ ਦਾ ਜਨਮ ਹੁੰਦਾ ਹੈ । ਗੁਰਦੇਵ ਨੇ ਜਪੁਜੀ ਦੇ ਅਖੀਰਲੇ ਸਲੋਕ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ । ਉਨ੍ਹਾਂ ਅਨੁਸਾਰ

---

੧- ਆਦਿ ਗ੍ਰੰਥ , ਗਉੜੀ ਗੁਆਰੇਰੀ ਮ: ੫ ,ਪੰ: ੧੭੬ .

ਪਉਣ[1], ਪਾਣੀ , ਧਰਤੀ ਅਤੇ ਮਹਤ ਦੇ ਸੁਮੇਲ ਨਾਲ ਜੀਵਿਤ ਸੰਸਾਰ ਦੀ ਖੇਡ ਸ਼ੁਰੂ ਹੋਈ । ਆਵਾਗਵਣ ਦਾ ਚਕਰ ਚਲ ਪਿਆ । ਕਈ ਜੂਨੀਆਂ ਥਾਣੀ ਜੀਵ ਦਾ ਵਿਕਾਸ ਹੋਇਆ ।

## ਆਵਾਗਵਣ

ਆਪਣੀ ਕਰਮ ਕਿਰਤ ਦੇ ਕਾਰਨ ਜੀਵ ਨੂੰ ਕਈ ਜੂਨਾਂ ਧਾਰਨ ਕਰਨੀਆਂ ਪਈਆਂ । ਇਨ੍ਹਾਂ ਜੂਨਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ : ਅਸਥਾਵਰ ਅਤੇ ਜੰਗਮ । ਅਸਥਾਵਰ ਉਹ ਜੂਨਾਂ ਹਨ ਜੋ ਤੁਰ ਫਿਰ ਨਹੀਂ ਸਕਦੀਆਂ , ਪਰ ਉਨ੍ਹਾਂ ਵਿਚ ਜੀਵ-ਤੱਤ ਹੈ ਜਿਵੇਂ ਰੁਖ ਬਿਰਖ । ਜੰਗਮ ਤੁਰਨ ਫਿਰਨ ਵਾਲੀਆਂ ਜੂਨਾਂ ਨੂੰ ਕਿਹਾ ਜਾਂਦਾ ਹੈ । ਭਗਤ ਕਬੀਰ ਨੇ ਇਨ੍ਹਾਂ ਦੋਹਾਂ ਜੂਨ-ਸ਼੍ਰੇਣੀਆਂ ਵਲ ਇਸ਼ਾਰਾ ਕੀਤਾ ਹੈ । ਉਨ੍ਹਾਂ ਦਾ ਬਚਨ ਹੈ :-

ਅਸਥਾਵਰ ਜੰਗਮ ਕੀਟ ਪਤੰਗਾ ।
ਅਨਿਕ ਜਨਮ ਕੀਏ ਬਹੁ ਰੰਗਾ ।੧।
ਐਸੇ ਘਰ ਹਮ ਬਹੁਤੁ ਬਸਾਏ ।
ਜਬ ਹਮ ਰਾਮ ਗਰਭ ਹੋਇ ਆਏ ।੧। ਰਹਾਉ ।

( ਗਉੜੀ ਕਬੀਰ ਜੀ ਪੰ: ੩੨੫ - ੨੬ )

ਗੁਰੂ ਨਾਨਕ ਦੇਵ ਜੀ ਨੇ ਏਸੇ ਵਿਚਾਰ ਨੂੰ ਏਦਾਂ ਪ੍ਰਗਟ ਕੀਤਾ ਹੈ:

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ । ਜੀਵਿ ਜੀਵਿ ਮੁਏ ਮੁਏ ਜੀਵੇ ।
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ।
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ।
ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ।

( ਵਾਰ ਸਾਰੰਗ ਸਲੋਕ ਮ: ੧ ਪੰ: ੧੨੩੮ )

ਇਹ ਜੂਨਾਂ ਤਾਂ ਹਰਹਟ ਦੀਆਂ ਟਿੰਡਾਂ ਵਾਂਗੂੰ ਹਨ । ਜਦੋਂ ਇਕ ਖਤਮ ਹੁੰਦੀ ਹੈ ਤਾਂ ਦੂਜੀ ਤਿਆਰ ਹੁੰਦੀ ਹੈ । ਗੁਰਦੇਵ ਕਹਿੰਦੇ ਹਨ:

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ
ਇਕ ਸਖਨੀ ਹੋਰ ਫੇਰ ਭਰੀਅਤ ਹੈ ।
ਤੈਸੇ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ (ਪ੍ਰਭਾਤੀ ਮ:੧ ਪੰ: ੧੩੨੯)

---

੧-ਪਉਣੁ ਗੁਰੂ---ਖੇਲੈ ਸਗਲ ਜਗਤੁ। (ਜਪੁਜੀ)

ਰਚਨਾ ਦਾ ਆਰੰਭ ਕਦੋਂ ਹੋਇਆ

ਹਿੰਦੂ ਸ਼ਾਸਤਰਾਂ ਵਿਚ ਜੁਗਾਂ ਦੀਆਂ ਚਉਕੜੀਆਂ ਅਤੇ ਕਲਪਾਂ ਦੇ ਹਿਸਾਬ ਲਗਾ ਕੇ ਰਚਨਾ ਦੀ ਆਰੰਭ ਮਿਥਿਆ ਗਿਆ। ਕਈ ਧਰਮਾਂ ਨੇ ਵੀ ਇਸ ਸਬੰਧੀ ਵਿਚਾਰ ਪ੍ਰਗਟ ਕੀਤੇ । ਵਿਗਿਆਨੀਆਂ ਨੇ ਵੀ ਕਈ ਪ੍ਰਕਾਰ ਦੇ ਅੰਦਾਜ਼ੇ ਅੰਕਿਤ ਕੀਤੇ ਹਨ , ਪਰ ਗੁਰੂ ਨਾਨਕ ਦੇਵ ਨੇ ਇਨ੍ਹਾਂ ਸਭ ਅੰਦਾਜ਼ਿਆਂ ਦਾ ਖੰਡਨ ਕੀਤਾ ਹੈ । ਉਨ੍ਹਾਂ ਅਨੁਸਾਰ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤ ਕਵਣੁ ਵਾਰੁ ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ।

( ਜਪੁਜੀ ਪੰ: ੪ )

ਜਿਸ ਪ੍ਰਭੂ ਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ , ਉਹ ਹੀ ਇਸਦੇ ਆਰੰਭ ਨੂੰ ਜਾਣਦਾ ਹੈ । ਇਸ ਸਬੰਧੀ ਸਭ ਕਥਨੀਆਂ ਕੇਵਲ ਅੰਦਾਜ਼ੇ ਹੀ ਹਨ ।

ਸ੍ਰਿਸ਼ਟੀ ਦਾ ਪਸਾਰ

ਪਉਣ , ਪਾਣੀ , ਅਗਨੀ ਆਦਿ ਤੱਤਾਂ ਦਾ ਸੁਮੇਲ ਕਰਕੇ ਪ੍ਰਭੂ ਨੇ ਰਚਨਾ ਦਾ ਆਰੰਭ ਕੀਤਾ[੧] । ਖੰਡਾਂ , ਬ੍ਰਹਿਮੰਡਾਂ ਅਤੇ ਪਾਤਾਲਾਂ ਦੀ ਸਿਰਜਣਾ ਦਾ ਮੁਢ ਬੱਧਾ[੨] । ਲਖਾਂ ਹੀ ਆਕਾਸ਼ ਅਤੇ ਪਾਤਾਲ ਸਿਰਜੇ ਗਏ[੩] । ਕਰੋੜਾਂ ਹੀ ਖਾਣੀਆਂ ਅਤੇ ਅਤੇ ਖੰਡਾਂ ਦੀ ਰਚਨਾ ਹੋਈ[੪] । ਪਰ ਇਸ ਗਿਣਤੀ ਵਿਚ ਪੈਣਾ ਵੀ ਠੀਕ ਨਹੀਂ ਕਿਉਂਕਿ

---

੧- ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ( ਆਸਾ ਮ: ੧ ਪੰ: ੩੫੦

੨- ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ (ਮਾਰੂ ਮ: ੧ ਪੰ: ੧੦੩੬

੩- ਪਾਤਾਲਾ ਪਾਤਾਲ ਲਖ ਆਗਾਸਾ ਆਗਾਸ । ( ਜਪੁਜੀ )

੪- ਕਈ ਕੋਟ ਖਾਣੀ ਅਰੁ ਖੰਡ ( ਸੁਖਮਨੀ )

ਪ੍ਰਭੂ ਦੀ ਰਚਨਾ ਦਾ ਕੋਈ ਸ਼ੁਮਾਰ ਨਹੀਂ । ਗੁਰਦੇਵ ਦਾ ਆਪਣਾ ਬਚਨ ਹੈ:

ਜੇ ਕੋ ਕਹੈ ਕਰੈ ਵੀਚਾਰੁ ।
ਕਰਤੇ ਕੇ ਕਰਣੇ ਨਾਹਿ ਸੁਮਾਰੁ ।

ਅਣਗਿਣਤ ਹੀ ਅਜਿਹੇ ਲੋਕ ਹਨ , ਜਿਨ੍ਹਾਂ ਤਕ ਸਾਡੀ ਸੀਮਤਾ ਨਹੀਂ [1] । ਪ੍ਰਭੂ ਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ । ਗੁਰੂ ਸਾਹਿਬ ਨੇ ਇਸ ਤੱਥ ਨੂੰ ਇਉਂ ਸਪਸ਼ਟ ਕੀਤਾ ਹੈ :

ਅੰਤ ਨ ਜਾਪੈ ਕੀਤਾ ਆਕਾਰੁ
ਅੰਤੁ ਨ ਜਾਪੈ ਪਾਰਾਵਾਰੁ
ਅੰਤ ਕਾਰਣਿ ਕੇਤੇ ਬਿਲਲਾਹਿ ।
ਤਾਕੇ ਅੰਤੁ ਨ ਪਾਏ ਜਾਹਿ ।

ਏਹੋ ਅੰਤੁ ਨ ਜਾਣੈ ਕੋਇ ।
ਬਹੁਤਾ ਕਹੀਐ ਬਹੁਤਾ ਹੋਇ । (ਜਪੁਜੀ )

ਗੁਰਦੇਵ ਨੇ ਪ੍ਰਭੂ ਦੀ ਰਚਨਾ ਬਾਰੇ ' ਅੰਤੁ ਨਾ ਅੰਤੁ ' ਕਹਿ ਕੇ ਨਿਬੇੜਾ ਕਰ ਦਿਤਾ ਹੈ । ਇਸਲਾਮ ਕੇਵਲ ਚੌਦਾਂ ਤਬਕਾਂ ਵਿਚ ਵਿਸ਼ਵਾਸ ਰਖਦਾ ਹੈ । ਹਿੰਦੂ ਧਰਮ ਵਿਚ ਵੀ ਚੌਦਾਂ ਭਵਨਾਂ ਦਾ ਜ਼ਿਕਰ ਹੈ, ਸਤ ਆਕਾਸ਼ਾਂ ਅਤੇ ਸਤ ਪਾਤਾਲਾਂ ਦਾ । ਪਰ ਗੁਰੂ ਨਾਨਕ ਦੇਵ ਬੇਅੰਤ ਪ੍ਰਭੂ ਜੀ ਦੀ ਰਚਨਾ ਨੂੰ ਵੀ ਬੇਅੰਤ ਦਸਦੇ ਹਨ । ਗਿਆਨ ਖੰਡ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਹੈ :

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ
ਕੇਤੇ ਬਰਮੇ ਘਾੜਤ ਘੜੀਅਹਿ ਰੂਪ ਰੰਗ ਕੇ ਵੇਸ
ਕੇਤੀਆ ਕਰਮ ਭੂਮੀ ਮੇਰ ਕੇਤੇ ਧੂ ਉਪਦੇਸ
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ

---

[1]— ਅਸੰਖ ਅਸੰਖ ਅਸੰਖ ਲੋਅ - (ਜਪੁਜੀ )

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤ ਨ ਅੰਤ

( ਜਪੁਜੀ )

ਸਚਖੰਡ ਦਾ ਜ਼ਿਕਰ ਕਰਦਿਆਂ ਉਨ੍ਹਾਂ ਦਾ ਕਥਨ ਹੈ :

ਤਿਥੈ ਖੰਡ ਮੰਡਲ ਵਰਭੰਡ ।

ਜੇ ਕੋ ਕਥੈ ਤ ਅੰਤ ਨ ਅੰਤ

( ਜਪੁਜੀ )

ਅਜ ਦਾ ਵਿਗਿਆਨ ਵੀ ਸ੍ਰਿਸ਼ਟੀ ਦੇ ਪਸਾਰ ਬਾਰੇ ਇਵੇਂ ਹੀ ਸੋਚਦਾ ਹੈ। ਪ੍ਰਸਿਧ ਅੰਗ੍ਰੇਜ਼ ਵਿਗਿਆਨੀ ਹਾਇਲ ਦਾ ਕਥਨ ਹੈ : "ਆਕਾਸ਼ ਗੰਗਾ ਵਿਚ ਲਗ ਭਗ ਦਸ ਲਖ ਗ੍ਰਹਿ ਪ੍ਰਬੰਧ ( planetary systems ) ਹਨ ਜਿਨ੍ਹਾਂ ਵਿਚ ਜ਼ਿੰਦਗੀ ਦੀ ਸੰਭਾਵਨਾ ਹੈ । ---ਇਨ੍ਹਾਂ ਪ੍ਰਬੰਧਾਂ ਵਿਚ ਉਹ ਗ੍ਰਹਿ ਕਿਸ ਨਿਸਬਤ ਵਿਚ ਹਨ ਜਿਨ੍ਹਾਂ ਵਿਚਲੇ ਭੌਤਿਕ ਹਾਲਾਤ ਜੀਵਨ - ਤਤ ਦੀ ਹੋਂਦ ਲਈ ਯੋਗ ਹਨ । ਮੇਰਾ ਅਨੁਮਾਨ ਹੈ ਕਿ ਦਸਾਂ ਵਿਚੋਂ ਇਕ ਗ੍ਰਹਿ ਪ੍ਰਬੰਧ ਅਜਿਹਾ ਹੈ ਅਤੇ ਕੁਲ ਦਸ ਲਖ ਦੇ ਲਗਭਗ ਜੀਵਤ- ਲੋਕ ਆਕਾਸ਼ ਗੰਗਾ ਵਿਚ ਹੋਣਗੇ[੧] ।" ਹਾਇਲ ਦੀ ਇਹ ਕਥਨੀ ਕੇਵਲ ਇਕ ਆਕਾਸ਼-ਗੰਗਾ ਸਬੰਧੀ ਹੈ । ਸਾਰੀ ਰਚਨਾ ਬਾਰੇ ਅਸੀ ਸੋਚ ਹੀ ਨਹੀਂ ਸਕਦੇ । ਖੰਡ, ਮੰਡਲ, ਬ੍ਰਹਿਮੰਡ , ਆਕਾਸ਼, ਪਾਤਾਲ , ਦੀਪ , ਸਾਗਰ, ਪਰਬਤ ਬੇਅੰਤ ਹਨ । ਜੇ ਅਸੀ ਆਪਣੀ ਧਰਤੀ ਦੀ ਰਚਨਾ ਦਾ ਅਨੁਮਾਨ ਲਾਉਣ ਲਗੀਏ ਤਾਂ ਇਸਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ[੨] ।ਨਾ ਕੇਵਲ ਪੁਰੀਆਂ ਅਤੇ ਲੋਕਾਂ ਵਿਚ ਆਕਾਰ ਹੀ ਆਕਾਰ ਹਨ , ਸਗੋਂ ਪਾਣੀ ਅਤੇ ਧਰਤੀ ਦੋਹਾਂ ਵਿਚ ਜੀਵ ਹੀ ਜੀਵ ਹਨ ।
ਗੁਰਦੇਵ ਦਾ ਕਥਨ ਹੈ :

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ।

( ਵਾਰ ਆਸਾ ਮ: ੧ ਪੰ: ੪੬੬ )

ਸਾਡੀ ਦੁਨੀਆ ਵਿਚ ਵੀ ਭਾਰਤੀ ਦਰਸ਼ਨ ਅਨੁਸਾਰ ਚਉਰਾਸੀ ਲਖ ਜੀਅ ਜੰਤ ਹਨ ।। ਇਹਨਾਂ ਵਿਚੋਂ ਜੰਮਦੇ ਮਰਦੇ ਜੀਵਾਂ ਦਾ ਵੀ ਅੰਤ ਨਹੀਂ । ਗੁਰਦੇਵ ਫੁਰਮਾਂਦੇ ਹਨ :

ਲਖ ਚਉਰਾਸੀਹ ਜੰਤ ਉਪਾਏ । ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ।

( ਬਸੰਤ ਮ: ੧ ਪੰ: ੧੧੯੦ )

---

੧ *The Nature of the Universe* by F.Hoyle, Edition 1952, pp.80-81.

੨- ਪੁਰਖਾਂ ਬਿਰਖਾਂ ਤੀਰਥਾਂ -----ਸਰਾਂ ਮੇਰਾਂ ਜੰਤਾਹ ( ਆਸਾ ਦੀ ਵਾਰ ਮ:੧ ਪੰ: ੪੬੭ )

ਨਾਮਦੇਵ ਨੇ ਅਧੀਆਂ ਜੂਨਾਂ ਪਾਣੀ ਵਿਚ ਮੰਨੀਆਂ ਹਨ ਅਤੇ ਅਧੀਆਂ ਧਰਤੀ ਦੇ ਉਤੇ[1]। ਗੁਰੂ ਨਾਨਕ ਦੇਵ ਨੇ ਧਰਤੀ ਨੂੰ ਧਰਮ ਖੰਡ ਕਿਹਾ ਹੈ ਅਤੇ ਇਸ ਦੇ ਜੀਵਾਂ ਬਾਰੇ ਉਨ੍ਹਾਂ ਦਾ ਇਹ ਬਚਨ ਹੈ:

ਤਿਸ ਵਿਚ ਜੀਅ ਜੁਗਤ ਕੇ ਰੰਗ।
ਤਿਨ ਕੇ ਨਾਮ ਅਨੇਕ ਅਨੰਤ।
ਕਰਮੀ ਕਰਮੀ ਹੋਇ ਵੀਚਾਰ ---
(ਜਪੁਜੀ ਪੰ.)

ਕਈ ਰੂਪਾਂ ਰੰਗਾਂ ਦੇ ਜੀਵ ਧਰਤੀ ਉਤੇ ਤੁਰਦੇ ਫਿਰਦੇ ਹਨ। ਜਪੁਜੀ ਵਿਚ ਇਕ ਹੋਰ ਥਾਂ ਤੇ ਗੁਰਦੇਵ ਨੇ ਫਿਰ ਕਿਹਾ ਹੈ:

ਜੀਅ ਜਾਤਿ ਰੰਗਾ ਕੇ ਨਾਵ।
ਸਭਨਾ ਲਿਖਿਆ ਵੁੜੀ ਕਲਾਮ।
ਏਹੁ ਲੇਖਾ ਲਿਖਿ ਜਾਣੈ ਕੋਇ।
ਲੇਖਾ ਲਿਖਿਆ ਕੇਤਾ ਹੋਇ।
ਕੇਤਾ ਕੇਤਾ ਤਾਣੁ ਸੁਆਲਿਹੁ ਰੂਪੁ। ---
(ਜਪੁਜੀ ਪੰ: ੩)

ਕਈ ਜਾਤੀਆਂ, ਰੰਗਾਂ ਤੇ ਨਾਵਾਂ ਦੇ ਜੀਵ ਕਰਮ-ਬੰਧਨ ਵਿਚ ਫਸੇ ਹੋਏ ਹਨ॥ ਉਨ੍ਹਾਂ ਦੇ ਸਬੰਧੀ ਲੇਖੇ ਜੋਖੇ ਦਾ ਕੋਈ ਅੰਤ ਨਹੀਂ। ਹਰ ਅੰਨ ਦੇ ਦਾਣੇ ਵਿਚ ਵੀ ਜੀਵ-ਤਤ ਹੈ। ਛੋਟੇ ਛੋਟੇ ਕੀੜੇ ਹਰ ਥਾਂ ਪੈਦਾ ਹੋ ਜਾਂਦੇ ਹਨ। ਗੋਹੇ ਅਤੇ ਲਕੜੀ ਵਿਚ ਵੀ ਕੀੜੇ ਹਨ। ਗੁਰੂ ਨਾਨਕ ਦੇਵ ਕਹਿੰਦੇ ਹਨ:

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।
(ਵਾਰ ਆਸਾ ਪੰ: ੪੭੨)

ਗੁਰੂ ਨਾਨਕ ਦੇਵ ਜੀ ਨੇ ਤਾਂ ਪਥਰਾਂ ਅੰਦਰ ਪੈਦਾ ਹੋਏ ਕੀੜਿਆਂ ਦਾ ਵੀ ਜ਼ਿਕਰ ਕੀਤਾ ਹੈ:

ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕ ਆਗੈ ਕਰਿ ਧਰਿਆ।
(ਗੂਜਰੀ ਮ: ੫ ਪੰ.੧੦)

ਸਾਰੀ ਰਚਨਾ ਉਤੇ ਨਜ਼ਰ ਮਾਰ ਕੇ ਗੁਰਦੇਵ ਨੇ ਵਿਸਮਾਦ ਵਿਚ ਇਉਂ ਫੁਰਮਾਇਆ ਹੈ:

---

੧- ਬਇਆਲੀਸ ਲਖ ਜੀਅ ਜਲ ਮਹਿ ਹੋਤੇ (ਆਸਾ ਨਾਮਦੇਵ ਪੰ: ੪੮੫)

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ।
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ।
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ।

(ਸਿਰੀ ਰਾਗੁ ਮ: ੧ ਪੰ: ੧੯ )

ਪ੍ਰਭੂ ਦੀਆਂ ਕੁਦਰਤਾਂ ਉਸਦੇ ਰੂਪਾਂ , ਰੰਗਾਂ ਅਤੇ ਜੀਵਾਂ ਜੰਤਾਂ ਦਾ ਕੋਈ ਅੰਤ ਨਹੀਂ ।

## ਸਾਡੀ ਧਰਤੀ ਕਰਮਭੂਮੀ ਹੈ

ਜਿਵੇਂ ਕਿ ਅਸੀ ਉਤੇ ਵੇਖ ਚੁਕੇ ਹਾਂ, ਸਾਡੀ ਧਰਤੀ ਇਕ ਧਰਮਸਾਲ ਹੈ । ਇਹ ਅਜਿਹਾ ਖੇਤ ਹੈ ਜਿਥੇ ਕੀਤੇ ਹੋਏ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ । ਏਸੇ ਲਈ ਸਾਡੀ ਧਰਤੀ ਨੂੰ ਕਰਮ ਭੂਮੀ ਕਿਹਾ ਗਿਆ ਹੈ । ਸੰਸਾਰ ਵਿਚ ਇਹੋ ਜਿਹੀਆਂ ਕਈ ਕਰਮ ਭੂਮੀਆਂ ਹਨ[1] । ਇਨ੍ਹਾਂ ਕਰਮ ਭੂਮੀਆਂ ਵਿਚ ਜੀਵਾਂ ਨੂੰ ਕੀਤੇ ਹੋਏ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ । ਇਹ ਕਰਮ ਭੂਮੀਆਂ ਮਿਰਤ ਮੰਡਲ ਹੈ ਜਿਥੇ ਜੰਮਣ ਮਰਨ , ਸੰਜੋਗ ਵਿਜੋਗ ਅਤੇ ਆਵਣ ਜਾਣ ਦੇ ਕਨੂੰਨ ਪ੍ਰਚਲਤ ਹਨ । ਜੋ ਕੁਝ ਦ੍ਰਿਸ਼ਟਮਾਨ ਹੈ , ਉਹ ਆਵਾਗਵਣ ਦੇ ਚਕਰ ਵਿਚ ਹੈ । ਗੁਰਦੇਵ ਦਾ ਆਪਣਾ ਕਥਨ ਹੈ :

ਜੋ ਦੀਸਿ ਸੋ ਉਪਜਿ ਬਿਨਸੈ ।(ਆਸਾ ਮ: ੧ ਪੰ: ੩੫੨ )
ਜੋ ਉਪਜਿ ਸੋ ਆਵੈ ਜਾਇ । ( ਓਹੀ )

ਵਿਕਾਰਾਂ ਵਿਚ ਫਸਿਆ ਜੀਵ ਆਵਾਗਵਣ ਅਤੇ ਜੰਮਣ ਮਰਨ ਦੇ ਗੇੜ ਵਿਚ ਫਿਰਦਾ ਹੈ , ਕੇਵਲ [illegible] ਇਕ ਪ੍ਰਭੂ ਥਿਰ ਹੈ[2] । ਸ੍ਵੇਤਾਸ੍ਵਤਰ ਉਪਨਿਸ਼ਦ ਵਿਚ ਲਿਖਿਆ ਹੈ : " ਵਿਸ਼ਾਲ ਬ੍ਰਹਮ-ਚਕਰ ਵਿਚ ਜਿਹੜਾ ਕਿ ਸਭ ਜੀਵਾਂ ਸਰੋਤ ਅਤੇ ਆਧਾਰ ਹੈ , ਹੰਸ ( ਭਾਵ ਜੀਵਾਤਮਾ ) ਭਟਕਦਾ ਫਿਰਦਾ ਹੈ ਕਿਉਂਕਿ ਆਪਣੇ ਆਪ ਨੂੰ ਸ਼ਾਸਕ ( ਬ੍ਰਹਮ ) ਨਾਲੋਂ ਭਿੰਨ ਸਮਝਦਾ ਹੈ । ਜਦੋਂ ਉਹਦੇ ਨਾਲ ਇਕ ਮਿਕ ਹੋ ਜਾਂਦਾ ਹੈ , ਤਾਂ ਉਹ ਅਮਰਤਾ ਨੂੰ ਪ੍ਰਾਪਤ ਕਰਦਾ ਹੈ[3] ।" ਇਸ ਸ਼ਲੋਕ ਤੋਂ ਸਿਧ ਹੈ ਕਿ ਜਦ ਤਕ ਜੀਵਾਤਮਾ ਆਪਣੇ ਆਪ ਨੂੰ ਪਰਮਾਤਮਾ ਨਾਲੋਂ ਭਿੰਨ ਸਮਝਦਾ ਹੈ , ਉਹ ਜਨਮ ਮਰਨ ਦੇ ਗੇੜ ਵਿਚ ਭਟਕਦਾ ਹੈ ।

---

੧- ਕੇਤੀਆ ਕਰਮ ਭੂਮੀ ਮੇਰ ਕੇਤੇ - --( ਜਪੁਜੀ )
੨- ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ । ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ( ਵਡਹੰਸ ਮ: ੧ ਪੰ: ੫੮੦ )
੩- ਸ੍ਵੇਤਾਸ੍ਵਤਰ ਉਪਨਿਸ਼ਦ ੧, ੬ .

## ਮਨੁਖ— ਜੀਵਾਤਮਾ ਦੇ ਵਿਕਾਸ ਦਾ ਸਿਖਰ

ਅਸੀ ਉਪਰ ਵੇਖ ਚੁਕੇ ਹਾਂ ਕਿ ਮਨੁਖ ਦੇਹ ਸਭ ਤੋਂ ਉਤਮ ਹੈ । ਬੜੇ ਭਾਗਾਂ ਨਾਲ ਇਹ ਦੁਰਲਭ ਦੇਹ ਪ੍ਰਾਪਤ ਹੁੰਦੀ ਹੈ । ਜੀਵ ਕਈ ਜਨਮਾ ਵਿਚ ਵਿਕਾਸ ਕਰਦਾ ਹੋਇਆ ਇਸ ਅਵਸਥਾ ਤਕ ਪੁਜਦਾ ਹੈ । ਮਨੁਖ ਦੇਹ ਦੇ ਮਾਧਿਅਮ ਰਾਹੀਂ ਹੀ ਉਹ ਪ੍ਰਭੂ ਨਾਲ ਇਕ ਮਿਕ ਹੋ ਸਕਦਾ ਹੈ । ਇਸੇ ਲਈ ਦੇਵਤੇ ਵੀ ਮਨੁਖ ਦੇਹ ਦੀ ਪ੍ਰਾਪਤੀ ਲਈ ਸਹਿਕਦੇ ਹਨ[1] । ਚੌਰਾਸੀ ਲਖ ਜੂਨਾਂ ਵਿਚੋਂ ਇਹ ਵਡਿਆਈ ਕੇਵਲ ਮਾਨਸ ਨੂੰ ਹੀ ਮਿਲੀ ਹੈ । ਗੁਰੂ ਅਰਜਨ ਦੇਵ ਦਾ ਕਥਨ ਹੈ ।

> ਲਖ ਚਉਰਾਸੀ ਜੋਨਿ ਸਬਾਈ
> ਮਾਣਸ ਕਉ ਪ੍ਰਭਿ ਦੀਈ ਵਡਿਆਈ ।
> ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ।
>
> ( ਮਾਰੂ ਮ: ੫ : ਪੰ: ੧੦੭੫ )

ਬਾਕੀ ਸਭ ਜੂਨਾਂ ਮਨੁਖ ਦੀਆਂ ਪਾਣੀਹਾਰ ਹਨ ।[2] ਇਸ ਧਰਤੀ ਅਥਵਾ ਕਰਮ-ਭੂਮੀ ਵਿਚ ਇਸਦੀ ਹੀ ਸਰਦਾਰੀ ਹੈ । ਮਨੁਖ ਜਨਮ ਨੂੰ ਗੁਰੂ ਨਾਨਕ ਦੇਵ ਨੇ 'ਹੀਰੇ' ਨਾਲ ਤੁਲਨਾ ਦਿਤੀ ਹੈ[3] । ਇਸਨੂੰ 'ਮਾਣਕ ਜੀਉ' । ਨਿਰਮੋਲ ਆਖਿਆ ਹੈ[4] । ਜੇ ਮਨੁਖੀ ਦੇਹ ਨੇਕ ਸੁਬਤ ਵਿਚ ਨਹੀਂ ਰਹਿੰਦੀ , ਤਾਂ ਸਵਾਹ ਵਾਂਗ ਧਰਤੀ ਉਤੇ ਰੁਲਦੀ ਫਿਰਦੀ ਹੈ[5] । ਇਸ ਨਾਲ ਸਬੰਧਤ ਆਤਮਾ ਫਿਰ ਆਪਣੇ ਕੀਤੇ ਕਰਮਾਂ ਦਾ ਫਲ , ਭਿੰਨ ਭਿੰਨ ਜੂਨੀਆਂ ਵਿਚ ਪੈ ਕੇ ਭੁਗਤਦੀ ਹੈ । ਮਨੁਖ ਦੇਹ ਪ੍ਰਾਪਤ ਕਰ ਕੇ ਵੀ ਬ੍ਰਹਮ ਨਾਲੋਂ ਟੁਟਿਆ ਪ੍ਰਾਣੀ ਪਸੂ , ਪੰਖੀ ਅਤੇ ਕ੍ਰਿਮ ਜੰਤ ਜੂਨਾਂ ਤੋਂ ਨੀਵਾਂ ਸਮਝਿਆ ਗਿਆ ਹੈ[6] ।

---

੧- ਭੈਰਉ ਕਬੀਰ ਪੰ: ੧੧੫੯ .
੨- ਆਸਾ ਮ: ੫, ਪੰ: ੩੭੪.
੩- ਗਉੜੀ ਮ:੧, ਪੰ: ੧੫੬.
੪- ਸਿਰੀ ਰਾਗੁ ਮ: ੧ , ਪੰ: ੨੨.
੫- ਗਉੜੀ ਮ: ੧, ਪੰ: ੧੫੪.
੬- ਗਉੜੀ ਮ: ੫, ਪੰ: ੧੮੮.

## ਜੀਵਾਤਮਾ ਦਾ ਸਫਰ

ਅਗਿਆਨਤਾ ਦੀ ਅਵਸਥਾ ਤੋਂ ਗਿਆਨ ਤਕ ਜਾਂ ਨਿਰਬਲਤਾ ਦੀ ਅਵਸਥਾ ਤੋਂ ਸਬਲਤਾ ਤਕ ਜੀਵਾਤਮਾ ਦੇ ਵਿਕਾਸ ਦਾ ਤੱਥ ਗੁਰੂ ਸਾਹਿਬਾਨ ਅਤੇ ਭਗਤਾਂ ਦੀਆਂ ਰਚਨਾਵਾਂ ਵਿਚ ਮਿਲ ਜਾਂਦਾ ਹੈ ਅਤੇ ਚੰਗੇ ਆਚਰਣ ਦੀ ਉਸਾਰੀ ਲਈ ਇਸਦਾ ਗਿਆਨ ਜ਼ਰੂਰੀ ਵੀ ਹੈ। ਮਨੁਖ ਦਾ ਜੀਵਨ ਕੋਈ ਇਕ ਦਿਨ ਦਾ ਨਹੀਂ। ਨਾ ਹੀ ਅਸੀਂ ਇਹ ਕਹਿ ਸਕਦੇ ਹਾਂ ਕਿ ਅਜ ਹੈ ਤੇ ਕਲ ਨਹੀਂ। ਇਹ ਤਾਂ ਕਿ ਇਕ ਅਜਨਮੀ ਅਮਰ ਹਸਤੀ ਹੈ ਜਿਹੜੀ ਕਿ ਆਪਣੇ ਅਸਲੀ ਸਰੂਪ ਅਤੇ ਸ਼ਕਤੀ ਦੇ ਗਿਆਨ ਵਲ ਵਿਕਾਸ ਕਰਦੀ ਹੈ। ਸਭ ਕੁਝ ਇਸ ਦੇ ਅੰਦਰ ਹੈ -ਅਧਿਆਤਮਕ ਸੁਖ ਅਤੇ ਸ਼ਕਤੀ ਦੀ ਸੰਪੂਰਨਤਾ - ਪਰ ਇਸ ਸ਼ਕਤੀ ਦਾ ਪ੍ਰਗਟਾਉ ਹੋਣਾ ਹੈ ਅਤੇ ਇਹੋ ਹੀ ਇਹਦੇ ਜਨਮ ਅਤੇ ਮਰਨ ਦਾ ਮਨੋਰਥ ਹੈ। ਮਾਨਵ ਸਬੰਧੀ ਇਸ ਤਥ ਦਾ ਵਿਚਾਰ ਇਸਦੇ ਜੀਵਨ ਨੂੰ ਉਤਮਤਾ ਅਤੇ ਬਲ ਬਖਸ਼ਦਾ ਹੈ। ਸਭ ਹਰ ਸਮਿਆਂ ਦੇ ਸਿਆਣੇ ਮਨੁਖਾਂ ਦਾ ਇਹ ਵਿਸ਼ਵਾਸ ਰਿਹਾ ਹੈ। ਅਜ ਦੇ ਵਿਗਿਆਨ ਦੇ ਯੁਗ ਵਿਚ ਜਦੋਂ ਕਿ ਪਛਮ ਦੇ ਮਾਨਵ ਨੂੰ ਅਧਿਆਤਮਕ ਸਿਖਰਾਂ ਦਾ ਗਿਆਨ ਨਹੀਂ, ਏਸੇ ਲਈ ਉਥੇ ਆਤਮਾ ਸਬੰਧੀ ਬੜੇ ਅਜੀਬ ਵਿਚਾਰ ਉਪਜ ਪਏ ਹਨ। ਜਿਨ੍ਹਾਂ ਤੋਂ ਈਸ਼ਵਰ ਦੇ ਨਿਆਇਸ਼ੀਲ ਸ਼ਾਸਨ ਦੇ ਵਿਸ਼ਵਾਸ ਤੇ ਸੱਟ ਵਜਦੀ ਹੈ। ਪਰ ਫਿਰ ਵੀ ਪ੍ਰੋ: ਹਕਸਲੇ ਵਰਗੇ ਮਹਾਨ ਵਿਗਿਆਨਕ ਚਿੰਤਕਾਂ ਨੇ ਜੀਵਾਤਮਾ ਦੀ ਨਿਰੰਤਰ ਹੋਂਦ ਵਿਚ ਵਿਸ਼ਵਾਸ ਪ੍ਰਗਟ ਕਰਨਾ ਸ਼ੁਰੂ ਕਰ ਲਿਤਾ ਹੈ। ਉਨ੍ਹਾਂ ਦਾ ਕਹਿਣਾ ਹੈ, " ਵਿਕਾਸ-ਸਿਧਾਂਤ ਵਾਂਗੂ ਹੀ ਆਵਾਗਵਣ ਦੇ ਸਿਧਾਂਤ ਦੀਆਂ ਜੜ੍ਹਾਂ ਵੀ ਯਥਾਰਥਕ ਹਨ[1]।"

ਜੀਵਾਤਮਾ ਆਪਣੇ ਅੰਦਰ ਬੇਅੰਤ ਸੰਭਾਵਨਾਵਾਂ ਸਾਂਭੀ ਬੈਠੀ ਹੈ 'ਪਰ ਜਦੋਂ ਪਹਿਲੇ ਪਹਿਲ ਇਸਨੂੰ ਪੰਜ-ਤਤੀ ਸਰੂਪ ਦੇ ਕੇ ਪ੍ਰਕ੍ਰਿਤੀ ਦੇ ਖੇਤਰ ਵਿਚ ਸੁੱਟਿਆ ਜਾਂਦਾ ਹੈ, ਇਹ ਸਭ ਸੰਭਾਵਨਾਵਾਂ ਇਸਦੇ ਅੰਦਰ ਲੁਪਤ ਹੋਈਆਂ ਹਨ। ਇਹ ਧਾਤੂ ਸੰਸਾਰ, ਬਨਸਪਤੀ ਸੰਸਾਰ ਅਤੇ ਪਸ਼ੂ ਸੰਸਾਰ ਵਿਚੋਂ ਭਿੰਨ ਭਿੰਨ ਜਨਮ ਧਾਰ ਕੇ ਲੰਘਦੀ ਹੈ। ਉਤਭੁਜ ਖਾਣੀ, ਸੇਤਜ ਖਾਣੀ, ਅੰਡਜ ਖਾਣੀ ਵਿਚੋਂ ਹੁੰਦੀ ਹੋਈ ਅਖੀਰ ਵਿਚ ਜੇਰਜ ਖਾਣੀ ਵਿਚ ਜਨਮ ਲੈਂਦੀ ਹੈ। ਇਸ ਵਿਕਾਸ ਦਾ ਜ਼ਿਕਰ ਉਤੇ ਵੀ ਕੀਤਾ ਜਾ ਚੁਕਾ ਹੈ। ਇਸ ਸਾਰੇ ਵਿਕਾਸ ਵਿਚ ਇਸਦੀਆਂ ਨਿਮਨ ਸ਼ਕਤੀਆਂ ਸਬਲ ਹੁੰਦੀਆਂ ਹਨ ਅਤੇ ਇਹ ਨਿਸ਼ਕ੍ਰਿਆ ਚੇਤੰਨ ਅਵਸਥਾ ਤੋਂ ਕ੍ਰਿਆਸ਼ੀਲ ਅਵਸਥਾ ਤਕ ਪੁਜਦੀ ਹੈ। ਜੀਵਾਤਮਾ ਦਾ ਦੋਹਰਾ ਵਿਕਾਸ ਹੁੰਦਾ ਹੈ ਇਕ ਤਾਂ ਜੀਵਾਤਮਾ ਆਪ ਨਿਰੰਤਰ

---

1- Evolution and Ethics, p.16.

ਸਥੂਲਤਾ ਗ੍ਰਹਿਣ ਕਰਦੀ ਹੈ ਅਤੇ ਦੂਜੇ ਇਸਦੇ ਹਰ ਪੰਜ-ਭੂਤਕ ਸਰੀਰ ਦਾ ਪਿਛਲੇ ਨਾਲੋਂ ਨਿਰੰਤਰ ਵਿਕਾਸ ਹੁੰਦਾ ਜਾਂਦਾ ਹੈ । ਇਸਦਾ ਹਰ ਸਰੂਪ ਭਾਵੇਂ ਕਿੰਨਾ ਵੀ ਸੁਤੰਤਰ ਜਾਪੇ , ਕਿਸੇ ਸਮੇਂ ਕਿਸੇ ਦੂਸਰੇ ਸਰੂਪ ਦਾ ਅੰਗ ਸੀ ਜਿਸਦੇ ਖਾਸੇ ਇਹਦੇ ਵਿਚ ਪ੍ਰਤੱਖ ਸਨ ਅਤੇ ਜਿਸਤੋਂ ਇਹ ਇਕ ਸੁਤੰਤਰ ਜੀਵਨ ਲਈ ਵਖਰਾ ਹੋਇਆ ਸੀ । ਮੂਲ ਸਰੂਪ ਦਾ ਅੰਗ ਹੁੰਦਿਆਂ ਇਹਦੇ ਵਿਚ ਉਹ ਸਾਰੇ ਗੁਣ, ਔਗੁਣ ਜਾਂ ਵਿਸ਼ੇਸ਼ਤਾਵਾਂ ਵਿਕਾਸਸ਼ੀਲ ਜੀਵਾਤਮਾ ਦੇ ਕਾਰਨ ਹੁੰਦੀਆਂ ਹਨ ਅਤੇ ਏਸੇ ਲਈ ਇਹ ਜਾਂ ਤਾਂ ਮੂਲ ਤੋਂ ਉਚੇਰੀ ਪਧਰ ਉਤੇ ਇਕ ਵਖਰਾ ਜੀਵਨ ਸ਼ੁਰੂ ਕਰਦੀ ਹੈ , ਜੇ ਜੀਵਾਤਮਾ ਨੇ ਉਨਤੀ ਕੀਤੀ ਹੈ, ਜਾਂ ਉਸ ਨਾਲੋਂ ਨੀਵੀਂ ਪਧਰ ਉਤੇ ਰਹਿੰਦੀ ਹੈ , ਜੇ ਜੀਵਾਤਮਾ ਨੇ ਅਵਨਤੀ ਕੀਤੀ ਹੈ । ਭਾਵੇਂ ਸਧਾਰਨ ਤੌਰ ਤੇ ਰੂਹੀ ਉਨਤੀ ਵਲ ਹੀ ਹੁੰਦੀ ਹੈ , ਫਿਰ ਵੀ ਕੁਝ ਲਹਿਰਾਂ ਵਰਗੇ ਉਤਾਰ ਚੜ੍ਹਾ ਇਹਦੇ ਵਿਚ ਆਉਂਦੇ ਹਨ । ਵਖੋ ਵਖਰੇ ਸਰੂਪਾਂ ਵਿਚ ਇਸ ਅਟੁਟ ਭੌਤਿਕ ਵਿਰਾਸਤ ਨੂੰ ਹੀ ਵਿਗਿਆਨਕ heredity ( ਪੈਤ੍ਰਿਕ ਗੁਣ ਜਾਂ ਵੰਸ਼ - ਪਰੰਪਰਾ ) ਕਹਿੰਦੇ ਹਨ । ਪਰ ਵਿਗਿਆਨੀ ਇਹ ਕਹਿੰਦੇ ਹਨ ਕਿ ਮਾਨਸਿਕ ਅਤੇ ਨੈਤਿਕ ਵਿਸ਼ੇਸ਼ਤਾਵਾਂ ਇਕ ਸਰੂਪ ਤੋਂ ਦੂਜੇ ਸਰੂਪ ਵਿਚ ਨਹੀਂ ਜਾਂਦੀਆਂ ਅਤੇ ਏਸੇ ਲਈ ਉਹ ਚੇਤੰਨਤਾ ਦੇ ਵਿਕਾਸ ਨੂੰ ਵਿਚਾਰਕ ਨਗਿਆਂ ਉਲਝ ਜਾਂਦੇ ਹਨ । ਉਨ੍ਹਾਂ ਦੇ ਮਤ ਦੀ ਸੰਬੂ ਸੰਪੂਰਨਤਾ ਇਸੇ ਵਿਚ ਹੈ ਕਿ ਉਹ ਆਵਾਗਵਣ ਦੇ ਸਿਧਾਂਤਾਂ ਨੂੰ ਕਬੂਲਣ । ਜਿਵੇਂ ਭੌਤਿਕ ਵਿਕਾਸ ਲਈ ਭੌਤਿਕ ਨਿਰੰਤਰਤਾ ਜ਼ਰੂਰੀ ਹੈ , ਇਵੇਂ ਹੀ ਮਾਨਸਿਕ ਅਤੇ ਨੈਤਿਕ ਵਿਸ਼ੇਸ਼ਤਾਵਾਂ ਦੇ ਵਿਕਾਸ ਲਈ ਚੇਤੰਨਤਾ ਦੀ ਨਿਰੰਤਰਤਾ ਵੀ ਜ਼ਰੂਰੀ ਹੈ । ਇਹ ਨਿਰੰਤਰਤਾ ਜੀਵਾਤਮਾ ਦੀ ਚੇਤੰਨਤਾ ਹੈ ਜਿਹੜੀ ਕਿ ਆਪਣੀ ਅਵਸਥਾ ਅਨੁਸਾਰ ਢੁਕਵਾਂ ਸਰੂਪ ਧਾਰਨ ਕਰਦੀ ਹੈ । ਭੌਤਿਕ ਸਰੂਪ ਨੂੰ ਵਰਤਕੇ ਇਹ ਆਪ ਵੀ ਸਬਲ ਬਣਦੀ ਹੈ ਅਤੇ ਆਪਣੇ ਸਰੂਪ ਨੂੰ ਵੀ ਸੁਧਾਰਦੀ ਹੈ । ਜਦੋਂ ਇਕ ਸਰੀਰ ਦੀਆਂ ਸ਼ਕਤੀਆਂ ਖੀਨ ਹੋ ਜਾਂਦੀਆਂ ਹਨ ਤਾਂ ਜੀਵਾਤਮਾ ਇਸਨੂੰ ਸੁੱਟ ਪਾਂਦੀ ਹੈ ਅਤੇ ਇਕ ਨਵਾਂ ਸਰੂਪ ਧਾਰਨ ਕਰਦੀ ਹੈ ।

ਜਦੋਂ ਜੀਵਾਤਮਾ ਪਸ਼ੂ ਅਵਸਥਾ ਨੂੰ ਪੂਰੀ ਤਰ੍ਹਾਂ ਭੁਗਤ ਚੁਕਦੀ ਹੈ ਤਾਂ ਇਹ ਮਾਨਵ ਸਰੂਪ ਵਿਚ ਆਉਣ ਲਈ ਤਿਆਰ ਹੁੰਦੀ ਹੈ । ਜਦੋਂ ਇਸਦੇ ਤ੍ਰਿਆਤਮਕ (Triune) ਸਰੂਪ ਦਾ ਆਵੇਸ਼ ਹੁੰਦਾ ਹੈ । ਮਾਨਵ ਜੀਵਾਤਮਾ ਵਿਚ ਗਿਆਨ, ਇੱਛਾ ਅਤੇ ਕ੍ਰਿਆ ਦੇ ਤਿੰਨ ਪੱਖ ਪ੍ਰਗਟ ਹੁੰਦੇ ਹਨ ਜਿਹੜੇ ਪਹਿਲਾਂ ਇਹਦੇ ਵਿਚ ਲੁਪਤ ਰੂਪ ਵਿਚ ਸਨ ਪਰ ਹੁਣ "ਸਵੈ-ਚੇਤੰਨਤਾ ਦਾ ਰੂਪ ਧਾਰਦੇ ਹਨ । ਅਹੰਕਾਰ ਦਾ ਪ੍ਰਵੇਸ਼ ਹੁੰਦਾ ਹੈ ਅਤੇ "ਮੈਂ" ਦੀ ਭਾਵਨਾ ਜਾਗ ਉਠਦੀ ਹੈ । ਪਸ਼ੂ-ਸੰਸਾਰ ਵਿਚ ਵਿਕਾਸ ਵਿਚ ਆਇਆ ਇੱਛਾ ਦਾ ਸਰੂਪ ਬਹੁਤ ਸਬਲ ਹੋ ਜਾਂਦਾ ਹੈ । ਵਿਕਾਸ ਗਤ ਮਨ ਨੂੰ ਦਾਸ ਬਣਾ ਲਿਆ

ਜਾਂਦਾ ਹੈ ਅਤੇ ਇਸਦੀਆਂ ਵਧਦੀਆਂ ਸ਼ਕਤੀਆਂ ਨੂੰ ਇਛਾਵਾਂ ਦੀ ਤ੍ਰਿਪਤੀ ਲਈ ਵਰਤਿਆ ਜਾਂਦਾ ਹੈ । ਜਿਉਂ ਜਿਉਂ ਮਨ ਤਕੜਾ ਹੁੰਦਾ ਜਾਂਦਾ ਹੈ ਅਤੇ ਜੀਵਾਤਮਾ ਵੀ ਮੁਹਾਰੀਆਂ ਇਛਾਵਾਂ ਦੇ ਕਾਰਨ ਦੁਖ ਸਹਾਰ ਕੇ ਸੁਸਿਖਸ਼ਤ ਹੋ ਜਾਂਦਾ ਹੈ , ਤਾਂ ਉਹ ਇਨ੍ਹਾਂ ਖ਼ਾਹਿਸ਼ਾਂ ਨੂੰ ਰੋਕਣ ਅਤੇ ਠੀਕ ਰਾਹ ਉਤੇ ਲਿਆਉਣ ਲਈ ਆਪਣੀ ਸ਼ਕਤੀ ਵਰਤਣੀ ਸ਼ੁਰੂ ਕਰਦਾ ਹੈ ਅਤੇ ਫਿਰ ਆਪਣੇ ਸਰੂਪ ਨੂੰ ਪਛਾਣਨ ਲਈ ਜੀਵਾਤਮਾ ਅਤੇ ਉਹਦੀਆਂ ਉਪਾਧੀਆਂ ਦੇ ਕਾਮਿਲ ਅੰਸ਼ਾਂ ਵਿਚਾਲੇ ਇਕ ਲੰਮਾ ਘੋਲ ਸ਼ੁਰੂ ਹੋ ਜਾਂਦਾ ਹੈ । ਗੁਰੂ ਨਾਨਕ ਦੇਵ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ :

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ

ਇਸ ਵਿਚਾਰ ਦਾ ਪਿਛੋਕੜ ਕਠਉਪਨਿਸ਼ਦ ਵਿਚ ਮਿਲਦਾ ਹੈ ਜਿਥੇ ਵਿਚਾਰਿਆ- ਇਹ ਲਿਖਿਆ ਹੈ " ਆਤਮਾ ਨੂੰ ਰਥ -ਠਾਕਰ ਜਾਣੋ , ਸ਼ਰੀਰ ਨੂੰ ਰਥਾ , ਬੁੱਧੀ ਨੂੰ ਰਥਵਾਨ ਸਮਝੋ ਅਤੇ ਮਨ ਨੂੰ ਵਾਗ ,ਗਿਆਨ ਇੰਦਰਿਆਂ ਨੂੰ ਘੋੜੇ ਅਤੇ ਵਸਤਾਂ ਪਦਾਰਥਾਂ ਨੂੰ ਉਨ੍ਹਾਂ ਦਾ ਕ੍ਰਿਆ ਖੇਤਰ ।ਆਤਮਾ ਇੰਦਰਿਆਂ ਅਤੇ ਮਨ ਨਾਲ ਮਿਲ ਕੇ ਭੁਗਤਾ ਹੈ , ਸਿਆਣੇ ਇਵੇਂ ਕਹਿੰਦੇ ਹਨ । ਅਗਿਆਨੀ ਢਿਲੇ ਮਨ ਨਾਲ ਇੰਦਰਿਆਂ ਨੂੰ ਕਾਬੂ ਨਹੀਂ ਕਰ ਸਕਦਾ ਜਿਵੇਂ ਇਕ ਸਾਰਥੀ ਆਪਣੇ ਭੈੜੇ ਘੋੜਿਆਂ ਨੂੰ । ਗਿਆਨਵਾਨ ਮਨ ਦੀ ਠੀਕ ਪਕੜ ਕਾਰਨ ਚੰਗੇ ਸਾਰਥੀ ਦੇ ਘੋੜਿਆਂ ਵਾਂਗ ਇੰਦਰਿਆਂ ਨੂੰ ਕਾਬੂ ਵਿਚ ਰਖਦਾ ਹੈ । ਜਿਹੜਾ ਵੀ ਅਗਿਆਨੀ ਹੈ ਵਿਚਾਰ ਹੀਣ ਅਤੇ ਮੈਲ ਭਰਿਆ ਹੈ ,ਉਹ ਟਿਕਾਣੇ ਉਤੇ ਨਹੀਂ ਪਹੁੰਚਦਾ ਅਤੇ ਫਿਰ ਮੁੜ ਕੇ ਸੰਸਾਰ ਵਿਚ ਆਉਂਦਾ ਹੈ ।[੧]"

ਜਦੋਂ ਸੰਸਾਰਕ ਜੀਵਨ ਦੀ ਇਕ ਅਵਧੀ ਦੀ ਸਮਾਪਤੀ ਹੁੰਦੀ ਹੈ , ਜੀਵ ਭੌਤਿਕ ਸ਼ਰੀਰ ਵਿਚੋਂ ਨਿਕਲ ਕੇ ਇਕ ਸੂਖਸ਼ਮ ਮਾਧਿਅਮ ਰਾਹੀਂ ਅਦ੍ਰਿਸ਼ਟ ਮੰਡਲਾਂ ਵਿਚ ਪ੍ਰਵੇਸ਼ ਕਰਦੀ ਹੈ । ਉਹ ਉਥੇ ਸੰਸਾਰਕ ਜੀਵਨ ਦੇ ਸਿਟਿਆਂ ਨੂੰ ਉਨ੍ਹਾਂ ਦਾ ਫਲ ਭੁਗਤਣ ਲਈ ਨਾਲ ਲੈ ਜਾਂਦੀ ਹੈ । ਇਸੇ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ :

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ।
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ।
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ।

---

੧- ਕਠੁ ਉਪਨਿਸ਼ਦ ੧, ੩ ,੩-੭.

ਥਾਉ ਨ ਹੋਵੀ ਪਉਦੀਈ ਹੁਣਿ ਸੁਣਿਐ ਕਿਆ ਰੂਆਇਆ।
ਮਨਿ ਅੰਧੈ ਜਨਮੁ ਗਵਾਇਆ ।        ( ਪਉੜੀ ਪੰ: ੪੬੪ )

ਅਗਿਆਨਤਾ ਦੇ ਕਾਰਨ ਜੀਵ ਮੁੜ ਮੁੜ ਜੂਨੀਆਂ ਵਿਚ ਫਸਦਾ ਹੈ । ਇਸ ਵਿਚਾਰ ਨੂੰ ਗੁਰਦੇਵ ਨੇ ਏਵੇਂ ਸਪਸ਼ਟ ਕੀਤਾ ਹੈ:

ਏਤੁ ਮੋਹਿ ਫਿਰਿ ਜੂਨੀ ਪਾਹਿ ।
ਮੋਹੇ ਲਾਗਾ ਜਮਪੁਰਿ ਜਾਹਿ ।
( ਆਸਾ ਮਹਲਾ ੧ ਪੰ: ੩੫੬ )

ਮੋਹ ਮਾਇਆ ਦੇ ਚਿਕੜ ਵਿਚ ਫਸ ਕੇ ਜੀਵਾਤਮਾ ਖੁਆਰ ਹੁੰਦਾ ਹੈ । ਜਦੋਂ ਹਰਿ ਜਨਾ ਦੀ ਸੰਗਤ ਵਿਚ ਜਾਂਦਾ ਹੈ ਤਾਂ ਹੀ ਇਸਦਾ ਛੁਟਕਾਰਾ ਹੁੰਦਾ ਹੈ । ਗੁਰਦੇਵ ਨੇ ਇਸ ਭਾਵ ਨੂੰ ਅਲੰਕਾਰਕ ਢੰਗ ਨਾਲ ਇਵੇਂ ਪ੍ਰਗਟ ਕੀਤਾ ਹੈ :

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ।
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ।੧।
ਮਨ ਏਕੁ ਨ ਚੇਤਸਿ ਮੂੜ ਮਨਾ ।
ਹਰਿ ਬਿਸਰਤ ਤੇਰੇ ਗੁਣ ਗਲਿਆ ।੧। ਰਹਾਉ ।
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ [illegible] ਮੁਗਧਾ ਜਨਮੁ ਭਇਆ।
ਪ੍ਰਣਵਤਿ ਨਾਨਕੁ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ।
(ਆਸਾ ਮ: ੧ ਪੰ: ੧੨ )

ਜਦੋਂ ਅਗਿਆਨਤਾ ਮਿਟ ਜਾਂਦੀ ਹੈ ਤਾਂ ਜੀਵਾਤਮਾ ਇਕ ਨਵਾਂ ਅਤੇ ਵਧੇਰੇ ਸੁੰਦਰ ਜਾਮਾ ਪਹਿਰਦੀ ਹੈ । ਇਸਨੂੰ ਬ੍ਰਿਹਦਾਰਣਯਕ ਉਪਨਿਸ਼ਦ ਵਿਚ ਏਵੇਂ ਪ੍ਰਗਟ ਕੀਤਾ ਗਿਆ ਹੈ, " ਜਿਵੇਂ ਇਕ ਸੁਨਿਆਰਾ, ਸੋਨੇ ਦੀ ਡਲੀ ਲੈ ਕੇ ਇਸਨੂੰ ਇਕ ਨਵਾਂ ਅਤੇ ਹੋਰ ਸੁੰਦਰ ਸਰੂਪ ਦਿੰਦਾ ਹੈ, ਇਵੇਂ ਹੀ, ਸਚ ਜਾਣੋ, ਆਤਮਾ ਇਸ ਸਰੀਰ ਨੂੰ ਛਡ ਕੇ ਅਤੇ ਅਵਿਦਿਆ ਨੂੰ ਤਿਆਗ ਕੇ ਇਕ ਨਵਾਂ ਅਤੇ ਵਧੇਰੇ ਸੁੰਦਰ ਜਾਮਾ ਪਹਿਨਦੀ ਹੈ[1] ।

ਇਨ੍ਹਾਂ ਉਪਰੋਕਤ ਟੂਕਾਂ ਤੋਂ ਇਹ ਤਥ ਪ੍ਰਗਟ ਹੁੰਦਾ ਹੈ ਕਿ ਇਹ ਸਰੀਰ ਛਡ ਕੇ ਅੰਤ ਨੂੰ ਜਾਣਾ ਪੈਂਦਾ ਹੈ ਅਤੇ ਲੇਖਾ ਕਰਮਾਂ ਉਤੇ ਨਿਰਭਰਦਾ ਹੈ । ਗਿਆਨੀ ਪੁਰਸ਼

---

੧- ਬ੍ਰਿਹਦਾਰਣਯਕ ਉਪਨਿਸ਼ਦ ੪, ੪, ੪,

ਨੂੰ ਉੱਤਮ ਮੰਡਲ ਪ੍ਰਾਪਤ ਹੁੰਦਾ ਹੈ ਅਤੇ ਅਗਿਆਨੀ ਨੂੰ ਸਜ਼ਾ ਮਿਲਦੀ ਹੈ । ਇਨ੍ਹਾਂ ਦੋਹਾਂ ਵਿਚਾਰਾਂ ਨੂੰ ਗੁਰੂ ਨਾਨਕ ਦੇਵ ਨੇ ਆਸਾ ਦੀ ਵਾਰ ਦੀਆਂ ਹੇਠਲੀਆਂ ਦੋ ਪਉੜੀਆਂ ਰਾਹੀਂ ਸਪਸ਼ਟ ਕੀਤਾ ਹੈ ।

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ।
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ।
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਫਲੁ ਪਾਇਸੀ ।
ਤਾ ਦਰਗਹ ਪੈਧਾ ਜਾਇਸੀ ।੧੫।

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ।
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ।
ਕਰਿ ਅਉਗਣ ਪਛੋਤਾਵਣਾ ।੧੪।

ਉਪਰੋਕਤ ਦੋਹਾਂ ਉਦਾਹਰਣਾਂ ਵਿਚ ਦਰਗਾਹ ਅਤੇ ਦੋਜ਼ਕ ਦਾ ਜ਼ਿਕਰ ਆਇਆ ਹੈ । ਨਰਕ ਸੁਰਗ ਦਾ ਜ਼ਿਕਰ ਤਾਂ ਭਾਰਤੀ ਦਰਸ਼ਨ ਵਿਚ ਆਮ ਮਿਲਦਾ ਹੈ । ਦੇਵੀ ਭਾਗਵਤ ਵਿਚ ਇਕ ਥਾਂ ਤੇ ਇਹ ਜ਼ਿਕਰ ਆਉਂਦਾ ਹੈ ।

" ਪਹਿਲੇ ਸ਼ਰੀਰ ਨੂੰ ਛਡ ਕੇ ਜੀਵ ਕਰਮਾਂ ਅਨੁਸਾਰ ਉਨ੍ਹਾਂ ਦਾ ਫ਼ਲ ਭੁਗਤਣ ਲਈ ਸਵਰਗ ਜਾਂ ਨਰਕ ਵਿਚ ਜਾਂਦਾ ਹੈ । ਦੈਵੀ ਸ਼ਰੀਰ ਧਾਰਨ ਕਰਕੇ ਉਹ ਸੁਰਗ ਵਿਚ ਫਲ ਭੋਗਦਾ ਹੈ ਅਤੇ ਪਦਾਰਥਕ ਇਛਾਵਾਂ ਕਾਰਨ ਦੁਖ-ਪ੍ਰਾਪਤ ਸ਼ਰੀਰ ਧਾਰਨ ਕਰਕੇ ਨਰਕ ਭੋਗਦਾ ਹੈ । ਜਦੋਂ ਕਰਮਾਂ ਦਾ ਫ਼ਲ ਖ਼ਤਮ ਖਤਮ ਹੋ ਜਾਂਦਾ ਹੈ ਅਤੇ ਪੁਨਰ ਜਨਮ ਦਾ ਸਮਾ ਆਉਂਦਾ ਹੈ ----ਤਦੋਂ ਕਾਲ (Time) ਉਸਨੂੰ ਫੇਰ ਸੰਚਿਤ ਕਰਮਾਂ ਵਿਚੋਂ ਚੋਣਵੇਂ ਕਰਮਾਂ ਨਾਲ ਜੋੜ ਦਿੰਦਾ ਹੈ [1] ।"

ਜੀਵਾਤਮਾ ਦੇ ਚਿੱਤ ਪਖ ਦੀ ਉਨਤੀ , ਅਤੇ ਇਛਾ ਪੱਖ ਦੀ ਨਿਰਮਲਤਾ

---

੧- ਦੇਵੀ ਭਾਗਵਤ - ੪ , ੨੧, ੨੫ .

ਮਨੁਖੀ ਵਿਕਾਸ ਦੀ ਅਵਸਥਾ ਦੇ ਮੁਖ ਮਨੋਰਥ ਹਨ । ਇਹਦੇ ਨਾਲ ਹੀ ਮਨ ਅਤੇ ਬੁਧੀ ਦਾ ਵਿਕਾਸ ਵੀ ਜੀਵਾਤਮਾ ਦੇ ਸਫ਼ਰ ਦੇ ਮਹਤਵ-ਪੂਰਨ ਕਦਮ ਹਨ ।

## ਪ੍ਰਵ੍ਰਿਤੀ ਮਾਰਗ ਅਤੇ ਨਿਵ੍ਰਿਤੀ ਮਾਰਗ

ਮਾਨਵ-ਆਤਮਾ ਜਾਂ ਜੀਵ-ਆਤਮਾ ਪਰਮ-ਆਤਮਾ ਜਾਂ ਬ੍ਰਹਮ ਦੇ ਸਮਰੂਪ ਹੈ । ਇਸ ਤੋਂ ਬੁਧੀ ਪ੍ਰਗਟ ਹੁੰਦੀ ਹੈ ਅਤੇ ਉਸ ਤੋਂ ਮਨ ਅਤੇ ਜਦੋਂ ਇਨ੍ਹਾਂ ਨਾਲ ਇੰਦਰਿਆਂ ਦਾ ਮੇਲ ਹੁੰਦਾ ਹੈ , ਮਾਨਵ ਦਾ ਸੰਪੂਰਨ ਸਰੂਪ ਪ੍ਰਗਟ ਹੁੰਦਾ ਹੈ ਜਿਸਦਾ ਸ੍ਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ । ਇਸ ਸ੍ਰੀਰ ਰਾਹੀਂ ਇੰਦਰਿਆਂ ਦਾ ਸੰਪਰਕ ਬਾਹਰਮੁਖੀ ਸੰਸਾਰ ਨਾਲ ਹੁੰਦਾ ਹੈ । ਇਸ ਸੰਪਰਕ ਦੇ ਸਿਟੇ ਇੰਦਰੇ ਮਨ ਤਕ ਅਪੜਾਂਦੇ ਹਨ ਅਤੇ ਉਨ੍ਹਾਂ ਨੂੰ ਬਾਹਰਮੁਖੀ ਪਦਾਰਥਾਂ ਦੇ ਵਿਸ਼ੇਸ਼ ਗੁਣਾਂ ਦਾ ਅਭਾਸ ਹੁੰਦਾ ਹੈ । ਮਨ ਵਿਚ ਪੁੱਜ ਭਾਵ ਮਾਨਸਿਕ ਬਿੰਬਾਂ ਦਾ ਰੂਪ ਧਾਰਦੇ ਹਨ ਜੋ ਬੁਧੀ ਤਕ ਪੁਚਾਏ ਜਾਂਦੇ ਹਨ । ਬੁਧੀ ਇਨ੍ਹਾਂ ਬਿੰਬ੍ਹਾਂ ਦੀ ਵਾਸਤਵਿਕਤਾ ਇਨ੍ਹਾਂ ਦੇ ਵਿਸ਼ੇਸ਼ ਗੁਣਾਂ ਰਾਹੀਂ ਜਾਣਨ ਲਈ ਤਤਪਰ ਹੁੰਦੀ ਹੋਈ ਇਨ੍ਹਾਂ ਵਿਚ ਧਸ ਜਾਂਦੀ ਹੈ । ਇਹ ਸਾਰਾ ਕ੍ਰਮ ਜੀਵਾਤਮਾ ਦਾ ਬਾਹਰਮੁਖੀ ਹੋਣਾ ਹੈ ਜਿਸ ਰਾਹੀਂ ਉਸਨੂੰ ਬਾਹਰਮੁਖੀ ਸੰਸਾਰ ਦੀ ਅਨੁਭੂਤੀ ਹੁੰਦੀ ਹੈ । ਇਹੋ ਹੀ ਪ੍ਰਵ੍ਰਿਤੀ ਮਾਰਗ ਹੈ ।

ਭਿੰਨ ਭਿੰਨ ਉਦਵੇਗਾਂ ਦਾ ਅਨੁਭਵ ਇਸ ਵਿਕਾਸ਼ ਦੀ ਪਹਿਲੀ ਅਵਸਥਾ ਹੈ ,। ਇਸੇ ਲਈ ਮਨ ਨੂੰ ਛੇਵਾਂ ਇੰਦਰਾ ਮੰਨ ਲਿਆ ਗਿਆ ਹੈ ਜਿਹੜਾ ਕਿ ਪੰਜ ਗਿਆਨ ਇੰਦਰਿਆਂ ਤੋਂ ਪ੍ਰਾਪਤ ਹੋਏ ਅਨੁਭਵਾਂ ਨੂੰ ਗ੍ਰਹਿਣ ਕਰਕੇ ਆਯੋਜਿਤ ਕਰਦਾ ( organise ) ਹੈ । ਇਹ ਅਨੁਭਵ ਗਿਆਨ ਇੰਦਰਿਆਂ ਨੂੰ ਕਰਮ ਇੰਦਰਿਆਂ ਰਾਹੀਂ ਬਾਹਰਮੁਖੀ ਪਦਾਰਥਾਂ ਦੇ ਸੰਪਰਕ ਵਿਚ ਆ ਕੇ ਹੁੰਦੇ ਹਨ । ਮਨ ਇਸ ਦਸ਼ਾ ਵਿਚ ਕਾਮ ( ਸੰਸਾਰਕ ਇਛਾਵਾਂ ) ਦਾ ਗੁਲਾਮ ਹੋ ਜਾਂਦਾ ਹੈ ਅਤੇ ਭੋਗ ਅਨੰਦ ਦੇ ਪਦਾਰਥਾਂ ਦੀ ਖੋਜ ਵਿਚ ਆਪਣੀਆਂ ਸ਼ਕਤੀਆਂ ਨੂੰ ਉਨਤ ਕਰਦਾ ਹੈ । ਭਗਤ ਜਨਾਂ ਦੇ ਉਪਦੇਸ਼ਾਂ ਨਾਲ ਮਾਨਵ -ਵਿਕਾਸ ਵਿਚ ਤੇਜੀ ਆਉਂਦੀ ਹੈ । ਇਨ੍ਹਾਂ ਉਪਦੇਸ਼ਾਂ ਰਾਹੀਂ , ਹਿੰਦੂ ਧਰਮ ਅਨੁਸਾਰ ਭੋਗ ਪਦਾਰਥਾਂ ਨੂੰ ਦੇਵ ਗਣ ਨੂੰ ਸਮਰਪਿਤ ਕਰਨ ਦੀ ਪ੍ਰੇਰਨਾ ਦਿਤੀ ਜਾਂਦੀ ਹੈ ਜਿਸ ਨਾਲ ਕਿ ਪਹਿਲਾਂ ਸੰਸਾਰਕ ਖੁਸ਼ਹਾਲੀ ਵਿਚ ਵਾਧਾ ਹੋ ਸਕਦਾ ਹੈ ਅਤੇ ਮਗਰੋਂ ਸਵਰਗ ਲੋਕ ਦੀਆਂ ਖੁਸ਼ੀਆਂ ਦੀ ਪ੍ਰਾਪਤੀ ਹੁੰਦੀ ਹੈ ।

ਇਥੇ ਇਹ ਦਸ ਦੇਣਾ ਉਚਿਤ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਦੇ ਪ੍ਰਭੂ ਪ੍ਰੀਤ ਵਿਚ ਗੜੂੰਦ ਹੋਏ ਗੁਰੂ ਕਵੀਆਂ ਅਤੇ ਭਗਤ ਕਵੀਆਂ ਨੇ ਨਾ ਕਿਸੇ ਨਰਕ ਦਾ ਡਰ ਪ੍ਰਗਟ

ਕੀਤਾ ਹੈ ਅਤੇ ਨਾ ਕਿਸੇ ਸੁਰਗ ਦੀ ਖੁਸ਼ੀ । ਉਨ੍ਹਾਂ ਨੂੰ ਕਿਸੇ ਸੁਰਗ ਲੋਕ ਦੀ ਕਾਮਨਾ ਨਹੀਂ । ਗੁਰੂ ਅਰਜਨ ਦਾ ਕਥਨ ਭੀ ਵੇਖੋ ।

ਧਨੁ ਨਹੀ ਬਾਛਹਿ ਸੁਰਗ ਨ ਆਛਹਿ ।
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ।

( ਗਉੜੀ ਬਾਵਨ ਅਖਰੀ ਮ: ੫ )

ਕਬੀਰ ਜੀ ਨੇ ਸਪਸ਼ਟ ਕਿਹਾ ਹੈ : --

੧- ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ।( ਗਉੜੀ ਕਬੀਰ )
੨- ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਾ ਦੋਊ ਰਾਦੇ ।( ਰਾਮਕਲੀ ਕਬੀਰ )
੩- ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ । ( ਸਲੋਕ ਕਬੀਰ )

ਪਰ ਆਮ ਮਾਨਵ ਨੂੰ ਪਾਪ-ਕਰਮ ਤੋਂ ਬਚਾਉਣ ਲਈ ਆਦਿ ਗ੍ਰੰਥ 'ਚ ਨਰਕ ਦੇ ਦੁਖਾਂ ਦਾ ਜ਼ਿਕਰ ਜ਼ਰੂਰ ਕੀਤਾ ਗਿਆ ਹੈ । ਗੁਰੂ ਸਾਹਿਬਾਨ ਨੇ ਤਾਂ ਜਨਮ ਮਰਨ ਦੇ ਗੇੜ ਵਿਚ ਫਸੇ ਜੀਵ ਦੀ ਹਰ ਜੋਨੀ ਨੂੰ ਇਕ ਨਰਕ ਕਹਿਆ ਹੈ । ਇਸ ਲਿਹਾਜ਼ ਨਾਲ ਨਰਕਾਂ ਦੀ ਗਿਣਤੀ ਚਉਰਾਸੀ ਲਖ ਬਣ ਜਾਂਦੀ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :-

ਨਾਮੁ ਵਿਸਾਰਿ ਦੋਖ ਦੁਖ ਸਹੀਐ ।
ਹੁਕਮੁ ਭਇਆ ਚਲਣਾ ਕਿਉ ਰਹੀਐ ।

ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ।
ਚਉਰਾਸੀਹ ਨਰਕ ਸਾਕਤੁ ਭੋਗਾਈਐ ।
ਜੈਸਾ ਕੀਚੈ ਤੈਸੋ ਪਾਈਐ ।
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ।

( ਮਾਰੂ ਮ: ੧ ਪੰ: ੧੦੨੮ )

ਵਿਕਾਸ ਦੀ ਦੂਜੀ ਅਵਸਥਾ ਮਨ ਅਤੇ ਕਾਮ ਵਿਚਾਲੇ ਨਿਰੰਤਰ ਚਲਦਾ ਸੰਘਰਸ਼ ਹੈ । ਇਸ ਹਾਲਤ ਵਿਚ ਸੁਲਝੇ ਹੋਏ ਮਨ ਨੂੰ ਇਹ ਪਤਾ ਚਲ ਜਾਂਦਾ ਹੈ ਕਿ ਸੰਸਾਰਕ ਖੁਸ਼ੀਆਂ ਅਤੇ ਭੋਗ ਛਿਨ ਭੰਗਰੀ ਅਨੰਦ ਦਿੰਦੇ ਹਨ , ਪਰ ਸਿੱਟਾ ਦੁਖ ਹੀ ਨਿਕਲਦਾ ਹੈ । ਰਬ ਨੂੰ ਭੁਲਾ ਕੇ ਭੋਗੇ ਭੋਗ ਬਿਲਾਸ ਦੀ ਜ਼ਿੰਦਗੀ ਦੀਰਘ ਰੋਗਾਂ ਵਿਚ ਫਸਦੀ ਹੈ । ਗੁਰਦੇਵ ਦਾ ਕਥਨ ਹੈ :

ਖਸਮੁ ਵਿਸਾਰਿ ਕੀਏ ਰਸ ਭੋਗ
ਤਾਂ ਤਨਿ ਉਠਿ ਖਲੋਏ ਰੋਗ । ( ਮਲਾਰ ਮ: ੧ , ਪੰ: ੧੨੫੬ )

ਗੁਰੂ ਜੀ ਦਾ ਇਹ ਵਾਕ ਇਸ ਭਾਵ ਨੂੰ ਬਹੁਤ ਸਪਸ਼ਟ ਕਰਦਾ ਹੈ ।

ਦੁਖੁ ਦਾਰੂ ਸੁਖੁ ਰੋਗੁ ਭਇਆ । ( ਵਾਰ ਆਸਾ ਮ: ੧ ਪੰ: ੪੬੯ )

ਗੀਤਾ ਜੀ ਵਿਚ ਵੀ ਇਹ ਵਿਚਾਰ ਇਉਂ ਪ੍ਰਗਟ ਕੀਤਾ ਹੈ:

ਯੇ ਹਿ ਸੰਸਪਰਸ਼ਜਾ ਭੋਗ । ਦੁਖਯੋਨਯ ਏਵ ਤੇ ।

( ਭਗਵਦ ਗੀਤਾ ੧੫, ੨ )

ਇਸਦਾ ਭਾਵ ਹੈ " ਸੰਸਾਰਕ ਭੋਗਾਂ ਨਾਲ ਭੇਂਟ ਦੁਖ-ਜੂਨੀਆਂ ਦਾ ਕਾਰਨ ਹੈ । "

ਇਸ ਲਈ ਮਨ ਭੋਗ ਪਦਾਰਥਾਂ ਦੀ ਖੋਜ ਵਿਚ ਪੈਣ ਅਤੇ ਇਸ ਤੋਂ ਪੈਦਾ ਹੋਏ ਸੰਘਰਸ਼ ਅਤੇ ਦੁਖ ਵਿਚ ਫਸਣ ਤੋਂ ਝਿਜਕਦਾ ਹੈ । ਕਾਮਿਕ ਇਛਾਵਾਂ ਨੂੰ ਨਿਰਾਰਥਕ ਮੰਨਣ ਨਾਲ ਕਾਮ ਸ਼ੁਧ ਹੁੰਦਾ ਹੈ ਅਤੇ ਇੱਛਾ ਦਾ ਉਚੇਰਾ ਪੱਖ ਨਿਰੂਪਣ ਹੋਣਾ ਸ਼ੁਰੂ ਹੁੰਦਾ ਹੈ ।

ਮਨ ਦੇ ਵਿਕਾਸ ਦੀ ਤੀਜੀ ਅਵਸਥਾ ਉਚੇਰੀਆਂ ਬੋਧਿਕ ਸ਼ਕਤੀਆਂ ਦਾ ਉੱਨੱਤ ਹੋਣਾ ਹੈ । ਮਨ ਨਾ ਗੁਲਾਮ ਰਹਿੰਦਾ ਹੈ ਅਤੇ ਨਾ ਹੀ ਕਾਮ ਨਾਲ ਇਸਦਾ ਸੰਘਰਸ਼ ਹੁੰਦਾ ਹੈ । ਇਹ ਸੁਤੰਤਰ ਹੋ ਕੇ ਸ਼ੁਧ ਸਰੂਪ ਧਾਰਨ ਕਰਦਾ ਹੈ । ਇਸ ਦਸ਼ਾ ਵਿਚ ਜੀਵਾਤਮਾ ਦੇ ਇੰਦਰਿਆਵੀ ਵਿਸ਼ਿਆਂ ਨਾਲ ਸਬੰਧ ਸਮਾਪਤ ਹੋ ਜਾਂਦੇ ਹਨ ਅਤੇ ਸ਼ੁਧ ਵਿਚਾਰਾਂ ਨਾਲ ਭਰਪੂਰ ਹੋ ਕੇ ਆਤਮ ਅਤੇ ਅਨਾਤਮ ਦਾ ਨਿਰਣਾ ਕਰਦਾ ਹੈ । ਇਸ ਅਵਸਥਾ ਵਿਚ ਬੁਧੀ ਦਾ ਵੀ ਵਿਕਾਸ ਹੁੰਦਾ ਹੈ ਜੋ ਗਿਆਨ ਤੇ ਪਿਆਰ ਦਾ ਸੁਮੇਲ ਬਣ ਜਾਂਦੀ ਹੈ । ਏਸੇ ਅਵਸਥਾ ਨੂੰ ਗੁਰੂ ਨਾਨਕ ਨੇ ਸਰਮ ਖੰਡ ਆਖਿਆ ਹੈ ਜਿਥੇ ਕਿ ਮਨ ਅਤੇ ਬੁਧੀ ਸ਼ੁਧ ਸਰੂਪ ਵਿਚ ਪ੍ਰਕਾਸ਼ਦੇ ਹਨ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ( ਜਪੁਜੀ )

ਇਹ ਅਵਸਥਾ ਸਿਧਾਂ ਅਤੇ ਦੇਵਤਿਆਂ ਦੀ ਅਵਸਥਾ ਹੈ । ਜਦੋਂ ਜੀਵਾਤਮਾ ਇਸ ਅਵਸਥਾ ਤੇ ਪੁਜਦੀ ਹੈ , ਉਹ ਮੋਖ ਮੁਕਤ ਦੀ ਦਰਵਟਣੀ ਉਤੇ ਹੁੰਦੀ ਹੈ । ਜਦੋਂ ਉਸਦੀਆਂ ਸਭ ਤ੍ਰਿਸ਼ਨਾਵਾਂ ਅਤੇ ਕਾਮਨਾਵਾਂ ਮੁਕ ਜਾਂਦੀਆਂ ਹਨ , ਤਾਂ ਉਹ ਪ੍ਰਭੂ-ਕਿਰਪਾ ਨਾਲ ਸ਼ਕਤੀਸ਼ਾਲੀ ਹੋ ਕੇ ਉਹਦੇ ਨਾਲ ਇਕ ਮਿਕ ਹੋ ਜਾਂਦੀ ਹੈ । ਇਸ ਅਵਸਥਾ ਵਿਚ ਜੀਵਾਤਮਾ ਦਾ ਜਨਮ ਮਰਨ ਮੁਕ ਜਾਂਦਾ ਹੈ । ਬਾਹਰਵੰਨੇ ਦੌੜਦੇ ਗਿਆਨ ਇੰਦਰੇ ਵਰਜ ਕੇ ਟਿਕਾਏ ਜਾਂਦੇ ਹਨ ਅੰਤ ਸ਼ਾਂਤ ਹੋ ਜਾਂਦੇ ਹਨ । ਮਨ ਜਿਹੜਾ ਸਾਧਾਰਨ ਤੌਰ ਤੇ ਹਾਥੀ ਵਾਂਗੂ ਮਾਇਆ ਰੂਪੀ ਬਨ ਵਿਚ ਭਟਕਦਾ ਹੈ ,( ਮਨੁ ਮੈਗਲੁ ਸਾਕਤੁ ਦੇਵਾਨਾ। ਬਨ ਖੰਡਿ ਮਾਇਆ ਮੋਹਿ ਹੈਰਾਨਾ ਆਸਾ ਮ: ੧ ਪੰ: ੪੧੫ ) ਉਹ ਵੀ ਸ਼ਾਂਤ ਹੋ ਜਾਂਦਾ ਹੈ । ਉਹ ਜਿਤਿਆ ਜਾਂਦਾ ਹੈ ।

ਜਿਵੇਂ ਗੁਰਦੇਵ ਫੁਰਮਾਂਦੇ ਹਨ :

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ

( ਰਾਮਕਲੀ ਮ:੧ ਸਿਧ ਗੋਸਟਿ ਪੰ: ੯੪੬ )

ਹੁਣ ਮਨ ਵਿਚ ਇੰਦਰਿਆਵੀ ਇੱਛਾ ਦਾ ਅਧਿਸ਼ਨ ਨਹੀਂ ਹੁੰਦਾ । ਬੁਧੀ ਵੀ ਮਨ ਦੇ ਸੰਕਲਪਾਂ ਦੇ ਅਧਿਸ਼ਨ ਤੋਂ ਹਟ ਕੇ ਸ਼ਾਂਤ ਹੋ ਜਾਂਦੀ ਹੈ । ਇਹਦੇ ਵਿਚੋਂ ਜੀਵਾਤਮਾ ਛਲਕਦਾ ਹੈ । ਜਦ ਤਕ ਮਨ ਗਿਆਨ ਇੰਦਰਿਆਂ ਦੇ ਸਨਮੁਖ ਹੁੰਦਾ ਹੈ । ਇਹ ਦੁਖ ਪਾਂਦਾ ਹੈ ਜਦੋਂ ਇਹ ਬੁਧੀ ਵਲ ਮੂੰਹ ਮੋੜਦਾ ਹੈ , ਇਸ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ । ਇਹ ਮੁੜਵਾਂ ਰਸਤਾ ਨਿਵ੍ਰਿਤੀ ਮਾਰਗ ਅਖਵਾਂਦਾ ਹੈ ਜਦੋਂ ਕਿ ਜੀਵਾਤਮਾ ਸੰਸਾਰੀ ਭਟਕਣ ਤੋਂ ਹਟ ਕੇ ਨਿਜ ਘਰ ਵਿਚ ਇਸਥਿਤ ਹੁੰਦੀ ਹੈ ।

ਏਥੇ ਗੁਰਦੇਵ ਦੇ ਪ੍ਰਵ੍ਰਿਤੀ ਮਾਰਗ ਅਤੇ ਨਿਵ੍ਰਿਤੀ ਮਾਰਗ ਦੇ ਸੰ ਸੰ-ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ । ਜਦੋਂ ਜੀਵਨ-ਖੇਤ ਵਿਚ ਜੀਵ ਕਦਮ ਰਖਦਾ ਹੈ ਤਾਂ ਗੁਰੂ ਰਾਮਦਾਸ ਉਹਨੂੰ ਪ੍ਰਵ੍ਰਿਤੀ ਮਾਰਗ ਉਤੇ ਚਲਣ ਦੀ ਸਿਖਿਆ ਦਿੰਦੇ ਹਨ :

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ।

( ਸੂਹੀ ਮ: ੪ ਪੰ: ੭੭੩ )

ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ :

ਪਰਵਿਰਤੀ ਨਰਵਿਰਤ ਪਛਾਣੈ ।
ਗੁਰ ਕੈ ਸੰਗਿ ਸਬਦਿ ਘਰੁ ਜਾਣੈ ।

( ਮਾਰੂ ਮ: ੧ ਪੰ: ੧੦੨੭ )

ਸਿਧ ਗੋਸਟਿ ਵਿਚ ਵੀ ਇਹੋ ਵਿਚਾਰ ਮਿਲਦਾ ਹੈ :

ਗੁਰਮੁਖਿ ਸਰ ਅਪਸਰ ਬਿਧਿ ਜਾਣੈ

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ।

( ਰਾਮਕਲੀ ਮ: ੧ ਪੰ: ੯੪੬ )

ਇਨ੍ਹਾਂ ਤੁਕਾਂ ਰਾਹੀਂ ਗੁਰਦੇਵ ਇਹੋ ਕਹਿਣਾ ਚਾਹੁੰਦੇ ਹਨ ਕਿ ਗੁਰਮੁਖ ਇਸ ਗਲ ਦੀ ਪਛਾਣ ਕਰੇ ਕਿ ਕਿਥੇ ਗ੍ਰਹਿਣ ਅਤੇ ਕਿਥੇ ਤਿਆਗ ਵਰਤਣਾ ਹੈ । ਪ੍ਰਵ੍ਰਿਤ ਵਿਹਾਰਕ ਅਵਸਥਾ ਨੂੰ ਕਿਹਾ ਹੈ ਅਤੇ ਨ੍ਰਿਵ੍ਰਿਤ ਭੋਗਾਂ ਤੋਂ ਉਪਰਾਮਤਾ ਦੀ ਹਾਲਤ ਦਸੀ ਹੈ । ਗੁਰਦੇਵ ਨੇ ਨ੍ਰਿਵ੍ਰਿਤ ਨੂੰ ਕਦੇ ਵੀ ਸੰਸਾਰਕ ਤਿਆਗ ਦੇ ਅਰਥਾਂ ਵਿਚ ਨਹੀਂ ਲਿਆ । ਜਿਗਿਆਸੂ ਨੂੰ ਧਰਮ

ਅਨੁਸਾਰ ਦੋਹਾਂ ਪੱਖਾਂ ਵਿਚ ਵਰਤਣਾ ਚਾਹੀਦਾ ਹੈ । ਉਨ੍ਹਾਂ ਦਾ ਫੁਰਮਾਨ ਹੈ :

ਦੋਵੈ ਤਰਫਾ ਉਪਾਇ ਇਕੁ ਵਰਤਿਆ ।
ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ।
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ।
( ਵਾਰ ਮਲਾਰ ਮ: ੧ ਪੰ: ੧੨੮੦ )

ਜੀਵਾਤਮਾ ਨੂੰ ਵੇਖਣਾ ਗਿਆਨ ਹੈ , ਇਸਨੂੰ ਪਿਆਰ ਕਰਨਾ ਭਗਤੀ ਹੈ ਅਤੇ ਇਸਦੀ ਸੇਵਾ ਕਰਨਾ ਕਰਮ ਹੈ । ਇਹ ਤਿੰਨੇ ਗਿਆਨ ,ਭਗਤੀ ਅਤੇ ਕਰਮ ਮੋਖ ਮੁਕਤ ਦੇ ਤਿੰਨ ਰਸਤੇ ਦਸੇ ਗਏ ਹਨ । ਗਿਆਨ ਮਾਰਗ ਉਨ੍ਹਾਂ ਲਈ ਹੈ ਜਿਨ੍ਹਾਂ ਵਿਚ ਚਿਤ ਪ੍ਰਬਲ ਹੈ , ਭਗਤੀ ਮਾਰਗ ਉਨ੍ਹਾਂ ਲਈ ਜਿਨ੍ਹਾਂ ਵਿਚ ਇੱਛਾ ਪ੍ਰਬਲ ਹੈ ਅਤੇ ਕਰਮ ਮਾਰਗ ਉਨ੍ਹਾਂ ਲਈ ਜਿਨ੍ਹਾਂ ਵਿਚ ਕ੍ਰਿਆ ਪ੍ਰਬਲ ਹੈ । ਪਰ ਹਰ ਮਾਰਗ ਵਿਚ , ਕ੍ਰਿਆਤਮਕ ਜੀਵਾਤਮਾ ਲਈ ਤਿੰਨਾਂ ਹੀ ਪੱਖਾਂ ਦਾ ਵਿਕਾਸ ਕਰਨਾ ਜ਼ਰੂਰੀ ਹੈ । ਜਿਉਂ ਜਿਉਂ ਗਿਆਨ ਮਾਰਗੀ ਦੇ ਗਿਆਨ ਵਿਚ ਵਾਧਾ ਹੁੰਦਾ ਹੈ , ਉਹਦੇ ਵਿਚ ਭਗਤੀ ਅਤੇ ਕਰਮ ਦੋਹਾਂ ਦਾ ਪ੍ਰਵੇਸ਼ ਹੋਵੇਗਾ , ਜਦੋਂ ਭਗਤ-ਮਾਰਗੀ ਸੰਪੂਰਨਤਾ ਨੂੰ ਪ੍ਰਾਪਤ ਕਰੇਗਾ, ਗਿਆਨ ਅਤੇ ਕਰਮ ਵੀ ਉਹਦੇ ਕੋਲ ਹੋਣਗੇ । ਜਦੋਂ ਕਰਮ-ਮਾਰਗੀ ਦੀ ਕ੍ਰਿਆ ਨਿਰੋਲ ਨਿਰਸੁਆਰਥ ਹੋਵੇਗੀ ਤਾਂ ਉਹ ਨੂੰ ਗਿਆਨ ਅਤੇ ਭਗਤੀ ਵੀ ਪ੍ਰਾਪਤ ਹੋਣਗੇ । ਅਸਲ ਵਿਚ ਇਹ ਤਿੰਨੇ ਮਾਰਗ ਇਕ ਹਨ ਜਿਨ੍ਹਾਂ ਵਿਚ ਤਿੰਨ ਵਖਰੇ ਸੁਭਾ ਇਹਦੇ ਅਣਟਅੰਗਾਂ ਵਿਚੋਂ ਕਿਸੇ ਇਕ ਜਾਂ ਦੂਜੇ ਉਤੇ ਬਲ ਦੇਣਗੇ । ਉਹ ਜਿਗਿਆਸੂ ਜਿਸਨੇ ਮੁਕਤੀ ਪ੍ਰਾਪਤ ਕਰ ਲਈ ਹੈ ਉਹ ਤਿੰਨ ਲੋਕਾਂ ਵਿਚ ਨਿਸ਼ਕ੍ਰਿਅ ਵੀ ਰਹਿ ਸਕਦਾ ਹੈ ਅਤੇ ਕ੍ਰਿਆਸ਼ੀਲ ਵੀ । ਗੁਰੂ ਅਤੇ ਭਗਤ ਆਤਮਾਵਾਂ ਸੰਸਾਰ ਦੀ ਅਗਵਾਈ ਲਈ ਕਾਰਜ ਕਰਦੀਆਂ ਰਹਿੰਦੀਆਂ ਹਨ ।

ਇਹ ਕਿਹਾ ਜਾਂਦਾ ਹੈ ਕਿ ਸਾਧਾਰਣ ਵਿਕਾਸ ਦਾ ਰੁਖ਼ ਉਪਰਲੇ ਤਲ ਵਲ ਅਤੇ ਅਗੇ ਵਲ ਹੈ , ਫਿਰ ਵੀ ਕੁਝ ਚਿਰ ਲਈ ਅਵਨਤੀ ਹੋ ਸਕਦੀ ਹੈ । ਭਗਵਤ ਗੀਤਾ ਵਿਚ ਲਿਖਿਆ ਹੈ ਕਿ ਸਭ ਤੋਂ ਭੈੜੇ ਮਨੁੱਖਾਂ ਨੂੰ ਰਾਖਸ਼ ਜੂਨੀਆਂ ਵਿਚ ਸੁਟਿਆ ਜਾਂਦਾ ਹੈ[੧] । ਉਨ੍ਹਾਂ ਦਾ ਜਨਮ ਦੁਸ਼ਟਾਂ ਦੇ ਘਰ ਹੁੰਦਾ ਹੈ । ਕਨੂੰਨ ਇਹ ਹੈ ਕਿ ਜਦੋਂ ਮਨੁਖ ਆਪਣੇ ਆਪ ਨੂੰ ਮਨੁੱਖੀ ਸਤਰ ਤੋਂ ਬਹੁਤ ਹੇਠਾਂ ਗਿਰਾ ਲਵੇ ਕਿ ਉਸਦੇ ਬਹੁਤ ਸਾਰੇ ਗੁਣਾਂ ਦਾ ਨਿਰੂਪਣ ਕੇਵਲ ਨਿਮਨ ਤਲ ਦੇ ਜੀਵਾਂ ਰਾਹੀਂ ਹੀ ਹੋ ਸਕਦਾ ਹੋਵੇ , ਉਹ ਫਿਰ ਅਗਲੇ ਜਨਮ ਵਿਚ ਮਨੁਖ ਨਹੀਂ ਬਣ ਸਕਦਾ । ਕੁਝ ਦੇਰ ਮਗਰੋਂ ਇਸ ਲਈ ਉਸਨੂੰ ਨੀਵੇਂ ਜੀਵਾਂ ਵਿਚੋਂ ਕਿਸੇ ਇਕ ਦੇ ਸਰੀਰ ਨਾਲ ਪਸ਼ੂ , ਬਨਸਪਤੀ ਜਾਂ ਧਾਤੂ ਦਾ ਸਾਥੀ-ਮਜਾਰਾ ਉਸ ਸਮੇ ਤਕ ਬਣਾ ਕੇ ਰਖਿਆ ਜਾਂਦਾ ਹੈ ਜਦ ਤਕ ਕਿ ਉਸਦੇ ਅਣ-ਮਨੁਖੀ ਗੁਣਾਂ

੧. ਭਗਵਤ ਗੀਤਾ ੧੬, ੧੯

ਦਾ ਪ੍ਰਭਾਵ ਖਤਮ ਨਹੀਂ ਹੋ ਜਾਂਦਾ ਅਤੇ ਉਹ ਇਸ ਯੋਗ ਨਹੀਂ ਹੋ ਜਾਂਦਾ ਕਿ ਫਿਰ ਮਨੁੱਖਾਂ ਦੀ ਦੁਨੀਆਂ ਵਿਚ ਜਨਮ ਲੈ ਸਕੇ ।

## ਕਰਮ

ਕਰਮ ਸ਼ਬਦ ਦਾ ਭਾਵ ਕ੍ਰਿਆ ਜਾਂ ਕਿਰਤ ਹੈ । ਹਰ ਕਰਮ ਦਾ ਸਰੂਪ ਤੀਹਰਾ ਮੰਨਿਆ ਗਿਆ ਹੈ । ਇਸਦਾ ਕੁਝ ਸਬੰਧ ਅਤੀਤ ਨਾਲ ਹੁੰਦਾ ਹੈ , ਕੁਝ ਵਰਤਮਾਨ ਨਾਲ , ਏਸੇ ਲਈ ਇਸਨੂੰ ਘਟਨਾਵਾਂ ਦਾ ਅਨੁਕ੍ਰਮ ( sequence ) ਕਿਹਾ ਗਿਆ ਹੈ ।ਇਸਨੂੰ ਕਾਰਨਾਂ ਅਤੇ ਸਿੱਟਿਆਂ ਦਾ ਕਾਨੂੰਨ ਵੀ ਕਹਿੰਦੇ ਹਨ ।ਸਿੱਟਾ ਕਰਮ ਦਾ ਉਹ ਅੰਗ ਹੈ ਜੋ ਭਵਿਖਤ ਨਾਲ ਸਬੰਧਤ ਹੈ ,ਪਰ ਇਸਦਾ ਸਬੰਧ ਵਰਤਮਾਨ ਨਾਲੋਂ ਵਿਰਵਾ ਨਹੀਂ ਕੀਤਾ ਜਾ ਸਕਦਾ । ਇਸ ਲਈ ਜਦੋਂ ਅਸੀਂ ਦੁਖੀ ਹੁੰਦੇ ਹਾਂ ਤਾਂ ਉਹ ਦੁਖ ਕਿਸੇ ਗਲਤ ਕਰਮ ਦਾ ਸਿੱਟਾ ਨਹੀਂ ,ਉਸਦਾ ਵਾਸਤਵਿਕ ਅੰਗ ਹੈ ,ਭਾਵੇਂ ਇਸਨੂੰ ਕਿਸੇ ਆਉਣ ਵਾਲੇ ਸਮੇ ਵਿਚ ਭੋਗਿਆ ਜਾਵੇ । ਮਾਨਵ ਕਈ ਤਰ੍ਹਾਂ ਦੇ ਪਾਪ ਕਰਦਾ ਹੈ , ਪਰ ਪਾਪ ਕਰਨ ਸਮੇ ਉਸਨੂੰ ਕੋਈ ਦੁਖ ਨਹੀਂ ਹੁੰਦਾ , ਪਰ ਮਗਰੋਂ ਉਹ ਜ਼ਰੂਰ ਦੁਖੀ ਹੁੰਦਾ ਹੈ।

ਜੀਵਾਤਮਾ ਦਾ ਸਰੂਪ ਵੀ ਤੀਹਰਾ ਹੈ , ਇਹ ਇੱਛਾ ,ਗਿਆਨ ਅਤੇ ਕ੍ਰਿਆ ਦਾ ਸੁਮੇਲ ਹੈ ਜੋ ਤਿੰਨੇ ਮਾਨਵ-ਕਰਮ ਦੇ ਜ਼ਿੰਮੇਵਾਰ ਹਨ ।ਹਰ ਵਿਚਾਰ ਪਿਛੇ ਇੱਛਾ ਕੰਮ ਕਰਦੀ ਹੈ ਅਤੇ ਜਦੋਂ ਇਹ ਤੀਬਰ ਹੋ ਉਠਦੀ ਹੈ ਤਾਂ ਕਰਮ ਦਾ ਰੂਪ ਧਾਰਨ ਕਰਦੀ ਹੈ । ਗੁਰੂ ਨਾਨਕ ਦੇਵ ਜੀ ਨੇ ਇਸ ਤ੍ਰਿਸ਼ਨਾ ਨੂੰ ਅਗਨੀ ਕਿਹਾ ਹੈ ਜਿਹੜੀ ਕੇਵਲ ਗੁਰਸ਼ਬਦ ਨਾਲ ਬੁਝ ਸਕਦੀ ਹੈ ।

ਤਨੁ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ।

( ਵਾਰ ਮਾਝ ਮ:੧ ਪੰ: ੧੪੭ )

ਤ੍ਰਿਸਨਾਵਾਂ ਨਾਲ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ । ਗੁਰਦੇਵ ਦਾ ਕਥਨ ਹੈ:

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ।

(ਵਾਰ ਮਾਝ ਮ: ੧ ਪੰ: ੧੩੮ )

ਤ੍ਰਿਸ਼ਨਾ ਮਾਨਵ ਨੂੰ ਉਥੇ ਲੈ ਜਾਂਦੀ ਹੈ ਜਿਥੇ ਇੱਛਿਤ ਪਦਾਰਥ ਹੁੰਦਾ ਹੈ । ਉਹ ਮਾਨਵ ਦੀਆਂ ਭਵਿਖਤ ਦੀਆਂ ਕਿਰਿਆਵਾਂ ਨੂੰ ਨਿਸਚਿਤ ਕਰਦੀ ਹੈ । ਉਹ ਮਾਨਵ ਨੂੰ ਮਨ-ਇਛਿਤ ਪਦਾਰਥ ਨਾਲ ਜੋੜਦੀ ਹੈ , ਜੋ ਉਸਦੀ ਪ੍ਰਾਪਤੀ ਲਈ ਉਹਦੇ ਮਗਰ ਮਗਰ ਭਟਕਦਾ ਹੈ । ਮਨ-ਇੱਛਿਤ ਪਦਾਰਥ ਨੂੰ ਫਲ ਕਿਹਾ ਜਾਂਦਾ ਹੈ ,ਜਿਸਨੂੰ ਭੋਗਣ ਲਈ

ਮਾਨਵ ਤਤਪਰ ਰਹਿੰਦਾ ਹੈ ਅਤੇ ਜਿਵੇਂ ਵੀ ਉਹ ਕਰਦਾ ਹੋਵੇ , ਉਥੇ ਹੀ ਉਹ ਜਾ ਪੁਜਦਾ ਹੈ । ਉਸਦੀ ਪ੍ਰਾਪਤੀ ਲਈ ਉਹ ਪਾਪ ਕਰਨੋ ਵੀ ਨਹੀਂ ਝਿਜਕਦਾ । ਫਲ ਭੁਗਤਣ ਵਿਚ ਉਸਨੂੰ ਜਿਹੜਾ ਸੁਖ ਮਿਲਦਾ ਹੈ , ਉਹ ਛਿਨ ਭੰਗਰੀ ਹੈ , ਇਸ ਗਲ ਨੂੰ ਮਾਨਵ ਨਹੀਂ ਸਮਝਦਾ ਅਤੇ ਇਸੇ ਲਈ ਦੁਖ ਪਾਉਂਦਾ ਹੈ । ਸੰਸਾਰ ਦੇ ਭੋਗ-ਪਦਾਰਥ ਦੁਖਾਂ ਅਤੇ ਰੋਗਾਂ ਦਾ ਕਾਰਨ ਬਣਦੇ ਹਨ । ਗੁਰਦੇਵ ਦਾ ਕਥਨ ਹੈ ।

> ਮੂਰਖ ਭੋਗੇ ਭੋਗੁ ਦੁਖ ਸਬਾਇਆ ।(ਮਾਝ ਵਾਰ ਮ: ੧ ਪੰ: ੧੩੯ )
>
> ਭੋਗਹੁ ਰੋਗ ਸੁ ਅੰਤਿ ਵਿਗੋਵੈ । ( ਮਾਰੂ ਮ: ੧ ਪੰ: ੧੦੩੪ )
>
> ਭੋਗੀ ਕਉ ਦੁਖ ਰੋਗ ਵਿਆਪੈ ( ਬਸੰਤ ਮ: ੧ ਪੰ: ੧੧੮੯ )

ਜਿਉ ਜਿਉ ਮਾਨਵ ਫਲ ਇੱਛਾ ਅਧੀਨ ਕਰਮ ਕਰਦਾ ਹੈ , ਤਿਉਂ ਤਿਉਂ ਉਹ ਬੰਧਨ ਵਿਚ ਵਧੇਰੇ ਜਕੜਿਆ ਜਾਂਦਾ ਹੈ । ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰ ਨੂੰ ਏਦਾਂ ਸਪਸ਼ਟ ਕੀਤਾ ਹੈ:

> ਆਪਨ ਕਰਮ ਆਪੇ ਹੀ ਬੰਧ ।
> ਆਵਨੁ ਜਾਵਨੁ ਮਾਇਆ ਧੰਧ।
> (ਰਾਮਕਲੀ ਮ:੫, ਪੰ:੮੮੮)
>
> ਹਉ ਹਉ ਕਰਮ ਕਮਾਣੇ। ਤੇਤੇ ਬੰਧ ਗਲਾਣੇ।
> (ਮਾਰੂ ਮ:੫,ਪੰ:੧੦੦੪)

ਫਲ-ਪ੍ਰਾਪਤੀ ਲਈ ਕੀਤਾ ਕਰਮ ਬੰਧਨ ਹੈ ।ਫਲ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ, ਸੁਖਦਾਇਕ ਅਤੇ ਦੁਖਦਾਇਕ ਵੀ । ਦੋਹਾਂ ਪਖਾਂ ਉਤੇ ਉਹੀ ਕਾਨੂੰਨ ਲਾਗੂ ਹੁੰਦਾ ਹੈ । ਜਦ ਤਕ ਮਾਨਵ ਨੂੰ ਫਲ ਦੀ ਇੱਛਾ ਹੁੰਦੀ ਹੈ, ਉਹ ਉਸ ਫਲ ਨਾਲ ਬਝ ਜਾਂਦਾ ਹੈ । ਸੁਖਦਾਇਕ ਫਲ ਲਈ ਕੀਤਾ ਕਰਮ ਚੰਗਾ ਕਰਮ ਹੁੰਦਾ ਹੈ ਅਤੇ ਦੁਖਦਾਇਕ ਲਈ ਕੀਤਾ ਕਰਮ ਮਾੜਾ ਕਰਮ । ਗੁਰਦੇਵ ਦਾ ਕਥਨ ਹੈ:

> ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ।
> ( ਸਿਰੀ ਰਾਗੁ ਮ:੧ ਪੰ: ੧੫ )

ਜਦੋਂ ਮਾਨਵ ਉਪਰੋਕਤ ਕਾਨੂੰਨ ਨੂੰ ਸਮਝ ਲੈਂਦਾ ਹੈ ,ਉਹ ਆਪਣੀਆਂ ਇੱਛਾਵਾਂ ਵਲ ਪੂਰਾ ਧਿਆਨ ਦਿੰਦਾ ਹੈ । ਉਹ ਫਿਰ ਕੇਵਲ ਉਨ੍ਹਾਂ ਪਦਾਰਥਾਂ ਦੀ ਕਾਮਨਾ ਕਰਦਾ ਹੈ ਜੋ ਖੁਸ਼ੀ ਦੇ ਸਕਦੇ ਹਨ । ਕਿਸੇ ਦੂਜੇ ਜੀਵਨ ਵਿਚ ਉਸ ਨੂੰ ਉਨ੍ਹਾਂ ਦੀ ਪ੍ਰਾਪਤੀ ਦੇ ਅਵਸਰ ਮਿਲ ਜਾਣਗੇ ।

ਮਨ ਇਕ ਸਿਰਜਨਾਤਮਕ ਸ਼ਕਤੀ ਹੈ ਅਤੇ ਮਾਨਵ ਉਹੀ ਕੁਝ ਬਣ ਜਾਂਦਾ ਹੈ ਜੋ ਕੁਝ ਉਹ ਸੋਚਦਾ ਹੈ ।ਜਿਵੇਂ ਕੋਈ ਸੋਚਦਾ ਹੈ ਉਵੇਂ ਹੀ ਉਹ ਹੋ ਜਾਂਦਾ ਹੈ ।

ਜੈਸਾ ਸੇਵੈ ਤੈਸੋ ਹੋਇ ।
( ਗਉੜੀ ਮ:੧ ਪੰ: ੨੨੪ )

ਮਨ ਦੇ ਆਖੇ ਲਗ ਕੇ ਹੀ ਮਨੁਖ ਕਰਮ ਕਰਦਾ ਹੈ । ਦੋ ਹੀ ਰਸਤੇ ਹਨ , ਇਕ ਪਾਪ ਵਾਲਾ ਅਤੇ ਦੂਜਾ ਪੁੰਨ ਵਾਲਾ । ਮਾਇਆ ਦੇ ਮਦ ਵਿਚ ਮਤਾ ਹੋਇਆ ਜੀਵ ਪਾਪ ਕਰਦਾ ਹੈ ਅਤੇ ਸਦਾ ਅਤ੍ਰਿਪਤ ਰਹਿੰਦਾ ਹੈ । ਜਦੋਂ ਮਨ ਸਚੇ ਮਾਰਗ ਉਤੇ ਚਲ ਪੈਂਦਾ ਹੈ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ ਅਤੇ ਨਾਲ ਹੀ ਬੰਧਨਾ ਤੋਂ ਮੁਕਤੀ ਪ੍ਰਾਪਤ ਕਰਦਾ ਹੈ । ਗੁਰਦੇਵ ਦਾ ਕਥਨ ਹੈ:

ਮਨ ਕਾ ਕਹਿਆ ਮਨਸਾ ਕਰੈ
ਇਹ ਮਨੁ ਪੁੰਨੁ ਪਾਪੁ ਉਚਰੈ ।
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ।
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ।
(ਬਿਲਾਵਲੁ ਮ:੧ ਪੰ: ੮੩੨ )

ਮਾਨਵ ਜੋ ਕੁਝ ਆਪਣੇ ਆਪ ਵਿਚ ਹੈ, ਉਹ ਆਪਣੀ ਸੋਚਣੀ ਦਾ ਸਿੱਟਾ ਹੈ । ਜੋ ਕੁਝ ਉਹ ਹੁਣ ਸੋਚਦਾ ਹੈ , ਉਵੇਂ ਹੀ ਉਹ ਕੁਝ ਸਮਾ ਪਾਕੇ ਬਣ ਜਾਵੇਗਾ । ਜੇ ਉਹਦੇ ਵਿਚਾਰ ਚੰਗੇ ਹਨ ,ਉਹ ਚੰਗਾ ਮਨੁਖ ਬਣੇਗਾ , ਜੇ ਉਹਦੇ ਵਿਚਾਰ ਮਾੜੇ ਹਨ ,ਉਹ ਮਾੜਾ ਮਨੁਖ ਬਣੇਗਾ । ਇਉਂ ਮਾਨਵ ਆਪਣੀ ਆਚਰਣ-ਉਸਾਰੀ ਆਪਣੇ ਮਨ ਨੂੰ ਚੰਗਾ, ਪਵਿਤਰ ਅਤੇ ਉਚੇਰਾ ਬਣਾ ਕੇ ਕਰ ਸਕਦਾ ਹੈ । ਉਹ ਆਪਣੇ ਵਿਚੋਂ ਭੈੜ , ਗੰਦ ਅਤੇ ਨ ਨੀਚਤਾ ਦੇ ਭਾਵ ਕਢ ਦਿੰਦਾ ਹੈ ।

ਕਰਮਾਂ ਨਾਲ ਹੀ ਮਾਨਵ ਦੀ ਸਥਿਤੀ ਬਣਦੀ ਹੈ ।ਕੋਈ ਨਿਸ਼ਾਨੇ ਤੋਂ ਭਟਕ ਜਾਂਦੇ ਹਨ ਅਤੇ ਕੋਈ ਇਸ ਨੂੰ ਪ੍ਰਾਪਤ ਕਰ ਲੈਂਦੇ ਹਨ ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।
( ਸਲੋ ਜਪੁਜੀ ਪੰ: ੮ )

ਬੀਜ ਤੋਂ ਬਿਨਾ ਕੋਈ ਸ਼ੈ ਵੀ ਨਹੀਂ ਫੁਟਦੀ ।ਹਰ ਕਰਮ ਬੀਜ ਦੀ ਨਿਆਈਂ ਹੈ ਜੋ ਸਮਾ ਪਾ ਕੇ ਫੁਟ ਪੈਂਦਾ ਹੈ ।ਜਿਸ ਤਰ੍ਹਾਂ ਦਾ ਬੀਜ ਕੋਈ ਆਪਣੀ ਖੇਤੀ ਵਿਚ ਪਾਂਦਾ ਹੈ , ਉਸ ਤਰ੍ਹਾਂ ਦਾ ਹੀ ਫੁਲਵਾੜ ਲੈਂਦਾ ਹੈ । ਅਤੇ ਉਸੇ ਤਰ੍ਹਾਂ ਦਾ ਹੀ ਫਲ ਭੋਗਦਾ ਹੈ ।

ਕਰਿ ਕਰਿ ਕਰਣਾ ਲਿਖਿ ਲੈ ਜਾਹੁ

ਆਪੇ ਬੀਜਿ ਆਪੇ ਹੀ ਖਾਹੁ । ( ਜਪੁਜੀ ਪੰ: ੪ )

ਜਿਹੜਾ ਮਾਨਵ ਆਪਣੇ ਆਲੇ ਦੁਆਲੇ ਖੁਸ਼ੀ ਖਲੇਰਦਾ ਹੈ , ਉਸ ਨੂੰ ਸਿੱਟੇ ਵਜੋਂ ਵੀ ਖੁਸ਼ੀ ਪ੍ਰਾਪਤ ਹੋਵੇਗੀ । ਇਸ ਗਲ ਨੂੰ ਜਾਣਦਿਆਂ ਹੋਇਆਂ ਉਹ ਆਪਣੇ ਲਈ ਸੁਭ ਜਾਂ ਅਸੁਭ ਵਾਤਾਵਰਨ ਤਿਆਰ ਕਰ ਸਕਦਾ ਹੈ ।

ਉਪਰੋਕਤ ਵਿਚਾਰ ਕਰਮ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਦੇ ਹਨ , ਕਿਉਂਕਿ ਜੀਵਾਤਮਾ ਇੱਛਾ , ਗਿਆਨ ਅਤੇ ਕ੍ਰਿਆ ਦਾ ਸੁਮੇਲ ਹੈ ਅਤੇ ਇਨ੍ਹਾਂ ਤਿੰਨਾ ਦਾ ਪ੍ਰਗਟਾ ਕ੍ਰਿਸ਼ਨਾਵਾਂ , ਵਿਚਾਰਾਂ ਅਤੇ ਕਾਰਜਾਂ ਰਾਹੀਂ ਹੁੰਦਾ ਹੈ । ਇਸ ਤੋਂ ਇਹ ਪਤਾ ਲਗਦਾ ਹੈ ਕਿ ਅਸੀ ਹਰ ਸਮੇ ਨਵੇਂ ਕਰਮ ਕਰਦੇ ਹਾਂ ਅਤੇ ਉਹ ਫਲ ਭੋਗਦੇ ਹਾਂ , ਜਿਸ ਸਬੰਧ ਅਸੀ ਅਤੀਤ ਵਿਚ ਕਰਮ ਕੀਤੇ ਹੁੰਦੇ ਹਨ । ਅਸੀ ਹੁਣ ਉਨ੍ਹਾਂ ਸਥਿਤੀਆਂ ਵਿਚ ਕਾਰਜ ਕਰਦੇ ਹਾਂ ਜੋ ਅਸੀ ਅਤੀਤ ਵਿਚ ਆਪਣੇ ਲਈ ਸਿਰਜੀਆਂ ਹਨ । ਹੁਣ ਸਾਨੂੰ ਉਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਦਾ ਅਵਸਰ ਮਿਲਦਾ ਹੈ ਜਿਨ੍ਹਾਂ ਬਾਰੇ ਅਸੀ ਅਤੀਤ ਵਿਚ ਚਿਤਵਿਆ ਹੁੰਦਾ ਹੈ , ਹੁਣ ਅਸੀ ਓਦੋਂ ਦੀਆਂ ਉਪਜਾਈਆਂ ਸ਼ਕਤੀਆਂ ਨੂੰ ਵਰਤਦੇ ਹਾਂ , ਓਦੋਂ ਦੀਆਂ ਪੈਦਾ ਕੀਤੀਆਂ ਸਥਿਤੀਆਂ ਵਿਚ ਰਹਿੰਦੇ ਹਾਂ । ਪਰ ਜੀਵਾਤਮਾ ਜਿਸਨੇ ਓਦੋਂ ਚਿਤਵਿਆ , ਵਿਚਾਰਿਆ ਅਤੇ ਕੀਤਾ ਸੀ , ਹੁਣ ਵੀ ਉਹੀ ਸ਼ਕਤੀ ਸ਼ਾਲੀ ਕਾਰਜ-ਕਰਤਾ ਹੈ ਅਤੇ ਆਪਣੀ ਪੈਦਾ ਕੀਤੀ ਵਿਤ ਅਨੁਸਾਰ ਸ਼ਕਤੀ ਦੀ ਵਰਤੋਂ ਕਰਦੀ ਹੈ, ਉਨ੍ਹਾਂ ਨੂੰ ਸੁਧਾਰਦੀ ਅਤੇ ਹੌਲੇ ਹੌਲੇ ਬਦਲਦੀ ਹੈ ਅਤੇ ਆਪਣੇ ਭਵਿਖਤ ਲਈ ਚੰਗੇਰੇ ਹਾਲਾਤ ਪੈਦਾ ਕਰਦੀ ਹੈ ।

ਕਈ ਵਾਰੀ ਇਹ ਗਲਤ ਵਿਚਾਰ ਪ੍ਰਚਾਰਿਆ ਜਾਂਦਾ ਹੈ ਕਿ ਕਰਮ ਮਨੁਖੀ ਜਤਨਾ ਨੂੰ ਬੇਕਾਰ ਕਰ ਦਿੰਦਾ ਹੈ । ਅਸਲ ਵਿਚ ਕਰਮ ਕਾਰਜ ਨੂੰ ਨਿਰਮਾ ਨਹੀਂ ਕਰਦਾ ਸਗੋਂ ਇਸਦੀ ਅਗਵਾਈ ਕਰਦਾ ਹੈ । ਇਕ ਆਮ ਸਵਾਲ ਵੀ ਸਾਡੇ ਰਸਤੇ ਵਿਚ ਮੁਸ਼ਕਲ ਪੈਦਾ ਕਰਦਾ ਹੈ " ਜੇ ਮੇਰਾ ਕਰਮਾਂ ਅਨੁਸਾਰ ਮੈਂ ਚੰਗਾ ਜਾਂ ਮਾੜਾ ਹੋਣਾ ਹੈ , ਭਾਵੇਂ ਮੈਂ ਕ੍ਰਿਆਸ਼ੀਲ ਹੋਵਾਂ ਜਾਂ ਨਿਸ਼ਕ੍ਰਿਅ ਹੋਵਾਂ ਤਾਂ ਮੈਂ ਕਰਮ ਕਰਨ ਲਈ ਉਦਮ ਅਤੇ ਜਤਨ ਕਿਉਂ ਕਰਾਂ ? " ਜਿਹੜੇ ਲੋਕ ਕਰਮ ਦੇ ਠੀਕ ਸਰੂਪ ਨੂੰ ਨਹੀਂ ਸਮਝਦੇ , ਉਹ ਹੀ ਇਸ ਮੁਸ਼ਕਲ ਵਿਚ ਫਸ ਜਾਂਦੇ ਹਨ । ਅਸਲ ਵਿਚ ਜਤਨ ਕਰਨਾ ਕਰਮ ਦਾ ਇਕ ਅੰਗ ਹੈ । ਕਰਮ ਕੋਈ ਸੰਪੂਰਨ ਚੀਜ਼ ਨਹੀਂ , ਇਹ ਇਕ ਨਿਰੰਤਰ ਹੋਂਦ ਹੈ ਜਿਸ ਵਿਚ ਨਾ ਕੇਵਲ ਅਤੀਤ ਭਵਿਖਤ ਨੂੰ ਨਵਾਂ ਸਰੂਪ ਦੇ ਰਿਹਾ ਹੈ ਸਗੋਂ ਵਰਤਮਾਨ ਵੀ

ਇਸਨੂੰ ਸੁਧਾਰ ਲਿਆ ਹੈ । ਜੇ ਕੋਈ ਮਾਨਵ ਚੰਗਾ ਬਣਨਾ ਚਾਹੁੰਦਾ ਹੈ , ਉਹ ਇਸ ਮੰਤਵ ਲਈ ਪੂਰੀ ਤਰ੍ਹਾਂ ਕ੍ਰਿਆਸ਼ੀਲ ਹੈ ,ਭਾਵੇਂ ਉਹ ਹੁਣ ਕਿੰਨਾ ਹੀ ਮਾੜਾ ਕਿਉਂ ਨਾ ਹੋਵੇ । ਮਾਨਵ ਕੋਈ ਬੇਸਹਾਰਾ ਹਸਤੀ ਨਹੀਂ ,ਜਿਸਨੂੰ ਕਰਮ ਨੇ ਚੰਗਾ ਜਾਂ ਮਾੜਾ ਬਣਾਉਣਾ ਹੈ ,ਸਗੋਂ ਉਹ ਤਾਂ ਉਹੀ ਕੁਝ ਬਣਦਾ ਹੈ ਜਿਸ ਬਾਰੇ ਹਰ ਰੋਜ਼ ਉਹ ਬਣਨ ਦੀ ਇੱਛਾ ਕਰਦਾ ਹੈ , ਚੰਗਾ ਜਾਂ ਮਾੜਾ । ਉਹ ਇੰਝ ਧਾਰਦਾ ਹੈ , ਸੋਚਦਾ ਹੈ, ਅਤੇ ਕ੍ਰਿਆਸ਼ੀਲ ਹੁੰਦਾ ਹੈ ਅਤੇ ਜਿਸ ਤਰ੍ਹਾਂ ਦਾ ਉਹ ਚਾਹੁੰਦਾ ਹੈ ,ਉਸ ਤਰ੍ਹਾਂ ਦਾ ਕਰਮ ਬਣਾ ਲੈਂਦਾ ਹੈ ।ਇਵੇਂ ਹੀ ਦੇਵਤੇ ਆਪਣੀਆਂ ਉਚੇਰੀਆਂ ਪਦਵੀਆਂ ਤਕ ਉਚੇਰੇ ਉਠੇ ਹਨ ਅਤੇ ਇਵੇਂ ਹੀ ਹੋਰ ਵੀ ਉਠ ਸਕਦੇ ਹਨ ।ਕਈ ਸੂਝਵਾਨ ਹੋ ਜਾਂਦੇ ਹਨ ਅਤੇ ਕਈ ਬੇਪਰਵਾਹ ਹੀ ਰਹਿੰਦੇ ਹਨ ਜਿਵੇਂ ਕਿ ਕਬੀਰ ਜੀ ਨੇ ਕਿਹਾ ਹੈ:

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਬੇਪਰਵਾਹਾ ।
ਅਮਲ ਜਿ ਕੀਤਿਆ ਦੁਨੀ ਵਿਚ ਸੇ ਦਰਗਹ ਓਗਾਹਾ ।

( ਸਲੋਕ ਕਬੀਰ )
ਪੰ:੧੩੮੩

ਕਰਮਾਂ ਸਬੰਧੀ ਦੋਸ਼ ਕਿਸੇ ਹੋਰ ਨੂੰ ਦਿਤਾ ਨਹੀਂ ਜਾ ਸਕਦਾ । ਕਰਮ ਜੀਵ ਆਪ ਕਰਦਾ ਹੈ ਅਤੇ ਉਸੇ ਦਾ ਹੀ ਫਲ ਭੁਗਤਦਾ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ।

( ਆਸਾ ਮ: ੧ ਪਟੀ )
ਪੰ:੪੩੩

ਵਡੀ ਗਲ ਇਹ ਹੈ ਕਿ ਕਰਮ ਸਬੰਧੀ ਕਿਸੇ ਬਾਹਰਲੀ ਤਕਦੀਰ ਦਾ ਹਥ ਨਹੀਂ ,ਇਹ ਤਾਂ ਆਪਣੀ ਹੀ ਬਣਾਈ ਹੋਈ ਤਕਦੀਰ ਹੈ,ਜਿਸਨੂੰ ਬਣਾਉਣ ਵਾਲਾ ਨਿਰੰਤਰ ਸੁਧਾਰਦਾ ਰਹਿੰਦਾ ਹੈ ।

ਕਈ ਵਾਰੀ ਕਿਸੇ ਦੁਖੀ ਮਾਨਵ ਨੂੰ ਵੇਖ ਕੇ ਇਹ ਕਿਹਾ ਜਾਂਦਾ ਹੈ,"ਇਹ ਆਪਣੇ ਕਰਮਾਂ ਨੂੰ ਭੋਗ ਰਿਹਾ ਹੈ , ਜੇ ਮੈਂ ਇਸਦੀ ਸਹਾਇਤਾ ਕਰਾਂ ਤਾਂ ਮੈਂ ਇਸਦੇ ਕਰਮਾਂ ਵਿਚ ਵਿਘਨ ਪਾ ਰਿਹਾ ਹੋਵਾਂਗਾ ।" ਜਿਹੜੇ ਇਵੇਂ ਕਹਿੰਦੇ ਹਨ ,ਉਹ ਇਹ ਗਲ ਭੁਲ ਜਾਂਦੇ ਹਨ ਕਿ ਹਰ ਮਾਨਵ ਦੂਜਿਆਂ ਦੇ ਕਰਮਾਂ ਦਾ ਵੀ ਕਿਸੇ ਕਾਰਨ ਹੈ ਅਤੇ ਆਪਣੇ ਕਰਮਾਂ ਦਾ ਵੀ ਭੁਗਤਾ ਵੀ । ਜੇ ਅਸੀਂ ਕਿਸੇ ਮਾਨਵ ਦੀ ਸਹਾਇਤਾ ਕਰਨ/ਯੋਗ ਹੁੰਦੇ ਹਾਂ ,ਇਹ ਇਸ ਗਲ ਦਾ ਸਬੂਤ ਹੈ ਕਿ ਉਹ ਕਰਮ ਜਿਸਦੇ ਕਾਰਨ ਉਹ ਦੁਖੀ ਹੈ, ਹੁਣ ਮੁਕ ਚੁਕਿਆ ਹੈ ਅਤੇ ਅਸੀਂ ਉਸ ਲਈ ਉਸ ਕਰਮ ਸਬੰਧੀ ਸੁਖ ਪੁਚਾਣ ਦੇ ਸਾਧਨ ਹਾਂ।

ਜੇ ਅਸੀ ਇਹ ਸੁਖ ਪ੍ਰਦਾਨ ਤੋਂ ਇਨਕਾਰੀ ਹਾਂ , ਤਾਂ ਅਸੀਂ ਆਪਣੇ ਲਈ ਮਾੜਾ ਕਰਮ ਸਿਰਜ ਰਹੇ ਹਾਂ । ਇਸ ਹਾਲਤ ਵਿਚ ਕੋਈ ਹੋਰ ਸੁਖ ਪ੍ਰਦਾਉਣ ਦਾ ਕੰਮ ਕਰ ਲਵੇਗਾ । ਅਤੇ ਆਪਣੇ ਭਵਿਖਤ ਵਿਚ ਕਿਸੇ ਦੁਖ ਦੀ ਅਵਸਥਾ ਵਿਚ ਕਿਸੇ ਦੂਜੇ ਦੀ ਸਹਾਇਤਾ ਪ੍ਰਾਪਤੀ ਕਠਨ ਬਣਾ ਲਵੇਗਾ । ਇਸ ਸਬੰਧੀ ਇਕ ਗਲ ਹੋਰ ਵੀ ਕਹੀ ਜਾ ਸਕਦੀ ਹੈ ।-ੴ 'ਜੇ ' ਅਤੇ 'ਸ਼ਾਇਦ' ਕਿਸੇ ਕਰਮ ਦਾ ਕਾਰਨ ਨਹੀਂ ਹੋ ਸਕਦੇ ।"ਜੇ ਮੈਂ ਉਹਦੀ ਸਹਾਇਤਾ ਨਾ ਕਰਾਂ ਤਾਂ ਮੈਂ ਉਹਦੇ ਕਰਮ ਵਿਚ ਵਿਘਨ ਪਾ ਰਿਹਾ ਹੋਵਾਂਗਾ ।" ਉਨੀ ਹੀ ਠੀਕ ਦਲੀਲ ਹੈ ਜਿਨੀ ਕਿ " ਜੇ ਮੈਂ ਉਹਦੀ ਸਹਾਇਤਾ ਕਰਾਂ " ਵਾਲੀ । ਹਰ ਕਾਰਜ ਦੀ ਬੁਨਿਆਦ ਸਾਡੇ ਗਿਆਨ ਉਤੇ ਹੋਣੀ ਚਾਹੀਦੀ ਹੈ ਅਤੇ ਅਸੀ ਇਹ ਜਾਣਦੇ ਹਾਂ ਕਿ ਦੁਜਿਆਂ ਦੀ ਸਹਾਇਤਾ ਕਰਨਾ ਇਕ ਬਹੁਤ ਚੰਗਾ ਅਮਲ ਹੈ ਅਤੇ ਗਿਆਨਵਾਨ ਪੁਰਸ਼ ਸਦਾ ਇਹੋ ਉਪਦੇਸ਼ ਦਿੰਦੇ ਹਨ । ਵਰਤਮਾਨ ਵਿਚ ਭੋਗੇ ਜਾ ਰਹੇ ਦੁਖ ਸਬੰਧੀ ਅਤੀਤ ਦੇ ਕਾਰਨਾ ਦਾ ਪੂਰਾ ਅਤੇ ਸਹੀ ਗਿਆਨ ਹੀ ਕੇਵਲ ਕਰਮ ਦੇ ਆਧਾਰ ਤੇ ਸਹਾਇਤਾ ਤੋਂ ਇਨਕਾਰ ਕਰਨ ਨੂੰ ਉਚਿਤ ਸਿਧ ਕਰ ਸਕਦਾ ਹੈ ।

## ਤਿੰਨ ਪ੍ਰਕਾਰ ਦੇ ਕਰਮ

ਕਰਮ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ ; ਸੰਚਿਤ , ਪ੍ਰਾਰਬਧ ਅਤੇ ਆਗਾਮੀ । ਸੰਚਿਤ ਕਰਮ ਪਿਛਲੇ ਜਨਮਾਂ ਦੇ ਸਮੂਹ ਕਰਮ ਨੂੰ ਕਹਿੰਦੇ ਹਨ । ਪ੍ਰਾਰਬਧ ਉਹ ਕਰਮ ਹਨ ਜਿਹੜੇ ਭੋਗਣ ਲਈ ਪਕ ਚੁਕੇ ਹਨ ਅਤੇ ਜਿਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ । ਸੰਚਿਤ ਕਰਮਾਂ ਦਾ ਪ੍ਰਭਾਵ ਮਾਨਵਣੇ ਅਚਾਰ , ਉਹਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਵਿਚ ਵੇਖਿਆ ਜਾ ਸਕਦਾ ਹੈ । ਪ੍ਰਾਰਬਧ ਕਰਮਾਂ ਨੂੰ ਸਾਧਨਾ ਨਾਲ ਮੁਕਾਇਆ ਜਾ ਸਕਦਾ ਹੈ । ਵਰਤਮਾਨ ਕਰਮ ਜਾਂ ਅਗਾਮੀ ਕਰਮ ਉਹ ਹਨ ਜਿਨ੍ਹਾਂ ਨੂੰ ਅਸੀ ਹੁਣ ਸਿਰਜ ਰਹੇ ਹਾਂ । ਅਤੇ ਜਿਹੜੇ ਸਾਡੇ ਭਵਿਖਤ ਨੂੰ ਬਨਾਉਣ ਵਿਚ ਸਹਾਈ ਹੋ ਸਕਦੇ ਹਨ । ਪ੍ਰਾਰਬਧ ਕਰਮ ਸੰਚਿਤ ਕਰਮਾਂ ਵਿਚੋਂ ਫੁਟ ਨਿਕਲਦੇ ਹਨ । ਵੇਦਾਂਤਿਕ ਸਾਹਿਤ ਵਿਚ ਇਹਨਾਂ ਨੂੰ ਕਮਾਨੋ ਨਿਕਲੇ ਤੀਰ ਨਾਲ ਉਪਮਾ ਦਿਤੀ ਗਈ ਹੈ ।ਇਹ ਕਰਮ ਜੀਵਾਤਮਾ ਲਈ ਚੰਗਾਂ ਬੁਰਾਂ ਪੰਜ ਭੂਤਕ ਸ਼ਰੀਰ ਬਣਾਂਦੇ ਹਨ ਅਤੇ ਕਰਮ -ਖੇਤਰ ਦੇ ਸੁਯੋ ਗ ਵਾਤਾਵਰਨ ਵਿਚ ਲੈ ਜਾਂਦੇ ਹਨ , ਜਿਥੇ ਰਹਿ ਕੇ ਇਨ੍ਹਾਂ ਕਰਮਾਂ ਦਾ ਫਲ ਭੋਗਿਆ ਜਾਂਦਾ ਹੈ । ਸੰਚਿਤ ਕਰਮਾਂ ਨੂੰ ਨਵੇਂ ਵਾਧਿਆਂ ਨਾਲ ਸੁਧਾਰਿਆ ਜਾ ਸਕਦਾ ਹੈ । ਮਾੜੀਆਂ ਰੁਚੀਆਂ ਨੂੰ ਨਿਰਬਲ ਬਣਾਇਆ ਜਾ ਸਕਦਾ ਹੈ ਅਤੇ ਚੰਗੀਆਂ ਨੂੰ ਬਲਵਾਨ ਕਿਉਂਕਿ ਹਰ ਇੱਛਾ , ਵਿਚਾਰ ਅਤੇ ਕਾਰਜ ਨਾਲ ਅਸੀ ਅਗਲੇ ਜਨਮ ਦੇ ਸੰਚਿਤ ਕਰਮਾਂ ਵਿਚ ਵਾਧਾ ਕਰ ਰਹੇ ਹੁੰਦੇ ਹਾਂ । ਵਰਤਮਾਨ ਕਰਮਾਂ ਨੂੰ ਬਹੁਤ ਹਦ ਤਕ , ਨਿਰੰਤਰ ਸਾਧਨਾ ਨਾਲ ਨਾਸ

ਕੀਤਾ ਜਾ ਸਕਦਾ ਹੈ ।

ਸਵਾਲ ਇਹ ਉਠਦਾ ਹੈ ਕਿ ਕਰਮ-ਬੰਧਨ ਤੋਂ ਮੁਕਤ ਕਿਵੇਂ ਹੋਇਆ ਜਾਏ? ਆਵਾਗਵਣ ਦੇ ਚੱਕਰ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਪਿਛਲੇ ਕਰਮਾਂ ਦੇ ਪ੍ਰਭਾਵ ਨੂੰ ਮੁਕਾਇਆ ਜਾਏ ਅਤੇ ਨਵੇਂ ਕਰਮ ਪੈਦਾ ਨਾ ਕੀਤੇ ਜਾਣ । ਆਵਾਗਵਣ ਦੇ ਚੱਕਰ ਨਾਲ ਬੰਨ੍ਹਣ ਵਾਲੀ ਤ੍ਰਿਸ਼ਨਾ ਨੂੰ ਖਤਮ ਕਰਨਾ ਜ਼ਰੂਰੀ ਹੈ ਤਾਂ ਜੋ ਨਵੇਂ ਬੰਧਨ ਨਾ ਸਹੇੜੇ ਜਾਣ । ਮਨ ਨੂੰ ਆਪਣੀ ਮਰਜ਼ੀ ਕਰਨ ਤੋਂ ਰੋਕਿਆ ਜਾਏ । ਮਨ ਵਿਚੋਂ ਜਾਗੀ ਮਨਸਾ ਹੀ ਜੀਵ ਨੂੰ ਪੁੰਨ ਪਾਪ ਦਾ ਭਾਗੀ ਬਣਾਂਦੀ ਹੈ ।

## ਪੁੰਨ ਪਾਪ

ਗੁਰੂ-ਨਾਨਕ ਬਾਣੀ ਵਿਚ ਚੰਗੇ ਅਤੇ ਮੰਦੇ ਦੋ ਪ੍ਰਕਾਰ ਦੇ ਕਰਮਾਂ ਦਾ ਜ਼ਿਕਰ ਹੈ ।ਮਾਨਵ ਆਪਣੇ ਚੰਗੇ ਮੰਦੇ ਕਰਮਾਂ ਦਾ ਫਲ ਭੋਗਦਾ ਹੈ :

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।

( ਵਾਰ ਆਸਾ ਮ: ੧ ਪੰ: ੪੭੦-੭੧ )

ਜਿਸ ਤਰ੍ਹਾਂ ਦਾ ਕੋਈ ਕਰਮ ਕਰਦਾ ਹੈ ਉਸੇ ਤਰ੍ਹਾਂ ਦਾ ਫਲ ਭੁਗਤ ਲੈਂਦਾ ਹੈ :

ਫਲ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ।

( ਵਾਰ ਆਸਾ ਮ: ੧ ਪੰ: ੪੬੮ )

ਚੰਗੇ ਕਰਮਾਂ ਨੂੰ ਪੁੰਨ ਕਰਮ ਕਿਹਾ ਗਿਆ ਹੈ ਅਤੇ ਮੰਦੇ ਕਰਮਾਂ ਨੂੰ ਪਾਪ ਕਰਮ । ਪੁੰਨੀ ਅਤੇ ਪਾਪੀ ਕੋਈ ਆਪਣੀ ਕਿਰਤ ਨਾਲ ਹੀ ਬਣਦਾ ਹੈ , ਨਿਰੇ ਆਖਣ ਨਾਲ ਕੁਝ ਨਹੀਂ ਹੁੰਦਾ :

ਪੁੰਨੀ ਪਾਪੀ ਆਖਣਿ ਨਾਹਿ ।

(ਜਪੁਜੀ ਪੰ: ੪)

ਇਸ ਤੋਂ ਇਹ ਸਪਸ਼ਟ ਹੈ ਕਿ ਸ੍ਰੀਰ ਕਰਮਾਂ ਦੀ ਧਰਤੀ ਹੈ ਅਤੇ ਇਸ ਵਿਚ ਜੇਹੋ ਜਿਹੇ ਕੋਈ ਕਰਮ ਬੀਜੇਗਾ ,ਓਹੋ ਜਿਹਾ ਫਲ ਭੋਗੇਗਾ । ਗੁਰੂ ਅਰਜਨ ਦੇਵ ਨੇ ਇਸ ਵਿਚਾਰ ਨੂੰ ਏਦਾਂ ਪ੍ਰਗਟ ਕੀਤਾ ਹੈ :

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ।

( ਸਿਰੀ ਰਾਗੁ ਮ: ੫ ਪੰ: ੭੮੪ )

ਮਾਨਵ ਦੀ ਕਚਿਆਈ ਅਤੇ ਪਕਿਆਈ ਦਾ ਪਤਾ ਪ੍ਰਭੂ ਦੇ ਦਰ ਉਤੇ ਲਗੇਗਾ ,ਜਦੋਂ ਧਰਮਰਾਜ ਸਾਰੇ ਲੇਖੇ ਨੂੰ ਵਾਚੇਗਾ । ਕਰਮਾਂ ਦੇ ਕਾਰਨ ਹੀ ਮਾਨਵ ਨੂੰ ਪ੍ਰ ਪ੍ਰਭੂ ਦੀ

ਨੇੜਤਾ ਪ੍ਰਾਪਤ ਹੋ ਸਕੇਗੀ :

ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ ,
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।

( ਜਪੁਜੀ ਪੰ: ੮ )

ਵਿਕਾਸ ਦੀ ਅਵਸਥਾ ਲਈ ਉਚਿਤ ਕਰਮ ਨੂੰ ਅਸੀਂ ਚੰਗਾ ਕਰਮ ਕਹਿ ਸਕਦੇ ਹਾਂ ਅਤੇ ਜਿਹੜਾ ਕਰਮ ਵਿਕਾਸ ਵਿਚ ਵਿਘਨ ਪਾਵੇ ,ਉਹ ਮਾੜਾ ਕਰਮ ।

ਹਉਮੈ ਵਿਚ ਕੀਤੇ ਹੋਏ ਕਰਮਾਂ ਨਾਲ ਬੰਧਨ ਹੋਰ ਸਖਤ ਹੁੰਦੇ ਹਨ ਅਤੇ ਆਵਾਗਵਣ ਮਿਟ ਨਹੀਂ ਸਕਦਾ । ਗੁਰਦੇਵ ਦਾ ਕਥਨ ਹੈ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ।

( ਵਾਰ ਆਸਾ ਮ:੧ ਪੰ: ੪੬੬)

ਹਉਮੈ ਵਿਚ ਕੀਤੇ ਹੋਏ ਕਰਮ ਦੋਵੇਂ ਪ੍ਰਕਾਰ ਦੇ ਹੁੰਦੇ ਹਨ , ਪਾਪ ਕਰਮ ਵੀ ਅਤੇ ਪੁੰਨ ਕਰਮ ਵੀ । ਹਉ ਵਿਚ ਫਸਿਆ ਮਾਨਵ ਸਚਿਆਰ ਵੀ ਹੋ ਸਕਦਾ ਹੈ ਅਤੇ ਕੂੜਿਆਰ ਵੀ ।

ਹਉ ਵਿਚਿ ਸਚਿਆਰੁ ਕੂੜਿਆਰੁ ।
ਹਉ ਵਿਚਿ ਪਾਪ ਪੁੰਨ ਵੀਚਾਰੁ ।

( ਵਾਰ ਆਸਾ ਮ:੧ ਪੰ: ੪੬੬)

ਕਰਮ ਕਾਂਡ ਅਤੇ ਉਪਾਸ਼ਨਾ ਕਾਂਡ ਦੇ ਕਰਮ ਹਉ ਦੇ ਆਸਰੇ ਹੋਣ ਦੇ ਕਾਰਨ ਗੁਰਦੇਵ ਨੇ ਉਹਨਾਂ ਦਾ ਖੰਡਨ ਕੀਤਾ ਹੈ । ਜੇ ਅੰਦਰ ਵਿਕਾਰ ਨਾ ਭਰਿਆ ਹੋਵੇ , ਮਨ ਉਤੇ ਹਉਮੈ ਦੀ ਮੈਲ ਚੜ੍ਹੀ ਹੋਵੇ ਤਾਂ ਸਭ ਕੀਤੇ ਕਰਮ ਵਿਅਰਥ ਹਨ । ਬ੍ਰਾਹਮਣ ਜੋ ਕਰਮ ਕਾਂਡ ਨਿਬਾਹੁਣ ਦਾ ਜ਼ਿੰਮੇਵਾਰ ਸੀ , ਉਸਨੂੰ ਗੁਰਦੇਵ ਏਦਾਂ ਸਮਝਾਂਦੇ ਹਨ :

ਸੁਣਿ ਪੰਡਿਤ ਕਰਮਾ ਕਾਰੀ ।
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ।ਰਹਾਉ ।
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ।
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ।

( ਸੋਰਠਿ ਮ: ੧ ਪੰ: ੬੩੫ )

ਇਕ ਹੋਰ ਥਾਂ ਤੇ ਉਨ੍ਹਾਂ ਨੇ ਲਿਖਿਆ ਹੈ:

ਪੜਿ ਪੁਸਤਕ ਸੰਧਿਆ ਬਾਦੰ ।
ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠਿ ਬਿਭੂਖਣ ਸਾਰੰ ।
ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕੁ ਲਿਲਾਟੰ ।
ਦੁਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ ।
ਸਭਿ ਫੋਕਟ ਨਿਸਚਉ ਕਰਮੰ ।
ਕਹੁ ਨਾਨਕ ਨਿਹਚਉ ਧਿਆਵੈ ।
ਵਿਣੁ ਸਤਿਗੁਰ ਵਾਟ ਨ ਪਾਵੈ ।

( ਵਾਰ ਆਸਾ ਮ:੧ ਪੰ: ੪੭੦ )

ਗੁਰਦੇਵ ਦੇ ਸਮੇ ਦਾ ਸਮਾਜ ਜਾਤਿ ਜਨਮ ਦੇ ਅਹੰਕਾਰ ਵਿਚ ਫਸਿਆ ਹੋਇਆ ਸੀ। ਉਨ੍ਹਾਂ ਨੇ ਇਸਦਾ ਖੰਡਨ ਕਰਦਿਆਂ, ਸ਼ੁਭ ਕਰਮਾਂ ਉਤੇ ਬਲ ਦਿਤਾ। ਉਨ੍ਹਾਂ ਅਨੁਸਾਰ ਪ੍ਰਭੂ ਦੇ ਘਰ ਵਿਚ ਜਾਤਿ ਅਤੇ ਜਨਮ ਦੀ ਕੋਈ ਪੁਛ ਨਹੀਂ। ਮਾਨਵ ਦੇ ਕਰਮ ਹੀ ਉਸਦੀ ਜਾਤਿ ਪਤ ਹਨ[1]। ਸਾਰਿਆਂ ਜੀਵਾਂ ਦੇ ਸਿਰਾਂ ਉਤੇ ਇਕੋ ਪ੍ਰਭੂ ਦੀ ਛਾਂ ਹੈ[2], ਇਸ ਲਈ ਸਭ ਬਰਾਬਰ ਹਨ। ਕਿਸੇ ਜਾਤ ਦੀ ਕੋਈ ਮਹਾਨਤਾ ਨਹੀਂ। ਗੁਰੂ ਅਮਰਦਾਸ ਨੇ ਜਾਤੀ ਦੇ ਅਹੰਕਾਰ ਸਬੰਧੀ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ ।
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ।
ਇਸ ਗਰਬੁ ਤੇ ਚਲਹਿ ਬਹੁਤੁ ਵਿਕਾਰਾ ।

( ਭੈਰਉ ਮ: ੩ , ਪੰ: ੧੧੨੮ ।)

---

੧- ਪ੍ਰਭਾਤੀ ਮ: ੧ ਪੰ: ੧੩੩੦ .

੨- ਫਕੜ ਜਾਤੀ ਫਕੜੁ ਨਾਉ । ਸਭਨਾ ਜੀਆ ਇਕਾ ਛਾਉ ।
( ਵਾਰ ਸਿਰੀ ਰਾਗੁ ਸਲੋਕ ਮ:੧ਪੰ:੮੩)

ਚਾਰ ਆਸ੍ਰਮਾਂ ਵਿਚੋਂ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤ ਆਸ੍ਰਮ ਦੀ ਮਹਾਨਤਾ ਪ੍ਰਗਟ ਕੀਤੀ ਹੈ । ਉਹ ਤਿਆਗ ਦੇ ਵਿਰੁਧ ਸਨ । ਸੰਸਾਰ ਵਿਚ ਰਹਿੰਦਿਆਂ ਸੁਭ ਕੰਮ ਕਰਦਿਆਂ ਅਤੇ ਨਾਮ ਜਪਦਿਆਂ ਗਤ ਪਾਈ ਜਾ ਸਕਦੀ ਹੈ:

ਸਤਿਗੁਰ ਕੀ ਐਸੀ ਵਡਿਆਈ ।
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ । ( ਧਨਾਸਰੀ ਮ: ੧ਪੰ: ੬੬੧ )

ਪਰ ਗ੍ਰਿਹਸਤੀ ਦੇ ਵੀ ਉਹਨਾਂ ਨੇ ਵਿਸ਼ੇਸ਼ ਫਰਜ਼ਾਂ ਦਾ ਜ਼ਿਕਰ ਕੀਤਾ ਹੈ :

ਸੋ ਗਿਰਹੀ ਜੋ ਨਿਗ੍ਰਹੁ ਕਰੈ। ਜਪੁ ਤਪੁ ਸੰਜਮੁ ਭੀਖਿਆ ਕਰੈ ।
ਪੁੰਨ ਦਾਨ ਕਾ ਕਰੇ ਸਰੀਰੁ । ਸੋ ਗਿਰਹੀ ਗੰਗਾ ਕਾ ਨੀਰੁ ।
( ਵਾਰ ਰਾਮਕਲੀ ,ਸਲੋਕ ਮ: ੧ ਪੰ: ੯੫੨ )

## ਪਾਪ ਦਾ ਸੰਕਲਪ

ਮਾਨਵ ਪਾਪ ਪੁੰਨ ਬੀਜ ਰੂਪ ਦੀ ਪੋਟਲੀ ਹੈ[1]।ਆਮ ਤੌਰ ਤੇ ਉਹ ਮਾਇਆ ਅਤੇ ਹਉਮੈ ਦੇ ਵਸ ਹੋ ਕੇ ਪਾਪ ਵਾਲੇ ਪਾਸੇ ਝੁਕੇ ਰਹਿੰਦੇ ਹਨ । ਹਉਮੈ ਤਾਂ ਇਕ ਖਦੀ ਰੋਗ ਹੈ[2] ਜੋ ਮਾਨਵ ਦੇ ਜਨਮ ਮਰਨ ਦਾ ਕਾਰਨ ਬਣਦਾ ਹੈ[3]। ਹਉਮੈ ਚਉਪੜ ਵਿਚ ਫਸ ਕੇ ਮਾਨਵ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ । ਕੇਵਲ ਗੁਰ ਸ਼ਬਦ ਹੀ ਉਸਨੂੰ ਇਸ ਤੋਂ ਬਚਾ ਸਕਦਾ ਹੈ:

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ।
ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ।(ਆਸਾ ਮ:੧ਪੰ: ੪੨੨

ਪਾਪਾਂ ਦਾ ਮੂਲ ਮਾਇਆ ਦੀ ਲਾਲਸਾ ਹੈ । ਪਾਪਾਂ ਬਾਝੋਂ ਮਾਇਆ ਇਕਠੀ ਨਹੀਂ ਹੋ ਸਕਦੀ[4]। ਗੁਰਦੇਵ ਨੇ ਇਸ ਤਥ ਨੂੰ ਏਦਾਂ ਪ੍ਰਗਟ ਕੀਤਾ ਹੈ:

ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ।
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ।
(ਗਉੜੀ ਮ:੧ ਪੰ: ੧੫੫ )

---

੧- ਪਾਪੁ ਪੁੰਨੁ ਬੀਜ ਕੀ ਪੋਟ (ਗਉੜੀ ਮ:੧ ਪੰ: ੧੫੨ )

੨- ਹਉਮੈ ਦੀਰਘ ਰੋਗੁ ਹੈ ( ਵਾਰ ਆਸਾ ਮ:੧ ਪੰ: ੪੬੬)

੩- ਹਉਮੈ ਕਰਿ ਰਾਜੇ ਬਹੁ ਧਾਵਹਿ ।ਹਉਮੈ ਖਪਹਿ ਜਨਮਿ ਮਰਿ ਆਵਹਿ । (ਗਉੜੀ ਮ:੧ ਪੰ: ੨੨੬)

੪- ਪਾਪਾ ਬਾਝਹੁ ਹੋਵੈ ਨਾਹੀ।ਮੁਇਆ ਸਾਥਿ ਨ ਜਾਈ (ਆਸਾ ਮ:੧ ਪੰ: ੪੧੭ )

ਪਾਪੀ ਨੂੰ ਦੁਸ਼-ਕਰਮ ਤੋਂ ਛੁਟ ਹੋਰ ਕੁਝ ਨਹੀਂ ਸੁਝਦਾ । ਉਹਦੇ ਵਿਚ ਹੀ ਉਹ ਸੁਆਦ ਮਾਣਦਾ ਹੈ । ਗੁਰਦੇਵ ਦਾ ਕਥਨ ਹੈ :

ਪਾਪੁ ਬੁਰਾ ਪਾਪੀ ਕਉ ਪਿਆਰਾ ।
ਪਾਪਿ ਲਦੇ ਔਪੇ ਪਾਸਾਰਾ ।
ਪਰਹਰਿ ਪਾਪੁ ਪਛਾਣੈ ਆਪੁ
ਨ ਤਿਸੁ ਸੋਗੁ ਵਿਜੋਗੁ ਸੰਤਾਪੁ ।

( ਰਾਮਕਲੀ ਦਖਣੀ ਓਅੰਕਾਰ ,ਪੰ: ੯੩੫ )

ਚੰਚਲ ਮਨ ਅਤੇ ਚੰਚਲ ਮਤ ਦੇ ਕਾਰਨ ਜੀਵ ਪਾਪ ਕਰਕੇ ਦੁਖੀ ਹੁੰਦਾ ਹੈ ।ਉਹ ਪੰਜ ਵਿਕਾਰਾਂ ਨਾਲ ਮਿਤ੍ਰਤਾ ਗੰਢਦਾ ਹੈ । ਜਦ ਤਕ ਉਹ ਚੰਚਲ ਮਤ ਨੂੰ ਤਿਆਗ ਕੇ ਪੰਜਾਂ ਵਿਕਾਰਾਂ ਨੂੰ ਨਹੀਂ ਸੰਘਾਰਦਾ ਤਦ ਤਕ ਉਹਦਾ ਛੁਟਕਾਰਾ ਨਹੀਂ ਹੋ ਸਕਦਾ ।ਇਸ ਲਈ ਗੁਰਦੇਵ ਮਾਨਵ ਨੂੰ ਇਹ ਉਪਦੇਸ਼ ਦਿੰਦੇ ਹਨ :

੧- ਹਉਮੈ ਨਿਵਰੈ -ਗੁ ਗੁਰ ਸਬਦੁ ਵੀਚਾਰੈ ।
ਚੰਚਲ ਮਤਿ ਤਿਆਗੈ ਪੰਚ ਸੰਘਾਰੈ ।

( ਗਉੜੀ ਮ: ੧ ਪੰ: ੨੨੬ )

੨- ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿਧਾਰੈ ।
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲੈ ।

( ਆਸਾ ਮ: ੧ ਪੰ: ੪੩੭ )

ਸਾਧ ਸੰਗਤ ਅਤੇ ਗੁਰਸ਼ਬਦ ਦਾ ਜਾਪ ਹੀ ਸਭ ਪਾਪਾਂ ਅਤੇ ਉਪਾਧੀਆਂ ਦਾ ਨਾਸ਼ ਕਰ ਸਕਦਾ ਹੈ :

ਸਾਧ ਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ।
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ।

( ਗੁਜਰੀ ਮ: ੫ ਘਰੁ ੪ ਚਉਪਦੇ* ਪੰ: ੫੦੧ )

ਸ਼੍ਰੀਰ ਰੂਪ ਰਥ ਉਤੇ ਬੁਧੀ ਰੂਪ ਰਥਵਾਨ ਦਾ ਇਹ ਕੰਮ ਹੈ ਕਿ ਉਹ ਮਨ ਦੀ ਵਾਗ ਅਤੇ ਇੰਦਰਿਆਂ ਦੇ ਘੋੜਿਆਂ ਨੂੰ ਕਾਬੂ ਵਿਚ ਰਖੇ ।ਇਹਨਾਂ ਨੂੰ ਬੇਕਾਬੂ ਨਾ ਹੋਣ ਦੇਵੇ । ਜੇ ਗੁਰਮਤ ਅਨੁਸਾਰ ਇੰਦਰੇ ਕੰਮ ਨਹੀਂ ਕਰਦੇ ਤਾਂ ਜਾਣੋ ਕਿ ਮਾਨਵ ਪਾਪਾਂ ਦੇ ਰਸਤੇ ਉਤੇ ਪਿਆ ਹੋਇਆ ਹੈ ਅਤੇ ਉਸਦਾ ਪਾਰ-ਉਤਾਰਾ ਨਹੀਂ ਹੋ ਸਕਦਾ । ਗੁਰੂ ਨਾਨਕ ਦੇਵ

ਜੀ ਦਾ ਕਥਨ ਹੈ :

ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ।

ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ।
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ।
ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ।
ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ।

( ਵਾਰ ਮਾਝ ਸਲੋਕ ਮ: ੧ ਪੰ: ੧੩੮

ਗੁਰਦੇਵ ਨੇ ਇਕ ਅਲੰਕਾਰ ਰਾਹੀਂ ਪਾਪ ਦੇ ਸਰੂਪ ਨੂੰ ਸਪਸ਼ਟ ਕੀਤਾ ਹੈ । ਉਨ੍ਹਾਂ ਨੇ ਸ਼ਰੀਰ ਨੂੰ ਭੱਠੀ ਕਿਹਾ ਹੈ ਜਿਸਦੇ ਵਿਚ ਮਨ ਰੂਪੀ ਲੋਹੇ ਨੂੰ ਕਾਮਾਦਿਕ ਪੰਜ ਅਗਨੀਆਂ ਲਗੀਆਂ ਹੋਈਆਂ ਹਨ । ਪਾਪ ਰੂਪੀ ਕੋਇਲੇ ਅਗ ਮਚਾਣ ਵਾਲੇ ਹਨ । ਇਸ ਭੱਠੀ ਵਿਚ ਮਨ ਸੜ ਜਾਂਦਾ ਹੈ ਜਿਸਨੂੰ ਚਿੰਤਾ ਰੂਪੀ ਸੰਨ੍ਹੀ ਪਕੜਦੀ ਹੈ[1] ।

ਪਾਪ ਦੀ ਪੂੰਜੀ ਵਿਸ਼ਿਆਂ ਵਿਕਾਰਾਂ ਦੀ ਪੂੰਜੀ ਹੈ । ਜਦ ਤਕ ਮਾਨਵ ਵਿਸ਼ਿਆਂ ਵਿਕਾਰਾਂ ਵਿਚੋਂ ਨਹੀਂ ਨਿਕਲਦਾ ਅਤੇ ਆਪਣੀ ਹਉ ਨੂੰ ਨਹੀਂ ਮਾਰਦਾ ,ਉਹ ਨਾਮ ਅਥਵਾ ਗੁਰਮੁਖਤ ਨੂੰ ਪ੍ਰਾਪਤ ਨਹੀਂ ਕਰ ਸਕਦਾ । ਇਸ ਤਥ ਨੂੰ ਗੁਰਦੇਵ ਨੇ ਏਦਾਂ ਸਪਸ਼ਟ ਕੀਤਾ ਹੈ :

ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ।
ਝੂਠ ਵਿਕਾਰਿ ਜਾਗੈ ਹਿਤ ਚੀਤੁ ।
ਪੂੰਜੀ ਪਾਪ ਲੋਭ ਕੀ ਕੀਤੁ ।
ਤਰੁ ਤਾਰੀ ਮਨਿ ਨਾਮੁ ਸੁਚੀਤੁ ।

ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ।
ਹਉ ਪਾਪੀ ਤੂੰ ਨਿਰਮਲੁ ਏਕ ।੧। ਰਹਾਉ ।

ਅਗਨਿ ਪਾਣੀ ਬੋਲੈ ਭੜ ਵਾਉ ।

---

੧- ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ,

ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ।
( ਮਾਰੂ ਮ:੧ ਪੰ: ੯੯੦)

ਜਿਹਵਾ ਇੰਦ੍ਰੀ ਏਕੁ ਸੁਆਉ ।

ਦਿਸਟਿ ਵਿਕਾਰੀ ਨਾਹੀ ਭਉ ਭਾਉ ।

ਆਪੁ ਮਾਰੇ ਤਾ ਪਾਏ ਨਾਉ ।

( ਗਉੜੀ ਮ: ੧ ਪੰ: ੧੫੩ )

## ਸੁਭ ਕਰਮ

ਗੁਰਮਤ ਵਿਚ ਜੋ ਕਰਮ ਕਾਂਡ ਦਾ ਖੰਡਨ ਹੈ ਅਤੇ ਹਉ ਵਿਚ ਕੀਤੇ ਪੁੰਨ-ਕਰਮਾਂ ਦੀ ਨਿਰਾਰਥਕਤਾ ਪ੍ਰਗਟ ਕੀਤੀ ਗਈ ਹੈਤਾਂ ਫਿਰ ਅਜਿਹੇ ਕਿਹੜੇ ਕਰਮ ਹਨ , ਜਿਨ੍ਹਾਂ ਉਤੇ ਗੁਰੂ ਨਾਨਕ ਦੇਵ ਨੇ ਬਲ ਦਿਤਾ ਹੈ ? ਇਹ ਕੇਵਲ ਉਹ ਹੀ ਕਰਮ ਹਨ , ਉਹ ਹੀ ਬੁਨਿਆਦੀ ਗੁਣ ਹਨ ਜਿਨ੍ਹਾਂ ਦੇ ਅਪਨਾਣ ਨਾਲ ਅੰਮ੍ਰਿਤ-ਨਾਮ ਦੀ ਪ੍ਰਾਪਤੀ ਹੁੰਦੀ ਹੈ । ਗੁਰਦੇਵ ਨੇ ਇਸ ਭਾਵ ਨੂੰ ਇਕ ਉਦਾਹਰਣ ਨਾਲ ਸਪਸ਼ਟ ਕੀਤਾ ਹੈ । ਇਹ ਮਿਸਾਲ ਇਕ ਸੁਨਿਆਰੇ ਦੀ ਭੱਠੀ ਦੀ ਹੈ ਜੋ ਭਾਂਡੇ ਵਿਚ ਸ਼ੁਧ ਸੋਨੇ ਨੂੰ ਢਾਲਦਾ ਹੈ। ਗੁਰਦੇਵ ਨੇ ਜਤ ਨੂੰ ਭਠੀ ਦਾ ਰੂਪ ਦਿਤਾ ਹੈ ਅਤੇ ਧੀਰਜ ਨੂੰ ਸੁਨਿਆਰੇ ਦੇ ਰੂਪ ਵਿਚ ਬਿਠਾਇਆ ਹੈ । ਬੁਧੀ ਦੀ ਅਹਿਰਣ ਉਤੇ ਸੁਨਿਆਰਾ ਗਿਆਨ ਰੂਪੀ ਹਥੌੜਾ ਮਾਰਦਾ ਹੈ । ਰੱਬ ਦੇ ਭੈ ਦੀ ਫੂਕਣੀ ਨਾਲ ਉਹ ਤਪਨਾ ਰੂਪੀ ਅਗਨੀ ਨੂੰ ਮਘਾਂਦਾ ਹੈ । ਭਾਉ ਦੇ ਭਾਂਡੇ ਨੂੰ ਅਗਨੀ ਉਤੇ ਰਖਕੇ ਅੰਮ੍ਰਿਤ ਨਾਮ ਨੂੰ ਹਿਰਦੇ ਵਿਚ ਢਾਲਦਾ ਹੈ । ਇਹ ਹੀ ਸਚੀ ਟਕਸਾਲ ਹੈ , ਜਿਸ ਵਿਚ ਸ਼ਬਦ ਦੀ ਘਾੜਤ ਹੁੰਦੀ ਹੈ[1] ।

ਗੁਰਦੇਵ ਨੇ ਪ੍ਰਭੂ ਨੂੰ 'ਗੁਣੀ ਨਿਧਾਨ' ਕਿਹਾ ਹੈ[2]। ਉਹ ਹੀ ਮਾਨਵ ਨੂੰ 'ਗੁਣ [illegible] ਬਖਸ਼ਦਾ ਹੈ,[3] ਪਰ ਕੀ ਕੋਈ ਅਜਿਹਾ ਮਾਨਵ ਹੈ ਜਿਹੜਾ ਪ੍ਰਭੂ ਨੂੰ ਕੋਈ ਗੁਣ ਦੇ ਸਕਦਾ ਹੋਵੇ ? ਇਨ੍ਹਾਂ ਗੁਣਾਂ ਦੇ "ਗ੍ਰਹਿਣ ਕਰਨ ਤੋਂ [illegible] ਬਿਨਾ ਭਗਤੀ ਨਹੀਂ ਹੋ ਸਕਦੀ[4]। ਇਨ੍ਹਾਂ ਗੁਣਾਂ ਦੇ ਗ੍ਰਹਿਣ ਕਰਨ ਨਾਲ ਨਾਮ

---

੧- ਜਤੁ ਪਾਹਾਰਾ ----ਸਚੀ ਟਕਸਾਲ । ( ਜਪੁਜੀ ਪੰ: ੭)

੨- ਨਾਨਕ ਗਾਵੀਐ ਗੁਣੀ ਨਿਧਾਨੁ ( ਜਪੁਜੀ ਪੰ: ੨ )

੩- ਨਾਨਕ ਨਿਰਗੁਣਿ ਗੁਣੁ ਕਰੇ ----- ( ਜਪੁਜੀ )

੪- ਵਿਣੁ ਗੁਣ ਕੀਤੇ ਭਗਤਿ ਨ ਹੋਇ । ( ਜਪੁਜੀ ਪੰ: ੪ )

ਦੀ ਪ੍ਰਾਪਤੀ ਹੁੰਦੀ ਹੈ । ਗੁਰਦੇਵ ਦਾ ਕਥਨ ਹੈ :

ਗੁਣ ਸੰਗ੍ਰਹਿ ਵਿਚਹੁ ਅਉਗੁਣ ਜਾਹਿ ।

ਪੂਰੇ ਗੁਰ ਕੈ ਸਬਦਿ ਸਮਾਹਿ । ੧। ਰਹਾਉ ।
ਗੁਣ ਕਾ ਗਾਹਕੁ ਹੋਵੈ ਸੋ ਗੁਣ ਜਾਣੈ ।

ਅੰਮ੍ਰਿਤ ਸਬਦਿ ਨਾਮੁ ਵਖਾਣੈ ।
ਸਾਚੀ ਬਾਣੀ ਸੂਚਾ ਹੋਇ ।
ਗੁਣ ਤੇ ਨਾਮੁ ਪਰਾਪਤਿ ਹੋਇ । ( ਆਸਾ ਮ: ੧ ਪੰ: ੩੬੧ )

ਨਿਰਗੁਣ ਪ੍ਰਭੂ ਗੁਣਾਂ ਨਾਲ ਹੀ ਵਸ ਵਿਚ ਆ ਸਕਦਾ ਹੈ :[੧]

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ।

ਜੇ ਗੁਣਵੰਤੀ ਥੀ ਰਹੈ ਤਾਂ ਭੀ ਸਹੁ ਰਾਵਣ ਜਾਇ ।

( ਵਡਹੰਸ ਮ:੧ ਪੰ: ੫੫੭ )

ਜਿਥੇ ਮਾਨਵ ਔਗੁਣਾਂ ਨਾਲ ਭਰਪੂਰ ਹੈ ਉਥੇ ਗੁਣ ਵੀ ਨਾਲ ਹੀ ਵਸਦੇ ਹਨ । ਪਰ ਇਨ੍ਹਾਂ ਗੁਣਾਂ ਦੀ ਸਮਝ ਗੁਰੂ ਦੀ ਬਾਣੀ ਵਿਚੋਂ ਹੀ ਪੈ ਸਕਦੀ ਹੈ । ਗੁਰਦੇਵ ਦਾ ਕਥਨ ਹੈ :

ਅਵਗਣੀ ਭਰਪੂਰ ਹੈ ਗੁਣ ਭੀ ਵਸਿ ਨਾਲਿ ।
ਵਿਣੁ ਸਤਿਗੁਰ ਗੁਣ ਨ ਜਾਪਣੀ ਜਿਚਰ ਸਬਦਿ ਨ ਕਰੇ ਬੀਚਾਰ ।

(ਰਾਮਕਲੀ ਮ: ੧ ,ਦਖਣੀ ਓਅੰਕਾਰ
ਪੰ: ੯੩੬ )

ਮੂਲ ਮੰਤਰ ਵਿਚ ਪ੍ਰਭੂ ਦੇ ਤਿੰਨ ਵਿਸ਼ੇਸ਼ ਗੁਣਾਂ ਦਾ ਜ਼ਿਕਰ ਆਇਆ ਹੈ ; ਉਹ ਸਤਿ ਹੈ ਨਿਰਭਉ ਹੈ ਅਤੇ ਨਿਰਵੈਰ ਹੈ । ਗੁਰੂ ਨਾਨਕ ਬਾਣੀ ਅਨੁਸਾਰ ਪ੍ਰਭੂ ਦੇ ਗੁਣ ਬੇਅੰਤ ਹਨ । ਗੁਣਾਂ ਦੀ ਵੀਚਾਰ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ :

ਗੁਣ ਵੀਚਾਰੇ ਗਿਆਨੀ ਸੋਇ ।
ਗੁਣ ਮਹਿ ਗਿਆਨੁ ਪਰਾਪਤਿ ਹੋਇ ।

( ਦਖਣੀ ਓਅੰਕਾਰ ਪੰ: ੯੩੨ )

---

੧- ਨਿਰਗੁਣ ਰਾਮੁ ਗੁਣਹ ਵਸਿ ਹੋਇ (ਗਉੜੀ ਮ: ੧ ਪੰ: ੨੨੨)

ਜਿਹੜੇ ਹਰਿ ਗੁਣ ਮਨੁਖ ਆਪਣੇ ਜੀਵਨ ਵਿਚ ਅਪਣਾ ਸਕਦਾ ਹੋਵੇ , ਪ੍ਰਭੂ ਦੀ ਪ੍ਰਾਪਤੀ ਲਈ ਉਨ੍ਹਾਂ ਦਾ ਅਪਨਾਣਾ ਜ਼ਰੂਰੀ ਹੈ । ਉਹਨਾਂ ਦੇ ਅਪਨਾਣ ਨਾਲ ਹੀ ਮਾਨਵ ਰਬ-ਰੂਪ ਹੋ ਸਕਦਾ ਹੈ । ਪ੍ਰਭੂ ਨਾਲ ਏਕਤਾ ਪ੍ਰਾਪਤ ਕੀਤੀ ਜਾ ਸਕਦੀ ਹੈ । ਪ੍ਰਭੂ ਸਤਿਅਮ, ਸ਼ਿਵਮ , ਸੁੰਦਰਮ ਹੈ , ਪ੍ਰਭੂ ਦਇਆਲੂ ਹੈ , ਬਖਸ਼ਿੰਦ ਹੈ , ਮਿਠ ਬੋਲੜਾ ਹੈ,। ਭਉ ਅਤੇ ਵੈਰ ਤੋਂ ਰਹਿਤ ਹੈ ।ਇਨ੍ਹਾਂ ਗੁਣਾਂ ਦਾ ਧਾਰਨੀ ਰਬ ਨਾਲ ਇਕਸੁਰ ਹੋ ਕੇ , ਉਸ ਦੀ ਮਹਾਨਤਾ ਨੂੰ ਆਪੇ ਵਿਚ ਸਮੋ ਲੈਂਦਾ ਹੈ ।

ਪ੍ਰਭੂ ਦਾ ਨਾਂ 'ਸਤਿ' ਹੈ ਉਸਦਾ ਵਿਸ਼ੇਸ਼ ਗੁਣ ਸਤਿ ਹੈ ।ਜੋ ਕੁਛ ਵੀ ਉਸ ਨਾਲ ਸਬੰਧਤ ਹੈ ਉਹ ਸਾਪੇਖ ਸਤਿ ਹੈ । ਸਚ ਤੋਂ ਦੂਰ ਹੋਣ ਕਰਕੇ ਮਾਨਵ ਦੁਖੀ ਹੁੰਦਾ ਹੈ । ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਮਾਨਵ ਜੀਵਨ ਨਾਲ ਸਬੰਧਤ ਕਰ ਕੇ ਸਚ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਹੈ ।

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ।

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ।
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ।

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ।

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ।
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ।

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ।
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ।

ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ।

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ।
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ।
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ।

( ਵਾਰ ਆਸਾ ਮ:੧ ਸ਼ੋ
ਪੰ: ੪੬੮ )

ਸਚ ਸਭਨਾ ਰੋਗਾਂ ਦਾ ਦਾਰੂ ਹੈ । ਇਹ ਪਾਪਾਂ ਦਾ ਵਿਨਾਸ਼ ਕਰਦਾ ਹੈ ।

ਇਸ ਨਵੀ ਸੀਮਿਤ ਕਾਇਆ ਵਿਚ ਅਸੀਮ ਪ੍ਰਭੂ ਦੇ ਅਪਣਾਏ ਜਾ ਸਕਣ ਵਾਲੇ ਗੁਣਾਂ ਦਾ ਧਾਰਨੀ ਹੋਣ ਨਾਲ ਹੀ ਮਾਨਵ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ । ਸਤ ਸੰਗਤ ਰਾਹੀਂ ਹੀ ਇਨ੍ਹਾਂ ਗੁਣਾਂ ਦਾ ਸੰਚਾਰ ਮਾਨਵ ਜੀਵਨ ਵਿਚ ਹੋ ਸਕਦਾ ਹੈ :

ਊਤਮ ਸੰਗਤਿ ਊਤਮੁ ਹੋਵੈ ।

ਗੁਣ ਕਉ ਧਾਵੈ ਅਵਗਣ ਧੋਵੈ ।

( ਆਸਾ ਮ: ੧ ਪੰ: ੪੧੪ )

ਗੁਰਦੇਵ ਨੇਇਨ੍ਹਾਂ ਗੁਣਾਂ ਦੀ ਸਾਂਝ ਉਤੇ ਬਲ ਦਿਤਾ ਹੈ । ਉਨ੍ਹਾਂ ਦਾ ਫੁਰਮਾਨ ਹੈ :

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜਿ ।

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਂਝ ਕਰੀਜਿ ।

ਸਾਂਝ ਕਰੀਜਿ ਗੁਣਹ ਕੇਰੀ ਛੋਡਿ ਅਵਗਣ ਚਲੀਐ ।

( ਸੂਹੀ ਛੰਤ ਮ: ੧ ਪੰ: ੭੬੫ -੬੬ )

******* ******************************

****************

## ਚੌਥਾ ਅਧਿਆਇ

****************

### ਜੀਵ ਦੇ ਪੰਜ ਕੋਸ਼ ਅਤੇ ਚਾਰ ਅਵਸਥਾਵਾਂ

(ਅੰਨਮਯ ਕੋਸ਼—ਪ੍ਰਾਣਮਯ ਕੋਸ਼—ਮਨੋਮਯ ਕੋਸ਼—ਵਿਗਿਆਨਮਯ ਕੋਸ਼—ਆਨੰਦਮਯ ਕੋਸ਼—ਜਾਗ੍ਰਤ ਅਵਸਥਾ—ਸੁਪਨ ਅਵਸਥਾ—ਸੁਖੋਪਤ ਅਵਸਥਾ—ਤੁਰੀਆ ਅਵਸਥਾ।)

## ਅ ਧਿ ਆ ਇ ਚੌ ਥਾ

### ਜੀਵ ਦੇ ਪੰਜ ਕੋਸ਼
### ਅਤੇ
### ਚਾਰ ਅਵਸਥਾਵਾਂ

ਸ਼ਰੀਰ ਅੰਦਰ ਜੀਵਾਤਮਾ ਕਿਥੇ ਰਹਿੰਦੀ ਹੈ? ਇਹ ਸਵਾਲ ਪ੍ਰਾਚੀਨ ਕਾਲ ਤੋਂ ਮਨੁੱਖੀ ਚਿੰਤਨ ਦਾ ਵਿਸ਼ਾ ਰਿਹਾ ਹੈ। ਕੋਈ ਇਸ 'ਪੁਰਸ਼' ਨੂੰ ਸਾਰੇ ਸ਼ਰੀਰ ਵਿਚ ਰਮਿਆ ਦਸਦੇ ਹਨ, ਸਿਰ ਵੀ ਇਸਦਾ ਟਿਕਾਣਾ ਦਸਿਆ ਜਾਂਦਾ ਹੈ ਅਤੇ ਹਿਰਦਾ ਵੀ। ਤੈਤਰੀਯ ਉਪਨਿਸ਼ਦ ਵਿਚ ਇਸ ਨੂੰ ਚਾਰ ਕੋਸ਼ਾਂ ਦੇ ਅੰਦਰ ਵਸਦੇ ਪੰਜਵੇਂ ਕੋਸ਼ ਵਿਚ ਰਹਿੰਦਾ ਮੰਨਿਆ ਗਿਆ ਹੈ। ਸਭ ਤੋਂ ਉਪਰਲਾ ਕੋਸ਼ ਸਥੂਲ ਅਤੇ ਦ੍ਰਿਸ਼ਟਮਾਨ ਸ਼ਰੀਰ ਹੈ। ਅੰਦਰਲੇ ਚਾਰ ਕੋਸ਼ਾਂ ਨੂੰ ਸੰਜੁਗਤ ਰੂਪ ਵਿਚ ਸੂਖਮ ਸ਼ਰੀਰ ਜਾਂ ਲਿੰਗ ਸ਼ਰੀਰ ਕਿਹਾ ਗਿਆ ਹੈ। ਜਿਵੇਂ ਇਕ ਡਬੀ ਵਿਚ ਚਾਰ ਹੋਰ ਡਬੀਆਂ ਹੋਣ ਅਤੇ ਸਭ ਤੋਂ ਅੰਦਰਲੀ ਡੱਬੀ ਵਿਚ ਇਕ ਮੋਤੀ ਹੋਵੇ, ਇਵੇਂ ਹੀ ਆਤਮਾ- ਰੂਪੀ ਰਤਨ ਅੰਤਰੀਵ ਕੋਸ਼ ਦੇ ਅੰਗ" ਅੰਦਰ ਬੰਦ ਹੈ। ਗੁਰੂ ਨਾਨਕ ਦੇਵ ਜੀ ਨੇ ਆਤਮਾ ਰੂਪੀ ਰਤਨ ਦਾ ਇਉਂ ਵਰਣਨ ਕੀਤਾ ਹੈ:-

ਪੰਚ ਤਤੁ ਮਿਲਿ ਕਾਇਆ ਕੀਨੀ।
ਤਿਸ ਮਹਿ ਰਾਮ ਰਤਨੁ ਲੈ ਚੀਨੀ।
ਆਤਮ ਰਾਮੁ ਰਾਮੁ ਹੈ ਆਤਮ
ਹਰਿ ਪਾਈਐ ਸਬਦਿ ਵੀਚਾਰਾ ਹੇ।

( ਮਾਰੂ ਮ: ੧ , ਪੰ: ੧੦੩੦ )

ਕਾਇਆ ਦੇ ਅੰਦਰ ਆਤਮਾ ਰੂਪੀ ਰਤਨ ਖੋਜਣ ਵਾਲੇ ਮਹਾਂ ਪੁਰਖਾਂ ਨੇ, ਇਸ ਤੋਂ ਉਪਰਲੇ ਚਾਰ ਕੋਸ਼ਾਂ ਨੂੰ ਉਲੰਘ ਕੇ ਹੀ ਇਸ ਨੂੰ ਲਭਿਆ ਹੈ। ਸਭ ਤੋਂ ਉਪਰਲਾ ਕੋਸ਼ ਸਥੂਲ ਸ਼ਰੀਰ ਦਾ ਕੋਸ਼ ਹੈ, ਜਿਸ ਨੂੰ ਅੰਨ ਮਯ ਕੋਸ਼ ਦਾ ਨਾਂ ਦਿਤਾ ਗਿਆ ਹੈ। ਇਸ ਦੇ ਅੰਦਰਵਾਰ ਪ੍ਰਾਣ ਮਯ ਕੋਸ਼ ਹੈ। ਫਿਰ ਮਨੋਮਯ ਕੋਸ਼ ਹੈ, ਫਿਰ ~~ਵਿਗਿਆਨ~~

ਅ

ਵਿਗਿਆਨਮਯ ਕੋਸ਼ ਅਤੇ ਸਭ ਤੋਂ ਅੰਦਰਲਾ ਆਨੰਦ ਮਯ ਕੋਸ਼। ਹਰ ਅੰਦਰਲਾ ਕੋਸ਼

ਉਪਰਲੇ ਕੋਸ਼ ਨਾਲੋਂ ਸੂਖਮ ਹੈ । ਇਸ ਲਿਹਾਜ਼ ਨਾਲ ਅਨੰਦਮਯ ਕੋਸ਼ ਸਭ ਤੋਂ ਸੂਖਮ ਹੈ । ਇਸ ਦੇ ਅੰਦਰ ਵਸਦੀ ਆਤਮਾ ਇਸ ਲਈ ਸੂਖਮ - ਤਮ ਕਹੀ ਜਾ ਸਕਦੀ ਹੈ । ਭਾਵੇਂ ਆਤਮਾ ਸਭ ਤੋਂ ਅੰਦਰਲੇ ਕੋਸ਼ ਵਿਚ ਰਹਿੰਦੀ ਦਸੀ ਗਈ ਹੈ , ਪਰ ਇਸ ਦੀ ਜੋਤੀ ਸਾਰੇ ਸਰੀਰ ਵਿਚ ਅਤੇ ਸਭ ਕੋਸ਼ਾਂ ਵਿਚ ਰਮ ਰਹੀ ਹੈ । ਹਰ ਕੋਸ਼ ਵਿਚ ਇਸ ਦਾ ਪ੍ਰਕਾਸ਼ ਇਸ ਤੋਂ ਦੂਰੀ ਦੀ ਮਾਤਰਾ ਨਾਲ ਘਟਦਾ ਵਧਦਾ ਹੈ । ਇਸ ਲਈ ਵਿਗਿਆਨਮਯ ਕੋਸ਼ ਅਨੰਦਮਯ ਕੋਸ਼ ਦੇ ਨੇੜੇ ਹੋਣ ਕਰਕੇ ਬਾਕੀ ਕੋਸ਼ਾਂ ਨਾਲੋਂ ਵਧੇਰੇ ਪ੍ਰਕਾਸ਼ਮਾਨ ਹੈ , ਜਿਤਨਾ ਸੂਖਮ ਕੋਈ ਕੋਸ਼ ਹੈ , ਉਨਾ ਹੀ ਆਤਮਕ ਜੋਤੀ ਨਾਲ ਭਰਪੂਰ ਹੈ । ਅੰਨਮਯ ਕੋਸ਼ ਇਕ ਸਥੂਲ ਕੋਸ਼ ਹੈ , ਇਸ ਲਈ ਆਤਮਕ ਆਭਾ ਇਹਦੇ ਵਿਚੋਂ ਬਹੁਤ ਘਟ ਪ੍ਰਗਟ ਹੁੰਦੀ ਹੈ ।

ਸਥੂਲ ਸਰੀਰ ਜਾਂ ਅੰਨਮਯ ਕੋਸ਼ ਪੰਜ ਤੱਤਾਂ ਦਾ ਬਣਿਆ ਹੋਇਆ ਹੈ , ਜਿਵੇਂ ਬਾਕੀ ਦਾ ਸਾਰਾ ਦ੍ਰਿਸ਼ਟਮਾਨ ਸੰਸਾਰ ਪੰਜ ਤੱਤਾਂ ਦੀ ਘਾੜਤ ਹੈ । ਇਹ ਤੱਤ ਪੌਣ, ਪਾਣੀ , ਅਗਨੀ , ਧਰਤੀ ਅਤੇ ਅਕਾਸ਼ ਹਨ । ਇਨ੍ਹਾਂ ਮਿਤਰ ਅਤੇ ਵਿਰੋਧੀ ਤੱਤਾਂ ਦੇ ਮਿਲਣ ਨਾਲ ਹੀ ਦੇਹੀ ਬਣੀ ਹੈ । ਇਹ 'ਹਾਡ,ਮਾਸ, ਨਾੜੀ ਕੋ ਪਿੰਜਰ' ਹੈ। ਜੇ ਕੋਈ ਸਰੀਰ -ਵਿਗਿਆਨੀ ਇਸ ਨੂੰ ਚੀਰ ਫਾੜ ਕੇ ਵੇਖੇਗਾ ਤਾਂ ਉਸ ਨੂੰ ਚਮੜੀ ਦੇ ਹੇਠਾਂ ਹੱਡੀਆਂ , ਮਾਸ ,ਖੂਨ, ਨਾੜੀਆਂ ਤੋਂ ਬਿਨਾ ਹੋਰ ਕੁਝ ਨਹੀ ਮਿਲੇਗਾ । ਸੂਖਮ ਕੋਸ਼ਾਂ ਉਤੇ ਉਸਦੀ ਪਕੜ ਨਹੀ । ਸਥੂਲ ਸਰੀਰ ਦਾ ਅੰਤ ਹੋਣ ਉਤੇ ਸੂਖਮ ਸਰੀਰ ਜਾਂ ਲਿੰਗ ਸਰੀਰ ਦੇ ਰੂਪ ਵਿਚ ਇਸ ਨੂੰ ਛਡ ਜਾਣਗੇ ।

ਸਥੂਲ ਸਰੀਰ ਦਾ ਆਧਾਰ ਅੰਨ ਹੈ , ਇਸ ਲਈ ਇਸ ਨੂੰ ਅੰਨਮਯ ਕੋਸ਼ ਕਿਹਾ ਗਿਆ ਹੈ । ਜਨਮ ਲੈਣ ਤੋਂ ਪਹਿਲਾਂ ਵੀ ਇਸਦੀ ਹੋਂਦ ਨਹੀ ਸੀ ਅਤੇ ਮਰਨ ਤੋਂ ਬਾਅਦ ਵੀ ਇਸਦੀ ਹੋਂਦ ਮੁਕ ਜਾਏਗੀ ।ਅੰਨ ਤੋਂ ਬਿਨਾ ਦੇਹੀ ਸਥਿਰ ਨਹੀ ਰਹਿ ਸਕਦੀ ।ਜਿਹੜੇ ਅੰਨ ਖਾਣ ਤੋਂ ਬਿਨਾ ਜੀਂਦੇ ਰਹਿਣ ਦੀ ਘੋਸ਼ਣਾ ਕਰਦੇ ਹਨ, ਉਹ ਪਖੰਡੀ ਹਨ । ਅੰਨ ਨਾ ਖਾਣ ਨਾਲ ਸਾਰਾ ਸਵਾਦ ਮਾਰਿਆ ਜਾਂਦਾ ਹੈ[੧] । ਅੰਨ ਨਾ

---

੧- ਅੰਨੁ ਨ ਖਾਇਆ ਸਾਦੁ ਗਵਾਇਆ ( ਵਾਰ ਆਸਾ ਮ: ੧ ਪੰ: ੪੬੭ )

ਖਾਣ ਨਾਲ ਸਰੀਰ ਦੁਖੀ ਹੁੰਦਾ ਹੈ।[1] ਅੰਨ ਤਾਂ ਦੇਵਤਾ ਹੈ।[2] ਮਾਤਾ ਦੀ ਰਕਤ ਅਤੇ ਪਿਤਾ ਦੀ ਬਿੰਦ ਦੇ ਮੇਲ ਤੋਂ ਬੀਜ ਰੂਪ ਵਿਚ ਪ੍ਰਗਟ ਹੋ ਕੇ ਮਾਤਾ ਦੇ ਗਰਭ ਵਿਚ ਨੌਂ ਦਸ ਮਹੀਨਿਆਂ ਵਿਚ ਬੱਚੇ ਦਾ ਅਕਾਰ ਬਣ ਜਾਂਦਾ ਹੈ। ਇਹ ਅਕਾਰ ਸੰਸਾਰ ਵਿਚ ਪ੍ਰਵੇਸ਼ ਕਰਕੇ ਹੌਲੇ ਹੌਲੇਂ ਵਧਣਾ ਸ਼ੁਰੂ ਹੁੰਦਾ ਹੈ। ਇਹ ਸਰੀਰਕ ਅਕਾਰ ਬਚੇ, ਜਵਾਨ ਅਤੇ ਬੁਢੇ ਦੇ ਰੂਪ ਵਿਚ ਸੰਸਾਰਕ ਕਾਰਜ ਕਰਨ ਤੋਂ ਮਗਰੋਂ ਖਤਮ ਹੋ ਜਾਂਦਾ ਹੈ। ਪ੍ਰਤਖ ਤੌਰ ਤੇ ਜਨਮ ਅਤੇ ਮਰਨ ਦੀਆਂ ਹਾਲਤਾਂ ਏਸ ਸਰੀਰ ਨੂੰ ਵਾਪਰਦੀਆਂ ਹਨ। ਅਗਿਆਨਤਾ ਵਿਚ ਅਸੀ ਇਹ ਜਨਮ ਅਤੇ ਮੌਤ ਆਤਮਾ ਨਾਲ ਸਬੰਧਤ ਕਰ ਲੈਂਦੇ ਹਾਂ। ਜਦੋਂ ਤਕ ਜੀਵ ਸਰੀਰ ਨਹੀ ਤਿਆਗਦਾ, ਓਦੋਂ ਤਕ ਉਹ ਬੰਧਨ ਤੋਂ ਮੁਕਤ ਨਹੀ ਹੋ ਸਕਦਾ।

ਪਰ ਸਰੀਰ ਆਤਮਕ ਵਿਕਾਸ ਵਿਚ ਜ਼ਰੂਰ ਸਹਾਇਕ ਹੁੰਦਾ ਹੈ। ਇਸ ਨੂੰ ਆਤਮਾ ਦਾ ਘਰ ਵੀ ਕਹਿ ਸਕਦੇ ਹਾਂ ਅਤੇ ਵਾਹਨ ਵੀ। ਇਸ ਦੀ ਸਹਾਇਤਾ ਨਾਲ ਹੀ ਜੀਵ ਅਸਲੀ ਆਤਮਕ ਜੁਗਤ ਸਿਖਦਾ ਹੈ ਅਤੇ ਅਗਿਆਨਤਾ ਦੇ ਛੇੜ ਕਟ ਕੇ ਗਿਆਨ ਨੂੰ ਪ੍ਰਾਪਤ ਕਰਦਾ ਹੈ।

ਅੰਨ ਮਯ ਕੋਸ਼ ਦਾ ਅੰਦਰਲਾ ਕੋਸ਼ ਪ੍ਰਾਣਮਯ ਕੋਸ਼ ਹੈ। ਇਹ ਸਰੀਰ ਤੋਂ ਸੂਖਮ ਹੈ ਅਤੇ ਸੂਖਮ ਸਰੀਰ ਦਾ ਅੰਦਰਲਾ ਕੋਸ਼ ਹੈ। ਇਹੋ ਅੰਨ ਮਯ ਕੋਸ਼ ਨੂੰ ਕਾਰਜਸ਼ੀਲ ਬਣਾਉਂਦਾ ਹੈ। ਇਹ ਪੰਜ ਪ੍ਰਕਾਰ ਦੇ ਪ੍ਰਾਣਾਂ ਦੇ ਮੇਲ ਤੋਂ ਬਣਿਆ ਹੈ ਅਤੇ ਨਿਮਣ ਸਮੇ ਹੀ ਬਚੇ ਦੇ ਸਰੀਰ ਵਿਚ ਦਾਖਲ ਹੁੰਦਾ ਹੈ ਅਤੇ ਸਰੀਰ ਦੇ ਅੰਤ ਹੋਣ ਨਾਲ ਹੀ ਇਸ ਨੂੰ ਛਡਦਾ ■ ਹੈ। ਇਸਦੇ ਨਾਲ ਹੀ ਸਰੀਰ ਵਿਚ ਭੁਖ ਅਤੇ ਪਿਆਸ ਦਾ ਅਹਿਸਾਸ ਹੁੰਦਾ ਹੈ। ਮਨੋਮਯ ਕੋਸ਼ ਪ੍ਰਾਣਮਯ ਕੋਸ਼ ਤੋਂ ਵੀ ਸੂਖਮ ਹੈ। ਇਹ ਨਾਮ - ਰੂਪ ਦੀ ਅਨੇਕਤਾ ਦੇ ਵਿਚਾਰ ਨੂੰ ਪੈਦਾ ਕਰਦਾ ਹੈ। ਇਹ ਪੰਜ ਤੱਤਾਂ ਦੇ ਮੇਲ ਤੋਂ ਉਪਜਦਾ ਹੈ, ਇਸ ਲਈ ਇਸ ਨੂੰ ਅਗਿਆਨਤਾ ਦੀ ਉਪਜ ਮੰਨਿਆ ਗਿਆ ਹੈ। ਮਨ ਕਰਕੇ ਹੀ ਜਗਤ ਪ੍ਰਪੰਚ ਸਤ ਪ੍ਰਤੀਤ ਹੁੰਦਾ ਹੈ। ਸੰਸਾਰਕ ਇਛਾਵਾਂ ਦੇ ਅਧੀਨ ਮਨ,।

---

੧-ਅੰਨੁ ਨ ਖਾਹਿ ਦੇਹੀ ਦੁਖੁ ਦੀਜੈ (ਰਾਮਕਲੀ ਮ: ੧ ਪੰ: ੯੦੫ )

੨- ਅੰਨੁ ਦੇਵਤਾ (ਵਾਰ ਆਸਾ ਮ: ੧ ਪੰ: ੪੭੩ )

ਸੂਖਮ ਅਤੇ ਸਥੂਲ ਸੰਸਾਰਕ ਪਦਾਰਥਾਂ ਨੂੰ ਮਾਣਦਾ ਹੈ ਅਤੇ ਉਨ੍ਹਾਂ ਦੇ ਮੋਹ ਵਿਚ ਬਝ ਜਾਂਦਾ ਹੈ । ਕਾਮਾਦਿਕ ਵਿਸ਼ਿਆਂ ਵਿਕਾਰਾਂ ਦੇ ਕਾਰਨ ਇਹ ਬੰਧਨ ਵਿਚ ਬਝ ਜਾਂਦਾ ਹੈ , ਫਿਰ ਮੁਕਤ ਹੋਣ ਲਈ ਇਸ ਨੂੰ ਵਿਸ਼ਿਆਂ ਵਿਕਾਰਾਂ ਤੋਂ ਖਲਾਸੀ ਪਾਣੀ ਪੈਂਦੀ ਹੈ । ਮਨ ਦੀ ਨਿਰਮਲਤਾ ਹੀ ਜੀਵ ਦਾ ਪਰਮ ਮਨੋਰਥ ਹੈ ਕਿਉਂਕਿ ਨਿਰਮਲ ਮਨ ਵਿਚ ਹੀ ਆਪਾ ਪ੍ਰਤਿਬਿੰਬਤ ਹੁੰਦਾ ਹੈ । ਤੱਤਾਂ ਦੇ ਸੂਖਮ ਕਣਾਂ ਤੋਂ ਬਣਿਆ ਹੋਣ ਕਰਕੇ ਮਨ ਆਤਮਾ ਨਹੀ ਹੋ ਸਕਦਾ ਅਤੇ ਪ੍ਰੀਵਰਤਨ ਸ਼ੀਲ ਹੋਣ ਕਾਰਨ ਦੁਖਾਂ ਸੁਖਾਂ ਵਿਚ ਪ੍ਰਵੇਸ਼ ਕਰਦਾ ਹੈ ।

ਵਿਗਿਆਨਮਯ ਕੋਸ਼ ਜਾਂ ਬੁਧੀ ਦਾ ਕੋਸ਼ ਮਨੋਮਯ ਕੋਸ਼ ਤੋਂ ਵੀ ਸੂਖਮ ਹੈ । ਇਹਦੇ ਵਿਚੋਂ ਆਤਮਾ ਦੀ ਬੁਧੀਮਾਨਤਾ ਪ੍ਰਤਿਬਿੰਬਤ ਹੁੰਦੀ ਹੈ , ਇਸ ਲਈ ਇਹ ਗਿਆਨਵਾਨ ਅਤੇ ਚੇਤੰਨ ਪ੍ਰਤੀਤ ਹੁੰਦਾ ਹੈ । ਵਿਗਿਆਨਮਯ ਕੋਸ਼ ਨਾਲ ਇਕ ਰੂਪ ਸਮਝੇ ਜਾਣ ਦੇ ਕਾਰਨ ਆਤਮਾ ਜਗਤ-ਪ੍ਰਪੰਚ ਵਿਚਲੀ ਨੇਕੀ ਬਦੀ ਵਿਚੋਂ ਲੰਘਦਾ ਕਿਹਾ ਜਾਂਦਾ ਹੈ । ਕੇਵਲ ਬ੍ਰਹਮ ਦੇ ਸੁਧ ਗਿਆਨ ਨਾਲ ਹੀ ਇਹ ਭ੍ਰਾਂਤੀ-ਪੂਰਬਕ ਅਵਸਥਾ ਖਤਮ ਹੋ ਸਕਦੀ ਹੈ ।

ਅਨੰਦਮਯ ਕੋਸ਼ ਵਿਗਿਆਨਮਯ ਕੋਸ਼ ਨਾਲੋਂ ਸੂਖਮਤਰ ਅਤੇ ਬਾਕੀ ਸਭ ਕੋਸ਼ਾਂ ਨਾਲੋਂ ਸੂਖਮਤਮ ਹੈ । ਇਸ ਕੋਸ਼ ਵਿਚਲਾ ਅਨੰਦ ਬ੍ਰਹਮ ਅਨੰਦ ਨਾਲੋਂ ਭਿੰਨ ਹੈ । ਕਿਉਂਕਿ ਇਹ ਬਾਹਰਮੁਖੀ ਜਗਤ ਤੋਂ ਪ੍ਰਾਪਤ ਹੁੰਦਾ ਦਸਿਆ ਗਿਆ ਹੈ । ਇਹ ਅਨੰਦ ਕਿਸੇ ਕਲਾ ਵਿਚ ਮਸ਼ਗੂਲ ਹੋਣ ਤੋਂ ਪ੍ਰਾਪਤ ਹੁੰਦਾ ਹੈ ਜਾਂ ਫਿਰ ਕਿਸੇ ਸ਼ੁਭ ਕਰਮ ਦਾ ਫਲ ਭੁਗਤਣ ਤੋਂ । ਪਰ ਅਨੰਦਮਯ ਕੋਸ਼ ਦੀ ਪੂਰੀ ਆਭਾ ਸੁਖੋਪਤ ਅਵਸਥਾ ਵਿਚ ਪ੍ਰਤੀਤ ਹੁੰਦੀ ਹੈ । ਜਿਥੋਂ ਜੀਵ ਮੁੜ ਖੁਸ਼ੀ ਅਤੇ ਅਰਾਮ ਦੀ ਪ੍ਰਤੀਤੀ ਵਿਚ ਜਾਗਦਾ ਹੈ । ਪਰ ਇਸ ਅਵਸਥਾ ਵਿਚ ਇਕ ਤਰੁਟੀ ਇਹ ਹੈ ਕਿ ਇਸ ਵਿਚ ਅਗਿਆਨਤਾ ਹੀ ਛਾਈ ਰਹਿੰਦੀ ਹੈ । ਇਸ ਅਵਸਥਾ ਵਿਚ ਜੀਵ ਨੂੰ ਨਾ ਹੀ ਆਪੇ ਦਾ ਗਿਆਨ ਹੁੰਦਾ ਹੈ ਤੇ ਨਾ ਹੀ ਬਾਹਰੀ ਜਗਤ ਦਾ । ਜਦੋਂ ਜੀਵ ਇਸ ਅਵਸਥਾ ਵਿਚੋਂ ਪਰਤਦਾ ਹੈ ਤਾਂ ਉਸਦੀ ਪ੍ਰਕ੍ਰਿਤੀ ਵਿਚ ਕੋਈ ਫਰਕ ਨਹੀ ਪਿਆ ਹੁੰਦਾ ।

ਉਪਰੋਕਤ ਪੰਜ ਕੋਸ਼ ਸਾਰੇ ਹੀ ਪ੍ਰਕ੍ਰਿਤੀ ਦੇ ਪਰਿਵਰਤਨ ਕਹੇ ਜਾਂਦੇ ਹਨ ਅਤੇ ਆਪਣੇ ਆਪ ਵਿਚ ਅਸੱਤ ਹਨ , ਪਰ ਉਹ ਸੱਤ ਪ੍ਰਤੀਤ ਹੁੰਦੇ ਹਨ ਕਿਉਂਕਿ ਆਤਮਾ ਉਨ੍ਹਾਂ ਦੀ ਬੁਨਿਆਦ ਹੈ । ਜਦੋਂ ਸਾਧਕ ਆਪਣੇ ਆਪੇ ਨੂੰ ਕਿਸੇ ਵੀ ਕੋਸ਼ ਨਾਲ ਅਭੇਦ ਨਹੀ ਕਰਦਾ, ਤਾਂ ਉਸ ਨੂੰ ਨਿਰੋਲ ਆਤਮਾ ਦੇ ਦੀਦਾਰ ਹੁੰਦੇ ਹਨ ।

ਤੈਤਰੀਯ ਉਪਨਿਸ਼ਦ ਦੇ ਇਸ ਕੋਸ਼-ਸਿਧਾਂਤ ਵਲ ਗੁਰੂ ਨਾਨਕ ਬਾਣੀ ਵਿਚ ਕੋਈ ਇਸ਼ਾਰਾ ਨਹੀਂ ਮਿਲਦਾ ; ਸਰੀਰ, ਪ੍ਰਾਣ, ਮਨ, ਬੁਧੀ ਅਤੇ ਆਤਮਾ ਬਾਰੇ ਉਨ੍ਹਾਂ ਦੇ ਵਿਚਾਰ ਦੂਜੇ ਅਧਿਆਇ ਵਿਚ ਦਿੱਤੇ ਜਾ ਚੁਕੇ ਹਨ । ਅਜ ਦੀ ਥੀਓਸੋਫੀ ਨੇ ਸਰੀਰ ਵਿਚਲੇ ਭਿੰਨ ਭਿੰਨ ਸਰੀਰਾਂ ਦੇ ਵਿਚਾਰ ਨੂੰ ਬਹੁਤ ਮਹਾਨਤਾ ਦਿੱਤੀ ਹੈ । ਇਹ ਦੇ ਵਿਚ ਪੰਜ ਦੀ ਥਾਂ ਸਤ ਸਰੀਰਾਂ ਨੂੰ ਮੰਨਿਆ ਗਿਆ ਹੈ[੧] । ਪ੍ਰਸਿਧ ਦਰਸ਼ਨ-ਆਚਾਰਯ ਡਾਕਟਰ ਰਨਾਡੇ ਦਾ ਵਿਚਾਰ ਹੈ ਕਿ ਤੈਤਰੀਯ ਉਪਨਿਸ਼ਦ ਦੇ ਪੰਜ ਕੋਸ਼ਾਂ ਤੋਂ ਇਸ ਤੋਂ ਵਧੀਕ ਹੋਰ ਕੋਈ ਭਾਵ ਨਹੀਂ ਕਿ ਮਨੁਖ ਸਰੀਰ, ਪ੍ਰਾਣ, ਮਨ, ਬੁਧੀ ਅਤੇ ਆਤਮਾ ਦਾ ਸਮੇਲ ਹੈ[੨] । ਸੰਕਰਾਚਾਰੀਆਂ ਨੇ ਭਾਵੇਂ ਕੋਸ਼ਾਂ ਨੂੰ ਮੰਨਿਆ ਹੈ ਪਰ ਉਨ੍ਹਾਂ ਅਨੁਸਾਰ ਇਨ੍ਹਾਂ ਦੀ ਕੇਵਲ ਖਿਆਲੀ ਹੋਂਦ ਹੈ । ਉਨ੍ਹਾਂ ਦਾ ਕਹਿਣਾ ਹੈ ਕਿ ਵਿਵੇਕ ਰਾਹੀਂ ਸਾਨੂੰ ਸਰੀਰ, ਪ੍ਰਾਣ, ਮਨ, ਬੁਧੀ ਅਤੇ ਅਨੰਦੀ ਚੇਤੰਨਤਾ ਤੋਂ ਪਰ੍ਹੇ ਆਤਮਾ ਨੂੰ ਲਭਣਾ ਚਾਹੀਦਾ ਹੈ । ਉਹ ਇਹ ਗਲ ਪਕਿਆਈ ਨਾਲ ਨਹੀਂ ਕਹਿ ਸਕੇ ਕਿ ਅਨੰਦੀ ਚੇਤੰਨਤਾ ਦੀ ਅਵਸਥਾ ਬ੍ਰਹਮ ਨਾਲ ਅਭੇਦਤਾ ਦੇ ਤੁਲ ਹੈ ਜਾਂ ਬ੍ਰਹਮ-ਪ੍ਰਾਪਤੀ ਲਈ ਸਾਨੂੰ ਹੋਰ ਪਰ੍ਹੇ ਜਾਣਾ ਪਵੇਗਾ । ਪਰ ਇਸ ਗਲ ਉਤੇ ਉਹ ਦ੍ਰਿੜ ਹਨ ਕਿ ਕੋਸ਼ਾਂ ਦੀ ਕੋਈ ਵਾਸਤਵਿਕ ਹੋਂਦ ਨਹੀਂ ।

ਆਤਮਾ ਇਕ ਜੋਤ ਹੈ ਜੋ ਪ੍ਰਕ੍ਰਿਤੀ ਰਾਹੀਂ ਪ੍ਰਕਾਸ਼ਮਾਨ ਹੁੰਦੀ ਹੈ ਅਤੇ ਜਾਗ੍ਰਤ, ਸੁਪਨ, ਸੁਖੋਪਤ ਅਵਸਥਾਵਾਂ ਦੇ ਅਨੁਭਵ ਗਿਆਨ ਦੀ ਸਾਹਦੀ ਭਰਨ ਵਾਲੀ ਹੈ।

## ਚਾਰ ਅਵਸਥਾਵਾਂ

ਆਤਮਾ ਚਾਰ ਅਵਸਥਾਵਾਂ ਵਿਚ ਵਿਚਰਦੀ ਦਸੀ ਜਾਂਦੀ ਹੈ । ਇਹ ਚਾਰ

---

੧- The Physical, the astral, the mental, the intuitional, the spiritual, the monadic and the Divine.

੨- See "A Constructive Survey of Upanishadic Philosophy" by Dr. R.D.Ranade, II Ed., 1968, P.103 .

ਅਵਸਥਾਵਾਂ ਜਾਗ੍ਰਤ , ਸੁਪਨ , ਸੁਖੋਪਤ ਅਤੇ ਤੁਰੀਆ ਹਨ । ਉਪਨਿਸ਼ਦਾਂ ਵਿਚ ਕ੍ਰਮਵਾਰ ਇਨ੍ਹਾਂ ਦੇ ਨਾਂ ਵੈਸ਼੍ਵਾਨਰ ,ਤੈਜਸ ,ਪ੍ਰਾਜ੍ਞ ਅਤੇ ਆਤਮਾ ਹਨ । ਮਾਂਡੂਕ ਉਪਨਿਸ਼ਦ ਵਿਚ ਲਿਖਿਆ ਹੈ: "ਇਹ ਆਤਮਾ ਚਾਰ ਪੈਰਾਂ ਵਾਲੀ ਹੈ ( ਭਾਵ: ਇਸ ਦੀਆਂ ਚਾਰ ਅਵਸਥਾਵਾਂ ਹਨ ) ।" ਪਹਿਲੀ ਅਵਸਥਾ ਜਾਗ੍ਰਤ ਅਵਸਥਾ ਹੈ ਜਦੋਂ ਕਿ ਆਤਮਾ ਕੇਵਲ ਬਾਹਰਮੁਖੀ ਪਦਾਰਥਾਂ ਬਾਰੇ ਚੇਤੰਨ ਹੁੰਦੀ ਹੈ ਅਤੇ ਸਥੂਲ ਵਸਤਾਂ ਨੂੰ ਮਾਣਦੀ ਹੈ ।ਓਦੋਂ ਇਸ ਨੂੰ ਵੈਸ਼੍ਵਾਨਰ ਕਿਹਾ ਜਾਂਦਾ ਹੈ । ਦੂਜੀ ਅਵਸਥਾ ਸੁਪਨ ਅਵਸਥਾ ਹੈ, ਜਦੋਂ ਕਿ ਆਤਮਾ ਅੰਤਰਮੁਖੀ ਪਦਾਰਥਾਂ ਬਾਰੇ ਚੇਤੰਨ ਹੁੰਦੀ ਹੈ ਅਤੇ ਸੂਖਮ ਵਸਤਾਂ ਨੂੰ ਮਾਣਦੀ ਹੈ ।ਓਦੋਂ ਇਸ ਨੂੰ ਤੈਜਸ ਕਹਿੰਦੇ ਹਨ । ਜਦੋਂ ਕੋਈ ਮਾਨਵ ਸੁੱਤਿਆਂ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਸੁਪਨਿਆਂ ਤੋਂ ਵੀ ਮੁਕਤ ਹੋ ਜਾਂਦਾ ਹੈ ਤਾਂ ਉਸ ਅਵਸਥਾ ਨੂੰ ਗਾਹੜੀ ਨੀਂਦਰ ਦੀ ਅਵਸਥਾ ਜਾਂ ਸੁਖੋਪਤ ਕਹਿੰਦੇ ਹਨ । ਇਸ ਲਈ ਤੀਜੀ ਅਵਸਥਾ ਸੁਖੋਪਤ ( ਸੁਸ਼ੁਪਤੀ ) ਹੈ ਜਦੋਂ ਆਤਮਾ ਗਿਆਨ ਅਤੇ ਅਨੰਦ ਨਾਲ ਭਰੀ ਆਪੇ ਕੇਂਦ੍ਰਿਤ ਹੁੰਦੀ ਹੈ ਅਤੇ ਇਹਦਾ ਅਧਾਰ ਆਨੰਦ ਹੁੰਦਾ ਹੈ। ਓਦੋਂ ਇਸ ਨੂੰ ਪ੍ਰਾਜ੍ਞ ਕਿਹਾ ਜਾਂਦਾ ਹੈ , ਆਤਮਾ ਦੀ ਚੌਥੀ ਅਵਸਥਾ ( ਤੁਰੀਆ ) ਸ਼ੁਧ ਸਵੈ ਚੇਤੰਨਤਾ ਦੀ ਹੈ ਜਦੋਂ ਕਿ ਨਾ ਹੀ ਅੰਤਰਮੁਖੀ ਅਤੇ ਨਾ ਹੀ ਬਾਹਰਮੁਖੀ ਅਤੇ ਨਾ ਹੀ ਸੰਜੁਗਤ ਰੂਪ ਵਿਚ ਪਦਾਰਥਾਂ ਦਾ ਕੋਈ ਗਿਆਨ ਹੁੰਦਾ ਹੈ ; ਜਦੋਂ ਕਿ ਆਤਮਾ ਗਿਆਨ ਦਾ ਪੁੰਜ ਨਹੀ ਹੁੰਦੀ ਅਤੇ ਚੇਤੰਨ ਅਤੇ ਅਚੇਤ ਦੋਹਾਂ ਨੂੰ ਉਲੰਘ ਜਾਂਦੀ ਹੈ ,ਜਦੋਂ ਇਹ ਅਦ੍ਰਿਸ਼ਟ , ਬੇਨਾਮ, ਅਬੋਧ ਅਕਥ ਹੁੰਦੀ ਹੈ ,' ਜਦੋਂ ਇਹ ਸੋਚ ਤੋਂ ਪਰ੍ਹੇ ਅਤੇ ਕਿਸੇ ਸੰਕੇਤ ਦੀ ਸੰਭਾਵਨਾ ਤੋਂ ਪਰ੍ਹੇ ਹੁੰਦੀ ; ਜਦੋਂ ਇਹ ਠੀਕ ਅਨੁਭਵੀ ਗਿਆਨ ਦਾ ਤਤ ਹੁੰਦੀ ਹੈ , ਜਿਦ੍ਹੇ ਵਿਚ ਪੰਜ ਪ੍ਰਕਾਰ ਦੇ ਇੰਦ੍ਰੀ -ਗਿਆਨ ਦਾ ਅੰਤਮ ਨਿਪਟਾਰਾ ਹੋ ਜਾਂਦਾ ਹੈ,ਜਦੋਂ ਇਹ ਸ਼ਾਂਤ , ਅਨੰਦ ਭਰਪੂਰ ਅਤੇ ਅਦਵੈਤ ਹੁੰਦੀ ਹੈ ਉਸ ਸਮੇ ਇਸ ਨੂੰ ਆਤਮਾ ਕਿਹਾ ਜਾਂਦਾ ਹੈ ।

ਉਪਰੋਕਤ ਚਾਰ ਅਵਸਥਾਵਾਂ ਦਾ ਵਰਣਨ ਗੁਰੂ ਨਾਨਕ ਬਾਣੀ ਵਿਚ ਵੀ ਵੀ ਮਿਲਦਾ ਹੈ: --

ਤੀਨਿ ਅਵਸਥਾ ਕਹਹਿ ਵਖਿਆਨੁ।
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ।

( ਗਉੜੀ ਮ: ੧ ਪੰ: ੧੫੪ )

ਤਿੰਨ ਅਵਸਥਾਵਾਂ ਜਾਗ੍ਰਤ , ਸੁਪਨ ਅਤੇ ਸੁਖੋਪਤ ਹਨ । ਚੌਥੀ ਅਵਸਥਾ ਤੁਰੀਆ ਹੈ , ਜਿਸਦਾ ਗਿਆਨ ਕੇਵਲ ਸਤਿਗੁਰ ਰਾਹੀਂ ਪ੍ਰਾਪਤ ਹੁੰਦਾ ਹੈ। ਤਿੰਨ ਅਵਸਥਾਵਾਂ ਵਿਚੋਂ ਕੋਈ ਇਕ ਵੀ ਆਤਮਾ ਦਾ ਸ਼ੁਧ ਸਰੂਪ ਦਾ ਗਿਆਨ ਨਹੀ ਦਿੰਦੀ , ਜਿਹੜਾ ਕਿ ਤੁਰੀਆ ਵਿਚ ਪ੍ਰਾਪਤ ਹੁੰਦਾ ਹੈ । ਤੁਰੀਆ ਤਿੰਨ ਅਵਸਥਾਵਾਂ ਤੋਂ ਅਤੀਤ ਹੈ ਕੇ ਉਨ੍ਹਾਂ ਦੀ ਸ਼ਾਹਦੀ ਭਰਦੀ ਹੈ ਅਤੇ ਉਨ੍ਹਾਂ ਵਿਚ ਵਿਆਪਕ ਵੀ ਹੈ । ਗਿਆਨ ਦਾ ਅਧਾਰ ਅਨੁਭਵ ਹੈ । ਅਧੂਰੇ ਅਨੁਭਵ ਤੋਂ ਅਧੂਰਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਪੂਰੇ ਤੋਂ ਪੂਰਾ ।ਇਸ ਵਿਚ ਕੋਈ ਸੰਦੇਹ ਨਹੀ ਕਿ ਕੇਵਲ ਜਾਗ੍ਰਤ ਅਵਸਥਾ ਦਾ ਭੌਤਿਕ ਵਿਗਿਆਨ ਦਾ ਅਨੁਭਵ , ਸੁਪਨਿਆਂ ਦੀ ਖੋਜ ਕਰਦੇ ਮਨੋ-ਵਿਸ਼ਲੇਸ਼ਣ ਦੇ ਕੁਝ ਰੂਪ ਅਤੇ ਸੁਖੋਪਤ ਅਵਸਥਾ ਵਿਚ ਅਨੁਭਵ ਕੀਤਾ ਪ੍ਰਯੋਗਿਕ ਗਿਆਨ ਦੇ ਅਭਾਵ ਉਤੇ ਜ਼ੋਰ ਦਿੰਦਾ ਨਿਖੇਧਵਾਦ ਦਾ ਸਿਧਾਂਤ -ਇਹ ਸਭ ਅਧੂਰਾ ਗਿਆਨ ਦਿੰਦੇ ਹਨ ।

ਜਾਗ੍ਰਿਤ ਅਵਸਥਾ ਵਿਚ ਭੌਤਿਕ ਸੰਸਾਰ ਨਾਲ ਵਾਹ ਪੈਂਦਾ ਹੈ , ਜਿਸਦਾ ਗਿਆਨ , ਗਿਆਨ ਇੰਦਰਿਆਂ ਰਾਹੀਂ ਪ੍ਰਾਪਤ ਹੁੰਦਾ ਹੈ । ਪਰ ਜਦੋਂ ਮਾਨਵ ਸੁਪਨੇ ਦੀ ਦੁਨੀਆਂ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਹ ਉਸ ਨੂੰ ਵਾਸਤਵਿਕ ਪ੍ਰਤੀਤ ਹੁੰਦੀ ਹੈ । ਕੇਵਲ ਜਾਗਣ ਉਤੇ ਹੀ ਉਹ ਜਾਣਦਾ ਹੈ ਕਿ ਉਹ ਸੁਪਨਾ ਲੈ ਰਿਹਾ ਸੀ । ਉਸ ਦੇ ਭਾਣੇ ਉਸਦਾ ਸ਼ਰੀਰ ਅਤੇ ਗਿਆਨ -ਇੰਦਰੇ ਸੁਤਿਆਂ ਨਿਸ਼ਕ੍ਰਿਅ ਸਨ । ਪਰ ਸੁਪਨੇ ਵਿਚਲੇ ਪ੍ਰਾਣੀ ਅਤੇ ਪਦਾਰਥ ਅਤੇ ਉਨ੍ਹਾਂ ਦੇ ਸਬੰਧ ਆਤਮਾ ਦੇ ਜਾਗ੍ਰਤ ਅਵਸਥਾ ਵਿਚ ਪਏ ਪ੍ਰਭਾਵਾਂ ਦੀ ਉਪਜ ਹਨ । ਪ੍ਰਤਖ ਸੰਸਾਰ ਅਤੇ ਸੁਪਨ ਸੰਸਾਰ ਦੋਵੇਂ ਮਾਇਆ ਹਨ ਅਤੇ ਆਤਮਾ ਇਨ੍ਹਾਂ ਦੋਹਾਂ ਵਿਚ ਪ੍ਰਵੇਸ਼ ਕਰਦਿਆਂ ਹੋਇਆਂ ਵੀ ਨਿਰਲੇਪ ਰਹਿੰਦੀ ਦਸੀ ਜਾਂਦੀ ਹੈ ।

ਸੁਖੋਪਤ ਅਵਸਥਾ ਵਿਚ ਮਾਨਵ ਵਿਸ਼ੇ ਜਾਂ ਕਿਸੇ ਵਿਸ਼ੇਸ਼ ਚੇਤੰਨਤਾ ਤੋਂ ਅਗਿਆਤ ਹੁੰਦਾ ਹੈ । ਵੇਦਾਂਤ ਅਨੁਸਾਰ ਇਸ ਅਵਸਥਾ ਵਿਚ ਆਤਮਾ ਅਤੇ ਪਰਮ ਆਤਮਾ ਵਿਚਾਲੇ ਇਕ ਪ੍ਰਕਾਰ ਦੀ ਏਕਤਾ ਹੁੰਦੀ ਹੈ । ਇਹ ਏਕਤਾ ਕੇਵਲ ਭਾਸਦੀ ਹੈ ਕਿਉਂਕਿ ਜਦੋਂ ਮਾਨਵ ਇਸ ਅਵਸਥਾ ਵਿਚੋਂ ਜਾਗ੍ਰਤ ਅਵਸਥਾ ਵਿਚ ਪਰਤਦਾ ਹੈ ਤਾਂ ਉਹਦੇ ਵਿਚ ਕੋਈ ਪਰਿਵਰਤਨ ਨਹੀ ਆਇਆ ਹੁੰਦਾ । ਇਸ ਅਵਸਥਾ ਵਿਚ ਆਤਮਾ ਉਤੇ ਮਾਇਆ ਦੀ ਇਕ ਪਤਲੀ ਪਰਤ ਛਾਈ ਰਹਿੰਦੀ ਹੈ ,ਜਿਸਦੇ ਕਾਰਨ ਵੇਸਧਤਾ ਵਾਪਰਦੀ ਹੈ । ਇਸ ਅਵਸਥਾ ਵਿਚ ਬ੍ਰਹਮ-ਅਨੁਭਵ ਦੀ ਇਕ ਝਲਕ ਪ੍ਰਤੀਤ ਹੁੰਦੀ ਹੈ, ਕਿਉਂਕਿ ਦੋਹਾਂ ਹਾਲਤਾਂ ਵਿਚ ਮਾਨਵ ਡਰ ,ਇਛਾ ਅਤੇ ਬਦੀ ਤੋਂ ਮੁਕਤ ਹੁੰਦਾ ਹੈ । ਉਹ ਅੰਤਰਮੁਖੀ ਜਾਂ ਬਾਹਰਮੁਖੀ ਜਗਤ ਬਾਰੇ ਕੁਝ ਵੀ ਨਹੀ ਜਾਣਦਾ ਹੁੰਦਾ । ਇਸ ਅਵਸਥਾ ਵਿਚ ਚੇਤੰਨਤਾ ਵਾਸਤਵ ਵਿਚ ਨਾਸ ਨਹੀ ਹੁੰਦੀ । ਆਤਮਾ ਦੀ ਚੇਤੰਨਤਾ ਦਾ ਕਦੇ ਵੀ

ਅਭਾਵ ਨਹੀ ਹੁੰਦਾ ਕਿਉਂਕਿ ਇਹ ਅਬਿਨਾਸ਼ੀ ਹੈ । ਜੇ ਚੇਤੰਨਤਾ ਦੀ ਤੋਟ ਹੋਵੇ ਤਾਂ ਮਾਨਵ ਜਾਗ੍ਰਤ ਅਵਸਥਾ ਵਿਚ ਆਉਣ ਵੇਲੇ ਕਿਸੇ ਵੀ ਪਿਛਲੇ ਅਨੁਭਵ ਨੂੰ ਯਾਦ ਨਹੀ ਰਖ ਸਕਦਾ ।

ਉਪਰੋਕਤ ਤਿੰਨਾ ਅਵਸਥਾਵਾਂ ਤੋਂ ਅਗਲੀ ਤੁਰੀਆ ਅਵਸਥਾ ਹੈ । ਇਹ ਸ਼ੁਧ ਚੇਤੰਨਤਾ ਦੀ ਅਵਸਥਾ ਹੈ । ਇਹਦੇ ਵਿਚ ਦਵੈਤ ਭਾਵ ਖਤਮ ਹੋ ਜਾਂਦਾ ਹੈ । ਇਸ ਕਰਕੇ ਇਹ ਅਵਸਥਾ ਨੇਕੀ ਬਦੀ ਦੋਹਾਂ ਤੋਂ ਮੁਕਤ ਹੈ । ਸੁਖੋਪਤ ਨਾਲੋਂ ਇਸ ਅਵਸਥਾ ਦਾ ਇਹੋ ਅੰਤਰ ਹੈ ਕਿ ਇਹ ਸਰਬ ਗਿਆਤਾ ਅਤੇ ਸਰਬ ਪੇਖਣਹਾਰ ਹੈ । ਸੁਖੋਪਤ ਵਿਚ ਬੀਜ ਰੂਪ ਵਿਚ ਰਹਿੰਦੇ ਅਨੁਭਵ ਇਹਦੀ ਗਿਆਨ-ਅਗਨੀ ਵਿਚ ਦਗਧ ਹੋ ਜਾਂਦੇ ਹਨ । ਇਸ ਅਵਸਥਾ ਨੂੰ ਕੇਵਲ ਗੁਰਮੁਖ ਹੀ ਪ੍ਰਾਪਤ ਕਰਦੇ ਹਨ ਜਿਹੜੇ ਸੰਤਾਂ ਦੀ ਸੰਗਤ ਵਿਚ ਵਿਚਰਦੇ ਹਨ: –

ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ

( ਆਸਾ ਮ: ੧ ਪੰ: ੩੫੬ )

***********

*****************

# ਪੰਜਵਾਂ ਅਧਿਆਇ

*****************

## ਜੀਵ ਅਤੇ ਬ੍ਰਹਮ

(ਦੋ ਵਿਚਾਰ—ਇਕ ਬ੍ਰਹਮ ਦੇ ਦੋ ਸਰੂਪ—ਨਿਰਗੁਣ ਬ੍ਰਹਮ—ਸਗੁਣ ਬ੍ਰਹਮ—ਨਿਰਗੁਣ-ਸਰਗੁਣ—ਸਗੁਣ ਬ੍ਰਹਮ ਦਾ ਵਿਰਾਟ ਸਰੂਪ—ਗੁਣੀ-ਨਿਧਾਨ ਬ੍ਰਹਮ—ਬ੍ਰਹਮ-ਇਕ ਸ਼ਕਤੀਸ਼ਾਲੀ ਹਾਕਮ—ਸਗੁਣ ਬ੍ਰਹਮ ਦੀਆਂ ਸ਼ਕਤੀਆਂ—ਸਗੁਣ ਬ੍ਰਹਮ ਅਤੇ ਅਵਤਾਰਵਾਦ—ਜੀਵਾਤਮਾ ਅਤੇ ਬ੍ਰਹਮ—ਸ਼ੰਕਰ ਦਾ ਮਤ—ਰਾਮਾਨੁਜ ਦਾ ਮਤ—ਮਾਧਵ ਦਾ ਮਤ— ਨਿੰਬਾਰਕ ਦਾ ਮਤ—ਵੱਲਭ ਦਾ ਮਤ—ਗੁਰੂ ਨਾਨਕ ਦੇਵ ਦਾ ਮਤ।)

## ਅ ਧਿ ਆ ਇ ਪੰ ਜ ਵਾਂ

## ਜੀਵ ਅਤੇ ਬ੍ਰਹਮ

### ਦੋ ਵਿਚਾਰ

ਭਾਰਤੀ ਚਿੰਤਨ ਵਿਚ ਜੀਵ ਅਤੇ ਬ੍ਰਹਮ ਦੇ ਸਬੰਧ ਬਾਰੇ ਦੋ ਵਿਚਾਰ ਮਿਲਦੇ ਹਨ।[1] ਕੁਝ ਵਿਚਾਰ-ਧਾਰਾਵਾਂ ਇਹ ਸਪਸ਼ਟ ਤੌਰ ਤੇ ਮੰਨਦੀਆਂ ਹਨ ਕਿ ਜੀਵਾਤਮਾ ਹੀ ਬ੍ਰਹਮ ਹੈ ਅਤੇ ਕੁਝ ਰਚਨਾਵਾਂ ਇਸ ਗਲ ਉਤੇ ਜ਼ੋਰ ਦਿੰਦੀਆਂ ਹਨ ਕਿ ਜੀਵਾਤਮਾ ਅਤੇ ਬ੍ਰਹਮ ਦੋਵੇਂ ਭਿੰਨ ਭਿੰਨ ਵਸਤੀਆਂ ਹਨ। ਪਹਿਲੀ ਵਿਚਾਰ ਸਬੰਧੀ ਦੋ ਪ੍ਰਸਿਧ ਮਹਾਂਵਾਕਾਂ ਅਹੰ ਬ੍ਰਹਮ ਅਸਮੀ ( ਮੈਂ ਬ੍ਰਹਮ ਹਾਂ ) ਅਤੇ ਤਤਤਵਮ ਅਸਿ ( ਤੂੰ ਉਹ ਹੈਂ ) ਨੂੰ ਪ੍ਰਗਟ ਕੀਤਾ ਜਾਂਦਾ ਹੈ। ਕਈ ਵਾਰੀ ਇਹ ਮਹਾਂਵਾਕ ਵੀ ਉਚਾਰਿਆ ਜਾਂਦਾ ਹੈ। ਅਯਮ ਆਤਮਾ ਬ੍ਰਹਮ (ਇਹ ਆਤਮਾ ਬ੍ਰਹਮ ਹੈ ) ਇਨ੍ਹਾਂ ਮਹਾਂਵਾਕਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਆਤਮਾ ਬ੍ਰਹਮ ਤੋਂ ਭਿੰਨ ਨਹੀ। ਸ਼ੰਕਰ ਦਾ ਇਹ ਕਥਨ 'ਜੀਵੋ ਬ੍ਰਹਮੈਵ ਨਾ ਪਰਾ' ਵੀ ਏਸੇ ਤਥ ਨੂੰ ਪ੍ਰਗਟਾਂਦਾ ਹੈ। ਆਤਮਾ ਅਤੇ ਬ੍ਰਹਮ ਦੀ ਇਕਮਿਕਤਾ ਤੋਂ ਜਗਤ ਵਿਚ ਮਨੁਖ ਦੀ ਮਹੱਤਵ-ਪੂਰਨ ਸੁਖਸੰਮਤ ਦਾ ਨਿਰੂਪਣ ਹੁੰਦਾ ਹੈ। ਕੁਝ ਰਚਨਾਵਾਂ ਜੀਵ ਅਤੇ ਬ੍ਰਹਮ ਦੀ ਭਿੰਨਤਾ ਨੂੰ ਇਹ ਕਹਿ ਕੇ ਪ੍ਰਗਟਾਂਦੇ ਪ੍ਰਗਟਾਂਦੀਆਂ ਹਨ ਕਿ ਬ੍ਰਹਮ ਪ੍ਰਕ੍ਰਿਤੀ ਅਤੇ ਆਤਮਾਵਾਂ ਦਾ ਸਵਾਮੀ ਹੈ। ਉਨ੍ਹਾਂ ਅਨੁਸਾਰ ਜੀਵ ਅਤੇ ਬ੍ਰਹਮ ਇਕੋ ਰੁਖ ਉਤੇ ਬੈਠੇ ਦੋ ਪੰਛੀ ਹਨ ਜਿਨ੍ਹਾਂ ਵਿਚੋਂ ਇਕ ਰੁਖ ਦੇ ਮਿਠੇ ਫਲਾਂ ਨੂੰ ਖਾਂਦਾ ਹੈ ਅਤੇ ਦੂਜਾ ਕੇਵਲ ਵੇਖਦਾ ਹੈ ਅਤੇ ਕਿਸੇ ਫਲ ਦਾ ਭੁਗਤਾ ਨਹੀ। ਭੋਗਣਹਾਰ ਜੀਵ ਹੈ ਅਤੇ ਪੇਖਣਹਾਰ ਬ੍ਰਹਮ।

### ਬ੍ਰਹਮ ਅਤੇ ਆਤਮਾ ਦੇ ਸ਼ਾਬਦਿਕ ਅਰਥ

---

ਬ੍ਰਹਮ ਸ਼ਬਦ ਫੈਲਾਉ ਅਤੇ ਵਿਕਾਸ ਦਾ ਸੂਚਕ ਹੈ, ਇਸ ਲਈ ਇਸ ਤੋਂ

---

[1] History of Indian Philosophy by Jadunath Sinha, Ed. 1956, Pp 21-23.

ਭਾਵ ਉਸ ਹਸਤੀ ਤੋਂ ਲਿਆ ਜਾਂਦਾ ਹੈ ਜਿਸਦੀ ਮਹਾਨਤਾ , ਸ਼ਕਤੀ ਜਾਂ ਫੈਲਾਉ ਨੂੰ ਕੋਈ ਨਾਪ ਨਹੀਂ ਸਕਦਾ । ਆਤਮਾ ਸ਼ਬਦ ਦੇ ਅੰਗ ਸਾਹ ਲੈਣ ਅਤੇ ਚਲਣ ਦੇ ਸੂਚਕ ਹਨ , ਇਸ ਲਈ ਇਸ ਤੋਂ ਭਾਵ ਮਨੁੱਖ ਅੰਦਰ ਵਸਦੀ ਉਸ ਚੇਤੰਨਤਾ ਤੋਂ ਲਿਆ ਜਾਂਦਾ ਹੈ ਜਿਸਦਾ ਜਾਗ੍ਰਤ ਅਵਸਥਾ ਵਿਚ ਸਥੂਲ ਪਦਾਰਥਾਂ ਨਾਲ ਵਾਹ ਪੈਂਦਾ ਹੈ ,ਸੁਪਨ ਅਵਸਥਾ ਵਿਚ ਸੂਖਮ ਪਦਾਰਥਾਂ ਨਾਲ ਅਤੇ ਸੁਖੋਪਤ ਵਿਚ ਆਪੇ ਅਤੇ ਪਦਾਰਥ ਵਾਲੀ ਦੂਈ ਦੀ ਅਣਹੋਂਦ ਵਿਚ ਅਨੰਦਮਈ ਅਵਸਥਾ ਦੀ ਪ੍ਰਤੀਤੀ ਹੁੰਦੀ ਹੈ ।

## ਇਕ ਬ੍ਰਹਮ ਦੇ ਦੋ ਸਰੂਪ

ਵੈਦਿਕ ਰਿਸ਼ੀਆਂ ਨੇ ਦੋ ਸਰੂਪ ਅਨੁਭਵ ਕੀਤੇ , ਇਕ ਉਹ ਜੋ ਜਗਤ-ਰਚਨਾ ਤੋਂ ਪਹਿਲਾਂ ਸੁੰਨ ਸਮਾਧੀ ਵਿਚ ਇਸਥਿਤ ਸੀ ਅਤੇ ਦੂਜਾ ਉਹ ਜਦੋਂ ਉਸਨੇ ਸ੍ਵੈ-ਇੱਛਾ ਅਧੀਨ ਰਚਨਾ ਕਰਨੀ ਸ਼ੁਰੂ ਕਰ ਦਿਤੀ ।ਪਹਿਲੇ ਸਰੂਪ ਨੂੰ ਪ੍ਰਮਾਰਥਕ ਬ੍ਰਹਮ ਦਾ ਨਾਂ ਦਿਤਾ ਗਿਆ ਅਤੇ ਦੂਜੇ ਨੂੰ ਵਿਵਹਾਰਕ ਬ੍ਰਹਮ ਦਾ । ਜਦੋਂ ਤ੍ਰੈਗੁਣੀ ਮਾਇਆ ਦੀ ਸ੍ਰਿਸ਼ਟੀ ਨਹੀਂ ਸੀ ਰਚੀ ਗਈ , ਓਦੋਂ ਬ੍ਰਹਮ 'ਤ੍ਰਿਗੁਣ -ਅਤੀਤ' ਸੀ ਅਤੇ ਜਦੋਂ ਉਸਨੇ ਮਾਇਆ ਦੀ ਸ਼ਕਤੀ ਵਰਤ ਕੇ ਸ੍ਰਿਸ਼ਟੀ ਰਚੀ ,ਓਦੋਂ ਉਸਦਾ ਨਾਂ ਈਸ਼੍ਵਰ ਹੋਇਆ । ਪਹਿਲੇ ਸਰੂਪ ਨੂੰ ਭਾਰਤੀ ਦਰਸ਼ਨ ਵਿਚ ਨਿਰਗੁਣ ਬ੍ਰਹਮ ਕਿਹਾ ਗਿਆ ਅਤੇ ਦੂਜੇ ਨੂੰ ਸਗੁਣ ( ਜਾਂ ਸਰਗੁਣ ) ਬ੍ਰਹਮ । ਨਾਨਕ -ਬਾਣੀ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਸਿਧ ਗੋਸਟਿ ਵਿਚ ਮਿਲਦੀ ਹੈ :-

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ।

( ਪੰ: ੯੪੦ )

ਸ੍ਵੈ -ਇੱਛਾ ਨਾਲ ਉਸ ਅਵਿਅਕਤ ਪ੍ਰਭੂ ਨੇ ਸਗੁਣ ਬ੍ਰਹਮ ਭਾਵ ਈਸ਼੍ਵਰ ਦਾ ਸਰੂਪ ਧਾਰਨ ਕੀਤਾ । ਨਾਨਕ -ਬਾਣੀ ਵਿਚ ਈਸ਼੍ਵਰ ਸ਼ਬਦ 'ਈਸਰੁ ' ਰੂਪ ਵਿਚ ਮਿਲਦਾ ਹੈ [1]। ਭਾਵੇਂ ਇਹ ਸ਼ਬਦ ਸ਼ਬਦ ਵਧੇਰੇ ਗਿਣ ਜੋ ਨਹੀਂ ਹੀ ਵਰਤਿਆ ਗਿਆ ਹੈ । ਬ੍ਰਹਮ ਸ਼ਬਦ ਦੀ ਵਰਤੋਂ ਨਾਨਕ -ਬਾਣੀ ਵਿਚ ਕਈ ਵਾਰ ਹੋਈ ਹੈ ਅਤੇ ਉਹ ਵੀ ਈਸ਼੍ਵਰ ਦੇ ਪ੍ਰਥਾਇ ਹੋਈ ਹੈ ਜਿਵੇਂ :-

੧- ਹਰਿਨਾਮਾ ਜਸੁ ਜਾਚਉ ਨਾਉ
ਗੁਰਪਰਸਾਦੀ ਬ੍ਰਹਮਿ ਸਮਾਉ

( ਆਸਾ ਮ: ੧ ਪੰ: ੩੫੫ )

੧ -ਰਾਮਕਲੀ ਓਅੰਕਾਰ-ਪੰ: ੯੩੭.

੨- ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ।
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ।।

( ਗੁਜਰੀ ਮ: ੧, ਪੰ: ੫੦੩ )

'ਪਾ' 'ਪਾਰਬ੍ਰਹਮ ' ਸ਼ਬਦ ਦਾ ਪ੍ਰਯੋਗ ਨਾਨਕ-ਬਾਣੀ ਵਿਚ ਵਖਰਾ ਮਿਲਦਾ ਹੈ ਜਿਵੇਂ:-

੧- ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ।
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ।

( ਆਸਾ ਮ: ੧, ਪੰ: ੩੬੦ )

੨- ਊਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ।
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ।

( ਗੁਜਰੀ ਮ:੧ਪੰ: ੫੦੩ )

ਬ੍ਰਹਮ ਅਤੇ ਪਾਰਬ੍ਰਹਮ ਦੋਵੇਂ ਸ਼ਬਦ ਹੀ ਅੰਤਮ ਸਤਾ ਲਈ ਵਰਤੇ ਗਏ ਹਨ । ਪਰ ਸੂਖਮ ਅੰਤਰ ਇਹ ਪ੍ਰਤੀਤ ਹੁੰਦਾ ਹੈ ਕਿ ਬ੍ਰਹਮ ਸ਼ਬਦ ਸਰਗੁਣ ਦਾ ਸੂਚਕ ਹੈ ਅਤੇ ਪਾਰਬ੍ਰਹਮ ( ਬ੍ਰਹਮ ਜੋ ਸਰਬ ਅਵਸਥਾ ਤੋਂ ਪਰ੍ਹੇ ਹੈ ) ਨਿਰਗੁਣ ਦਾ । ਨਿਰਗੁਣ ਨੂੰ ਨਿਰੰਕਾਰ ਜਾਂ ਨਿਰਾਕਾਰ ਵੀ ਕਿਹਾ ਜਾਂਦਾ ਹੈ ਅਤੇ ਸਰਗੁਣ ਨੂੰ ਸਾਕਾਰ ।

ਬ੍ਰਹਮ ਦੇ ਉਪਰੋਕਤ ਦੋ ਸਰੂਪਾਂ ਨੂੰ ਦੋ ਸ਼ੈਲੀਆਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ । ਨਿਰਗੁਣ ਬ੍ਰਹਮ ਲਈ ਨਿਖੇਧਾਤਮਕ ਸ਼ੈਲੀ ( negtive mathed ) ਵਰਤੀ ਜਾਂਦੀ ਹੈ , ਜਿਵੇਂ ਨੇਤੀ ਨੇਤੀ = ਨਾ ਇਤੀ , ਨਾਇਤੀ = ਇਹ ਵੀ ਨਹੀ , ਇਹ ਵੀ ਨਹੀ । ਸਰਗੁਣ ਬ੍ਰਹਮ ਨੂੰ ਪ੍ਰਗਟ ਕਰਨ ਲਈ ਵੈਧੀ ਸ਼ੈਲੀ (postive ) ਦੀ ਵਰਤੋਂ ਹੁੰਦੀ ਹੈ ਜਿਵੇਂ ' ਸੁਅਸਤਿ ਆਥਿ ਬਾਣੀ ਬਰਮਾਉ । ਸਤਿ ਸੁਹਾਣੁ ਸਦਾ ਮਨਿ ਚਾਉ ' (ਜਪੁਜੀ ) ਡਾਕਟਰ ਜੈ ਰਾਮ ਮਿਸ਼ਰ ਇਸ ਸਬੰਧ ਵਿਚ ਲਿਖਦੇ ਹਨ:

" ਬ੍ਰਹਮ ਨੂੰ ਪ੍ਰਗਟ ਕਰਨ ਲਈ ਦੋ ਸ਼ੈਲੀਆਂ ਦੀ ਵਰਤੋਂ ਹੁੰਦੀ ਹੈ: ਇਕ ਵੈਧੀ ਸ਼ੈਲੀ ਤੇ ਦੂਜੀ ਨਿਖੇਧਤਮਕ ਸ਼ੈਲੀ । ਵੈਧੀ ਸ਼ੈਲੀ ਵਿਚ " ਉਹ ਇਹ ਹੈ, ਉਹ ਇਹ ਹੈ " ਕਹਿਕੇ ਅਖੀਰ ਵਿਚ ਕਹਿ ਦਿਤਾ ਜਾਂਦਾ ਹੈ " ਓਹੀ ਸਭ ਕੁਝ ਹੈ " ਨਿਖੇਧਾਤਮਕ ਸ਼ੈਲੀ

ਵਿਚ "ਉਹ ਇਹ ਵੀ ਨਹੀ , ਉਹ ਇਹ ਵੀ ਨਹੀ " ਕਹਿਕੇ ਅਖੀਰ ਵਿਚ ਜੋ ਕੁਝ ਬਾਕੀ ਬਚਦਾ ਹੈ ,"ਉਹ ਸਭ ਬ੍ਰਹਮ ਹੀ ਹੈ 'ਕਿਹਾ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਨਿਰੂਪਣ ਵਿਚ ਦੋਹਾਂ ਸ਼ੈਲੀਆਂ ਦੀ ਵਰਤੋਂ ਕੀਤੀ ਹੈ । ਨਿਰਗੁਣ ਬ੍ਰਹਮ ਨੂੰ ਪ੍ਰਗਟਾਉਣ ਲਈ ਨਿਖੇਧਾਤਮਕ ਦਾ ਸਹਾਰਾ ਲਿਆ ਹੈ ਤੇ ਸਰਗੁਣ ਨੂੰ ਪ੍ਰਗਟ ਕਰਨ ਲਈ ਵੇਧੀ ਸ਼ੈਲੀ ਦਾ"[1] ।

ਅਸਲੋਂ ਬ੍ਰਹਮ ਦੇ ਦੋਹਾਂ ਸਰੂਪਾਂ ਵਿਚ ਕੋਈ ਵਿਵਾਦ ਗ੍ਰਸਤ ਅੰਤਰ ਨਹੀ ਕਿਉਂਕਿ ਇਹ ਤਾਂ ਇਕੋ ਬ੍ਰਹਮ ਦੇ ਦੋ ਪਖ ਹਨ । ਇਕ ਪ੍ਰਮਾਰਥਕ ਦ੍ਰਿਸ਼ਟੀ ਤੋਂ ਅਤੇ ਦੂਜਾ ਵਿਵਹਾਰਕ ਦ੍ਰਿਸ਼ਟੀ ਤੋਂ । ਨਾਨਕ ਬਾਣੀ ਵਿਚ ਬ੍ਰਹਮ ਦੀ ਏਕਤਾ ਉਤੇ ਬਲ ਦਿਤਾ ਗਿਆ ਹੈ : --

ਸਾਹਿਬੁ ਮੇਰਾ ਏਕੋ ਹੈ ।
ਏਕੋ ਹੈ ਭਾਈ ਏਕੋ ਹੈ ।

( ਆਸਾ ਮ: ੧ ਪੰ: ੩੫੦ )

ਜਗਤ ਦੀ ਸਤਯਤਾ ਨੂੰ ਮੰਨ ਕੇ ਹੀ ਬ੍ਰਹਮ ਨੂੰ ਸਰਬ-ਵਿਆਪਕ , ਸਰਬ-ਸ਼ਕਤੀਮਾਨ , ਸਰਬ- ਗਿਆਤਾ ਸਿਰਜਣਹਾਰ , ਪਾਲਣਹਾਰ ਅਤੇ ਸੰਘਾਰਨਹਾਰ ਕਿਹਾ ਜਾਂਦ ਹੈ , ਪਰ ਜੇ ਡੂੰਘੀ ਸਮਾਧੀ ਵਿਚ ਲੀਨ ਹੋ ਕੇ ਜਗਤ ਨਾ ਭਾਸੇ ਤਾਂ ਬ੍ਰਹਮ ਦੇ ਕੇਵਲ ਨਿਰਗੁਣ ਸਰੂਪ ਦੀ ਅਨੁਭਵਤਾ ਹੁੰਦੀ ਹੈ , ਇਸ ਅਵਸਥਾ ਵਿਚ ਸਿਰਜਣਹਾਰ ,ਪਾਲਣਹਾਰ ਆਦਿ ਸ਼ਬਦਾਂ ਦਾ ਕੋਈ ਅਰਥ ਨਹੀ ਰਹਿੰਦਾ ।

ਨਿਰਗੁਣ ਬ੍ਰਹਮ ਨੂੰ ਅਲੱਖ , ਅਕਥ , ਅਗੰਮ ,ਅਗੋਚਰ ਆਦਿ ਨਿਖੇਧਾਤਮਕ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ । ਉਹ ਨਿਰਾਕਾਰ ( ਆਕਾਰ ਰਹਿਤ ) ਅਤੇ ਨਿਰੰਜਨ ( ਮਾਇਆ ਰਹਿਤ ) ਹੈ । ਉਹ ਅਪਾਰ ਹੈ ,ਪਾਰਬ੍ਰਹਮ ਹੈ , ਸਭੇ ਸਥਾਨ ਤੋਂ ਪਰ੍ਹੇ ਹੈ । ਉਹ ਅਨੰਤ ਹੈ , ਅਜਨਮਾ ਹੈ , ਅਮਰ ਹੈ , ਅਨਾਦਿ ਹੈ , ਅਜੋਨੀ ਹੈ ,

---

੧- ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ ਸੰਪਾਦਿਤ ਡਾ: ਸ: ਸ: ਕੋਹਲੀ — ਵਿਚ ਡਾ: ਜੈ ਰਾਮ ਮਿਸ਼ਰ ਦਾ ਲੇਖ " ਗੁਰੂ ਨਾਨਕ ਦੁਆਰਾ ਨਿਰੂਪਣ ਬ੍ਰਹਮ ਅਤੇ ਜੀਵ "

ਉਹ ਆਪਣੇ ਆਪ ਤੋਂ ਹੈ , ਕੋਈ ਉਸ ਨੂੰ ਸਥਾਪਤ ਨਹੀਂ ਕਰ ਸਕਦਾ :--

ਥਾਪਿਆ ਨ ਜਾਇ ਕੀਤਾ ਨ ਹੋਇ ।
ਆਪੇ ਆਪਿ ਨਿਰੰਜਨੁ ਸੋਇ। ( ਜਪੁਜੀ ਪੰ: ੨ )

ਉਹ ਸਚ ਹੈ , ਉਸਦੀ ਹੋਂਦ ਸਦੀਵੀ ਹੈ ।ਇਸ ਵਿਚਾਰ ਨੂੰ ਹੇਠ ਲਿਖੇ ਸ਼ਲੋਕ ਰਾਹੀਂ ਪ੍ਰਗਟ ਕੀਤਾ ਗਿਆ ਹੈ :--

ਆਦਿ ਸਚੁ । ਜੁਗਾਦਿ ਸਚੁ ।
ਹੈ ਭੀ ਸਚੁ । ਨਾਨਕ ਹੋਸੀ ਭੀ ਸਚੁ ।
( ਜਪੁਜੀ ਪੰ: ੧ )

ਉਸਨੂੰ ਸਚਿਦਾਨੰਦ ਵੀ ਕਿਹਾ ਜਾਂਦਾ ਹੈ । ਉਹ ਸਤਿ , ਚਿਤ, ਅਨੰਦ ਹੈ । ਉਹ ਸ਼ੁਧ ਚੇਤੰਨਤਾ ਹੈ ਅਤੇ ਸਦਾ ਵਿਗਾਸ ਰਹਿੰਦਾ ਹੈ ।

ਨਿਰਗੁਣ ਬ੍ਰਹਮ

ਨਾਨਕ-ਬਾਣੀ ਵਿਚ ਨਿਰਗੁਣ ਬ੍ਰਹਮ ਦਾ ਪ੍ਰਗਟਾਉ ਇਸ ਤਰ੍ਹਾਂ ਹੋਇਆ ਹੈ:

(ੳ) ਅਰਬਾਂ ਅਸੰਖਾਂ ਵਰ੍ਹੇ ਧੁੰਦੂਕਾਰ ਛਾਇਆ ਰਿਹਾ । ਓਦੋਂ ਨਾ ਧਰਤੀ ਸੀ ਨਾ ਅਕਾਸ਼ , ਕੇਵਲ ਹੁਕਮ ਹੀ ਵਰਤ ਰਿਹਾ ਸੀ । ਓਦੋਂ ਦਿਨ ਰਾਤ ਨਹੀਂ ਸਨ , ਨਾ ਹੀ ਚੰਦਰਮਾ ਅਤੇ ਸੂਰਜ ਸਨ ਪ੍ਰਭੂ ਅਫੁਰ ਸਮਾਧੀ ਵਿਚ ਲੀਨ ਸੀ । ਓਦੋਂ ਖਾਣੀ ਬਾਣੀ , ਪਉਣ, ਪਾਣੀ , ਉਤਪਤੁ , ਪਰਲਉ , ਆਵਾਗਵਣ , ਖੰਡ ਪਤਾਲ ਸਤ ਸਮੁੰਦਰ ,ਨਦੀ ਸੁਰਗੁ , ਮਛ ਪਇਆਲ (ਪਤਾਲ ) ਦੋਜਕ , ਜੰਨਤ , ਕਾਲ , ਨਰਕ, ਸੁਰਗ,ਜੀਵਨ, ਮੌਤ ,ਆਉਣਾ ਜਾਣਾ , ਬ੍ਰਹਮ , ਬਿਸ਼ਨ , ਮਹੇਸ਼ , ਨਾਰੀ , ਪੁਰਸ਼ , ਜਾਤ, ਜਨਮ, ਦੁਖ ,ਸੁਖ, ਜਤੀ , ਸਤੀ , ਬਨਵਾਸੀ , ਸਿਧ ਸਾਧਿਕ , ਸੁਖਵਾਸੀ , ਜੋਗੀ, ਜੰਗਮ, ਭੇਖ, ਨਾਥ , ਜਪ, ਤਪ , ਸੰਜਮ , ਬ੍ਰਤ , ਪੂਜਾ , ਸੁਚ , ਤੁਲਸੀ , ਮਾਲਾ , ਗੋਪੀ , ਕਾਹਨ , ਗਊ ਗੁਆਲਾ , ਤੰਤ੍ਰ ਮੰਤ੍ਰ , ਪਾਖੰਡ , ਬਾਸੁਰੀ,ਕਰਮ, ਧਰਮ, ਮਾਇਆ, ਮਮਤਾ, ਨਿੰਦ, ਬਿੰਦ, ਜੀਵ, ਸਿਵ, ਗੋਰਖ, ਮਛਿੰਦਰ, ਗਿਆਨ , ਧਿਆਨ, ਕੁਲ ਉਤਪਤੀ , ਗਿਣਤੀਆਂ , ਵਰਨ , ਬ੍ਰਾਹਮਣ , ਖਤ੍ਰੀ , ਦੇਵਤਾ , ਦੇਹੁਰਾ, ਗਊ , ਗਾਇਤ੍ਰੀ , ਹੋਮ, ਜਗੁ , ਤੀਰਥ , ਇਸਨਾਨ, ਪੂਜਾ , ਮੁਲਾਂ , ਕਾਜੀ , ਸੇਖ , ਹਾਜੀ, ਰਈਅਤ , ਰਾਉ , ਹਉਮੈ , ਦੁਨੀਆ ਕਹਣ ਕਹਾਣ , ਭਾਉ ਭਗਤੀ ,

ਸ਼ਿਵ , ਸ਼ਕਤੀ , ਸਾਜਨ , ਮੀਤ , ਰਕਤ, ਬਿੰਦ , ਬੇਦ ਕਤੇਬ, ਸਿੰਮ੍ਰਿਤ ਸਾਸਤਰ, ਪਾਠ ਪੁਰਾਣ , ਉਦੈ ਅਸਤ --ਕੁਝ ਵੀ ਨਹੀ ਸੀ । ਕੇਵਲ ਇਕੋ ਪ੍ਰਭੂ ਆਪਣੇ ਆਪ ਵਿਚ ਲੀਨ ਸੀ , ਉਸ ਤੋਂ ਛੁਟ ਹੋਰ ਕੁਝ ਵੀ ਨਹੀ ਸੀ[1] ।

(ਅ) ਸੁੰਨ ਕਲਾ ਅਪਰੰਪਰਿ ਧਾਰੀ ।
ਆਪਿ ਨਿਰਾਲਮੁ ਅਪਰ ਅਪਾਰੀ ।

( ਮਾਰੂ ਮ: ੫ ਪੰ: ੧੦੩੭ )

(ੲ) ਹੇਅਵਧੂਤ ! ਜਦੋਂ ਹਿਰਦਾ ਅਤੇ ਦੇਹ ਨਹੀ ਸੀ ,ਓਦੋਂ ਮਨ ਨਿਰਗੁਣ ਪਾਰਬ੍ਰਹਮ ਵਿਚ ਰਹਿੰਦਾ ਸੀ । ਜਦੋਂ ਨਾਭ -ਕਮਲ ਦਾ ਆਸਰਾ ਨਹੀ ਸੀ ਤਾਂ ਪਵਨ (ਜੀਵਨ -ਸੱਤਾ) ਆਪਣੇ ਸਰੂਪ ਵਿਚ ਰਤੀ ਹੋਈ ਓਥੇ ਹੀ ਵਸਦੀ ਸੀ । ਜਦੋਂ ਰੂਪ , ਰੇਖ ਅਤੇ ਜਾਤ ਨਹੀ ਸੀ ਤਾਂ ਤਤ-ਰੂਪ ਸ਼ਬਦ ਕੁਲ -ਰਹਿਤ ਵਾਹਿਗੁਰੂ ਵਿਚ ਵਸਦਾ ਸੀ । ਜਦੋਂ ਪ੍ਰਿਥਵੀ ਅਤੇ ਅਕਾਸ਼ ਨਹੀ ਸਨ ਤਾਂ ਤਿੰਨ ਭਵਨਾਂ ਦੀ ਜੋਤੀ ਨਿਰੰਕਾਰ ਆਪ ਹੀ ਸੀ[2] ।

## ਸਰਗੁਣ ਬ੍ਰਹਮ

ਜਦੋਂ ਨਿਰਗੁਣ ਬ੍ਰਹਮ ਨੂੰ ਅਨੇਕ ਹੋਣ ਦੀ ਇਛਾ ਉਪਜੀ ਤਾਂ ਉਸ ਨੇ ਸਗੁਣ ਈਸ਼ਵਰ ਦਾ ਰੂਪ ਧਾਰ ਕੇ ਰਚਨਾ ਕਰ ਦਿਤੀ । ਨਾਨਕ -ਬਾਣੀ ਵਿਚ ਸਗੁਣ ਸਰੂਪ ਦਾ ਵਰਨਨ ਇਉਂ ਹੋਇਆ ਹੈ :—

(ੳ ) ਜਦੋਂ ਉਸ ਪ੍ਰਭੂ ਦੀ ਇਛਾ ਹੋਈ , ਉਸਨੇ ਸੰਸਾਰ ਰਚ ਦਿਤਾ । ਉਸਨੇ ਰਚਨਾ ਨੂੰ ਬਿਨਾ ਸੌਰਕ ਕਲਾ ਦੇ ਸਹਾਰਾ ਦਿਤਾ ,ਉਸਨੇ ਬ੍ਰਹਮ ਬਿਸ਼ਨ ਅਤੇ ਮਹੇਸ਼ ਰਚ ਦਿਤੇ ਅਤੇ ਮਾਇਆ ਮੋਹ ਨੂੰ ਫੈਲਾਇਆ , ਆਪਣੇ ਹੁਕਮ ਅੰਦਰ ਸਭ ਕੁਝ ਕਰ ਕਰ ਕੇ ਵੇਖਣ ਲਗਾ । ਖੰਡ , ਬ੍ਰਹਿਮੰਡ ਅਤੇ ਪਤਾਲ ਬਣਾਉਣੇ ਅਰੰਭੇ । ਉਹ ਗੁਪਤ ਅਵਸਥਾ ਤਿਆਗ ਕੇ ਪ੍ਰਗਟ ਹੋ ਗਿਆ[3] ।

(ਅ) ਸੁੰਨ ਪ੍ਰਭੂ ਨੇ ਸੁੰਨ ਸੰਸਾਰ ਰੱਚ ਦਿਤਾ । ਪਾਉਣ ਅਤੇ ਪਾਣੀ ਸੁੰਨ ਤੋਂ ਸਾਜੇ ।ਕਾਇਆ ਗੜ੍ਹ ਰਾਜੇ ਸ੍ਰਿਸ਼ਟ ਉਪਾਈ ਅਤੇ ਅਗਨੀ ਅਤੇ ਪਾਣੀ ਆਦਿ ਤਤਾਂ ਦੇ ਸ੍ਰੀਰ ਵਿਚ ਆਪਣੀ

---

੧- ਮਾਰੂ ਮ: ੧ ਪੰ: ੧੦੩੫ -੩੬
੨- ਸਿਧ ਗੋਸਟਿ ਪੰ: ੯੪੫
੩- ਮਾਰੂ ਮ: ਪੰ: ੧੦੩੬

ਜੋਤੀ ਰਖ ਦਿਤੀ । ਪੈਦਾ ਕਰਨ ਦੀ ਸ਼ਕਤੀ ਵੀ ਉਸਨੇ ਸੁੰਨ ਵਿਚ ਰਖੀ ਹੋਈ ਸੀ , ਬ੍ਰਹਮ ਬਿਸ਼ਨ ਅਤੇ ਮਹੇਸ਼ ਸੁੰਨ ਤੋਂ ਪੈਦਾ ਕੀਤੇ । ਸੁੰਨ ਤੋਂ ਹੀ ਸਤ ਦੀਪ ਚੰਦ ਸੂਰਜ, ਅਕਾਸ਼ ਧਰਤੀ , ਖਾਣੀ ਬਾਣੀ ਲਿੰਗ ਜਾਤ ।ਉਤਪਤ ਪਰਲਉ , ਸੁਖ ਦੁਖ , ਚਾਰ ਵੇਦ ਤਿੰਨ ਗੁਣ , ਸਤ ਪਤਾਲ , ਦਸ ਅਵਤਾਰ , ਦੇਵ ਦਾਨਵ , ਗਣ ਗੰਧਰਬ , ਪੰਜ ਤਤ ਆਦਿ ਸਾਜੇ [1]।

(ਙ ) ਆਪੀਨੈ ਆਪੁ ਸਾਜਿ ਆਪੁ ਪਛਾਣਿਆ ।

ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ।

ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ।
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ।

ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ।
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ।
(ਵਾਰ ਮਲਾਰ ਕੀ ਮ: ੧ ਪੰ: ੧੨੭੯ )
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ।

## ਨਿਰਗੁਣ -ਸਰਗੁਣ

ਨਾਨਕ ਬਾਣੀ ਵਿਚ ਕਈਂ ਥਾਈਂ ਨਿਰਗੁਣ ਸਰਗੁਣ ਬਾਰੇ [illegible] ਮਿਸ਼ਰਤ ਵਿਚਾਰ ਮਿਲਦਾ ਹੈ ਜਿਵੇਂ:--

(ੳ) ਨਿਰਗੁਣ ਬ੍ਰਹਮ ਅਲਖ, ਅਪਾਰ, ਅਗੰਮ, ਅਗੋਚਰ , ਅਕਾਲ ਅਕਰਮਾ , ਅਜਾਤਿ ਅਤੇ ਅਜੋਨੀ ਹੈ । ਉਹ ਆਪਣੇ ਆਪ ਤੋਂ ਹੈ । ਉਹ ਭਾਉ ਅਤੇ ਭਰਮ ਤੋਂ ਪਰ੍ਹੇ ਹੈ । ਉਹ ਰੂਪ ਰੰਗ ਰੇਖ ਤੋਂ ਭਿੰਨ ਹੈ । ਨਾ ਉਸਦਾ ਕੋਈ ਮਾਂ ਹੈ ਨਾ ਪਿਉ ,ਨਾ ਪੁਤਰ, ਨਾ ਸਬੰਧੀ , ਨਾ ਇਸਤਰੀ । ਉਹ ਜੋਤ ਸਰੂਪੀ ਅਲਖ ਨਿਰੰਜਨ ਅਤੇ ਅਪਰੰਪਰ ਹੈ । ਉਸਨੇ ਆਪਣੇ ਆਪ ਨੂੰ ਹਰ ਹਿਰਦੇ ਵਿਚ ਜੋਤ ਰੂਪ ਵਿਚ ਮੂਰਤੀਮਾਨ ਕਰਕੇ ਲੁਕਾਇਆ ਹੋਇਆ ਹੈ । ਉਹ ਬਜਰ ਕਪਾਟ ਗੁਰਮਤ ਨਾਲ ਖੁਲ੍ਹਦੇ ਹਨ ਜਿਨ੍ਹਾਂ ਦੇ ਅੰਦਰ ਅੰਦਰ ਨਿਰਭਉ ਪ੍ਰਭੂ ਸਮਾਧੀ ਇਸਥਿਤ ਹੈ । ਉਸ ਪ੍ਰਭੂ ਨੇ ਜੀਵ ਪੈਦਾ ਕਰਕੇ ਉਹਨਾਂ ਦੇ ਸਿਰ

---

੧- ਮਾਰੂ ਮ: ੧ ਪੰ: ੧੦੩੭-੩੮ .

ਤੇ ਮੌਤ ਬਣਾਈ ਹੈ ਅਤੇ ਉਸ ਨੇ ਸਭ ਦੇ ਜੀਵਨ ਦੀ ਜੁਗਤੀ ਆਪਣੇ ਵਸ ਵਿਚ ਰਖੀ ਹੋਈ ਹੈ[1]।

(ਅ) ਤੇਰੀਆਂ ਹਜ਼ਾਰ ਅਖੀਂ ਹਨ ਪਰ ਤੇਰੀ ਇਕ ਵੀ ਅਖ ਨਹੀ ,ਤੇਰੇ ਹਜ਼ਾਰ ਰੂਪ ਹਨ , ਪਰ ਤੇਰਾ ਇਕ ਵੀ ਰੂਪ ਨਹੀ ,ਤੇਰੇ ਹਜ਼ਾਰ ਪਵਿਤਰ ਚਰਨ ਹਨ ,ਪਰ ਤੇਰਾ ਇਕ ਵੀ ਚਰਨ ਨਹੀ ,ਤੇਰੀਆਂ ਹਜ਼ਾਰ ਸੁਗੰਧੀਆਂ ਹਨ ਪਰ ਤੇਰੀ ਇਕ ਵੀ ਸੁਗੰਧੀ ਨਹੀ, ਤੇਰੇ ਇਕ ਕੌਤਕ ਨੇ ਮੈਨੂੰ ਮੋਹ ਲਿਆ ਹੈ । ਸਾਰਿਆਂ ਵਿਚ ਉਸ ਹਰੀ ਦੀ ਜੋਤ ਹੈ । ਉਸ ਦੀ ਜੋਤ ਨਾਲ ਸਭ ਰੁਸ਼ਨਾਏ ਹੋਏ ਹਨ । ਗੁਰੂ ਦੀ ਸਿਖਿਆ ਨਾਲ ਇਹ ਜੋਤ ਦਿਸਦੀ ਹੈ[2]।

ਸਰਗੁਣ ਬ੍ਰਹਮ ਦਾ ਵਿਰਾਟ ਸਰੂਪ

ਗੁਰੂ ਨਾਨਕ ਦਾ ਬ੍ਰਹਮ ਮੰਦਰ ਦੀ ਚਾਰ-ਦੀਵਾਰੀ ਵਿਚ ਸਥਾਪਿਤ ਨਹੀਂ ਕੀਤਾ ਜਾ ਸਕਦਾ। ਜਪੁਜੀ ਵਿਚ ਗੁਰਦੇਵ ਨੇ ਇਸਦਾ ਇਉਂ ਵਰਣਨ ਕੀਤਾ ਹੈ:

ਥਾਪਿਆ ਨ ਜਾਇ ਕੀਤਾ ਨਾ ਹੋਇ।
ਆਪੇ ਆਪ ਨਿਰੰਜਨ ਸੋਇ। (ਜਪੁਜੀ, ਪੰ:੨)

ਇਹ ਬ੍ਰਹਮ ਬੇਅੰਤ ਹੈ, ਇਸ ਲਈ ਉਸਦੀ ਸਿਰਜੀ ਹੋਈ ਰਚਨਾ ਵੀ ਬੇਅੰਤ ਹੈ। ਉਸਦੇ ਪੈਦਾ ਕੀਤੇ ਹੋਏ ਆਕਾਰ ਦਾ ਅੰਤ ਨਹੀਂ। ਉਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਸਦਾ ਓੜਕ ਲੱਭਣ ਵਾਲੇ ਆਪ ਖੱਪ ਗਏ, ਪਰ ਉਸਦਾ ਅੰਤ ਨਹੀਂ ਪਾਇਆ ਜਾ ਸਕਿਆ। ਜਿਨਾ ਵਧੀਕ ਅਸੀ ਕਹਿੰਦੇ ਹਾਂ, ਉਹ ਉਸਤੋਂ ਵੀ ਵਧੀਕ ਹੈ।[3] ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਨੂੰ 'ਕੋਟ ਬ੍ਰਹਮੰਡ ਕੇ ਠਾਕੁਰ ਸਵਾਮੀ' ਕਿਹਾ ਹੈ।[4] ਗੁਰੂ ਨਾਨਕ ਦੇਵ ਲਈ ਉਸ ਬ੍ਰਹਮ ਦੀ ਆਰਤੀ ਆਸਮਾਨ ਦੇ ਥਾਲ ਵਿਚ ਚੰਦਰਮਾ ਅਤੇ ਸੂਰਜ ਦੇ ਦੋ ਦੀਵੇ ਸਜਾ ਕੇ ਤਾਰਿਕਾ-ਮੰਡਲ ਨੂੰ ਮੋਤੀਆਂ ਦੇ ਤੌਰ ਤੇ ਬਖੇਰ ਕੇ ਹੋ ਸਕਦੀ ਹੈ। ਉਸ ਲਈ ਸਾਰੇ ਸੰਸਾਰ ਦਾ ਚੰਦਨ ਧੂਪ ਸਮਾਨ ਹੈ ਅਤੇ ਪਵਣ ਦੇਵਤਾ ਉਸਨੂੰ ਚਵਰ ਕਰਦਾ ਹੈ। ਸਾਰੀ ਬਨਾਸਪਤੀ

---

੧-ਸੋਰਠਿ ਮ: ੧ ਪੰ: ੫੯੭
੨- ਧਨਾਸਰੀ ਮ: ੧ ਆਰਤੀ ਪੰ: ੬੬੩
੩- ਜਪੁਜੀ ( ਅੰਤ ਨ ਜਾਪੈ ਕੀਤਾ ਆਕਾਰ ---ਬਹੁਤਾ ਕਹੀਐ ਬਹੁਤਾ ਹੋਇ ।
੪- ਧਨਾਸਰੀ ਮ: ੧ ਆਰਤੀ ਪੰ: ੬੬੩

ਦੇ ਫੁਲ ਉਸ ਉਤੋਂ ਵਾਰੇ ਜਾਂਦੇ ਹਨ[1] । ਬ੍ਰਹਮ ਦਾ ਇਹ ਵਿਰਾਟ ਸਰੂਪ ਭਾਰਤੀ ਚਿੰਤਨ ਵਿਚ ਸ਼ਾਇਦ ਪਹਿਲੀ ਵਾਰ ਕਲਪਿਆ ਗਿਆ ਹੈ ।

ਆਪਣੀ ਰਚਨਾ ਦੇ ਕਣ ਕਣ ਵਿਚ ਸਮਾਇਆ ਹੋਣ ਕਰ ਕੇ ਬ੍ਰਹਮ ਦੀ ਸ੍ਰਿਸ਼ਟੀ ਦੇ ਭਿੰਨ ਭਿੰਨ ਸਭ ਰੂਪਾਂ ਨਾਲ ਤਦ ਰੂਪਤਾ ਨਾਨਕ ਬਾਣੀ ਵਿਚ ਚਿਤਰੀ ਹੋਈ ਮਿਲਦੀ ਹੈ । 'ਆਪੇ ਪਉਣੁ ਪਾਣੀ ਬੈਸੰਤਰ ', 'ਆਪੇ ਸਸਿ ਸੂਰਾ ਪੂਰੋ ਪੂਰਾ ', 'ਆਪੇ ਪਿੰਡ ਬਾਧੀ ਜਗ ਖੇਲੈ ', ' ਆਪੇ ਜਲੁ ਥਲੁ ਸਾਗਰੁ ਸਰਵਰੁ '[2], ' ਆਪੇ ਧਰਤੀ ਧਉਲੁ ਅਕਾਸ' ' ਆਪੇ ਸੁਰਗ ਮਛ ਪਇਆਲ ' ਆਦਿਕ ਵਰਨਨ ਪ੍ਰਭੂ ਦੇ ਵਿਸ਼ਾਲ ਅਤੇ ਵਿਰਾਟ ਸਰੂਪ ਦੇ ਸੂਚਕ ਹਨ ।

ਸਰਗੁਣ ਬ੍ਰਹਮ ਦੀ ਬੇਅੰਤਤਾ ਨਾਨਕ ਬਾਣੀ ਵਿਚੋਂ ਏਵਾਂ ਪ੍ਰਗਟ ਹੋਈ ਹੈ :-

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ।
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ।੧।
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ।
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ । ਰਹਾਉ ।
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ।
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ ।੨।

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ।
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ।੩।
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ।

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ।੪।

( ਸੋਰਠਿ ਮ: ੧, ਪੰ: ੫੯੬)

ਗੁਣੀ ਨਿਧਾਨ ਬ੍ਰਹਮ

ਸਰਗੁਣ ਬ੍ਰਹਮ 'ਗੁਣੀ ਨਿਧਾਨ ' ਹੈ । ਉਹ ਇਕ ਸਚ , ਸਰਬ ਸ਼ਕਤੀਮਾਨ , ਸਰਬ-ਵਿਆਪਕ , ਸਰਬ-ਗਿਆਤਾ , ਕਰਤਾ ਪੁਰਖ, ਨਿਰਭਉ , ਨਿਰਵੈਰ , ਅਕਾਲ , ਅਜੂਨੀ , ਸੈਭੰ , ਅਤੁਲ, ਅੰਤਰਜਾਮੀ, ਸ੍ਰਵਣ ਸੁਣ , ਸ੍ਰਬ ਧਾਰ, ਸੁੰਦਰ, ਚਿਤ੍ਰਕਾਰ, ਹੁਕਮੀ ,ਦਇਆਲੂ , ਕ੍ਰਿਪਾਲੂ, ਬਖਸ਼ਿੰਦ, ਦਾਤਾ , ਰਾਜਿਕ , ਮਿਠ ਬੋਲੜਾ, ਨਿਆਂਕਾਰ, ਉਪਕਾਰੀ, ਪਤਿਤਪਾਵਨ, ਪਤੀ ਪਿਤਾ, ਮਾਤਾ, ਮਾਲੀ ਆਦਿ ਸ਼ੁਭ ਗੁਣ ਹੈ । ਉਸ ਦੀ ਮਹਿਮਾ ਦਾ ਕਥਨ ਨਹੀ ਕੀਤਾ ਜਾ ਸਕਦਾ । ਜੇ ਕੋਈ ਜਤਨ

੧- ਧਨਾਸਰੀ ਮ: ੧ ਆਰਤੀ ਪੰ: ੬੬੩ .
੨- ਮਾਰੂ ਮ: ੧ ਪੰ: ੧੦੨੦ -੨੧ .

ਕਰਦਾ ਵੀ ਹੈ ਤਾਂ ਪਛਤਾਂਦਾ ਹੈ ਕਿਉਂਕਿ ਉਹ ਅਕਥ ਹੈ:_

ਤਾ ਕੀਆ ਗਲਾਂ ਕਥੀਆ ਨ ਜਾਹਿ ।
ਜੇ ਕੋ ਕਹੈ ਪਿਛੈ ਪਛੁਤਾਇ ।

( ਜਪੁਜੀ )

ਹਰਿਜਸ ਕਾਨੀ-ਬਧ ਨਹੀ ਹੋ ਸਕਦਾ । ਨਾਨਕ ਬਾਣੀ ਵਿਚ ਇਹ ਵਿਚਾਰ ਏਦਾਂ ਪ੍ਰਗਟ ਹੋਇਆ ਹੈ:-

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ।
ਮਸੁ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ।
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ । ੧

ਬ੍ਰਹਮ : ਇਕ ਸ਼ਕਤੀਸ਼ਾਲੀ ਹਾਕਮ

ਸਰਗੁਣ ਬ੍ਰਹਮ ਬ੍ਰਹਿਮੰਡ ਦਾ ਸੁਆਮੀ ਅਤੇ ਹਾਕਮ ਹੈ । ਉਸਦੇ ਹੁਕਮ ਅੰਦਰ ਹੀ ਉਤਮ ਅਤੇ ਨੀਚ ਪਦਵੀ ਪ੍ਰਾਪਤ ਹੁੰਦੀ ਹੈ[੨] । ਉਸ ਦੇ ਭੈ ਵਿਚ ਸੂਰਜ ਅਤੇ ਚੰਦਰਮਾ ਕਰੋੜਾਂ ਕੋਹਾਂ ਦਾ ਪੈਂਡਾ ਮਾਰਦੇ ਹਨ । ਉਸ ਦੇ ਭੈ ਵਿਚ ਹਵਾ ਵਗਦੀ ਹੈ, ਦਰਿਆ ਚਲਦੇ ਹਨ , ਅਗਨੀ ਕੰਮ ਕਰਦੀ ਹੈ , ਧਰਤੀ ਭਾਰ ਹੇਠਾ ਦਬੀ ਰਹਿੰਦੀ ਹੈ । ਇੰਦਰ ਸਿਰ ਭਾਰ ਹੋ ਕੇ ਫਿਰਦਾ ਹੈ ਅਤੇ ਧਰਮਰਾਜ ਆਪਣੀ ਕਚਹਿਰੀ ਲਗਾਉਂਦਾ ਹੈ[੩] । ਉਹ ਬ੍ਰਹਮ ਇੰਨਾ ਬੇ ਅੰਤ ਹੈ ਕਿ ਸ਼ੇਰਾਂ ਬਾਜਾਂ ,ਚਰਗਾਂ , ਕੁਹੀਆਂ ਸ਼ਿਕਾਰੀ ਜਾਨਵਰਾਂ ਨੂੰ ਜੋ ਮਾਸ ਅਹਾਰੀ ਹਨ ,ਘਾਹ ਖੁਆ ਸਕਦਾ ਹੈ । ਜਿਹੜੇ ਘਾਹ ਖਾਂਦੇ ਹਨ ਉਨ੍ਹਾਂ ਨੂੰ ਮਾਸ ਖੁਆ ਸਕਦਾ ਹੈ । ਨਦੀਆਂ ਦੇ ਵਿਚ ਟਿਬੇ ਵਿਖਾ ਸਕਦਾ ਹੈ ਅਤੇ ਥਲਾਂ ਵਿਚ ਸਮੁੰਦਰ ਬਣਾ ਸਕਦਾ ਹੈ । ਕੀੜੇ ਦੇ ਰਾਜ ਦੀ ਸਥਾਪਨਾ ਕਰ ਕੇ ਉਸ ਤੋਂ ਲਸ਼ਕਰਾਂ ਦਾ ਵਿਨਾਸ਼ ਕਰਵਾ ਸਕਦਾ ਹੈ । ਸਾਹ ਤੋਂ ਬਿਨਾ ਜਵਾਲ ਸਕਣਾ ਵੀ ਉਸ ਲਈ ਕੋਈ ਵਡੀ ਗਲ ਨਹੀ[੪] । ਇਕ ਹਾਕਮ ਦੇ ਰੂਪ ਵਿਚ ਬ੍ਰਹਮ ਨਾ ਕੇਵਲ ਰਚਨਾ

---

੧-ਸਿਰੀ ਰਾਗੁ ਮ: ੧ ਪੰ: ੧੪.

੨- ਜਪੁਜੀ .

੩- ਵਾਰ ਆਸਾ ਮ: ੧ ਪੰ: ੪੬੪ .

੪- ਵਾਰ ਮਾਝ ਮ: ੧ ਸਲੋਕ ਮ: ੧ ਪੰ: ੧੪੪ .

ਦੇ ਸ੍ਰੀਰਕ ਅਤੇ ਸਦਾਚਾਰਕ ਪੱਖ ਉਤੇ ਹੁਕਮਰਾਨੀ ਕਰਦਾ ਹੈ, ਸਗੋਂ ਉਹ ਅੰਤਰ-ਆਤਮੇ ਦਾ ਪਾਤਸ਼ਾਹ ਵੀ ਹੈ। ਜੀਵ ਉਸ ਨੂੰ ਨਹੀ ਜਾਣਦੇ ਪਰ ਉਹ ਸਭ ਦੇ ਅੰਦਰ ਵਿਦਮਾਨ ਹੈ।

ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖ ਆਦੇਸੋ ।
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ[1] ।

## ਸਰਗੁਣ ਬ੍ਰਹਮ ਦੀਆਂ ਸ਼ਕਤੀਆਂ

ਸਰਗੁਣ ਬ੍ਰਹਮ ਸਰਬ-ਸ਼ਕਤੀਮਾਨ ਹੈ, ਪਰ ਤਿੰਨ ਪ੍ਰਧਾਨ ਸ਼ਕਤੀਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਹੋਇਆ ਹੈ। ਇਹ ਤਿੰਨ ਸ਼ਕਤੀਆਂ ਹਨ: ਸਿਰਜਣ ਸ਼ਕਤੀ, ਪ੍ਰਤਿਪਾਲਣ ਸ਼ਕਤੀ, ਅਤੇ ਸੰਘਾਰਨ ਸ਼ਕਤੀ। ਇਨ੍ਹਾਂ ਦੀ ਵਰਤੋਂ ਮਾਇਆ ਸ਼ਕਤੀ ਰਾਹੀਂ ਹੁੰਦੀ ਹੈ। ਗੁਰੂ ਨਾਨਕ ਦੇਵ ਨੇ ਇਸ ਤਥ ਨੂੰ ਭਾਰਤੀ ਪਰੰਪਰਾ ਨਾਲ ਮਿਲਾ ਕੇ ਪ੍ਰਗਟ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਾਇਆ ਕਿਸੇ ਵਿਉਂਤ ਨਾਲ ਸੂਈ ਅਤੇ ਉਸ ਤੋਂ ਤਿੰਨ ਚੇਲੇ (ਜਾਂ ਪੁਤਰ) ਪੈਦਾ ਹੋਏ: ਇਕ ਸੰਸਾਰ ਦੇ ਰਚਣ ਵਾਲਾ ਬ੍ਰਹਮਾ, ਇਕ ਪ੍ਰਤਿਪਾਲਣ ਵਾਲਾ ਵਿਸ਼ਨੂੰ, ਅਤੇ ਇਕ ਕਚਹਿਰੀ ਲਗਾਣ ਵਾਲਾ ਸ਼ਿਵ[2]। ਸ੍ਰਿਸ਼ਟੀ ਵਿਚਲੀ ਅਗਿਆਨਤਾ ਅਤੇ ਅਵਿਦਿਆ ਦਾ ਕਾਰਨ ਬ੍ਰਹਮ ਦੀ ਮਾਇਆ ਸ਼ਕਤੀ ਹੈ। ਇਸਦੇ ਜਾਲ ਵਿਚੋਂ ਬਚ ਨਿਕਲਣ ਵਾਲੇ ਹੀ ਪਰਮਪਦ ਨੂੰ ਪ੍ਰਾਪਤ ਹੁੰਦੇ ਹਨ। ਵੇਦਾਂ ਵਿਚ ਸੰਸਾਰ ਦੇ ਰਚੇ ਜਾਣ ਅਤੇ ਖੈ ਹੋਣ ਨੂੰ ਕਾਵਿਕ ਢੰਗ ਨਾਲ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਜਦੋਂ ਸਾਹ ਬਾਹਰ ਵਲ ਨੂੰ ਲੈਂਦਾ ਹੈ ਤਾਂ ਰੂਪ, ਕਰਮ ਅਤੇ ਨਾਮ ਵਾਲੇ ਸੰਸਾਰ ਦਾ ਜਨਮ ਹੁੰਦਾ ਹੈ ਅਤੇ ਜਦੋਂ ਉਹ ਸਾਹ ਅੰਦਰ ਵਲ ਖਿਚਦਾ ਹੈ ਤਾਂ ਪ੍ਰਲਯ ਹੋ ਜਾਂਦੀ ਹੈ। ਬ੍ਰਹਮ ਤਾਂ ਇਕ ਖਿਡਾਰੀ ਹੈ ਜਿਸ ਨੇ ਚਾਰ ਜੁਗਾਂ ਦਾ ਚਉਪੜ ਵਿਛਾ ਕੇ ਇਕ ਅਜਬ ਖੇਡ ਖੇਡੀ ਹੈ:-

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ।
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ[3] ।

---

੧- ਭੈਰਉ ਮ: ੧ ਪੰ: ੧੧੨੭

੨- ਜਪੁਜੀ ਪਉੜੀ ੩੦ ਪੰ: ੭ .

੩- ਆਸਾ ਪਟੀ ਪਦਾ ੨੬ .

## ਸਰਗੁਣ ਬ੍ਰਹਮ ਅਤੇ ਅਵਤਾਰਵਾਦ

ਸਰਗੁਣ ਬ੍ਰਹਮ ਦਾ ਇਕ ਅਗਲੀ ਪ੍ਰਗਟਾਉ ਅਵਤਾਰਵਾਦ ਰਾਹੀਂ ਮੰਨਿਆ ਜਾਂਦਾ ਹੈ । ਹਿੰਦੂ ਧਰਮ ਵਿਚ ਵਿਸ਼ਨੂੰ ਦੇ ਕਈ ਅਵਤਾਰ ਮੰਨੇ ਗਏ ਹਨ, ਜਿਨ੍ਹਾਂ ਵਿਚੋਂ ਦੱਸ ਵਿਸ਼ੇਸ਼ ਹਨ । ਨਾਨਕ ਬਾਣੀ ਵਿਚ ਅਵਤਾਰਵਾਦ ਦਾ ਖੰਡਨ ਹੋਇਆ ਹੈ । ਗੁਰੂ ਨਾਨਕ ਦਾ ਬ੍ਰਹਮ ਅਜੂਨੀ ਹੈ, ਉਹ ਅਵਤਾਰ ਨਹੀ ਧਾਰਦਾ । ਉਨ੍ਹਾਂ ਦਾ ਵਿਸ਼ਵਾਸ ਕੇਵਲ ਨਿਰਭਉ ਨਿਰੰਕਾਰ ਵਿਚ ਹੈ, ਬਾਕੀ ਸਭ ਰਵਾਲ ਹਨ ।-

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ[1] ।

ਪਾਰਬ੍ਰਹਮ ਪਰਮੇਸ਼ੁਰ ਨੂੰ ਰਾਮ ਜਾਂ ਕ੍ਰਿਸ਼ਨ ਦਾ ਸਰੂਪ ਦੇ ਕੇ ਉਸਦੀ ਵਡਿਆਈ ਕਰਨਾ ਬਿਲਕੁਲ ਉਚਿਤ ਨਹੀ । ਜੁਗਾਂ ਜੁਗਾਂ ਵਿਚ ਸਿਰਜੇ ਰਾਜਿਆਂ ਨੂੰ ਲੋਕਾਂ ਨੇ ਅਵਤਾਰਾਂ ਦੇ ਰੂਪ ਵਿਚ ਮੰਨ ਲਿਆ[2] । ਪ੍ਰਭੂ ਦੇ ਸਾਹਮਣੇ ਵਡੇ ਵਡੇ ਅਵਤਾਰ ਵੀ ਤੁਛ ਹਨ । ਜਿਸ ਵਾਹਿਗੁਰੂ ਨੇ ਧਰਤੀ ਸਾਜੀ, ਜਲ ਅਗਨੀ ਪਉਣ ਬਧੇ, ਉਸ ਬਾਬਤ ਕਹਿਣਾ ਕਿ ਰਾਵਣ ਜਾਂ ਕੰਸ ਆਦਿਕ ਨੂੰ ਮਾਰਨ ਵਾਲਾ ਹੈ ਕੋਈ ਵਡੀ ਵਡਿਆਈ ਨਹੀ । ਇਹ ਤੱਥ ਹੇਠ ਲਿਖੇ ਸ਼ਬਦ ਤੋਂ ਸਪਸ਼ਟ ਹੁੰਦਾ ਹੈ ।--

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ।
ਅੰਧੁਲੈ [illegible] ਦਹਸਿਰਿ ਮੂੰਡੁ ਕਟਾਇਆ
ਰਾਵਣੁ ਮਾਰਿ ਕਿਆ ਵਡਾ ਭਇਆ ।੧।
ਕਿਆ ਉਪਮਾ ਤੇਰੀ ਆਖੀ ਜਾਇ ।
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ।੧। ਰਹਾਉ ।
ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ।
ਕਿਸੁ ਤੂੰ ਪੁਰਖੁ ਜੋਰੂ ਕਉਣੁ ਕਹੀਐ ਸਰਬ ਨਿਰੰਤਰਿ ਰਵਿ ਰਹਿਆ ।੨।

---

੧-ਵਾਰ ਆਸਾ ਮ: ੧ ਪੰ: ੪੬੪ .
੨- ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ (ਆਸਾ ਮ: ੩ ਪੰ: ੪੨੩ )

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ।

ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ । ੩।

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ।
ਕਹੈ ਨਾਨਕ ਕਿਉ ਛਪਿਆ ਏਕੀ ਏਕੀ ਵੰਡਿ ਦੀਆ । ੪ ।[1]

ਦੇਵਤਿਆਂ, ਦੈਂਤਾਂ ਅਤੇ ਅਵਤਾਰਾਂ ਨੂੰ ਪੈਦਾ ਕਰਨ ਵਾਲਾ ਆਪ ਹੀ ਪਾਰਬ੍ਰਹਮ ਹੈ । ਗੁਰੂ ਅਮਰਦਾਸ ਜੀ ਅਨੁਸਾਰ ਦੇਵੀ ਦੇਵਤਿਆਂ ਦੇ ਮੰਡਲ ਵਿਚ ਵੀ ਮਾਇਆ ਜਾਂ ਭਰਮ ਕੰਮ ਕਰ ਰਿਹਾ ਹੈ[2] । ਨਾਨਕ ਬਾਣੀ ਵਿਚ ਸਭ ਦੇਵੀ ਦੇਵਤੇ ਪ੍ਰਭੂ ਦੀ ਸੇਵਾ ਕਰਦੇ ਦਸੇ ਹਨ[3] ।

## ਜੀਵਾਤਮਾ ਅਤੇ ਬ੍ਰਹਮ

ਜੀਵ ਤਥਾ ਜੀਵਾਤਮਾ ਬਾਰੇ ਦੂਜੇ ਅਧਿਆਇ ਵਿਚ ਵਿਚਾਰ ਕੀਤੀ ਜਾ ਚੁਕੀ ਹੈ । ਬ੍ਰਹਮ ਵਾਂਗੂ ਹੀ ਵੇਦਾਂਤ ਵਿਚ ਜੀਵਾਤਮਾ ਦੇ ਸਰੂਪ ਨੂੰ ਦੋ ਦ੍ਰਿਸ਼ਟੀ ਕੋਣਾਂ ਤੋਂ ਵਿਚਾਰਿਆ ਗਿਆ ਹੈ । ਪ੍ਰਮਾਰਥਕ ਦ੍ਰਿਸ਼ਟੀ ਕੋਣ ਅਤੇ ਵਿਵਹਾਰਕ ਦ੍ਰਿਸ਼ਟੀ ਕੋਣ । ਪ੍ਰਮਾਰਥਕ ਦ੍ਰਿਸ਼ਟੀ ਕੋਣ ਤੋਂ ਜੀਵਾਤਮਾ ਅਦਵੈਤ , ਅਮਰ , ਸਦਾ ਸ਼ੁਧ , ਸਦਾ ਮੁਕਤ , ਸਦਾ ਪ੍ਰਕਾਸ਼ਮਾਨ ਅਤੇ ਬ੍ਰਹਮ ਨਾਲ ਇਕ ਮਿਕ ਹੈ । ਇਹ ਭੁਖ ਤੇਹ , ਨੇਕੀ ਬਦੀ , ਦੁਖ, ਸੁਖ , ਜੰਮਣ ਮਰਣ ਅਤੇ ਹੋਰ ਵਿਰੋਧੀ ਜੋੜਿਆਂ ਤੋਂ ਅਛੋਹ ਹੈ । ਇਸ ਦ੍ਰਿਸ਼ਟੀ ਕੋਣ ਤੋਂ ਆਤਮਾ ਨੂੰ ਪਰਮਾਤਮਾ ( ਪਰਮ ਆਤਮਾ ) ਕਿਹਾ ਜਾਂਦਾ ਹੈ । ਵਿਵਹਾਰਕ ਦ੍ਰਿਸ਼ਟੀ ਕੋਣ ਤੋਂ ਵੇਦਾਂਤ ਦਰਸ਼ਨ ਅਨੇਕ ਵਿਅਕਤੀਗਤ ਆਤਮਾਵਾਂ ਦੀ ਹੋਂਦ ਮੰਨਦਾ ਹੈ । ਪਰਮਾਤਮਾ ਦੇ ਮੁਕਾਬਲੇ ਤੇ ਇਨ੍ਹਾਂ ਨੂੰ ਜੀਵਾਤਮਾ ਕਿਹਾ ਜਾਂਦਾ ਹੈ । ਸਰੀਰ ਨਾਲ ਸਬੰਧਤ ਹੋਣ ਕਰਕੇ ਜੀਵਾਤਮਾ ਵਿਰੋਧੀ ਜੋੜਿਆਂ ਦੇ ਪ੍ਰਭਾਵ ਥਲੇ ਰਹਿੰਦੀ ਹੈ । ਸੰਸਾਰ ਵਿਚ ਉਲਝੀ ਹੋਣ ਕਰਕੇ ਇਹ ਜੰਮਣ ਮਰਣ ਦੇ ਗੇੜ ਤੋਂ ਮੁਕਤ ਹੋਣਾ ਚਾਹੁੰਦੀ ਹੈ ,ਅਤੇ ਇਸ ਮਨੋਰਥ ਦੀ ਸਿਧੀ ਲਈ ਧਰਮ ਗ੍ਰੰਥਾਂ ਦਾ ਅਧਿਅਨ ਕਰਦੀ ਹੈ ਅਤੇ ਗੁਰੂ ਦੀ ਅਗਵਾਈ

---

੧- ਆਸਾ ਮ: ੧ ਪੰ: ੩੫੦ -੩੫੧ .
੨- ਮਾਝ ਮ: ੩ ਪੰ: ੧੨੯
੩- ਮਾਰੂ ਮ: ੧ ੧੦੨੮ .

ਹੋਣਾਂ ਅਧਿਆਤਮਕ ਮਾਰਗ ਤੇ ਤੁਰਦੀ ਹੈ ।

## ਸ਼ੰਕਰ ਦਾ ਮਤ

ਵੇਦਾਂਤਿਕ ਦ੍ਰਿਸ਼ਟੀ ਕੋਣ ਦਾ ਵਰਣਨ ਇਸ ਲਈ ਕੀਤਾ ਗਿਆ ਹੈ ਕਿ ਇਹੋ ਦ੍ਰਿਸ਼ਟੀ ਕੋਣ ਹੀ ਗੁਰਮਤ ਦੇ ਬ੍ਰਹਮ ਅਤੇ ਜੀਵ ਦੇ ਸੰਕਲਪ ਦੇ ਪਿਛੋਕੜ ਵਿਚ ਹੈ । ਸ਼ੰਕਰ ਦੇ ਵਿਚਾਰ ਅਨੁਸਾਰ ਆਤਮਾ ਅਤੇ ਪਰਮਾਤਮਾ ( ਬ੍ਰਹਮ ) ਵਿਚ ਕੋਈ ਅੰਤਰ ਨਹੀਂ। ਆਤਮਾ ਹੀ ਸ਼ੁਧ ਚੇਤੰਨਤਾ ਹੈ ਅਤੇ ਸਭ ਪਾਸੇ ਪਸਰ ਰਹੀ ਹੈ ।ਇਹ ਗਿਆਨ ,ਗਿਆਤਾ, ਅਤੇ ਗੇਯ ਤਿੰਨਾ ਤੋਂ ਉਤੇ ਹੈ । ਇਹ ਕੇਵਲ ਇਕੋ ਇਕ ਸਤਯਤਾ ਹੈ ।ਇਹ ਬ੍ਰਹਮ ਹੈ- ਬ੍ਰਹਮ ਹੀ ਸਭ ਕੁਝ ਹੈ ਅਤੇ ਸਭ ਕੁਝ ਹੀ ਬ੍ਰਹਮ ਹੈ । ਨਾ ਕੋਈ ਦੂਈ ਹੈ ਅਤੇ ਨਾ ਅਨੇਕਤਾ । ਬ੍ਰਹਮ ਤੋਂ ਛੁਟ ਜੋ ਜਗਤ ਪ੍ਰਤੀਤ ਹੁੰਦਾ ਹੈ , ਉਹ ਕੇਵਲ ਭ੍ਰਾਂਤੀ ਅਤੇ ਅਵਿਦਿਆ ਦੇ ਕਾਰਨ ਪ੍ਰਤੀਤ ਹੁੰਦਾ ਹੈ । ਜਦੋਂ ਅਗਿਆਨਤਾ ਖਤਮ ਹੋ ਜਾਂਦੀ ਹੈ ਤਾਂ ਸਤਯ ਭਾਵ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ । ਸ਼ੰਕਰ ਦਾ ਇਹ ਵਿਚਾਰ ਕਿ ਸਭ ਪਾਸੇ ਬ੍ਰਹਮ ਪਸਰਿਆ ਹੋਇਆ ਹੈ ਅਤੇ ਹਰ ਵੇਸ ਵਿਚ ਉਹ ਹੀ ਮੁਰਤੀਮਾਨ ਹੈ ---ਇਸ ਨੂੰ ਗੁਰੂ ਨਾਨਕ ਦੇਵ ਨੇ ਸਵੀਕਾਰਿਆ ਹੈ । ਪਰ ਨਾਲ ਹੀ ਜਗਤ ਨੂੰ ਵੀ ਸਾਪੇਖਕ ਤੌਰ ਤੇ ਸਤਯ ਮੰਨਿਆ ਹੈ । ਏਸੇ ਦ੍ਰਿਸ਼ਟੀ ਤੋਂ ਆਤਮਾ ਨੂੰ ਪਰਮਾਤਮਾ ( ਬ੍ਰਹਮ ) ਤੋਂ ਭਿੰਨ ਦਰਸਾਇਆ ਹੈ । ਇਹ ਠੀਕ ਹੈ ਕਿ ਪਰਮਾਤਮਾ ਸਭ ਕੁਝ ਆਪੇ ਆਪ ਹੈ , ਪਰ ਵਿਛੜੀ ਹੋਈ ਆਤਮਾ ਵੀ ਪੀੜਿਤ ਨਜ਼ਰ ਆਉਂਦੀ ਹੈ । ਇਸ ਤਥ ਨੂੰ ਗੁਰਦੇਵ ਦੇ ਹੇਠ ਲਿਖੇ ਸ਼ਬਦ ਤੋਂ ਜਾਚਿਆ ਜਾ ਸਕਦਾ ਹੈ:

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ।
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ।
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ।੧। ਰਹਾਉ।
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ।
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ।੨।
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ।

ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ।੩।
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ । [੧]
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ।

੧- ਸ੍ਰੀ ਰਾਗੁ ਮ: ਪੰ: ੨੩

ਕਬੀਰ ਨੇ ਜੀਵਾਤਮਾ ਨੂੰ ' ਰਾਮ ਕੀ ਅੰਸ ' ਕਿਹਾ ਹੈ[1]। ਅੰਸ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਅੰਸ਼' ਤੋਂ ਬਣਿਆ ਤਦਭਵ ਹੈ ਅਤੇ ਇਸਦਾ ਅਰਥ ਹੈ ਹਿੱਸਾ ਜਾਂ ਭਾਗ । ਇਉਂ ਕਬੀਰ ਜੀ ਅਨੁਸਾਰ ਜੀਵਾਤਮਾ ਪਰਮਾਤਮਾ ਦਾ ਭਾਗ ਹੈ । ਜੀਵਾਤਮਾ ਸਬੰਧੀ 'ਅੰਸ਼' ਸ਼ਬਦ ਦੀ ਵਰਤੋਂ ' ਪ੍ਰਸਥਾਨ ਤ੍ਰੈਈ ' ਵਿਚ ਵੀ ਮਿਲਦੀ ਹੈ । ਮਾਧਵ ਨੇ ਇਹ ਮੰਨਿਆ ਹੈ ਕਿ ਭਾਵੇਂ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ , ਪਰ ਦੋਹਾਂ ਵਿਚ ਭੇਦ ਹੈ । ਬਾਦਰਾਇਣ ਦੇ ਬ੍ਰਹਮ ਸੂਤਰ ਵਿਚ ਜੀਵਾਤਮਾ ਸਬੰਧੀ 'ਭੇਦ' ਸ਼ਬਦ ਦੀ ਵਰਤੋਂ ਵੀ ਹੋਈ ਹੈ । ਇਸ ਸ਼ਬਦ ਨੂੰ ਮੁਖ ਰਖਕੇ ਮਾਧਵ ਨੇ ਜੀਵਾਤਮਾ ਦੀ ਵਖਰੀ ਹੋਂਦ ਨੂੰ ਮੰਨਿਆ ਹੈ[2]। ਪਰ ਸ਼ੰਕਰ ਦੇ ਦਰਸ਼ਨ ਵਿਚ ਇਹ ਵਿਚਾਰ ਪ੍ਰਵਾਨਿਤ ਨਹੀਂ । ਉਸ ਅਨੁਸਾਰ ਬ੍ਰਹਮ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ । ਰਾਮਾਨੁਜ ਅਨੁਸਾਰ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ , ਪਰ ਸ਼ੰਕਰ ਅਨੁਸਾਰ ਤਾਂ ਬ੍ਰਹਮ ਇਕ ਇਕਾਈ ਹੈ । ਉਸ ਦੇ ਭਾਗ ਨਹੀਂ ਹੋ ਸਕਦੇ । ਉਹ ਸਮੇਂ ਅਤੇ ਸਥਾਨ ਤੋਂ ਪਰ੍ਹੇ ਹੈ । ਵਲਭ ਅਨੁਸਾਰ ਜੀਵਾਤਮਾ ਬ੍ਰਹਮ ਦਾ ਇਕ ਰੂਪ-ਭੇਦ (modification) ਹੈ , ਪਰ ਸ਼ੰਕਰ ਅਨੁਸਾਰ ਬ੍ਰਹਮ ਕਿਸੇ ਵੀ ਪਰਿਵਰਤਨ ਤੋਂ ਰਹਿਤ ਹੈ ।

ਸ਼ੰਕਰ ਨੇ ਜੀਵਾਤਮਾ ਅਤੇ ਬ੍ਰਹਮ ਦਾ ਸਬੰਧ ਪ੍ਰਗਟਾਉਣ ਲਈ ਕੁਝ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ । ਇਕ ਮਿਸਾਲ ਪੁਲਾੜ ਦੀ ਹੈ । ਪੁਲਾੜ ਵਿਚ ਪਿਆ ਹੋਇਆ ਇਕ ਘੜਾ ਥੋੜੀ ਜਿਹੀ ਖਾਲੀ ਥਾਂ ਨੂੰ ਘੇਰਨ ਵਾਲਾ ਇਕ ਭਾਂਡਾ ਹੈ । ਜੇ ਇਹ ਭਾਂਡਾ ਟੁਟ ਜਾਏ ਤਾਂ ਖਾਲੀ ਥਾਂ ਪੁਲਾੜ ਨਾਲ ਇਕ ਮਿਕ ਹੋ ਜਾਂਦੀ ਹੈ, ਇਵੇਂ ਹੀ ਜੀਵਾਤਮਾ ਅਸਲੋਂ ਇਕੋ ਆਤਮਾ ਹੈ , ਜਿਹੜੀ ਉਪਾਧੀਆਂ ਕਰਕੇ ਵਖਰੀ ਪ੍ਰਤੀਤ ਹੁੰਦੀ ਹੈ । ਪਰ ਕਰਮ ਗਤੀ ਨੂੰ ਮੁਖ ਰਖਕੇ ਇਸ ਮਿਸਾਲ ਦਾ ਖੰਡਨ ਕੀਤਾ ਗਿਆ ਹੈ ਕਿਉਂਕਿ ਸਰਬ-ਵਿਆਪਕ ਆਤਮਾ ਨਾਲ ਕਿਸੇ ਪ੍ਰਕਾਰ ਦੀ ਕ੍ਰਿਆ ਸੰਬੰਧਿਤ ਨਹੀਂ ਕੀਤੀ ਜਾ ਸਕਦੀ[3]।

---

੧- ਕਹੁ ਕਬੀਰ ਇਹੁ ਰਾਮ ਕੀ ਅੰਸੁ । ਜਸ ਕਾਗਦ ਪਰ ਮਿਟੈ ਨ ਮੰਸੁ (ਗੌਂਡ ਕਬੀਰ ( ਪੰ : ੮੭੧)

੨- VEDANTA--The Culmination of Indian Thought by R? D.Ranade Ed. 1970, P. 132.

੩- Concept of Self by Kamala Roy, Ed. 1966,

ਸ਼ੰਕਰ ਨੇ ਪ੍ਰਤਿ ਬਿੰਬਵਾਦ ਦੇ ਸਿਧਾਂਤ ਵੀ ਆਤਮਾ-ਬ੍ਰਹਮ ਸਬੰਧ ਨੂੰ ਪ੍ਰਗਟਾਉਣ ਲਈ ਉਘਾੜਿਆ ਹੈ । ਇਸ ਅਨੁਸਾਰ ਸ਼ੰਕਰ ਦਾ ਇਹ ਮਤ ਹੈ ਕਿ ਪਾਣੀ ਵਿਚ ਸੂਰਜ ਅਤੇ ਚੰਦਰਮਾ ਦਾ ਪ੍ਰਤਿਬਿੰਬ ਪ੍ਰਤਿਬਿੰਬਕੇਵਲ ਇਕ ਦ੍ਰਿਸ਼ਟੀ - ਭ੍ਰਮ ਹੈ । ਪਾਣੀ ਦੇ ਹਟਾਉਣ ਨਾਲ ਕੇਵਲ ਸੂਰਜ ਅਤੇ ਚੰਦਰਮਾ ਹੀ ਪ੍ਰਤਖ ਰਹਿੰਦੇ ਹਨ । ਇਸੇ ਤਰ੍ਹਾਂ ਤਤ ਅਤੇ ਜੀਵਾਤਮਾ ਇਕੋ ਸੱਤਾ ਦਾ ਅਵਿਦਿਆ ਦੇ ਕਾਰਨ ਪ੍ਰਤਿਬਿੰਬ ਹਨ ਅਤੇ ਅਸਲੋਂ ਕੁਝ ਵੀ ਨਹੀ । ਜਦੋਂ ਅਵਿਦਿਆ ਦੂਰ ਹੋ ਜਾਂਦੀ ਹੈ ਤਾਂ ਪ੍ਰਤਿਬਿੰਬ ਖਤਮ ਹੋ ਜਾਂਦਾ ਹੈ ਅਤੇ ਕੇਵਲ ਸਵਛਤਾ ਕਾਇਮ ਰਹਿੰਦੀ ਹੈ । ਸ਼ੰਕਰ ਦੇ ਇਸ ਸਿਧਾਂਤ ਦਾ ਵੀ ਖੰਡਨ ਕੀਤਾ ਜਾਂਦਾ ਹੈ ਕਿਉਂਕਿ ਅਰੂਪ ਬ੍ਰਹਮ ਦਾ ਪ੍ਰਤਿਬਿੰਬ ਹੋ ਹੀ ਨਹੀ ਸਕਦਾ[੧] ।

ਰਾਮਾਨੁਜ ਦਾ ਮਤ

ਰਾਮਾਨੁਜ ਨੇ ਪਹਿਲਾਂ ਪ੍ਰਚਲਤ ਮਤਾਂ ਦਾ ਨਿਰੀਖਣ ਕਰ ਕੇ ਉਨ੍ਹਾਂ ਦਾ ਖੰਡਨ ਕੀਤਾ ਹੈ । ਚਾਰਵਾਕੀਆਂ ਦਾ ਵਿਚਾਰ ਹੈ ਕਿ ਜੀਵਾਤਮਾ ਪ੍ਰਮਾਣੂਆਂ ਅਤੇ ਭੌਤਿਕ ਤਬਦੀਲੀਆਂ ਦਾ ਸਮੂਹ ਹੈ । ਇਹ ਵਿਚਾਰ ਇਸ ਲਈ ਗਲਤ ਹੈ ਕਿ ਤਾਤਵਿਕ ਪਦਾਰਥ ਮੁਕਤੀ ਪ੍ਰਾਪਤੀ ਲਈ ਸੋਚ ਹੀ ਨਹੀ ਸਕਦੇ । ਇਸੇ ਕਾਰਨ ਪ੍ਰਾਣਾਂ ਨੂੰ ਆਤਮਾ ਸਮਝਣ ਵਾਲਿਆਂ ਦਾ ਮਤ ਵੀ ਠੀਕ ਨਹੀ । ਬੋਧੀਆਂ ਦਾ ਇਹ ਵਿਚਾਰ ਕਿ ਆਤਮਾ ਮਨ-ਕਾਇਆ ਦੇ ਪੰਜ ਸਕੰਧਾਂ ਦਾ ਸੰਗ੍ਰਹਿ ਹੈ , ਇਸ ਲਈ ਨਹੀ ਜਚਦਾ ਕਿ ਇਹ ਆਤਮਾ ਦੀ ਇਕਾਈ ਅਤੇ ਸਦੀਵਤਾ ਤੋਂ ਇਨਕਾਰੀ ਹੈ । ਮਨਸ ਦੀ ਵੀ ਕੋਈ ਆਤਮਕ ਹਸਤੀ ਨਹੀ ਕਿਉਂਕਿ ਇਹ ਤਾਂ ਪ੍ਰਕ੍ਰਿਤੀ ਦਾ ਇਕ ਪ੍ਰਕਾਰ ਹੈ । ਜੀਵਾਤਮਾ ਨੂੰ ਬ੍ਰਹਮ ਦਾ ਵਿਸ਼ੇਸ਼ ਰੂਪ ਮੰਨਣ ਵਾਲਾ ਸਿਧਾਂਤ ਵੀ ਇਸ ਕਰ ਕੇ ਬੋਦਾ ਹੈ ਕਿਉਂਕਿ ਇਹ ਆਤਮਾ ਨੂੰ ਅਜ਼ੌਤੀ ਨਹੀ ਮੰਨਦਾ । ਜੀਵ ਨੂੰ ਬ੍ਰਹਮ ਦਾ ਭ੍ਰਮ- ਉਪਜਾਊ ਪ੍ਰਤਿਬਿੰਬ ਕਹਿਣਾ ਵੀ ਕਲਪਨਾ ਕਪੋਲ ਹੈ ---ਪੂਰਬ ਪ੍ਰਚਲਤ ਮਤਾਂ ਬਾਰੇ ਰਾਮਾਨੁਜ ਦਾ ਇਹ ਮਤ ਹੈ , ਉਸਦਾ ਆਪਣਾ ਵਿਚਾਰ ਹੈ ਕਿ ਪਰਮਾਤਮਾ ਵਾਂਗੂ

---

੧- Concept of Self by Kamala Roy, Ed. 1966.

ਜੀਵਾਤਮਾ ਵੀ ਇਕ ਤਤ ਹੈ ਜਿਸਦੀ ਖੋਜ ਪਰਾਮਾਨਿਕ ਅਤੇ ਨਿਆਇ-ਪੂਰਵਕ ਦ੍ਰਿਸ਼ਟੀ ਨਾਲ ਕਰਨੀ ਚਾਹੀਦੀ ਹੈ ਨਾ ਕਿ ਪ੍ਰਯੋਗਿਕ ਗਿਆਨ ਨਾਲ ਇਹ ਸਵੈ-ਪ੍ਰਕਾਸ਼ਿਤ ਹੈ ਅਤੇ ਆਪਣੇ ਆਪੇ ਦਾ ਪ੍ਰਮਾਣ ਹੈ[1]।

ਰਾਮਾਨੁਜ ਨੇ ਜੀਵਾਤਮਾ ਅਤੇ ਪਰਮਾਤਮਾ ਦੇ ਸੰਬੰਧ ਤਿੰਨ ਤਰ੍ਹਾਂ ਦੇ ਮੰਨੇ ਹਨ : ਗਿਆਤਾ (logical ego) ਕਰਤਾ (ethical ego) ਅਤੇ ਭੁਗਤਾ (aesthetic ego) ਦੇ ਰੂਪ ਵਿਚ। ਗਿਆਤਾ ਦੇ ਰੂਪ ਵਿਚ ਆਤਮਾ ਉਪਾਦੇਯ (effect) ਹੈ ਅਤੇ ਬ੍ਰਹਮ ਇਸਦਾ ਉਪਾਦਾਨ (cause) ਇਹ ਬ੍ਰਹਮ ਦੀ ਅੰਸ਼ (ਜਾਂ ਪ੍ਰਕਾਰ) ਹੈ ਅਤੇ ਵਿਸ਼ੇਸ਼ਣ ਜੋ ਇਸਦਾ ਸਰੋਤ ਹੈ। ਕਰਤਾ ਦੇ ਰੂਪ ਵਿਚ ਇਹ ਸ਼ੁਧ ਬ੍ਰਹਮ ਲਈ ਮਧ-ਵਰਤੀ (means) ਦਾਸ ਜਾਂ ਪੁਤਰ ਵਾਂਗ ਹੈ ਅਤੇ ਉਸਦੀ ਤ੍ਰਿਪਤੀ ਲਈ ਹੀ ਇਸਦੀ ਹੋਂਦ ਹੈ। ਇਹ ਆਤਮਕ ਪੂਰਨਤਾ ਦੇ ਵਿਸ਼ ਮਨੋਰਥ ਲਈ ਮਾਧਿਅਮ ਹੈ। ਭੁਗਤਾ ਦੇ ਰੂਪ ਵਿਚ ਇਹ ਬ੍ਰਹਮ ਦੇ ਸੌਂਦਰਯ ਅਤੇ ਅਨੰਦ ਦੀ ਮਾਣਨਹਾਰ ਹੋ ਕੇ ਬ੍ਰਹਮ ਦੀ ਨਿਕਟਤਾ ਅਤੇ ਨਿਰਮਲਤਾ ਨੂੰ ਪ੍ਰਾਪਤ ਕਰਦੀ ਹੈ। ਇਸ ਲਈ ਬ੍ਰਹਮ ਜੀਵ ਦੀ ਆਤਮਾ, ਇਸਦਾ ਸਰੋਤ, ਜਿਸਦਾ ਅਧਾਰ ਅਤੇ ਨਿਯੰਤਰ (controller) ਹੈ। ਏਦਾਂ ਆਤਮਾ ਜਾਂ ਪ੍ਰਕਾਰ ਈਸ਼ਵਰ ਦਾ ਸ਼ਰੀਰ ਹੈ[2]।

<u>ਮਾਧਵ ਦਾ ਮਤ</u>

ਮਾਧਵ ਨੇ ਬ੍ਰਹਮ ਨੂੰ ਵਿਸ਼ਨੂੰ ਦਾ ਨਾਂ ਦਿਤਾ ਹੈ। ਉਹ ਸੰਪੂਰਨ ਪੂਰਾ ਜਾਣਿਆ ਨਹੀਂ ਜਾ ਸਕਦਾ, ਉਹ ਅਮਰ ਅਤੇ ਅਨਿਵਾਰਯ ਹੈ। ਉਸਦਾ ਰਚਿਆ ਜਗਤ ਚੇਤੰਨ ਆਤਮਾਵਾਂ ਅਤੇ ਅਚੇਤ ਪਦਾਰਥਾਂ ਦਾ ਸਮੂਹ ਹੈ। ਆਤਮਾਵਾਂ ਅਨੇਕ ਹਨ ਜੋ ਅਠ ਹਾਲਤਾਂ ਵਿਚੋਂ ਲੰਘਦੀਆਂ ਹਨ : ਜਨਮ, ਹੋਂਦ, ਵਿਨਾਸ਼, ਸਾਪੇਖ, ਸਥਿਤੀ, ਗਿਆਨ, ਅਗਿਆਨਤਾ, ਬੰਧਨ, ਅਤੇ ਮੁਕਤੀ। ਵਖ ਵਖ ਵਿਅਕਤੀਆਂ ਉਤੇ ਇਨ੍ਹਾਂ ਹਾਲਤਾਂ ਦੇ

---

੧- <u>History of Philosophy--Eastern and Western</u> Vol.I--Sponsored by Ministry of Education, Govt. of India, II Impression 1957.

੨- <u>Ramanuja's Idea of the Finite Self</u> by P.N.Srinivasachari M.A. Edition 1928 .

ਵਖ ਵਖ ਦਰਜੇ ਹਨ । ਸਭ ਆਤਮਾਵਾਂ ਇਕ ਦੂਜੀ ਨੂੰ ਪ੍ਰਭਾਵਤ ਕਰਦੀਆਂ ਹਨ , ਇਸ ਲਈ ਕੋਈ ਵੀ ਪੂਰਨ ਤੌਰ ਤੇ ਮੁਕਤ ਨਹੀਂ । ਪਰਿਵਰਤਨ ਅਧੀਨ ਹੋਣਾ ਪਰਤੰਤਰ ਹੋਣਾ ਹੈ । ਇਸ ਲਈ ਜਗਤ ਵਿਚ ਹਰ ਚੇਤੰਨ ਜਾਂ ਅਚੇਤ ਹਸਤੀ ਆਪਣੇ ਸੁਭਾ ਵਿਚ ਪਰਤੰਤਰ ਹੈ । ਪਰਤੰਤਰ ਦੀ ਹੋਂਦ ਤੋਂ ਕਿਸੇ ਸੁਤੰਤਰ ਹਸਤੀ ਦੀ ਹੋਂਦ ਵੀ ਪ੍ਰਤੀਤ ਹੁੰਦੀ ਹੈ । ਜਿਹੜੀ ਕਿ ਪਰਤੰਤਰ ਦਾ ਸਰੋਤ ਹੈ । ਇਸ ਲਈ ਪਰਤੰਤਰ ਦੀ ਹੋਂਦ ਵੀ ਵਾਸਤਵਿਕ ਹੈ । ਇਸ ਸੰਦਰਭ ਵਿਚ ਸੁਤੰਤਰ ਵਾਸਤਵਿਕ ਜਗਤ ਦਾ ਵਾਸਤਵਿਕ ਸਰੋਤ ਹੈ । ਇਹ ਸਦੀਵੀ ਅਤੇ ਸਰਬ-ਸ਼ਕਤੀਮਾਨ ਹੈ । ਇਹ ਸਭ ਦਾ ਕਰਤਾ ਹੈ । ਇਹ ਕਰਤਿਆਂ ਦਾ ਵੀ ਕਰਤਾ ਹੈ । ਇਹ ਸਰਬ-ਪਖੀ ਹੈ ਅਤੇ ਹਰ ਪੱਖ ਤੋਂ ਸੁਤੰਤਰ ਹੈ । ਇਹ ਆਪਣੇ ਆਪ ਵਿਚ ਸਭ ਭੇਦਾਂ ਤੋਂ ਪਰ੍ਹੇ ਹੈ , ਪਰ ਇਸਦਾ ਪਰਤੰਤਰ ਨਾਲੋਂ ਭੇਦ ਪ੍ਰਗਟ ਕੀਤਾ ਜਾ ਸਕਦਾ ਹੈ । ਇਨ੍ਹਾਂ ਸਚਾਈਆਂ ਦੇ ਕਾਰਨ ਵੇਦ ਸੁਤੰਤਰ ਅਤੇ ਪਰਤੰਤਰ ਦੀ ਇਕਰੂਪਤਾ ਅਤੇ ਭੇਦ ਦੋਹਾਂ ਨੂੰ ਉਘਾੜਦੇ ਹਨ ।

## ਨਿੰਬਾਰਕ ਦਾ ਮਤ

ਨਿੰਬਾਰਕ ਅਨੁਸਾਰ ਬ੍ਰਹਮ ਤੋਂ ਮਗਰੋਂ ਦੂਜੀ ਵਾਸਤਵਿਕ ਹੋਂਦ ਚਿਤ ( ਭਾਵ ਆਤਮਾ ) ਤਤ-ਰੂਪ ਵਿਚ ਚੇਤੰਨਤਾ ਹੈ ਅਤੇ ਚੇਤੰਨ ਗਿਆਤਾ , ਕਰਤਾ ਅਤੇ ਭੁਗਤਾ ਹੈ । ਆਤਮਾ ਦੀ ਏਕਤਾ ਅਤੇ ਸਰਬ-ਵਿਆਪਕਤਾ ਦੇ ਅਦਵੈਤ ਦੇ ਸਿਧਾਂਤ ਦੇ ਵਿਰੋਧ ਵਿਚ ਨਿੰਬਾਰਕ ਨੇ ਆਤਮਾਵਾਂ ਦੀ ਅਨੇਕਤਾ ਅਤੇ ਪ੍ਰਮਾਣੂ ਵੀ ਸਰੂਪ ਨੂੰ ਮੰਨਿਆ ਹੈ । ਉਹਦੇ ਅਨੁਸਾਰ ਪ੍ਰਮਾਣੂ ਵੀ ਅਕਾਰ ਵਾਲੀਆਂ ਬਹੁਤ ਛੋਟੀਆਂ ਆਤਮਾਵਾਂ ਦਾ ਕੋਈ ਅੰਤ ਨਹੀਂ । ਇਹ ਨਾ ਹੀ ਇਕ ਦੂਜੀ ਨਾਲ ਸਮਰੂਪ ਹਨ ਅਤੇ ਨਾ ਹੀ ਬ੍ਰਹਮ ਨਾਲ । ਮੁਕਤ ਹੋਈਆਂ ਆਤਮਾਵਾਂ ਵੀ ਆਪਣੀ ਵਖਰੀ ਹੋਂਦ ਕਾਇਮ ਰਖਦੀਆਂ ਹਨ ਅਤੇ ਬ੍ਰਹਮ ਵਿਚ ਲੀਨ ਨਹੀਂ ਹੋ ਜਾਂਦੀਆਂ । ਮੁਕਤੀ ਦਾ ਭਾਵ ਆਤਮਾ ਦੀ ਹਸਤੀ ਦਾ ਕੋਈ ਵਿਨਾਸ਼ ਨਹੀਂ , ਸਗੋਂ ਇਸਦੇ ਅਸਲੀ ਸਰੂਪ ਅਤੇ ਗੁਣਾਂ ਦਾ ਪੂਰਨ ਵਿਕਾਸ ਹੈ । ਜਦੋਂ ਆਤਮਾ ਨੂੰ ਆਪਾ -ਵਿਕਾਸ ਦੀ ਉਚਤਮ ਅਵਸਥਾ ਪ੍ਰਾਪਤ ਹੋ ਜਾਂਦੀ ਹੈ , ਤਾਂ ਇਹਦੇ ਵਿਚ ਬ੍ਰਹਮ ਦਾ ਸਰੂਪ ਅਤੇ ਗੁਣ ਉਘੜ ਆਉਂਦੇ ਹਨ ਅਤੇ ਇਹ ਬ੍ਰਹਮ ਸਮਾਨ ਹੋ ਜਾਂਦੀ ਹੈ । ਇਹ ਅਵਸਥਾ ਕੇਵਲ ਮੌਤ ਤੋਂ ਮਗਰੋਂ ਪ੍ਰਾਪਤ ਹੁੰਦੀ ਹੈ ।

ਨਿੰਬਾਰਕ ਬ੍ਰਹਮ ਨੂੰ ਕ੍ਰਿਸ਼ਨ ਜਾਂ ਹਰੀ ਕਹਿੰਦਾ ਹੈ ।

## ਵੱਲਭ ਦਾ ਮਤ

ਵੱਲਭ ਅਨੁਸਾਰ ਬ੍ਰਹਮ ਦੇ ਤਿੰਨ ਰੂਪ ਹਨ : ਪਾਰਬ੍ਰਹਮ , ਅੰਤਰਜਾਮੀ,

ਅਤੇ ਅੱਖਰ ਬ੍ਰਹਮ । ਉਸਨੇ ਬ੍ਰਹਮ ਨੂੰ ਕ੍ਰਿਸ਼ਨ ਜਾਂ ਪੁਰਸ਼ੋਤਮ ਦਾ ਨਾਂ ਦਿਤਾ ਹੈ । ਜਗਤ-ਰਚਨਾ ਦੇ ਸਮੇਂ ਆਤਮਾਵਾਂ ਅਪਰ ਬ੍ਰਹਮ ਵਿਚ ਬਾਹਰ ਆਉਂਦੀਆਂ ਹਨ ਜਿਵੇਂ ਅਗਨੀ ਵਿਚੋਂ ਚੰਗਿਆੜੇ ਨਿਕਲਦੇ ਹਨ । ਆਤਮਾਵਾਂ ਅਨੇਕ ਹਨ , ਅਮਰ ਹਨ , ਪਰਮਾਣੂ ਵੀ ਹਨ ਅਤੇ ਬ੍ਰਹਮ ਦੀ ਅੰਸ਼ ਹਨ, ਉਹ ਗਿਆਤਾ ,ਕਰਤਾ ਅਤੇ ਭੁਗਤਾ ਹਨ । ਪ੍ਰਭੂ-ਇਛਾ ਦੇ ਅਨੁਸਾਰ ਅਨੰਦ ਦਾ ਗੁਣ ਆਤਮਾ ਵਿਚੋਂ ਲੋਪ ਕਰ ਲਿਆ ਜਾਂਦਾ ਹੈ ,ਜਦੋਂ ਕਿ ਉਹਦੇ ਵਿਚ ਬ੍ਰਹਮ ਦੇ ਬਾਕੀ ਦੇ ਦੋ ਗੁਣ ਸਤ ਅਤੇ ਚਿਤ ਕਾਇਮ ਰਹਿੰਦੇ ਹਨ । ਬ੍ਰਹਮ ਦੀ ਅੰਸ਼ ਹੁੰਦਿਆਂ ਆਤਮਾ ਉਸ ਤੋਂ ਭਿੰਨ ਨਹੀ । ਆਕਾਰ ਵਿਚ ਪ੍ਰਮਾ ਪਰਮਾਣੂ ਹੁੰਦਿਆਂ ਵੀ ਸਾਰੇ ਸ੍ਰੀਰ ਵਿਚ ਵਿਵੇਕ ਬੁਧ ਕਾਰਨ ਫੁਲ ਦੀ ਸੁਗੰਧੀ ਵਾਂਗ ਫੈਲ ਜਾਂਦੀ ਹੈ ।ਆਤਮਾ ਇਕ ਵਾਸਤਵਿਕ ਚੇਤੰਨਤਾ ਹੈ ਅਤੇ ਬ੍ਰਹਮ ਦੀ ਅੰਸ਼ ਹੈ । ਜਦੋਂ ਲੁਪਤ ਅਨੰਦ ਦਾ ਗੁਣ ਪ੍ਰਗਟ ਹੋ ਜਾਂਦਾ ਹੈ ਤਾਂ ਆਤਮਾ ਬ੍ਰਹਮ ਵਾਂਗ ਸਰਬ-ਵਿਆਪਕ ਹੋ ਜਾਂਦੀ ਹੈ।

ਵੇਦਾਂਤ ਦੇ ਉਪਰੋਕਤ ਪੰਜ ਮਤਾਂ ਨੂੰ ਭਿੰਨ ਭਿੰਨ ਬ੍ਰਹਮ ਚਿੰਤਨ ਅਨੁਸਾਰ ਭਿੰਨ ਭਿੰਨ ਨਾਂ ਦਿਤਾ ਗਿਆ ਹੈ।।

ਸ਼ੰਕਰ ਦੇ ਮਤ ਨੂੰ ਅਦਵੈਤ ਕਿਹਾ ਜਾਂਦਾ ਹੈ । ਰਾਮਾਨੁਜ ਦੇ ਮਤ ਨੂੰ ਵਸ਼ਿਸ਼ਟਾਦਵੈਤ , ਮਾਧਵ ਦੇ ਮਤ ਨੂੰ ਦਵੈਤ , ਨਿੰਬਾਰਕ ਦੇ ਮਤ ਨੂੰ ਦਵੈਤਾਦਵੈਤ , ਅਤੇ ਵਲਭ ਦੇ ਮਤ ਨੂੰ ਸ਼ੁਧ ਅਦਵੈਤ । ਵੇਖਣਾ ਇਹ ਹੈ ਕਿ ਇਨ੍ਹਾਂ ਮਤਾਂ ਵਿਚੋਂ ਗੁਰੂ ਨਾਨਕ ਦੇਵ ਕਿਹੜੇ ਮਤ ਦੇ ਧਾਰਨੀ ਹਨ ?

## ਗੁਰੂ ਨਾਨਕ ਦੇਵ ਦਾ ਮਤ

ਵੇਦਾਂਤ ਦੇ ਉਪਰੋਕਤ ਪੰਜ ਮਤਾਂ ਵਿਚੋਂ ਗੁਰੂ ਨਾਨਕ ਦੇਵ ਦੀ ਵਿਚਾਰ ਪ੍ਰਣਾਲੀ ਕਿਸੇ ਇਕ ਮਤ ਨਾਲ ਪੂਰੀ ਤਰ੍ਹਾਂ ਨਹੀਂ ਰਲਦੀ । ਜੇ ਸਾਂਝ ਹੈ ਤਾਂ ਕੇਵਲ 'ਬ੍ਰਹਮ ਸਤਯਮ ' ਦੇ ਵਿਚਾਰ ਦੀ ਹੈ । ਬ੍ਰਹਮ ਦੀ ਸਦੀਵ ਹੋਂਦ ਨੂੰ ਅਚਾਰੀਆਂ ਨੇ ਵੀ ਮੰਨਿਆ ਹੈ ਅਤੇ ਗੁਰੂ ਨਾਨਕ ਦੇਵ ਨੇ ਵੀ । ਸ਼ੰਕਰਾਚਾਰੀਆ ਜਗਤ ਦੀ ਸਤਯਤਾ ਤੋਂ ਇਨਕਾਰੀ ਹੈ , ਪਰ ਗੁਰਦੇਵ ਰਾਮਾਨੁਜ ਵਾਂਗੂ ਹੀ ਇਸ ਨੂੰ ਸਾਪੇਖ ਸਤਯ ਮੰਨਦੇ ਹਨ।

ਉਨ੍ਹਾਂ ਦਾ ਬਚਨ ਹੈ :--

ਸਚੇ ਤੇਰੇ ਖੰਡ ਸਚੇ ਬ੍ਰਹਮੰਡ
ਸਚੇ ਤੇਰੇ ਲੋਅ ਸਚੇ ਆਕਾਰ
ਸਚੇ ਤੇਰੇ ਕਰਣੇ ਸਰਬ ਬੀਚਾਰ
ਸਚਾ ਤੇਰਾ ਅਮਰੁ ਸਚਾ ਦੀਬਾਣੁ
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ
ਸਚਾ ਤੇਰਾ ਕਰਮੁ ਸਚਾ ਨੀਸਾਣੁ ।
ਸਚੇ ਤੁਧੁ ਆਖਹਿ ਲਖ ਕਰੋੜਿ ।
ਸਚੈ ਸਭ ਤਾਣਿ ਸਚੈ ਸਭਿ ਜੋਰਿ ।
ਸਚੀ ਤੇਰੀ ਸਿਫਤਿ ਸਚੀ ਸਾਲਾਹ ।
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ।[1]

ਸਚੇ ਪਾਤਿਸਾਹ ਪ੍ਰਭੂ ਦੀ ਕੁਦਰਤਿ ਵੀ ਸਚੀ ਹੈ । ਇਹ ਨਾ ਹੀ ਭਰਮ ਹੈ ਅਤੇ ਨਾ ਹੀ ਅਵਿਦਿਆ ਕਰਕੇ ਭਾਸਦੀ ਹੈ ।

ਗੁਰਦੇਵ ਨਿਰਗੁਣ ਬ੍ਰਹਮ ਦੀ ਉਪਾਸਨਾ ਤੇ ਬਲ ਦਿੰਦੇ ਹਨ । ਉਹ ਅਵਤਾਰਵਾਦ ਦਾ ਖੰਡਨ ਕਰਦੇ ਹਨ ,ਇਸ ਲਈ ਉਨ੍ਹਾਂ ਦਾ ਬ੍ਰਹਮ ਨਾ ਹੀ ਵਿਸ਼ਨੂੰ ਦੇ ਰੂਪ ਵਿਚ ਹੈ , ਨਾ ਕ੍ਰਿਸ਼ਨ ਦੇ ਰੂਪ ਵਿਚ ਅਤੇ ਨਾ ਹੀ ਪੁਰਸ਼ੋਤਮ ਦੇ ਰੂਪ ਵਿਚ । ਉਨ੍ਹਾਂ ਅਨੁਸਾਰ ਦੇਵੀ ਦੇਵਤੇ ਮਾਇਆ ਦੀ ਉਪਜ ਹਨ ।ਉਹ ਤਾਂ ਆਪ ਬ੍ਰਹਮ ਨੂੰ ਨਹੀ ਵੇਖ ਸਕਦੇ[2] । ਉਹ ਬ੍ਰਹਮ ਦੀ ਕਿਸੇ ਇਕ ਸ਼ਕਤੀ ਦੇ ਪ੍ਰਤੀਕ ਹਨ । ਸਮੁੱਚੇ ਬ੍ਰਹਮ ਦਾ ਅਨੁਭਵ ਉਨ੍ਹਾਂ ਨੂੰ ਨਹੀ ਹੋ ਸਕਦਾ । ਵਡਾ ਸਾਹਿਬ ਤਾਂ ਅਲਖ ਅਪਾਰ ਹੈ[3]। ਜੇ ਕਿਤੇ ਅਲੰਕਾਰਾਂ ਰਾਹੀਂ ਪ੍ਰਭੂ ਦੀ ਸੁੰਦਰਤਾ ਨੂੰ ਬਿਆਨਿਆ ਹੈ ਤਾਂ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੋਈ ਸ਼ਕਲੀ ਬ੍ਰਹਮ ਨਹੀ ਸੀ ਜਿਵੇਂ :---

ਤੇਰੇ ਬੰਕੇ ਲੋਇਣ ਦੰਤ ਰੀਸਾਲਾ

---

੧- ਆਸਾ ਦੀ ਵਾਰ ਸਲੋਕ ਮ: ੧ ਪੰ: ੪੬੩ .

੨- ਜਪੁਜੀ : ਏਕਾ ਮਾਈ ---

੩- ਆਦਿ ਗ੍ਰੰਥ ਪੰ: ੫੬੭ .

ਸੋਹਣੇ ਨਕ ਜਿਨ ਲੰਮੜੇ ਵਾਲਾ

ਕੰਚਨ ਕਾਇਆ ਸੁਇਨੇ ਕੀ ਢਾਲਾ ----

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ।

ਕੁਹਕਨਿ ਕੋਕਿਲਾ ਤਰਲ ਜੁਆਣੀ । ( ਵਡਹੰਸ ਮ:੧:ਪੰ: ੫੬੭ )

ਏਥੇ ਤਾਂ ਕੇਵਲ ਸੂਖਮ ਬ੍ਰਹਮ ਨੂੰ ਸਥੂਲ ਜਗਤ ਦੇ ਬਿੰਬਾਂ ਰਾਹੀਂ ਵਰਣਨ ਕਰਨ ਦਾ ਇਕ ਜਤਨ ਕੀਤਾ ਗਿਆ ਹੈ ।

ਅਨੰਤ ਬ੍ਰਹਮ ਦੀ ਰਚਨਾ ਵੀ ਬੇਅੰਤ ਹੈ । ਉਸਦੇ ਰਚੇ ਆਕਾਰ ਦਾ ਕੋਈ ਅੰਤ ਨਹੀਂ[1] । ਉਸਦੇ ਸਾਜੇ ਖੰਡਾਂ , ਮੰਡਲਾਂ, ਬ੍ਰਹਿਮੰਡਾਂ ਦਾ ਕੋਈ ਅੰਤ ਨਹੀਂ[2] । ਗੁਰੂ ਨਾਨਕ ਦੇਵ ਨੇ ਭਿੰਨ ਭਿੰਨ ਸ੍ਰਿਸ਼ਟੀਆਂ ਦੇ ਜੀਵਾਂ ਲਈ ਅਸੰਖ ਸ਼ਬਦ ਵਰਤਿਆ ਹੈ । ਆਪਣੀ ਰਚਨਾ ਦੀ ਸੀਮਾਂ ਨੂੰ ਬ੍ਰਹਮ ਆਪ ਹੀ ਜਾਣਦਾ ਹੈ , ਹੋਰ ਕੋਈ ਨਹੀਂ ਜਾਣ ਸਕਦਾ[4] । ਜੀਵਾਂ ਜੰਤਾਂ ਦੀ ਗਿਣਤੀ ਦਾ ਅੰਦਾਜ਼ਾ ਵੀ ਉਹ ਆਪ ਹੀ ਜਾਣਦਾ ਹੈ:___

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ।

ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ।

ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ।

ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ।

ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ।

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀਤਾਹ । ( ਵਾਰ ਆਸਾ ਮ:੧: ਪੰ: ੪੬੭ )

ਪੰਜ ਤੱਤਾਂ ਦੀ ਆਕ੍ਰਿਤ ਵਿਚ ਜੀਵਾਤਮਾ ਪਾ ਕੇ ਜੀਵ ਰਚ ਦੇਣਾ ਸਭ ਬ੍ਰਹਮ ਦੀ ਸਿਰਜਨਾ ਸ਼ਕਤੀ ਦਾ ਕੰਮ ਹੈ । ਉਹਨਾਂ ਨੂੰ ਸਿਰਜ ਕੇ ਉਹ ਆਪ ਸਭ ਦੇ ਅੰਦਰ ਬਿਰਾਜ ਰਿਹਾ ਹੈ:

ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ

ਜਤ੍ਰ ਕਤ੍ਰ ਤੂ ਸਰਬ ਜੀਆ । ( ਭੈਰਉ ਮ:੧: ਪੰ: ੧੧੨੭ )

---

੧- ਜਪੁਜੀ: ਅੰਤੁ ਨ ਜਾਪੈ ਕੀਤਾ ਆਕਾਰੁ ।

੨- ਜਪੁਜੀ: ਪਉੜੀ ੩੭ ।

੩- " ਜਪੁਜੀ ।

੪- ਜਪੁਜੀ: ਆਪਿ ਜਾਣੈ ਆਪਿ ।

ਜੀਵਾਂ ਨੂੰ ਪੈਦਾ ਕਰ ਕੇ ਜੀਵਿਤ ਰਖਣ ਜਾਂ ਮਾਰ ਦੇਣ ਦੀ ਜੁਗਤ ਉਸ ਨੇ ਆਪਣੇ ਹਥ ਵਿਚ ਰਖੀ ਹੈ। ਜੀਅ ਉਪਾਇ ਜੁਗਤਿ ਵਸਿ ਕੀਨੀ ( ਮਲਾਰ ਮ: ੧ ਪੰ:੧੨੭੪ ) ਸਾਰੇ ਜੀਵ ਮੁਸਾਫਰ ਹਨ । ਜਦੋਂ ਉਨ੍ਹਾਂ ਦਾ ਸਮਾਂ ਪੁਗ ਜਾਂਦਾ ਹੈ , ਉਹ ਦ੍ਰਿਸ਼ਟਮਾਨ ਸੰਸਾਰ ਨੂੰ ਛਡ ਜਾਂਦੇ ਹਨ । ਰੱਬੀ ਸਦਾ ਆਉਣ ਉਤੇ ਉਨ੍ਹਾਂ ਨੂੰ ਜਾਂਦਿਆਂ ਜ਼ਰਾ ਵੀ ਢਿਲ ਨਹੀ ਲਗਦੀ : ਜੇਤੇ ਜੀਅ ਤੇਤੇ ਵਟਾਊ । ਚਾਰੀ ਘੜੀ ਢਿਲ ਨ ਕਾਊ (ਵਾਰ ਰਾਮਕਲੀ ਮ: ੩ ਸਲੋਕ ਮ: ੧ ਪੰ: ੯੫੨ ) ਸਾਰੇ ਸੰਸਾਰ ਵਿਚ ਸੂਰਜ ਅਤੇ ਚੰਦਰਮਾ ਦੋ ਦੀਵੇ ਹਨ । ਜਿਨ੍ਹਾਂ ਦੀ ਲੋਅ ਵਿਚ ਜੀਵ ਰੂਪੀ ਵਣਜਾਰੇ ਸੰਸਾਰ ਵਿਚ ਵਣਜ ਕਰਦੇ ਹਨ । ਵਪਾਰ ਕਰਨ ਮਗਰੋਂ ਉਨ੍ਹਾਂ ਨੂੰ ਜਾਣਾ ਪੈਂਦਾ ਹੈ :-

ਦੁਇ ਦੀਵੇ ਚਉਦਹ ਹਟ ਨਾਲੇ
ਜੇਤੇ ਜੀਅ ਤੇਤੇ ਵਣਜਾਰੇ
ਖੁਲ੍ਹੇ ਹਟ ਹੋਆ ਵਪਾਰ
ਜੋ ਪਹੁਚੈ ਸੋ ਚਲਣਹਾਰ

( ਵਾਰ ਸੂਹੀ ਮ: ੩ ਸਲੋਕ ਮ: ੧ ਪੰ: ੭੮੯ )

ਜੀਵਾਂ ਦੀਆਂ ਸਭ ਹਰਕਤਾਂ ਲੇਖੇ ਅਧੀਨ ਹਨ ।ਉਨ੍ਹਾਂ ਦੀ ਕਰਣੀ ਅਨੁਸਾਰ ਹੀ ਇਨਸਾਫ ਹੁੰਦਾ ਹੈ । ਏਸੇ ਲਈ ਉਹ ਭਿੰਨ ਭਿੰਨ ਵੇਸਾਂ ਵਿਚ ਸੰਸਾਰ ਵਿਚ ਪੈਦਾ ਹੁੰਦੇ ਰਹਿੰਦੇ ਹਨ:--

ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ।
ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ।
ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ।
ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ।
ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ।
ਕਰਣੈ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ

(ਵਾਰ ਸਾਰੰਗ ਮ: ੪ ਸਲੋਕ ਮ:੧
ਪੰ: ੧੨੩੮ )

ਪ੍ਰਭੂ ਦੇ ਹੁਕਮ ਅੰਦਰ ਹੀ ਜੀਵ ਉਤਮ ਅਤੇ ਨੀਚ ਪਦਵੀ ਨੂੰ ਪ੍ਰਾਪਤ ਕਰਦੇ ਹਨ । ਕੋਈ ਵੀ ਜੀਵ ਪ੍ਰਭੂ ਦੇ ਹੁਕਮ ਤੋਂ ਬਾਹਰ ਨਹੀ । ਗੁਰਦੇਵ ਦਾ ਬਚਨ ਹੈ:

ਪਉਣੈ ਪਾਣੀ ਅਗਨੀ ਜੀਉ । ਤਿਨ ਕਿਆ ਖੁਸੀਆ ਕਿਆ ਪੀੜ ।

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ।
ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ।
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ।
ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ।
ਸਭ ਕੋ ਨਥੈ ਨਥਿਆ ਬਖਸਿ ਤੋੜੇ ਨਥ ।
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ।
ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ।
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ।
ਅਕਥ ਕੀ ਕਥਾ ਸੁਣੇਇ ।
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ।

( ਵਾਰ ਮਲਾਰ ਮ:੧ ਪੰ: ੧੨੮੯ )

ਗੁਰਦੇਵ ਜੀਆਂ ਉਪਰੋਕਤ ਕਥਨੀਆਂ ਤੋਂ ਬ੍ਰਹਮ ਅਤੇ ਜੀਵਾਤਮਾ ਸਬੰਧੀ ਕੁਝ ਵਿਸ਼ੇਸ਼ ਸਿੱਟੇ ਨਿਕਲਦੇ ਹਨ:-

(੧) ਬ੍ਰਹਮ ਅਲੇਖ ਹੈ ਅਤੇ ਜੀਵ ਕਰਮ-ਬੰਧਨ ਵਿਚ ਹਨ । ਜਿਵੇਂ :

ਜੇਤੇ ਜੀਅ ਲਿਖੀ ਸਿਰਿ ਕਾਰ ਕਰਣੀ ਉਪਰਿ ਹੋਵਗਿ ਸਾਰ (ਬਸੰਤ ਮ: ੧ ਪੰ:੧੧੬੯)

(੨) ਸਭ ਜੀਵ ਬ੍ਰਹਮ ਨਾਲ ਸਬੰਧਤ ਹਨ । ਬ੍ਰਹਮ ਵਰਗਾ ਦੂਜਾ ਕੋਈ ਨਹੀ : ਜਿਵੇਂ
ਜੇਤੀ ਹੈ ਤੇਤੀ ਤੁਝ ਹੀ ਤੇ ਤੁਮ ਸਰਿ ਅਵਰੁ ਨ ਕੋਈ ( ਮਲਾਰ ਮ:੧ ਪੰ:੧੨੭੪)

(੩) ਜੀਵਾਂ ਦੀ ਜੁਗਤਿ ਬ੍ਰਹਮ ਦੇ ਹਥ ਵਿਚ ਹੈ । ਉਹ ਉਨ੍ਹਾਂ ਅੰਦਰ ਵੀ ਵਸਦਾ ਹੈ , ਪਰ ਉਨ੍ਹਾਂ ਤੋਂ ਅਲਗ ਵੀ ਹੈ।ਜਿਵੇਂ :
ਜੀਆ ਅੰਦਰਿ ਜੁਗਤਿ ਸਮਾਈ । ਰਹਿਓ ਨਿਰਾਲਮੁ ਰਾਇਆ (ਮਾਰੂ ਮ: ੧ ਪੰ: ੧੦੩੮)

(੪) ਬ੍ਰਹਮ ਸਰਬ ਸ਼ਕਤੀਮਾਨ ਹੈ । ਉਹ ਅਕਥ, ਅਲਖ ਅਤੇ ਵਰਨਾ ਚਿਹਨਾ ਬਾਹਰਾ ਹੈ । ਸਭ ਸ੍ਰਿਸ਼ਟੀ ਨੂੰ ਉਸ ਨੇ ਨਥਿਆ ਹੋਇਆ ਹੈ । ਇਸ ਲਈ ਉਹ ਘਟ ਘਟ ਦੀ ਜਾਣਨਹਾਰ ਹੈ ਜਿਵੇਂ:
ਤੂ ਅੰਤਰਜਾਮੀ ਜੀਅ ਸਭਿ ਤੇਰੇ (ਮਾਰੂ ਮ: ੧ ਪੰ: ੧੦੩੮ )

(੫) ਉਹ ਸਭਨਾ ਜੀਆਂ ਦਾ ਰਾਜ਼ਕ ਹੈ ।ਪਹਿਲਾਂ ਹੀ ਰਿਜ਼ਕ ਬਾਪ ਕੇ ਭੇਜਦਾ ਹੈ।ਜਿਵੇਂ:

ਜੀਅ ਉਪਾਇ ਰਿਜਕੁ ਦੇ ਆਪੇ (ਮਾਰੂ ਮ: ੧ ਪੰ: ੧੦੪੨ )

(੬) ਜੀਵਾਂ ਦਾ ਕੋਈ ਅੰਤ ਨਹੀ ,ਭਿੰਨ ਭਿੰਨ ਖਾਣੀਆਂ ਵਿਚ ਅਸੰਖਾ ਜੀਵ ਹਨ ।ਕੇਵਲ

ਧਰਤੀ ਧਰਮਸਾਲ ਬਾਰੇ ਗੁਰਦੇਵ ਦਾ ਇਹ ਬਚਨ ਹੈ:-

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ।
ਤਿਨ ਕੇ ਨਾਮ ਅਨੇਕ ਅਨੰਤ ( ਜਪੁਜੀ )

(੭) ਜੀਵਾਤਮਾ ਕਰਮ-ਬੰਧਨ ਵਿਚ ਫਸ ਕੇ ਕਈ ਸ੍ਰੀਰ ਧਾਰਨ ਕਰਦੀ ਹੈ ।ਇਹ ਸ੍ਰੀਰ ਨਾਲੋਂ ਇਸ ਲਈ ਭਿੰਨ ਹੈ ਅਤੇ ਇਸ ਦਾ ਅਸਲ ਸਬੰਧ ਬ੍ਰਹਮ ਨਾਲ ਹੈ ।ਇਹ ਗਿਆਨ ਇੰਦਰਿਆਂ , ਮਨ ਅਤੇ ਬੁਧੀ ਤੋਂ ਵੀ ਭਿੰਨ ਹੈ । ਚੇਤੰਨਤਾ ਦੇ ਕਾਰਨ ਇਹ ਗਿਆਤਾ ਹੈ । ਕਰਮ ਕਰਦੀ ਹੈ , ਇਸ ਲਈ ਕਰਤਾ ਹੈ । ਇਹ ਆਪਣੇ ਕਰਮਾ ਦੇ ਫਲ ਨੂੰ ਭੋਗਦੀ ਹੈ ,ਇਸ ਲਈ ਭੁਗਤਾ ਹੈ ।

ਗੁਰਦੇਵ ਨੇ ਜੀਵਾਤਮਾ ਬਾਰੇ ਸਪਸ਼ਟ ਕਿਹਾ ਹੈ:-

੧- ਨਾ ਜੀਉ ਮਰੈ ਨ ਡੂਬੈ ਤਰੈ ।
ਜਿਨਿ ਕਿਛੁ ਕੀਆ ਸੋ ਕਿਛੁ ਕਰੈ ।
ਹੁਕਮੇ ਆਵੈ ਹੁਕਮੇ ਜਾਇ ।

ਆਗੈ ਪਾਛੈ ਹੁਕਮਿ ਸਮਾਇ । ( ਗਉੜੀ ਮ: ੧ ਪੰ: ੧੫੨ )

੨- ਨਾ ਜੀਉ ਮਰੈ ਨ ਮਾਰਿਆ ਜਾਈ (ਮਾਰੂ ਮ: ੧ ਪੰ: ੧੦੨੬ )

ਇਸ ਲਈ ਜੀਵਾਤਮਾ ਅਮਰ ਹੈ । ਸ੍ਰੀਰ ਖਤਮ ਹੋ ਜਾਂਦੇ ਹਨ । ਪਰ ਆਤਮਾ ਨਹੀ ਮਰਦੀ । ਇਹ ਵੀ ਕਿਹਾ ਜਾ ਸਕਦਾ ਹੈ ਕਿ ਆਤਮਾ ਅਜਨਮੀ ਹੈ । ਕਿਉਂਕਿ ਇਸਦੀ ਹੋਂਦ ਸਦੀਵੀ ਹੈ । ਪਰ ਜਿਵੇ ਬ੍ਰਹਮ ਨੂੰ ਸੂਰਜ ਨਾਲ ਤੁਲਨਾ ਦਿਤੀ ਜਾ ਸਕਦੀ ਹੈ , ਉਥੇ ਆਤਮਾ ਨੂੰ ਕਿਰਨ ਨਾਲ । ਜੇ ਬ੍ਰਹਮ ਨੂੰ ਸਾਗਰ ਨਾਲ ਤੁਲਨਾਇਆ ਜਾਵੇ ਤਾਂ ਇਹ ਇਕ ਬੂੰਦ ਵਾਂਗ ਹੈ । ਗੁਰਦੇਵ ਨੇ ਇਹ ਰੂਪਕ ਵੀ ਵਰਤੇ ਹਨ ਜਿਵੇ:

੧- ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ (ਰਾਮਕਲੀ ਮ:੧ ਪੰ: ੮੭੮ )
੨- ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ (ਤੁਖਾਰੀ ਮ:੧ਪੰ:੧੧੧੧)

ਬ੍ਰਹਮ ਅਸੀਮ ਹੈ ਅਤੇ ਜੀਵ ਸੀਮਿਤ ।ਜੀਵਾਂ ਵਿਚੋਂ ਮਾਨਸ

ਜਨਮ ਨੂੰ ਦੁਰਲੱਭ ਮੰਨਿਆ ਹੈ ( ਸੂਹੀ ਮ:੧ ਪੰ: ੭੫੧ ) ਭਟਕਦਾ ਹੋਇਆ ਮਨੁਖ ਉਸ ਮਛਲੀ ਵਾਂਗੂ ਹੈ ਜੋ ਦਰਿਆ ਦੀ ਥਾਹ ਨਾ ਪਾਉਣ ਕਰਕੇ ਪ੍ਰੇਸ਼ਾਨ ਹੈ:--

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ।
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ।

(ਸਿਰੀ ਰਾਗੁ ਮ:੧ ਪੰ: ੨੫ )

ਇਹ ਅਗਿਆਨਤਾ ਦੀ ਅਵਸਥਾ ਹੈ, ਪਰ ਜਦੋਂ ਸਤਿਗੁਰੂ ਦੀ ਕ੍ਰਿਪਾ ਨਾਲ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਆਤਮਾ ਤੇ ਰਾਮ ਇਕ ਮਿਕ ਹੋ ਜਾਂਦੇ ਹਨ:--

ਆਤਮ ਮਹਿ ਰਾਮੁ ਰਾਮ ਮਹਿ ਆਤਮੁ

(ਭੈਰਉ ਮ:੧ ਪੰ: ੧੧੫੩ )

ਆਤਮਾ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿੰਦਾ :

ਆਤਮਾ ਪਰਾਤਮਾ ਏਕੋ ਕਰੈ
ਅੰਤਰ ਕੀ ਦੁਬਿਧਾ ਅੰਤਰਿ ਮਰੈ

(ਧਨਾਸਰੀ ਮ: ੧ ਪੰ: ੬੬੧ )

***************

****************

# ਛੇਵਾਂ ਅਧਿਆਇ

****************

## ਜੀਵ ਅਤੇ ਮਾਇਆ

(ਸ਼ੰਕਰ ਦਾ ਮਾਇਆਵਾਦ—ਰਾਮਾਨੁਜ ਦਾ ਮਤ—
ਗੁਰੂ ਨਾਨਕ ਦਾ ਮਾਇਆ ਸਬੰਧੀ ਮਤ—
ਮਾਇਆ ਅਤੇ ਜੀਵ—ਹਉਮੈ—ਕਾਮਾਦਿਕ
ਪੰਜ ਵਿਕਾਰ।)

## ਅ ਧਿ ਆ ਇ ਛੇ ਵਾਂ

## ਜੀਵ ਅਤੇ ਮਾਇਆ

ਤੀਜੇ ਅਧਿਆਇ ਵਿਚ ਜੀਵ ਦੇ ਕਰਮਾਂ ਦੇ ਸਬੰਧ ਵਿਚ ਮਾਇਆ ਦੇ ਪ੍ਰਭਾਵ ਦਾ ਜ਼ਿਕਰ ਹੋਇਆ ਹੈ। "ਮਾਇਆ" ਸ਼ਬਦ ਪ੍ਰਾਚੀਨ ਕਾਲ ਤੋਂ ਹੀ ਭਾਰਤੀ ਦਰਸ਼ਨ ਵਿਚ ਵਰਤਿਆ ਜਾਂਦਾ ਰਿਹਾ ਹੈ। ਸਮੇਂ ਸਮੇਂ ਇਸਦਾ ਸਿਧਾਂਤਕ ਵਿਕਾਸ ਹੋਇਆ ਹੈ ਅਤੇ ਵਖ ਵਖ ਸਿਧਾਂਤਾਂ ਲਈ ਇਹ ਇਕੋ ਸਾਂਝਾ ਸ਼ਬਦ ਵਰਤਣ ਦਾ ਮਹੱਤਵ ਵੀ ਜਾਣਨਾ ਜ਼ਰੂਰੀ ਹੈ। ਅਜ ਵੀ ਅਸੀਂ ਆਮ ਬੋਲ ਚਾਲ ਵਿਚ ਮਾਇਆ ਸ਼ਬਦ ਜਾਦੂ ਲਈ ਵਰਤਦੇ ਹਾਂ। ਜਾਦੂਗਰ ਦੀ ਕਲਾ, ਜਿਸ ਰਾਹੀਂ ਗੁਝੀਆਂ ਸ਼ਕਤੀਆਂ ਵਰਤਕੇ "ਚੋਜ਼" ਪੈਦਾ ਕੀਤੀਆਂ ਜਾਂਦੀਆਂ ਹਨ, ਮਾਇਆ ਅਖਵਾਂਦੀ ਹੈ। ਇਹ ਚਮਤਕਾਰੀ ਸ਼ਕਤੀ ਸਾਧਾਰਨ ਦਰਸ਼ਕ ਦੀ ਨਜ਼ਰਬੰਨ੍ਹ ਲੈਂਦੀ ਹੈ। ਦੂਜੇ ਬੰਨੇ ਇਹ 'ਭਰਮ' ਵੀ ਪੈਦਾ ਕਰਦੀ ਹੈ, ਚਮਤਕਾਰੀ ਸ਼ਕਤੀ, ਦਰਸ਼ਕ ਦੀ ਅੰਤਰਮੁਖੀ ਅਵਿਦਿਆ ਅਤੇ ਛਲਾਵੇ ਦਾ ਬਾਹਰਮੁਖੀ ਭਰਮ, ਤਿੰਨਾਂ ਨੂੰ ਹੀ ਕਲਿਆਂ ਕਲਿਆਂ ਅਤੇ ਸਾਂਝੇ ਤੌਰ ਤੇ ਮਾਇਆ ਕਿਹਾ ਜਾਂਦਾ ਹੈ।

ਰਿਗ ਵੇਦ ਵਿਚ 'ਮਾਇਆ' ਸ਼ਬਦ ਦੀ ਵਰਤੋਂ ਹੋਈ ਹੈ ਜਿਸ ਦਾ ਭਾਵ ਗੁਹਜ ਅਤੇ ਅਲਖ ਸ਼ਕਤੀ ਹੈ ਜਿਸ ਨਾਲ ਅਲੌਕਿਕ ਕਰਤਬ ਕੀਤੇ ਜਾਂਦੇ ਹਨ। ਇਹ ਸ਼ਕਤੀ [illegible] ਦਿਆਲੂ ਵੀ ਹੋ ਸਕਦੀ ਹੈ ਅਤੇ ਹਾਨੀਕਾਰਕ ਵੀ। ਰਿਗ ਵੇਦ ਵਿਚ ਹੀ ਇਸ ਸ਼ਕਤੀ ਨਾਲ ਰਚੇ ਰਹਸਮਈ ਰੂਪਾਂ ਨੂੰ ਵੀ ਮਾਇਆ ਕਿਹਾ ਗਿਆ ਹੈ। ਪਹਿਲੇ ਰਚੇ ਉਪਨਿਸ਼ਦਾਂ ਵਿਚ ਵੀ 'ਮਾਇਆ' ਸ਼ਬਦ ਇਸੇ ਭਾਵ ਵਿਚ ਵਰਤਿਆ ਗਿਆ ਹੈ। ਕਿਤੇ ਵੀ ਇਹ ਵਿਸ਼ਵ-ਛਲਾਵੇ ਦੇ ਰੂਪ ਵਿਚ ਨਹੀਂ। ਇਥੇ ਇਹਦਾ ਸੰਕੇਤ ਵਿਅਕਤੀਗਤ ਤਜਰਬੇ ਦੇ ਕੁਝ ਤਥਾਂ ਬਾਰੇ ਹੈ ਜੋ ਮੁਕਤੀ ਦੇ ਧਾਰਮਕ ਵਿਚਾਰ ਨਾਲ ਸਬੰਧਤ ਹਨ। ਇਹਦੇ ਵਿਚ ਅੰਤਰਮੁਖੀ ਅਵਿਦਿਆ ਦਾ ਸੁਝਾਉ ਜ਼ਰੂਰ ਹੈ, ਪਰ ਮਾਇਆ ਪਦ ਨਾਲ ਇਹਦਾ ਸਿਧਾ ਸਬੰਧ ਨਹੀਂ। ਉਪਨਿਸ਼ਦ ਮਾਇਆ ਸ਼ਬਦ ਦੀ ਥਾਂ ਇਹਦੇ ਸਿਧਾਂਤਕ ਇਤਿਹਾਸ ਦੇ ਅਧਿਐਨ ਬਾਰੇ ਸਾਮਿਗ੍ਰੀ ਦਿੰਦੇ ਹਨ।

ਰਾਮਾਇਣ ਅਤੇ ਮਹਾਂਭਾਰਤ ਵਿਚ ਮਾਇਆ ਪਦ ਦੇ ਤਿੰਨ ਭੇਦਾਂ ਦਾ ਵਰਣਨ ਮਿਲਦਾ ਹੈ ; ਸ਼ਕਤੀ ਦੇ ਰੂਪ ਵਿਚ , ਭਰਮ ਦੇ ਰੂਪ ਵਿਚ ਅਤੇ ਅਵਿੱਦਿਆ ਦੇ ਰੂਪ ਵਿਚ । ਸ਼ਕਤੀ ਦੇ ਰੂਪ ਵਿਚ ਇਹ ਪਹਿਲੀ ਵਾਰ ਪਰਮਾਰਥਕ ਜੀਵਨ ਨਾਲ ਸੰਬੰਧਤ ਹੋਈ ਹੈ । ਸ਼ਾਇਦ ਇਉਂ ਦਰਾਵੜੀ ਪ੍ਰਭਾਵ ਕਰ ਕੇ ਹੋਇਆ ਹੋਵੇ । ਸ਼ਾਕਤ ਮਤ ਵਿਚ ਸ਼ਕਤੀ ਨੂੰ 'ਮਹਾਂ ਮਾਇਆ' ਜਾਂ 'ਮਹਾਂ ਮਾਈ' ਕਿਹਾ ਗਿਆ ਹੈ । ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਦੀ ਬਾਣੀ ਵਿਚ 'ਮਹਾਂ ਮਾਈ' ਦਾ ਜ਼ਿਕਰ ਆਇਆ ਹੈ[1] । ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਮਹਾਂ ਮਾਇਆ' ਬਾਰੇ ਇਉਂ ਲਿਖਿਆ ਹੈ:

ਤੀਨਿ ਗੁਣਾ ਇਕ ਸਕਤਿ ਉਪਾਇਆ ।
ਮਹਾ ਮਾਇਆ ਤਾ ਕੀ ਹੈ ਛਾਇਆ ।
( ਗੋਂਡ ਮ: ੫ , ਪੰਨਾ ੮੬੮ )

ਭਗਵਦ ਗੀਤਾ ਵਿਚ ਮਾਇਆ ਦੇ ਅਵਿਦਿਆ ਵਾਲੇ ਪੱਖ ਨੂੰ ਉਘਾੜਿਆ ਗਿਆ ਹੈ । ਇਹ ਅਵਿਦਿਆ ਕੁਝ ਧਾਰਮਕ ਹੈ ਅਤੇ ਕੁਝ ਦਾਰਸ਼ਨਿਕ । ਵਿਅਕਤੀ ਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਨਹੀਂ ਹੁੰਦਾ । ਵਿਦਿਆ ਅਥਵਾ ਗਿਆਨ ਦੀ ਪ੍ਰਾਪਤੀ ਅਤੇ ਆਵਾਗਵਣ ਤੋਂ ਛੁਟਕਾਰਾ ਯੋਗ ਸਾਧਨਾ ਰਾਹੀਂ ਹੁੰਦਾ ਹੈ । ਭਗਵਦ ਗੀਤਾ ਦੇ ਕਾਲ ਨਾਲ ਸੰਬੰਧਤ ਇਕ ਹੋਰ ਰਚਨਾ ਸ਼ਵੇਤਾਸ਼ਵਰ ਉਪਨਿਸ਼ਦ ਹੈ ਜਿਸ ਵਿਚ ਪਹਿਲੀ ਵਾਰੀ ਮਾਇਆ ਸ਼ਬਦ ਦੀ ਵਰਤੋਂ ਸਾਰੇ ਵਿਸ਼ਵ ਦੇ ਸੰਬੰਧ ਵਿਚ ਹੋਈ ਹੈ । ਗੌੜਪਾਦ ਨੇ ਆਪਣੀ ਕਾਰਿਕਾ ਵਿਚ ਵੀ ਮਾਇਆ ਨੂੰ ਵਿਸ਼ਵ ਨਾਲ ਸੰਬੰਧਤ ਕੀਤਾ ਹੈ । ਇਸ ਤੋਂ ਮਗਰੋਂ ਸ਼ੰਕਰਾਚਾਰੀਆ ਨੇ ਮਾਇਆ ਪਦ ਨੂੰ ਭਾਰਤੀ ਦਰਸ਼ਨ ਵਿਚ ਇਕ ਵਿਸ਼ੇਸ਼ ਸਰੂਪ ਦਿਤਾ ।

ਸ਼ੰਕਰ ਨੇ ਮਾਇਆ ਨੂੰ ਅਨਿਰਵਚਨੀ ( ਅਕਥ ਕਿਹਾ ਹੈ ) ਉਹਦੇ ਲਈ ਮਾਇਆ ਜਗਤ ਅਤੇ ਬ੍ਰਹਮ ਨੂੰ ਜੋੜਨ ਵਾਲੀ ਕੜੀ ਹੈ । ਇਹ ਬ੍ਰਹਮ ਦੀ ਅਕਥਨੀ ਸ਼ਕਤੀ ਹੈ ਜਿਦ੍ਹੇ ਨਾਲ ਬ੍ਰਹਮ ਵਿਚੋਂ ਜਗਤ ਪ੍ਰਗਟ ਹੁੰਦਾ ਹੈ । ਸ਼ੰਕਰ ਲਈ ਮਾਇਆ ਅਵਿਦਿਆ ਦੀ ਸਮਾਨਾਰਥਕ ਹੈ । ਇਹ ਅਵਿਦਿਆ - ਮਾਇਆ ਵਿਸ਼ਵ ਦੀ ਵੀ ਹੈ ਅਤੇ ਵਿਅਕਤੀ ਦੀ ਵੀ । ਇਹਦੇ ਵਿਚ ਸਾਰਾ ਬ੍ਰਹਿਮੰਡ ਸ਼ਾਮਲ ਹੈ ਅਤੇ ਸਗੁਣ ਬ੍ਰਹਮ ਵੀ । ਨਿਰਗੁਣ ਬ੍ਰਹਮ ਇਸ ਤੋਂ ਪਰ੍ਹੇ ਹੈ । ਸ਼ੰਕਰ ਦਾ ਮਾਇਆਵਾਦ ਦਾ ਸਿਧਾਂਤ ਬਹੁਤ ਪ੍ਰਸਿਧ ਹੋਇਆ ਹੈ । ਸ਼ੰਕਰ ਅਨੁਸਾਰ ਮਾਇਆ ਕ੍ਰਿਆਤਮਕ ਹੈ ਪਰ ਅਮਰ ਨਹੀਂ , ਪਰ ਰਾਮਾਨੁਜ ਲਈ ਇਹ ਕ੍ਰਿਆਤਮਕ ਵੀ ਹੈ ਅਤੇ ਸਚਿਤ ਵੀ । ਰਾਮਾਨੁਜ ਲਈ ਮਾਇਆ ਅਤੇ ਪ੍ਰਕ੍ਰਿਤੀ ਸਮਾਨਾਰਥਕ ਹਨ ।

1 ਗੋਂਡ ਨਾਮਦੇਵ ਪੰਨਾ ੮੭੪

## ਸ਼ੰਕਰ ਦਾ ਮਾਇਆਵਾਦ

ਸ਼ੰਕਰ ਦਾ ਮਤ ਹੈ ਕਿ " 'ਕੇਵਲ ਬ੍ਰਹਮ ਹੀ ਸਤ ਹੈ ' ਜਗਤ ਮਿਥਿਆ ਹੈ ਅਤੇ ਜੀਵ ਬ੍ਰਹਮ ਹੈ , ਹੋਰ ਕੁਛ ਵੀ ਨਹੀਂ "ਇਹ ਉਸਦੇ ਦਰਸ਼ਨ ਦਾ ਬੁਨਿਆਦੀ ਸਿਧਾਂਤ ਹੈ । ਉਹਦੇ ਅਨੁਸਾਰ ਜੀਵ ਅਤੇ ਬ੍ਰਹਮ ਸੰਪੂਰਨ ਤੌਰ ਤੇ ਸਮਰੂਪ ਹਨ । ਏਸੇ ਲਈ ਉਹ ਜੀਵ ਨੂੰ , ਸ਼ਰੁਤੀ ਨੂੰ ਆਧਾਰ ਬਣਾ ਕੇ ਕਹਿੰਦਾ ਹੈ 'ਤਤਤਵਮ ਅਸਿ ' ( THOU ART THAT - ਤੂੰ ਉਹ ਹੈਂ )'ਉਹਦੇ ਲਈ ਬ੍ਰਹਮ ਦਾ ਅਸਲੀ ਸਰੂਪ 'ਨਿਰਗੁਣ ' ਹੈ ਜੋ ਸ਼ੁਧ ਸਤਿਅਤਾ, ਸ਼ੁਧ ਚੇਤੰਨਤਾ ਅਤੇ ਸ਼ੁਧ ਅਨੰਦਮਯ ਹੈ । ਉਹਦੇ ਲਈ ਜਗਤ ਦੀ ਹੋਂਦ ਕੋਈ ਨਹੀਂ । ਬ੍ਰਹਮ ਤੋਂ ਛੁਟ ਹੋਰ ਕੁਛ ਵੀ ਨਹੀ ਨਹੀਂ । ਜਗਤ ਦੀ ਅਸਤਯਤਾ ਨੂੰ ਉਹ 'ਮਾਇਆ' ਦੇ ਸੰਕਲਪ ਰਾਹੀਂ ਵਿਆਖਿਆਉਂਦਾ ਹੈ । ਜੋ ਆਪੇ ਅਤੇ ਅਨ-ਆਪੇ , ਹਉਂ ਅਤੇ ਅਨ-ਹਉਂ , ਕਾਰਨ ਅਤੇ ਕਾਰਜ , ਬ੍ਰਹਮ ਅਤੇ ਸੰਸਾਰ ਵਰਗੀਆਂ ਵਿਰੋਧਤਾਵਾਂ ਨੂੰ ਇਕਰੂਪ ਕਰਦੀ ਹੈ । ਇਸੇ ਲਈ ਇਹ ਅਕਥਨੀਯ ਅਤੇ ਨਿਰਵਚਨੀਯ ਹੈ ।ਇਹ ਕਿਸੇ ਵਸਤੂ ਨੂੰ ਕੋਈ ਹੋਰ ਸਰੂਪ ਦੇ ਦਿੰਦੀ ਹੈ । ਰਸੀ ਨੂੰ ਵੇਖ ਕੇ ਸਪ ਦਾ ਭਰਮ ਪੈਂਦਾ ਹੈ , ਇਵੇਂ ਹੀ ਸੰਸਾਰ ਨੂੰ ਵੇਖ ਕੇ ਬ੍ਰਹਮ ਦਾ । ਇਸਨੂੰ ਅਧਯਾਸ ਕਹਿੰਦੇ ਹਨ । ਅਸਲ ਵਿਚ ਨਾ ਹੀ ਸਪ ਹੈ ਅਤੇ ਨਾ ਹੀ ਸੰਸਾਰ । ਪਰ ਮਾਨਵ ਆਪਣੇ ਸੁਭਾ ਅਨੁਸਾਰ ਸਚ ਨੂੰ ਝੂਠ ਨਾਲ ਸਮਰੂਪ ਕਰਦਾ ਹੈ ।ਇਹ ਉਸਦੀ ਅਗਿਆਨਤਾ ਅਥਵਾ ਅਵਿਦਿਆ ਕਰ ਕੇ ਹੁੰਦਾ ਹੈ । ਇਸੇ ਅਗਿਆਨਤਾ ਦੇ ਕਾਰਨ ਬ੍ਰਹਮ ਜੀਵ ਦੇ ਰੂਪ ਵਿਚ ਸਹੀ ਹੁੰਦਾ ਹੈ । ਇਸੇ ਅਗਿਆਨਤਾ ਦੇ ਕਾਰਨ ਬ੍ਰਹਮ ਜਗਤ ਦੇ ਰੂਪ ਵਿਚ ਭਾਸਦਾ ਹੈ । ਉਪਰੋਕਤ ਵਿਚਾਰ ਤੋਂ ਇਹ ਸਿਧ ਹੁੰਦਾ ਹੈ ਕਿ ਜਗਤ ਦੀ ਹੋਂਦ ਕੇਵਲ ਮਾਇਆ ਕਾਰਨ ਹੀ ਭਾਸਦੀ ਹੈ । ਸਾਂਖ ਸ਼ਾਸਤਰ ਇਹ ਮੰਨਦਾ ਹੈ ਕਿ ਜਗਤ ਪ੍ਰਧਾਨ (ਪ੍ਰਕ੍ਰਿਤੀ) ਤੋਂ ਵਿਕਸਿਤ ਹੋਇਆ ਹੈ ਅਤੇ ਹੋਰ ਕੋਈ ਸ਼ਕਤੀ ਇਸਦਾ ਆਧਾਰ ਨਹੀਂ, ਪਰ ਵੇਦਾਂਤਿਕ ਮਾਇਆ ਨਿਰੋਲ ਇਕ ਪਰਾਧੀਨ ਸਤਾ ਹੈ ,ਜਿਸਦਾ ਆਧਾਰ ਸ਼ੁਧ ਸਤਿਅਤਾ ਅਤੇ ਸ਼ੁਧ ਚੇਤੰਨਤਾ ਹੈ । ਇਕੋ ਇਕ ਸੱਤ ਹੋਣ ਕਾਰਨ ,ਹੋਰ ਕੋਈ ਵੀ ਚੀਜ਼ ਇਸ ਤੋਂ ਭਿੰਨ ਸਬੰਧਤ ਨਹੀਂ ਕੀਤੀ ਜਾ ਸਕਦੀ । ਇਸ ਲਈ ਜਗਤ ਪ੍ਰਪੰਚ ਦਾ ਕਾਰਨ ਨਿਰੀ ਮਾਇਆ ਨਹੀਂ ਹੋ ਸਕਦੀ । ਜਦੋਂ ਅਸੀ ਇਹ ਕਹਿੰਦੇ ਹਾਂ ਕਿ ਬ੍ਰਹਮ ਹੀ ਜਗਤ ਦਾ ਕਾਰਨ ਹੈ, ਤਾਂ ਇਹ ਨਿਰਗੁਣ ਬ੍ਰਹਮ ਨਹੀਂ ਹੋ ਸਕਦਾ ,ਕੇਵਲ ਸਗੁਣ ਬ੍ਰਹਮ ਹੀ ਹੋ ਸਕਦਾ ਹੈ । ਮਾਇਆ ਹੀ ਉਹ ਉਪਾਧੀ ਹੈ ਜਿਸਨੂੰ ਧਾਰਨ ਕਰਕੇ ਨਿਰਗੁਣ ਬ੍ਰਹਮ ਸਗੁਣ ਭਾਵ

ਈਸ਼ੁਵਰ ਹੋ ਜਾਂਦਾ ਹੈ ।

ਰਾਮਾਨੁਜ ਦਾ ਮਤ

ਰਾਮਾਨੁਜ ਬ੍ਰਹਮ ਨੂੰ ਸ਼ੰਕਰ ਵਾਂਗੂੰ ਤ੍ਰਿਗੁਣਾਤੀਤ ਜਾਂ ਨਿਰਗੁਣ ਨਹੀਂ ਸਮਝਦਾ ,ਉਹਦੇ ਲਈ ਉਹ ਸਗੁਣ ਹੈ । ਉਹ ਵਿਸ਼ਨੂੰ -ਵਾਸਦੇਵ-ਕ੍ਰਿਸ਼ਨ ਦੇ ਸਮਰੂਪ ਹੈ ,ਉਹ ਜਗਤ ਦੇ ਸਿਰਜਣ, ਪ੍ਰਿਤਪਾਲਣ ਅਤੇ ਸੰਘਾਰਣ ਦਾ ਕਾਰਨ ਹੈ । ਉਹ ਹੀ ਰਚਨਾ ਦੀ ਉਤਪਤੀ ਅਤੇ ਪਰਲੈ ਦਾ ਜ਼ਿੰਮੇਵਾਰ ਹੈ । ਜਗਤ ਦੀ ਸਿਰਜਣਾ ਰਾਮਾਨੁਜ ਅਨੁਸਾਰ ਬ੍ਰਹਮ ਵਿਚੋਂ ਹੁੰਦੀ ਹੈ ਅਤੇ ਪਰਲੈ ਕਾਲ ਦੇ ਸਮੇਂ ਇਹ ਜਗਤ ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ । ਉਹ ਜਗਤ ਦੀ ਨਿਰਪੇਖ ਅਸਤਯਤਾ ਵਿਚ ਵਿਸ਼ਵਾਸ ਨਹੀਂ ਰਖਦਾ ,ਇਸਦੀ ਸਾਪੇਖ ਅਸਤਯਤਾ ਨੂੰ ਮੰਨਦਾ ਹੈ । ਉਸ ਅਨੁਸਾਰ ਬ੍ਰਹਮ ਜਗਤ ਦਾ ਉਪਾਦਾਨ ਕਾਰਣ ਵੀ ਹੈ ਅਤੇ ਨਮਿਤ ਕਾਰਣ ਵੀ । ਉਹ ਬ੍ਰਹਮ ਤੋਂ ਸੁਤੰਤਰ ਨਾ ਹੀ ਪ੍ਰਧਾਨ ( ਪ੍ਰਕ੍ਰਿਤੀ)ਨੂੰ ਮੰਨਦਾ ਹੈ ਅਤੇ ਨਾ ਹੀ ਜੀਵ ਨੂੰ । ਉਹ ਪ੍ਰਕ੍ਰਿਤੀ ਭਾਵ ਮਾਇਆ ਨੂੰ ਵੈਰਣੀ ਮੰਨਦਾ ਹੈ । ਉਹਦੇ ਅਨੁਸਾਰ ਜਗਤ ਬ੍ਰਹਮ ਦਾ ਸ਼ਰੀਰ ਹੈ । ਇਵੇਂ ਹੀ ਹਰ ਜੀਵਾਤਮਾ ਦਾ ਆਪਣਾ ਸ਼ਰੀਰ ਹੈ । ਜੀਵਾਤਮਾ ਤੋਂ ਬਿਨਾ ਸ਼ਰੀਰ ਕਾਇਮ ਨਹੀਂ ਰਹਿ ਸਕਦਾ । ਜੀਵਾਤਮਾ ਵਿਚ ਵੀ ਬ੍ਰਹਮ ਰਹਿੰਦਾ ਹੈ ।ਜੀਵਾਤਮਾ ਦੀ ਪ੍ਰਿਭਾਸ਼ਾ ਰਾਮਾਨੁਜ ਨੇ ਏਦਾਂ ਕੀਤੀ ਹੈ : " ਇਹ ਬ੍ਰਹਮ ਦੀ ਸਿਰਜੀ ਹੋਈ ਹੈ , ਉਸਦੇ ਨਿਯੰਤਰਣ ਵਿਚ ਹੈ , ਉਹਦਾ ਸ਼ਰੀਰ ਹੈ ,ਉਹਦੀ ਤਾਬਿਆ ਵਿਚ ਹੈ ..੧ ਉਹਦੀ ਪੂਜਾ ਕਰਦੀ ਹੈ ਅਤੇ ਆਪਣੀ ਕਲਿਆਨ ਲਈ ਉਹਦੀ ਬਖਸ਼ਿਸ਼ ਨੂੰ ਤਾਂਘਦੀ ਹੈ ।

ਰਾਮਾਨੁਜ ,ਸ਼ੰਕਰ ਦੇ ਵਰਤੇ ਹੋਏ ਦੋ ਸ਼ਬਦਾਂ 'ਅਵਿਦਿਆ' ਅਤੇ 'ਮਾਇਆ' ਨੂੰ ਉਸੇ ਗੁਹਜ ਅਤੇ ਅਕਥਨੀਯ ਸ਼ਕਤੀ ਲਈ ਵਰਤਿਆ ਦਸਦਾ ਹੈ ਜਿਸਦੇ ਕਾਰਨ ਸੰਸਾਰ ਅਸਤ ਪ੍ਰਤੀਤ ਹੁੰਦਾ ਹੈ । ਉਹ ਸ਼ੰਕਰ ਦੇ ਮਾਇਆ ਦੇ ਸਿਧਾਂਤ ਦਾ ਖੰਡਨ ਕਰਦਾ ਹੋਇਆ 'ਅਵਿਦਿਆ' ਦੇ ਵਿਚਾਰ ਦਾ ਵੀ ਖੰਡਨ ਕਰਦਾ ਹੈ । ਸ਼ੰਕਰ ਅਨੁਸਾਰ ਅਵਿਦਿਆ ਸਤ ਵੀ ਹੈ ਅਤੇ ਅਸਤ ਵੀ , ਇਸੇ ਲਈ ਅੰਤਮ ਨਿਖੇੜਾ ਕਰਦਾ ਹੋਇਆ ਉਹ ਮਾਇਆ ਨੂੰ ਅਨਿਰਵਚਨੀ ਦਸਦਾ ਹੈ ।ਰਾਮਾਨੁਜ ਇਸ ਵਿਚਾਰ ਨੂੰ ਠੀਕ

---

੧- ਵੇਦਾਰਥ ਸੰਗ੍ਰਹਿ, ਬਨਾਰਸ ਐਡੀਸ਼ਨ ,ਪੰਨਾ ੧੪੦ , ਵੇਖੋ Commentary on Sutra by Pangit, II,3,41; Benares Edition,P. 402.

ਨਹੀਂ ਸਮਝਦਾ । ਉਹ 'ਅਨਿਰਵਚਨੀ' ਦੇ ਵਿਚਾਰ ਨੂੰ ਆਲੋਚਨਾ ਤੋਂ ਮੁਕਤ ਨਹੀਂ ਮੰਨਦਾ । ਕੋਈ ਵੀ ਤਤ ਜਾਂ ਤਾਂ ਕੁਝ ਹੈ ਜਾਂ ਕੁਝ ਵੀ ਨਹੀਂ ਜੇ ਇਹ ਕੁਝ ਵੀ ਨਹੀਂ ਤਾਂ ਇਸ ਨੂੰ ਜਗਤ ਦੀ ਵਿਆਖਿਆ ਲਈ ਨਹੀਂ ਵਰਤਿਆ ਜਾ ਸਕਦਾ ।ਜੇ ਇਹ ਕੁਝ ਹੈ ਤਾਂ ਖੋਜ ਲਈ ਇਹਨੂੰ ਸਾਹਮਣੇ ਰਖਿਆ ਜਾ ਸਕਦਾ ਹੈ । ਰਾਮਾਨੁਜ ਇਸ ਗਲ ਉਤੇ ਕਿੰਤੂ ਕਰਦਾ ਹੈ ਕਿ ਬ੍ਰਹਮ ਨੂੰ ਮਾਇਆ ਦੇ ਭਰਮ ਸਿਧਾਂਤ ਨਾਲ ਸਬੰਧਤ ਕੀਤਾ ਜਾ ਸਕਦਾ ਹੈ ।ਜੇ ਕਾਰਨ ਅਤੇ ਕਾਰਜ ਸਮਰੂਪ ਹਨ ਤਾਂ ਬ੍ਰਹਮ (ਜੋ ਸਤ ਹੈ ) ਉਸ ਨਾਲ ਕਿਵੇਂ ਸਮਰੂਪ ਹੋ ਸਕਦਾ ਹੈ ਜੋ ਭਰਮ ਮਾਤਰ ਹੈ । ਰਾਮਾਨੁਜ ਪੁਛਦਾ ਹੈ ਕਿ ਅਵਿਦਿਆ ਦਾ ਆਸ੍ਰਯ ( ਆਧਾਰ ) ਕੀ ਹੈ । ਇਹ ਆਸਰਾ ਜੀਵਾਤਮਾ ਵੀ ਨਹੀਂ ਹੋ ਸਕਦੀ ਜੋ ਅਵਿਦਿਆ ਰਾਹੀਂ ਹੀ ਪ੍ਰਤੀਤ ਹੁੰਦੀ ਹੈ । ਨਾ ਹੀ ਇਹ ਬ੍ਰਹਮ ਹੋ ਸਕਦਾ ਹੈ ਜੋ ਸਵੈ -ਪਰਜਜਲਿਤ ਗਿਆਨ ਸਰੂਪ ਹੈ । ਅਵਿਦਿਆ ਤਾਂ ਗਿਆਨ ਨਾਲ ਖ਼ਤਮ ਹੋ ਜਾਂਦੀ ਹੈ । ਜੇ ਮਾਇਆ ਸਤ ਹੈ ਅਤੇ ਜੇ ਇਹ ਬ੍ਰਹਮ ਗਿਆਨ ਨਾਲ ਖ਼ਤਮ ਹੋ ਸਕਦੀ ਹੈ ਤਾਂ ਇਹ ਗਲ ਵੀ ਜਚਦੀ ਨਹੀਂ ਕਿਉਂਕਿ ਗਿਆਨ ਨਾਲ ਸਤ ਪਦਾਰਥ ਦਾ ਨਾਸ਼ ਨਹੀਂ ਹੋ ਸਕਦਾ । ਜੇ ਦੂਜੇ ਪਾਸੇ ਮਾਇਆ ਅਸਤ ਹੈ ,ਫਿਰ ਨਾਸ਼ ਕਿਸਨੂੰ ਕਰਨਾ ਹੈ ? ਅਸਤ ਮਾਇਆ ਦਾ ਕਾਰਜ ਵੀ ਫਿਰ ਕੀ ਹੋ ਸਕਦਾ ਹੈ? ਨਾ ਹੀ ਇਹ ਸਤ ਬ੍ਰਹਮ ਦੀ ਸ਼ਕਤੀ ਹੋ ਸਕਦੀ ਹੈ ।

## ਗੁਰੂ ਨਾਨਕ ਦੇਵ ਦਾ ਮਾਇਆ ਸਬੰਧੀ ਮਤ

ਗੁਰੂ ਨਾਨਕ ਬਾਣੀ ਵਿਚ ਮਾਇਆ ਸ਼ਬਦ ਦੀ ਵਰਤੋਂ ਅਨੇਕ ਵਾਰ ਹੋਈ ਹੈ । ਨਾ ਹੀ ਉਹ ਸ਼ੰਕਰ ਦੇ ਮਾਇਆਵਾਦ ਨਾਲ ਪੂਰੀ ਤਰ੍ਹਾਂ ਸਹਿਮਤ ਹਨ , ਅਤੇ ਨਾ ਹੀ ਪੂਰੀ ਤਰ੍ਹਾਂ ਰਾਮਾਨੁਜ ਦੇ ਮਤ ਨਾਲ । ਸ਼ੰਕਰ ਦਾ ਵਿਚਾਰ ਹੈ ਕਿ ਜਗਤ ਦੀ ਹੋਂਦ ਕੇਵਲ ਮਾਇਆ ਕਾਰਨ ਹੀ ਭਾਸਦੀ ਹੈ , ਵਾਸਤਵ ਵਿਚ ਜਗਤ ਮਿਥਿਆ ਹੈ । ਗੁਰਦੇਵ ਇਸ ਵਿਚਾਰ ਦਾ ਖੰਡਨ ਕਰਦੇ ਹਨ ।

੧- ਉਨ੍ਹਾਂ ਅਨੁਸਾਰ ਸਤ ਬ੍ਰਹਮ ਦੀ ਰਚਨਾ ਅਸਤ ਨਹੀਂ ਹੋ ਸਕਦੀ ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ ।
ਸਚੇ ਤੇਰੇ ਲੋਅ ਸਚੇ ਆਕਾਰ ।
ਸਚੇ ਤੇਰੇ ਕਰਣੇ ਸਰਬ ਬੀਚਾਰ ।

( ਸ਼ਾ° ਵਾਰ ਆਸਾ ਮ: ੧, ਪੰ: ੪੬੩)

ਉਨ੍ਹਾਂ ਨੇ ਜਗਤ ਨੂੰ ਬ੍ਰਹਮ ਦਾ 'ਸਾਚਾ ਖੇਲ' ਕਿਹਾ ਹੈ, ਅਤੇ ਜਗਤ ਉਨ੍ਹਾਂ ਲਈ 'ਆਤਮ ਰਾਮ ਸੰਸਾਰਾ' ਹੈ। ਉਨ੍ਹਾਂ ਦਾ ਫੁਰਮਾਨ ਹੈ:

ਆਤਮ ਰਾਮੁ ਸੰਸਾਰਾ ।
ਸਾਚਾ ਖੇਲੁ ਤੁਮਾਰਾ ।
ਸਚੁ ਖੇਲੁ ਤੁਮਾਰਾ
ਅਗਮ ਅਪਾਰਾ
ਤੁਧੁ ਬਿਨੁ ਕਉਣੁ ਬੁਝਾਏ ।
ਸਿਧ ਸਾਧਿਕ ਕੇਤੇ
ਤੁਝ ਬਿਨੁ ਕਵਣੁ ਕਹਾਏ ।

( ਸੂਹੀ ਮ: ੧ , ਪੰ: ੭੬੪ )

ਭਾਵੇਂ ਜਗਤ ਦੀ ਖੇਡ ਸਚੀ ਹੈ, ਫਿਰ ਵੀ ਪੰਜ-ਭੂਤਕ ਸੰਸਾਰ ਸਥਿਰ ਨਹੀਂ। ਜਦੋਂ ਅਸੀਂ ਇਸ ਨੂੰ ਜੀਵ ਦੀ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਇਹ ਜਗ "ਧੂਏ ਕਾ ਧਉਲਹਰ" ਹੈ, 'ਚਲਣਹਾਰ' ਹੈ, 'ਨਟੂਐ ਸਾਂਗ' ਹੈ:

੧- ਢੰਢੋਲਿਮੁ ਢੂਢਿਮੁ ਡਿਠੁ ਮੈ
ਨਾਨਕ ਜਗੁ ਧੂਏ ਕਾ ਧਉਲਹਰੁ ।

( ਵਾਰ ਮਾਝ ਮ: ੧, ਪੰ: ੧੩੮ )

੨- ਕਿਸੁ ਨਾਲਿ ਕੀਚੈ ਦੋਸਤੀ
ਸਭੁ ਜਗੁ ਚਲਣਹਾਰੁ ।

( ਵਾਰ ਆਸਾ ਮ: ੧ ਪੰ: -੪੬੮ )

੩- ਨਟੂਐ ਸਾਂਗੁ ਬਣਾਇਆ
ਬਾਜੀ ਸੰਸਾਰਾ ।
ਖਿਨੁ ਪਲੁ ਬਾਜੀ ਦੇਖੀਐ
ਉਝਰਤ ਨਹੀ ਬਾਰਾ ।

( ਆਸਾ ਮ: ੧ਪੰ: ੪੨੨ )

ਇਸੇ ਲਈ ਜਿਥੇ ਇਹ ਸੰਸਾਰ ਸਾਪੇਖ ਸਤ ਹੈ , ਉਥੇ ਨਾਸ਼ਮਾਨ ਹੋਣ ਕਰਕੇ ਕੂੜ[1] ਵੀ ਹੈ । ਰਾਮਾਨੁਜ ਵੀ ਇਸ ਤੱਥ ਨੂੰ ਮੰਨਦਾ ਹੈ । ਜੀਵ ਦੀ ਦ੍ਰਿਸ਼ਟੀ ਤੋਂ ਜਗਤ ਨੂੰ ਸੁਪਨਾ ਵੀ ਕਹਿਣਾ ਯੋਗ ਹੈ:

ਜਗ ਸੁਪਨਾ ਬਾਜੀ ਬਨੀ
ਖਿਨ ਮਹਿ ਖੇਲੁ ਖੇਲਾਇ ।
ਸੰਜੋਗੀ ਮਿਲ ਏਕਸੇ
ਵਿਜੋਗੀ ਉਠਿ ਜਾਇ ।
( ਸਿਰੀ ਰਾਗੁ ਮ: ੧ ਪੰ: ੧੮ )

ਗੁਰੂ ਅਰਜਨ ਦੇਵ ਨੇ ਇਸ ਵਿਚਾਰ ਨੂੰ ਏਦਾਂ ਪ੍ਰਗਟ ਕੀਤਾ ਹੈ :

ਜੈਸਾ ਸੁਪਨਾ ਰੈਨ ਕਾ ਤੈਸਾ ਸੰਸਾਰ।
ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ ।
( ਬਿਲਾਵਲ ਮ: ੫ ,ਪੰ: --੮੦੮ )

੨- ਗੁਰਦੇਵ ਨੇ ਮਾਇਆ ਲਈ ਦੂਜਾ ਸ਼ਬਦ ਕੁਦਰਤ ਵਰਤਿਆ ਹੈ । ਕੁਦਰਤ ਅਤੇ ਪ੍ਰਕ੍ਰਿਤੀ ਸਮਾਨਰਥਕ ਹਨ । ਰਾਮਾਨੁਜ ਮਾਇਆ ਲਈ ਪ੍ਰਕ੍ਰਿਤੀ ਸ਼ਬਦ ਦੀ ਵਰਤੋਂ ਕਰਦਾ ਹੈ । ਕੁਦਰਤਿ ਫ਼ਾਰਸੀ ਦਾ ਸ਼ਬਦ ਹੈ । ਜਿਸਦਾ ਅਰਥ ਹੈ ਤਾਕਤ ਅਥਵਾ ਸ਼ਕਤੀ । ਇਸ ਲਈ ਕੁਦਰਤ ਸ਼ਬਦ ਵਰਤ ਕੇ ਰਾਮਾਨੁਜ ਵਾਂਗੂ ਹੀ , ਉਹ ਪ੍ਰਕ੍ਰਿਤੀ ਅਥਵਾ ਮਾਹਿਆ ਨੂੰ ਬ੍ਰਹਮ ਦੀ ਸ਼ਕਤੀ ਮੰਨਦੇ ਹਨ । ਜੋ ਕੁਝ ਆਨੇ ਦੁਆਨੇ , ਜ਼ਾਹਰ ਬਾਤਨ , ਅੰਦਰ ਬਾਹਰ ਪ੍ਰਤੀਤ ਹੁੰਦਾ ਹੈ , ਉਹ ਸਭ ਪ੍ਰਭੂ ਦੀ ਸ਼ਕਤੀ ਦਾ ਪ੍ਰਗਟਾਵਾ ਹੈ । ਉਨ੍ਹਾਂ ਦਾ ਫ਼ੁਰਮਾਨ ਹੈ ,

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰ ।

---

੧- ਵੇਖੋ ਕੂੜੁ ਰਾਜਾ ਕੂੜੁ ਪਰਜਾ ---( ਵਾਰ ਆਸਾ ਮ: ੧ ਪੰ: --੪੬੮ )

ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ ।
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ ।
ਕੁਦਰਤਿ ਖਾਣਾ ਪੀਣਾ ਪੈਨ੍ਣੁ
ਕੁਦਰਤਿ ਸਰਬ ਪਿਆਰੁ ।
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ ।
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ ।
ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ ।
ਸਭ ਤੇਰੀ ਕੁਦਰਤਿ
ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ।
ਨਾਨਕ ਹੁਕਮਿ ਅੰਦਰਿ ਵੇਖੈ
ਵਰਤੈ ਤਾਕੋ ਤਾਕੁ[੧] ।
( ਵਾਰ ਆਸਾ ਮ: ੧, ਪੰ: --੪੬੪ )

ਕੁਦਰਤਿ ਦੇ ਤਖਤ ਉਤੇ ਬੈਠ ਕੇ ਕਾਦਰ ਸਚ ਦਾ ਨਿਬੇੜਾ ਕਰਦਾ ਹੈ ।

ਕੁਦਰਤਿ ਤਖਤੁ ਰਚਾਇਆ
ਸਚਿ ਨਿਬੇੜਣਹਾਰੋ ।
(ਵਡਹੰਸ ਮ:੧ਪੰ: ੫੮੦ )

ਆਪਣੀ ਪ੍ਰਕ੍ਰਿਤੀ ਅਥਵਾ ਕੁਦਰਤ ਦੇ ਵਿਚ ਪ੍ਰਭੂ ਆਪ ਵਸਦਾ ਹੈ ।ਉਹ ਆਪ ਬੇਅੰਤ ਹੈ। ਉਸਨੂੰ ਕੋਈ ਲਖ ਨਹੀਂ ਸਕਦਾ ।

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨ ਜਾਈ ਲਖਿਆ ।
(ਵਾਰ ਆਸਾ ਮ: ੧ ਪੰ: --੪੬੯ )

---

੧-ਇਹ ਸਲੋਕ ਰਚਨਾ ਦੇ ਪ੍ਰਕਰਣ ਵਿਚ ਪਹਿਲੇ ਦਿਤਾ ਜਾ ਚੁਕਾ ਹੈ ।ਇਥੇ ਮਾਇਆ ਦੇ ਪ੍ਰਕਰਣ ਵਿਚ ਵੀ ਇਸਦਾ ਵਰਣਨ ਜਰੂਰੀ ਸਮਝਿਆ ਗਿਆ ਹੈ ।

੩- ਮਾਇਆ ਤ੍ਰੈਗੁਣੀ ਹੈ ।ਭਾਰਤੀ ਦਰਸ਼ਨ ਦੇ ਇਸ ਤਥ ਨੂੰ ਸ਼ੰਕਰ ਵੀ ਮੰਨਦਾ ਹੈ ਅਤੇ ਰਾਮਾਨੁਜ ਵੀ । ਗੁਰਦੇਵ ਵੀ ਇਸ ਨੂੰ ਸਵੀਕਾਰਦੇ ਹਨ ਜਿਵੇਂ:

ਤ੍ਰੈਗੁਣ ਬਿਖਿਆ ਜਨਮਿ ਮਰੀਜਿ ।

( ਰਾਮਕਲੀ ਮ: ੧ ਪੰ: ੯੦੪ )

ਸਾਂਖ ਸ਼ਾਸਤਰ ਦੀ ਪ੍ਰਕ੍ਰਿਤੀ ਵੀ ਤ੍ਰੈਗੁਣੀ ਹੈ । ਉਸ ਸ਼ਾਸਤਰ ਅਨੁਸਾਰ ਜਦੋਂ ਇਹ ਤਿੰਨ ਗੁਣ ਇਕ ਸੰਤੁਲਨ ਵਿਚ ਹੁੰਦੇ ਹਨ , ਸ੍ਰਿਸ਼ਟੀ ਹੋਂਦ ਵਿਚ ਨਹੀਂ ਆਉਂਦੀ ,ਜਦੋਂ ਇਨ੍ਹਾਂ ਦਾ ਸੰਤੁਲਨ ਟੁਟ ਜਾਂਦਾ ਹੈ ਤਾਂ ਰਚਨਾ ਦਾ ਕਰਮ ਸ਼ੁਰੂ ਹੋ ਜਾਂਦਾ ਹੈ । ਪਰ ਇ ਇਹ ਗੁਣ ਹੋਣ ਕੀ ? ਨਾ ਤਾਂ ਇਹ ਕੋਈ ਸਦਾਚਾਰਕ ਗੁਣ ਹਨ ਅਤੇ ਨਾ ਹੀ ਭੌਤਿਕ ਜਗਤ ਦੇ ਕੋਈ ਲੱਛਣ । ਉਹ ਤਾਂ ਭੌਤਿਕ ਪਦਾਰਥਾਂ ਦੇ ਅੰਤਰੀਵ ਤਤ ਕਹੇ ਜਾ ਸਕਦੇ ਹਨ ।ਭੌਤਿਕ ਜਗਤ ਦੀ ਹੋਂਦ ਇਨ੍ਹਾਂ ਬਿਨਾ ਨਹੀਂ ਹੋ ਸਕਦੀ । ਇਨ੍ਹਾਂ ਗੁਣਾਂ ਦੇ ਨਾਂ ਹਨ ਸਤੋ ( ਜਾਂ ਸਤਵ ) , ਰਜੋ ( ਜਾਂ ਰਜਸ ) ਅਤੇ ਤਮੋ( ਜਾਂ ਤਮਸ ) ਸਤੋ ਗੁਣ ਸੁਜੋਗਤਾ ਅਤੇ ਤਨਾਸਬ ਦਾ ਲਖਾਇਕ ਹੈ , ਰਜੋ ਗਤੀ ਦਾ ਅਤੇ ਤਮੋ ਰੁਕਾਵਟ ਦਾ । ਜਦੋਂ ਈਸ਼ਵਰ ਦੇ ਸਾਹ ਲੈਣ ਨਾਲ ਇਨ੍ਹਾਂ ਦਾ ਸੰਤੁਲਨ ਭੰਗ ਹੁੰਦਾ ਹੈ ,ਇਹ ਤਿੰਨੇ ਗੁਣ ਝਟ ਪ੍ਰਗਟ ਹੋ ਜਾਂਦੇ ਹਨ । ਇਹੋ ਕਾਰਨ ਹੈ ਕਿ ਹਰ ਪਦਾਰਥਕ ਕਣ ਵਿਚ ਤਨਾਸਬ ਵੀ ਹੁੰਦਾ ਹੈ , ਗਤੀ ਵੀ ਅਤੇ ਰੋਕ ਵੀ । ਸਭ ਪਦਾਰਥਾਂ ਅਤੇ ਅਕਾਰਾਂ ਵਿਚ ਮਿਲਦੇ ਗੁਣ ਇਨ੍ਹਾਂ ਤਿੰਨਾਂ ਗੁਣਾ ਦੇ ਮੇਲ ਤੋਂ ਹੀ ਉਪਜਦੇ ਹਨ । ਗੁਣਾਂ ਦਾ ਇਹ ਸੰਜੋਗ ਭਿੰਨ ਭਿੰਨ ਨਿਸਬਤ ਵਿਚ ਹੋਣ ਕਰਕੇ ਬ੍ਰਹਿਮੰਡ ਵਿਚ ਭਿੰਨ ਭਿੰਨ ਰੂਪ ਧਾਰਦਾ ਹੈ।

ਗੁਰਦੇਵ ਦੀ ਉਪਰੋਕਤ ਤੁਕ ਇਸ ਵਿਚਾਰ ਨੂੰ ਪ੍ਰਗਟ ਕਰਦੀ ਹੈ ਕਿ ਤਿੰਨ ਗੁਣਾਂ ਵਾਲੀ ਬਿਖਿਆ ਨਾਲ ਸੰਪਰਕ ਵਿਚ ਆ ਕੇ ਜੀਵ ਜਨਮ ਮਰਨ ਦੇ ਗੇੜ ਵਿ ਵਿਚ ਚਕਰ ਲਗਾਂਦਾ ਰਹਿੰਦਾ ਹੈ । ਫਿਰ ਉਹ ਤਿੰਨਾ ਗੁਣਾਂ ਦਾ ਨਾਂ ਲੈ ਕੇ ਇਸੇ ਭਾਵ ਨੂੰ ਏਦਾਂ ਉਘਾੜਦੇ ਹਨ :

ਰਜ ਤਮ ਸਤ ਕਲ ਤੇਰੀ ਛਾਇਆ ।
ਜਨਮ ਮਰਣ ਹਉਮੈ ਦੁਖ ਪਾਇਆ ।

( ਮਾਰੂ ਮ: ੧ ਪੰ: --੧੦੩੮ )

ਕਬੀਰ ਨੇ ਵੀ ਇਨ੍ਹਾਂ ਤਿੰਨਾ ਗੁਣਾਂ ਦਾ ਵਰਣਨ ਕੀਤਾ ਹੈ :

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹੁ ਤੇਰੀ ਸਭ ਮਾਇਆ ।
(ਕੇਦਾਰਾ ਕਬੀਰ ਪੰ: --੧੧੨੩ )

ਸਗਲ ਸੰਸਾਰ ਹੀ ਇਨ੍ਹਾਂ ਤਿੰਨਾ ਗੁਣਾਂ ਵਿਚ ਵਰਤ ਰਿਹਾ ਹੈ । ਇਨ੍ਹਾਂ ਤਿੰਨਾ ਗੁਣਾਂ ਅਤੇ ਦਸ ਇੰਦਰਿਆਂ ਦੇ ਪ੍ਰਭਾਵ ਤੋਂ ਮੁਕਤ ਹੋਣ ਵਾਲਾ ਮਾਨਵ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ ।

ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।
(ਗੂਜਰੀ ਮ: ੧ ਪੰ: --੫੦੩)

ਮਾਇਆ ਦੇ ਪਿਛਲਗ ਸਾਕਤ ਹਨ , ਉਹ ਤਿੰਨਾ ਗੁਣਾ ਵਿਚ ਹੀ ਖਪ ਜਾਂਦੇ ਹਨ , ਅਤੇ ਸੰਸਾਰ ਸਾਗਰ ਤੋਂ ਪਾਰ ਨਹੀਂ ਉਤਰ ਸਕਦੇ । ਗੁਰਦੇਵ ਦਾ ਫੁਰਮਾਨ ਹੈ:

ਸਾਕਤ ਮਾਇਆ ਕਉ ਬਹੁ ਧਾਵਹਿ ।
ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ।
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ
ਨਾਹੀ ਪਾਰਿ ਉਤਾਰਾ ਹੇ ।
(ਮਾਰੂ ਮ: ੧, ਪੰ: --੧੦੨੯ )

ਮਨੁਖ ਦਾ ਸਰੀਰ ਤਿੰਨਾ ਗੁਣਾਂ ਦੀ ਹਦ ਅੰਦਰ ਕਰਮ ਕਰਦਾ ਹੈ ਅਤੇ ਆਪਣੀ ਖੇਡ ਪਸਾਰਦਾ ਹੈ , ਇਸੇ ਲਈ ਜੀਵ ਵਿਯੋਗ ਦੇ ਵਿਚ ਦੁਖੀ ਰਹਿੰਦਾ ਹੈ ।

੧- ਜਹ ਦੇਖਾ ਤਹ ਰਵਿ ਰਹੇ
ਸਿਵ ਸਕਤੀ ਕਾ ਮੇਲੁ ।
ਤ੍ਰਿਹੁ ਗੁਣ ਬੰਧੀ ਦੇਹੁਰੀ
ਜੋ ਆਇਆ ਜਗਿ ਸੋ ਖੇਲੁ ।
ਵਿਜੋਗੀ ਦੁਖਿ ਵਿਛੁੜੇ
ਮਨਮੁਖਿ ਲਹਹਿ ਨ ਮੇਲੁ ।
( ਸਿਰੀ ਰਾਗੁ ਮ:੧ ਪੰ:--੨੧ )

੨- ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ।
ਇਸ ਨੋ ਵਿਆਪੈ ਸੋਗ ਸੰਤਾਪੁ ।
( ਪ੍ਰਭਾਤੀ ਮ:੧, ਪੰ:--੧੩੪੩ )

੪- ਗੁਰਦੇਵ ਸ਼ੰਕਰਵਾਦੀਆਂ ਵਾਂਗੂੰ ਬ੍ਰਹਮ ਦੇ ਦੋ ਸਰੂਪ ਪ੍ਰਮਾਰਥਕ ਅਤੇ ਵਿਵਹਾਰਕ

ਮੰਨਦੇ ਹਨ ਜਿਨ੍ਹਾਂ ਨੂੰ ਨਿਰਗੁਣ ਅਤੇ ਸਰਗੁਣ ਦਾ ਨਾਂ ਦਿਤਾ ਗਿਆ ਹੈ । ਸ਼ੰਕਰ ਲਈ ਬ੍ਰਹਮ ਦਾ ਅਸਲੀ ਸਰੂਪ ਨਿਰਗੁਣ ਹੈ ਜਿਸਨੂੰ ਤ੍ਰਿਗੁਣਾਤੀਤ ਵੀ ਕਿਹਾ ਗਿਆ ਹੈ । ਗੁਰੂ ਨਾਨਕ ਦੇਵ ਵੀ ਏਸੇ ਬ੍ਰਹਮ -ਸਤਾ ਨੂੰ ਨਮਸਕਾਰਦੇ ਹਨ । ਰਾਮਾਨੁਜ ਬ੍ਰਹਮ ਦੇ ਸਗੁਣ ਸਰੂਪ ਉਤੇ ਬਲ ਦਿੰਦਾ ਹੈ , ਜੋ ਉਹਦੇ ਅਨੁਸਾਰ ਵਿਸ਼ਨੂੰ -ਵਾਸਦੇਵ -ਕ੍ਰਿਸ਼ਨ ਦੇ ਸਮਰੂਪ ਹੈ ,ਅਤੇ ਜਗਤ ਦੇ ਸਿਰਜਣ, ਪ੍ਰਿਤਪਾਲਣ ਅਤੇ ਸੰਘਾਰਣ ਦਾ ਕਾਰਨ ਹੈ । ਗੁਰੂ ਨਾਨਕ ਦੇਵ ਨਿਰਗੁਣ ਬ੍ਰਹਮ ਤੋਂ ਵਿਕਸਤ ਸਰਗੁਣ ਸਰੂਪ ਨੂੰ ਤਾਂ ਮੰਨਦੇ ਹਨ ,ਪਰ ਉਸਨੂੰ ਕੋਈ ਨਿਵੇਕਲਾ ਨਾਂ ਨਹੀਂ ਦਿੰਦੇ ਜੋ ਕਿਸੇ ਦੇਵਤਾ ਜਾਂ ਅਵਤਾਰ ਦਾ ਸੂਚਕ ਹੋਵੇ । ਦੇਵਤਿਆਂ ਨੂੰ ਉਨ੍ਹਾਂ ਨੇ ਨਹੀਂ ਮੰਨਿਆ ਅਤੇ ਅਵਤਾਰਵਾਦ ਦਾ ਉਨ੍ਹਾਂ ਨੇ ਖੰਡਨ ਕੀਤਾ ਹੈ। ਉਨ੍ਹਾਂ ਅਨੁਸਾਰ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵ ਬ੍ਰਹਮ ਦੀਆਂ ਭਿੰਨ ਭਿੰਨ ਸ਼ਕਤੀਆਂ ਦੇ ਨਾਂ ਹਨ । ਇਹ ਸ਼ਕਤੀਆਂ ਮਾਇਆ ਦੀ ਹਦ ਅੰਦਰ ਹੀ ਕੰਮ ਕਰਦੀਆਂ ਹਨ । ਗੁਰਦੇਵ ਨੇ ਜਪੁਜੀ ਵਿਚ ਇਸ ਵਿਚਾਰ ਨੂੰ ਸਪਸ਼ਟ ਕੀਤਾ ਹੈ[੧] । "ਇਕ ਮਾਇਆ ਕੀ ਕਿਸੇ ਵਿਓਂਤ ਨਾਲ ਜੁੜੀ ਅਤੇ ਉਸ ਤੋਂ ਤਿਨ ਚੇਲੇ ਜਾਂ ਪੁਤਰ ਪੈਦਾ ਹੋਏ ; ਇਕ ਸੰਸਾਰ ਦੇ ਰਚਣ ਵਾਲਾ ਬ੍ਰਹਮਾ, ਇਕ ਪਾਲਣ ਦੇ ਸਮਿਆਨ ਰਖਣ ਵਾਲਾ ਵਿਸ਼ਨੂੰ , ਅਤੇ ਇਕ ਮੌਤ ਦੇ ਹੁਕਮ ਵਰ੍ਹਾਨ ਨਵੀ ਕਚਹਿਰੀ ਲਾਣ ਵਾਲਾ ਸ਼ਿਵ[੨] ।" ਗੁਰਦੇਵ ਦਾ ਫੁਰਮਾਨ ਹੈ:

ਮਾਇਆ ਮੋਹੇ ਦੇਵੀ ਸਭਿ ਦੇਵਾ ।

(ਗਉੜੀ ਮ: ੧, ਪੰ:--੨੨੭ )

੫-ਗੁਰਦੇਵ ਨੇ ਮਾਇਆ ਦਾ ਸਰੂਪ ਕਈ ਰੂਪਕਾਂ ਰਾਹੀਂ ਨਿਸ਼ਚਿਤ ਕੀਤਾ ਹੈ ।

(ੳ) ਉਨ੍ਹਾਂ ਨੇ ਕਬੀਰ[੩] ਵਾਂਗ , ਮਾਇਆ ਨੂੰ ਸਪਣੀ ਕਿਹਾ ਹੈ :

ਨਦੀ ਉਪਕੰਠਿ ਜੈਸੇ ਘਰੁ ਤਰਵਰੁ<br>
ਸਰਪਨਿ ਘਰੁ ਘਰ ਮਾਹੀ ।<br>
ਉਲਟੀ ਨਦੀ ਕਹਾਂ ਘਰ ਤਰਵਰੁ

---

੧- "ਏਕਾ ਮਾਈ ਜੁਗਤਿ ਵਿਆਈ ..." (ਜਪੁਜੀ , ਪਉੜੀ ੩੦ , ਪੰ:--੭)

੨- ਵੇਖੋ ਸ਼ਬਦਾਰਥ ਭਾਗ ਪਹਿਲਾ ਪੰ:- ੭ .

੩- ਆਸਾ ਕਬੀਰ ਪੰ: ੪੮੦ .

ਸਰਪਨਿ ਡਸਿ ਦੂਜਾ ਮਨ ਮਾਂਹੀ ।

(ਮਲਾਰ ਮ: ੧ -ਪੰ: -੧੨੭੪ )

ਨਦ "ਨਦੀ ਕਿਨਾਰੇ ਤੇ ਤਰਵਰ ਹੋਵੇ ਜਾਂ ਘਰ ਹੋਵੇ ਤੇ ਉਸ ਘਰ ਵਿਚ ਸਪਣੀ ਦਾ ਘਰ ਹੋਵੇ ।ਜਦ ਨਦੀ ਉਲਟ ਕੇ ਪੈ ਜਾਵੇ ,ਤਾਂ ਉਹ ਘਰ ਜਾਂ ਬ੍ਰਿਛ ਕਿਵੇਂ ਰਹਿੰਦਾ ਹੈ ? ਅਤੇ ਸਪਣੀ ਬੇ-ਘਰ ਹੋ ਕੇ ਮਨੁਖ ਨੂੰ ਆ ਡਸਦੀ ਹੈ । ਇਹ ਸਪਣੀ ਮਨ ਵਿਚ ਦਵੈਤ ਭਾਵ ਜਾਂ ਮਾਇਆ ਭਾਵ ਹੈ ਸਾਡਾ ਸ੍ਰੀਰ ਮੌਤ ਦੇ ਕੋਲ ਹੀ ਰਹਿੰਦਾ ਹੈ । ਇਸਨੂੰ ਹਰ ਵੇਲੇ ਮੌਤ ਦਾ ਡਰ ਹੈ । ਮੌਤ ਦੇ ਡਰ ਨਾਲ ਮਨੁਖ ਦਵੈਤ ਭਾਵ ਦੇ ਵਸ ਹੋ ਜਾਂਦਾ ਹੈ ।ਇਹ ਹੈ ਸਪਣੀ ਦਾ ਡਸਣਾ[1] । "

ਇਉਂ ਮਾਇਆ ਅਤੇ ਦਵੈਤ ਭਾਵ ਵਿਚ ਕੋਈ ਅੰਤਰ ਨਹੀਂ । ਜੋ ਕੁਝ ਇਕ ਪ੍ਰਭੂ ਤੋਂ ਬਿਨਾ ਹੈ , ਉਹ ਦਵੈਤ ਭਾਵ ਹੈ ਅਤੇ ਉਹ ਹੀ ਮਾਇਆ ਹੈ।

(ਅ) ਸਪਣੀ ਜ਼ਹਿਰ ਵਾਲੀ ਹੁੰਦੀ ਹੈ , ਇਸ ਲਈ ਮਾਇਆ ਸਪਣੀ ਵਿਸ਼ੁ ਵੀ ਹੈ , ਬਿਖ ਜਾਂ ਬਿਖਿਆ ਹੈ ।ਜਿਵੇਂ:

ਮਾਇਆ ਬਿਖੁ ਭੁਇਅੰਗਮ ਨਾਲੇ ।
ਇਨਿ ਦੁਬਿਧਾ ਘਰ ਬਹੁਤੇ ਗਾਲੇ ।

(ਮਾਰੂ ਮ: ੧ ,ਪੰ: --੧੦੨੯ )

( ੲ ) ਮਾਇਆ ਅੰਨ੍ਹੇ ਖੂਹ ਦੇ ਵਾਂਗ ਹੈ , ਜਿਸ ਵਿਚੋਂ ਨਿਕਲਣਾ ਅਤੀ ਕਠਿਨ ਹੈ :

ਅੰਧ ਕੂਪਿ ਮਾਇਆ ਮਨੁ ਗਾਡਿਆ
ਕਿਉ ਕਰਿ ਉਤਰਉ ਪਾਰ ਸੁਆਮੀ ।

( ਰਾਮਕਲੀ ਮ:੧, ਪੰ: --੮੭੬ )

(ਸ) ਮਾਇਆ ਸ਼ਰਾਬ ਵਾਂਗ ਨਸ਼ਿਆਂਦੀ ਹੈ , ਇਹ ਵੀ ਇਕ ਨਸ਼ਾ ਹੈ , ਪਰ ਇਸ ਨਸ਼ੇ ਨਾਲ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ :

ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ।

( ਬਿਲਾਵਲੁ ਮ:੧ ,ਪੰ:--੮੩੨)

---

੧- ਵੇਖੋ ਸ਼ਬਦਾਰਥ ਭਾਗ ਚੌਥਾ , ਪੰ: ੧੨੭੪ .

(ਹ) ਮਾਇਆ ਇਕ ਸੁੰਦਰ ਇਸਤਰੀ ਦੇ ਸਮਾਨ ਹੈ , ਏਸੇ ਲਈ ਇਸਨੂੰ ਮੋਹਣੀ ਕਿਹਾ ਹੈ ।

ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ।

( ਰਾਮਕਲੀ ਮ: ੧ , ਪੰ:-੯੩੭)

'ਰਵਣੀ ' ਸ਼ਬਦ ਵੀ 'ਮੋਹਣੀ' ਦਾ ਸਮਾਨਾਰਥਕ ਪ੍ਰਤੀਤ ਹੁੰਦਾ ਹੈ ।

ਰਵਣੀ ਰਵੈ ਬੰਧਨ ਨਹੀ ਤੂਟਹਿ
ਵਿਚਿ ਹਉਮੈ ਭਰਮੁ ਨ ਜਾਈ ।

(ਆਸਾ ਮ:੧, ਪੰ:--੩੫੩ )

(ਕ ) ਮਾਇਆ ਮਖੀ ਦੇ ਸਮਾਨ ਹੈ ਜੋ ਹਰ ਥਾਂ ਤੇ ਹਾਜ਼ਰ ਰਹਿੰਦੀ ਹੈ ।

ਕਰਮ ਧਰਮ ਨਹੀਂ 'ਮਾਇਆ ਮਾਖੀ' ।

( ਮਾਰੂ ਮ: ੧, ਪੰ:--੧੦੩੪ )

(ਖ ) ਮਾਇਆ ਅਵਿਦਿਆ ਜਾਂ ਛਾਇਆ ਹੈ , ਜੋ ਸਾਰੇ ਸੰਸਾਰ ਵਿਚ ਵਰਤਕੇ ਉਸਨੂੰ ਭੁਲਾ ਰਹੀ ਹੈ:

੧- ਛਛੈ ਛਾਇਆ ਵਰਤੀ ਸਭ ਅੰਤਰਿ
ਤੇਰਾ ਕੀਆ ਭਰਮੁ ਹੋਆ ।

(ਆਸਾ ਮ:੧, ਪਟੀ ~~ਪੰ:~~-੪੩੩ )

੨- ਛਾਇਆ ਛੂਛੀ ਜਗਤੁ ਭੁਲਾਣਾ

( ਰਾਮਕਲੀ ਮ:੧, ਦਖਣੀ ਓਅੰਕਾਰ ਪੰ: ੯੩੭

-ਗ-

<u>ਮਾਇਆ ਅਤੇ ਜੀਵ</u>

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਾਇਆ ਪ੍ਰਭੂ ਦੀ ਪੈਦਾ ਕੀਤੀ ਹੋਈ ਇਕ ਪ੍ਰਬਲ ਸ਼ਕਤੀ ਹੈ ਜੋ ਮਾਨਸ ਨੂੰ ਰਾਹੋਂ ਕੁਰਾਹ ਪਾ ਕੇ ਜਨਮ ਮਰਨ ਦੇ ਗੇੜ ਵਿਚ ਭਟਕਦੀ ਰਹਿੰਦੀ ਹੈ । ਇਹ ਸੰਸਾਰ ਵਿਚ ਦੋ ਸਰੂਪਾਂ ਵਿਚ ਵਿਚਰਦੀ ਹੈ: ਸਥੂਲ ਅਤੇ ਸੂਖਮ । ਸਥੂਲ ਰੂਪ ਵਿਚ ਇਹ ਧਨ ਦੌਲਤ ਅਤੇ ਜਾਇਦਾਦ ਹੈ , ਅਤੇ ਸੂਖਮ ਰੂਪ ਵਿਚ ਇਹ ਦਵੈਤ ਭਾਵ ਹੈ ਜਿਸ ਵਿਚ ਹਉਮੈ ਅਤੇ ਵਿਸ਼ੇ ਵਿਕਾਰ ਸ਼ਾਮਲ ਹਨ ।

ਭਾਰਤੀ ਸਭਿਆਚਾਰ ਸੰਸਾਰਕ ਜੀਵਨ ਲਈ ਚਾਰ ਪਦਾਰਥਾਂ ਦੀ

ਆਵਸ਼ਕਤਾ ਮੰਨਦਾ ਹੈ ; ਧਰਮ , ਅਰਥ , ਕਾਮ ਅਤੇ ਮੋਖ । ਇਨ੍ਹਾਂ ਵਿਚੋਂ 'ਅਰਥ' ਮਾਇਆ ਹੈ , ਇਸਨੂੰ 'ਆਥਿ' ਵੀ ਕਿਹਾ ਜਾਂਦਾ ਹੈ । ਜੀਵਨ ਨਿਰਬਾਹ ਲਈ ਮਾਇਆ ਦਾ ਹੋਣਾ ਜ਼ਰੂਰੀ ਹੈ । ਸੁੱਚੀ ਕਿਰਤ ਕਮਾਈ ਕਰ ਕੇ ਜੇ ਮਾਨਸ ਵੰਡ ਛਕੇ ਤਾਂ ਹੀ ਉਸਦਾ ਜੀਵਨ ਸੁਖੀ ਹੋ ਸਕਦਾ ਹੈ । ਗੁਰਦੇਵ ਦਾ ਕਥਨ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹੁ ਪਛਾਣਹਿ ਸੇਇ ।

( ਸਾਰੰਗ ਕੀ ਵਾਰ , ਸਲੋਕ ਮ: ੧, ਪੰ: ੧੨੪੫ )

ਪਰ ਆਮ ਤੌਰ ਤੇ ਇਹ ਮਾਇਆ ਪਾਪਾਂ ਬਾਝੋਂ ਇਕਠੀ ਨਹੀਂ ਹੋ ਸਕਦੀ :

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ ।
ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ ।

(ਆਸਾ ਮ: ੧ , ਪੰ: ੪੧੭ )

ਜਿਹੜੇ ਲੋਕ ਇਸ ਨੂੰ ਲੋੜ ਤੋਂ ਵਧ ਜੋੜਦੇ ਹਨ , ਉਹ ਵੀ ਦੁਖੀ ਹੁੰਦੇ ਹਨ ਅਤੇ ਜਿਨ੍ਹਾਂ ਕੋਲੋਂ ਇਹ ਦੂਰ ਰਹਿੰਦੀ ਹੈ , ਉਹ ਵੀ ਦੁਖੀ ਰਹਿੰਦੇ ਹਨ । ਗੁਰੂ ਅਰਜਨ ਦੇਵ ਨੇ ਇਸ ਵਿਚਾਰ ਨੂੰ ਏਦਾਂ ਪ੍ਰਗਟਾਇਆ ਹੈ :

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ।
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ।
ਦੁਹੂ ਬਿਵਸਥਾ ਤੇ ਜੋ ਮੁਕਤਾ
ਸੋਈ ਸੁਹੇਲਾ ਭਾਲੀਐ ।

( ਮਾਰੂ ਮ: ੫ ਪੰ: ੧੦੧੯ )

ਜਿਸ ਕੋਲ ਬਹੁਤੀ ਮਾਇਆ ਹੁੰਦੀ ਹੈ, ਉਹ ਅਹੰਕਾਰੀ ਹੋ ਜਾਂਦਾ ਹੈ । ਏਸੇ ਲਈ ਰਾਜੇ ਅਹੰਕਾਰੀ ਹੁੰਦੇ ਹਨ :

ਮਾਇਆ ਮੋਹਿ ਰਾਜੇ ਅਹੰਕਾਰੀ ।

( ਪ੍ਰਭਾਤੀ ਮ: ੧, ਪੰ: ੧੩੪੨ )

ਪਰ ਇਹ ਮਾਇਆ ਸਾਥ ਨਹੀਂ ਨਿਭਾਂਦੀ :

੧- ਮਾਇਆ ਸਾਥਿ ਨ ਚਲੈ ਪਿਆਰੀ ।

(ਪ੍ਰਭਾਤੀ ਮ: ੧, ਪੰ: ੧੩੪੨ )

੨- ਭਾਈ ਰੇ ਤਨੁ ਧਨੁ ਸਾਥਿ ਨ ਹੋਇ ।

( ਸਿਰੀ ਰਾਗੁ ਮ:੧, ਪੰ: ੬੨ )

੩- ਇਹੁ ਧਨੁ ਕਰਤੇ ਕਾ ਖੇਲੁ ਹੈ
ਕਦੇ ਆਵੈ ਕਦੇ ਜਾਇ ।

( ਵਾਰ ਮਲਾਰ ਮ: ੧, ਪੰ: ੧੨੮੨ )

ਨੀਚ ਤੋਂ ਨੀਚ ਅਤੇ ਮੂਰਖ ਤੋਂ ਮੂਰਖ ਮਾਇਆਧਾਰੀ ਅੱਗੇ ਦੁਨੀਆਂ ਝੁਕਦੀ ਹੈ :

ਆਥਿ ਸੈਲ ਨੀਚ ਘਰਿ ਹੋਇ ।
ਆਥਿ ਦੇਖਿ ਨਿਵੈ ਜਿਸੁ ਦੋਇ ।
ਆਥਿ ਹੋਇ ਤਾ ਮੁਗਧੁ ਸਿਆਨਾ ।

( ਰਾਮਕਲੀ ਮ: ੧, ਦਖਣੀ ਓਅੰਕਾਰ ਪੰ: ੯੩੧ )

ਮਾਇਆ ਅਤੇ ਧਨ ਮਾਲ ਨੂੰ ਗੁਰਦੇਵ ਨੇ ਕਚਾ ਧਨ ਕਿਹਾ ਹੈ । ਉਨ੍ਹਾਂ ਲਈ ਸਚਾ ਧਨ ਕੇਵਲ ਹਰਿਨਾਮ ਹੈ ।ਕਚਾ ਧਨ ਸੰਚਣ ਵਾਲੇ ਸਦਾ ਖੁਆਰ ਹੁੰਦੇ ਹਨ ।ਉਨ੍ਹਾਂ ਦਾ ਕਥਨ ਹੈ :

ਸੁਇਨਾ ਰੁਪਾ ਸੰਚੀਐ
ਧਨੁ ਕਾਚਾ ਬਿਖੁ ਛਾਰੁ ।
ਸਾਹੁ ਸਦਾਏ ਸੰਚਿ ਧਨੁ
ਦੁਬਿਧਾ ਹੋਇ ਖੁਆਰੁ ।
ਸਚਿਆਰੀ ਸਚੁ ਸੰਚਿਆ
ਸਾਚਉ ਨਾਮੁ ਅਮੋਲੁ ।
ਹਰਿ ਨਿਰਮਾਇਲੁ ਊਜਲੋ
ਪਤਿ ਸਾਚੀ ਸਚੁ ਬੋਲੁ ।

( ਰਾਮਕਲੀ ਮ: ੧-ਦਖਣੀ ਓਅੰਕਾਰ ਪੰ: ੯੩੭ )

ਗੁਰਦੇਵ ਅਨੁਸਾਰ ਉਹ ਮੂਰਖ ਹਨ ਜਿਨ੍ਹਾਂ ਦਾ ਚਿਤ ਕਚੇ ਧਨ ਵਿਚ ਲਗਦਾ ਹੈ । ਸਚੇ ਧਨ ਦੇ ਮੁਤਲਾਸ਼ੀ ਕਚੇ ਧਨ ਦੇ ਚਲੇ ਜਾਣ ਦੀ ਪ੍ਰਵਾਹ ਨਹੀਂ ਕਰਦੇ:

ਧਨਿ ਗਇਐ ਬਹਿ ਝੂਰੀਐ
ਧਨ ਮਹਿ ਚੀਤੁ ਗਵਾਰ ।
ਧਨੁ ਵਿਰਲੀ ਸਚੁ ਸੰਚਿਆ
ਨਿਰਮਲੁ ਨਾਮੁ ਪਿਆਰਿ ।

ਧਨ ਗਛਿਆ ਤਾ ਜਾਣ ਦੇਹਿ
ਜੇ ਰਾਚਹਿ ਰੰਗਿ ਏਕ ।
ਮਨੁ ਦੀਜੈ ਸਿਰੁ ਸਉਪੀਐ
ਭੀ ਕਰਤੇ ਕੀ ਟੇਕ ।

(ਰਾਮਕਲੀ ਮ: ੧ , ਦਖਣੀ ਓਅੰਕਾਰ ਪੰ: ੯੩੪ )

ਮਾਇਆ ਦਾ ਸੂਖਮ ਸਰੂਪ ਦਵੈਤ ਭਾਵ, ਦੂਜਾ ਭਾਉ ਜਾਂ ਦੁਬਿਧਾ ਹੈ । ਇਸ ਭਾਵ ਵਿਚ ਪ੍ਰਵੇਸ਼ ਕਰਨ ਵਾਲੇ ਸੰਸਾਰ ਸਾਗਰ ਨੂੰ ਨਹੀਂ ਤਰ ਸਕਦੇ, ਵਿਚਾਲੇ ਹੀ ਡੁਬ ਜਾਂਦੇ ਹਨ :

ਖਸਮੁ ਛੋਡਿ ਦੂਜੈ ਲਗੇ
ਡੁਬੇ ਸੇ ਵਣਜਾਰਿਆ ।

( ਵਾਰ ਆਸਾ ਮ:੧ ਪੰ: ੪੭੦ )

ਜਦੋਂ ਤਕ ਮਨ ਵਿਚ ਦੂਜਾ ਭਾਉ ਹੈ , ਮਾਨਵ ਦਾ ਖਾਣਾ ਪੀਣਾ ਪਹਿਨਣਾ ਸਭ ਨਿਰਾਰਥਕ ਹੈ , ਵੇਖਣਾ ਸੁਣਨਾ ਸਭ ਬਾਦ ਹੈ :

ਜਨਮੇ ਕਾ ਫਲੁ ਕਿਆ ਗਣੀ
ਜਾਂ ਹਰਿ ਭਗਤਿ ਨ ਭਾਉ ।
ਪੈਧਾ ਖਾਧਾ ਬਾਦਿ ਹੈ
ਜਾਂ ਮਨ ਦੂਜਾ ਭਾਉ ।
ਵੇਖਣੁ ਸੁਨਣਾ ਝੂਠਿ ਹੈ
ਮੁਖਿ ਝੂਠਾ ਆਲਾਉ ।
ਨਾਨਕ ਨਾਮੁ ਸਲਾਹਿ ਤੂ
ਹੋਰੁ ਹਉਮੈ ਆਵਉ ਜਾਉ ।

( ਸਲੋਕ ਵਾਰਾਂ ਤੇ ਵਧੀਕ ਮ: ੧ ਪੰ: ੧੪੧੧ )

ਦੂਜਾ ਭਾਵ ਨਿਰੋਲ ਅਗਿਆਨਤਾ ਹੈ , ਇਸ ਵਿਚ ਦੁਖ ਹੀ ਦੁਖ ਹੈ :

ਦੂਜੈ ਭਾਇ ਅਗਿਆਨੁ ਦੁਹੇਲਾ ।

( ਗਉੜੀ ਮ: ੧ ਪੰ: ੨੨੬ )

ਦੂਜੇ ਭਾਵ ਨੂੰ ਹੀ ਦੁਬਿਧਾ ਕਿਹਾ ਗਿਆ ਹੈ । ਪ੍ਰਭੂ ਅਤੇ ਉਸਦੇ ਨਾਮ ਨੂੰ ਛਡ ਕੇ ਹੋਰ ਜੋ ਕੁਝ ਹੈ , ਉਹ ਦੁਬਿਧਾ ਹੈ , ਜਿਸਦੇ ਘੇਰੇ ਵਿਚ ਆ ਕੇ ਮਾਨਵ ਤ੍ਰਿਸ਼ਨਾ ਦੀ ਅਗਨੀ ਵਿਚ ਸੜਦਾ ਹੈ :

ਜਿਨੀ ਨਾਮੁ ਵਿਸਾਰਿਆ
ਦੂਜੀ ਕਾਰੈ ਲਗਿ ।

ਦੁਬਿਧਾ ਲਾਗੇ ਪਚਿ ਮੁਏ
ਅੰਤਰਿ ਤ੍ਰਿਸਨਾ ਅਗਿ ।

( ਸਿਰੀ ਰਾਗੁ ਮ: ੧ ਪੰ: ੧੯ )

ਦੁਬਿਧਾ ਆਪ ਬਉਰੀ ਹੈ ਅਤੇ ਮਨ ਨੂੰ ਬਉਰਾ ਬਣਾ ਦਿੰਦੀ ਹੈ । ਮਾਨਵ ਝੂਠੇ ਲਾਲਚ ਵਿਚ ਫਸ ਕੇ ਜਨਮ ਗੰਵਾ ਲੈਂਦਾ ਹੈ:

ਦੁਬਿਧਾ ਬਉਰੀ ਮਨੁ ਬਉਰਾਇਆ ।
ਝੂਠੈ ਲਾਲਚਿ ਜਨਮੁ ਗਵਾਇਆ ।

( ਪ੍ਰਭਾਤੀ ਮ: ੧ ਪੰ: ੧੩੪੨ )

ਜਿਥੇ ਦੁਬਿਧਾ ਹੈ , ਉਥੇ ਵੈਰਾਗ ਨਹੀਂ ਹੋ ਸਕਦਾ :

ਦੁਬਿਧਾ ਵਿਚਿ ਬੈਰਾਗੁ ਨ ਹੋਵਈ
ਜਬ ਲਗੁ ਦੂਜੀ ਰਾਈ ।

( ਸੋਰਠਿ ਮ: ੧ ਪੰ: ੬੩੪ )

ਮਾਇਆ ਹੀ ਦੁਬਿਧਾ ਹੈ ਅਤੇ ਦੁਬਿਧਾ ਹੀ ਦੁਰਮਤ ਹੈ ।ਦੁਰਮਤ ਦੀ ਅਗਨੀ ਜਗਤ ਨੂੰ ਸਾੜ ਰਹੀ ਹੈ:

੧-ਦੁਰਮਤਿ ਅਗਨਿ ਜਗਤ ਪਰਜਾਰੈ ।

(ਗਉੜੀ ਮ: ੧ ,ਪੰ: ੨੨੫ )

੨- ਦੁਰਮਤਿ ਬਾਧਾ ਸਰਪਨਿ ਖਾਧਾ ।

( ਰਾਮਕਲੀ ਮ: ੧ ,ਸਿਧ ਗੋਸਟਿ ਪੰ: ੯੩੯ )

ਮਾਇਆ ਦਾ ਸਭ ਤੋਂ ਵਡਾ ਕਾਰਿੰਦਾ 'ਹਉਮੈ' ਹੈ ,ਜਿਸਦੇ ਕਾਰਨ ਜੀਵਾਂ ਜੰਤਾਂ ਦੀ ਉਤਪਤੀ ਦਾ ਖੇਡ ਚਲਦਾ ਰਹਿੰਦਾ ਹੈ :

ਹਉ ਵਿਚਿ ਮਾਇਆ
ਹਉ ਵਿਚਿ ਛਾਇਆ ।
ਹਉਮੈ ਕਰਿ ਕਰਿ
ਜੰਤ ਉਪਾਇਆ ।

( ਵਾਰ ਆਸਾ ਮ: ੧ ਪੰ: ੪੬੬ )

ਮਾਇਆ ਅਤੇ ਹਉਮੈ ਦੇ ਬੰਧਨਾ ਵਿਚ ਫਸ ਕੇ ਮਾਨਵ ਜੰਮਦਾ ਮਰਦਾ ਰਹਿੰਦਾ ਹੈ:

ਉਪਜਹਿ ਬਿਨਸਹਿ ਬੰਧਨ ਬੰਧੇ ।
ਹਉਮੈ ਮਾਇਆ ਕੇ ਗਲਿ ਫੰਧੇ ।

( ਮਾਰੂ ਮ: ੧ ਪੰ: ੧੦੪੧ )

ਹਉਮੈ ਖਣੀ ਰੋਗ ਹੈ, ਜਿਸਦਾ ਕੁਸਿਆ ਕੇਵਲ ਗੁਰੂ ਸ਼ਬਦ ਨਾਲ ਹੀ ਬਚ ਸਕਦਾ ਹੈ। ਇਹ ਰੋਗ ਬਹੁਤ ਦੁਖਦਾਈ ਹੈ। ਗੁਰਦੇਵ ਫੁਰਮਾਂਦੇ ਹਨ:

ਹਉਮੈ ਏਹਾ ਜਾਤਿ ਹੈ
ਹਉਮੈ ਕਰਮ ਕਮਾਹਿ ।
ਹਉਮੈ ਏਈ ਬੰਧਨਾ
ਫਿਰਿ ਫਿਰਿ ਜੋਨੀ ਪਾਹਿ ।
ਹਉਮੈ ਕਿਥਹੁ ਊਪਜੈ
ਕਿਤੁ ਸੰਜਮਿ ਇਹ ਜਾਇ ।
ਹਉਮੈ ਏਹੋ ਹੁਕਮੁ ਹੈ
ਪਇਐ ਕਿਰਤਿ ਫਿਰਾਹਿ ।
ਹਉਮੈ ਦੀਰਘ ਰੋਗੁ ਹੈ
ਦਾਰੂ ਭੀ ਇਸੁ ਮਾਹਿ ।
ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ ।
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ ।

( ਵਾਰ ਆਸਾ ਮ: ੧, ਪੰ: ੪੬੬ )

ਹਉਮੈ ਦੀ ਲਪੇਟ ਵਿਚ ਸਾਰਾ ਸੰਸਾਰ ਹੀ ਵਿਚਰਦਾ ਹੈ। ਜਨਮ ਤੋਂ ਲੈ ਕੇ ਮੌਤ ਤਕ ਜੀਵ ਦਾ ਹਰ ਕਰਮ ਹਉ ਦੇ ਆਸਰੇ ਹੀ ਹੁੰਦਾ ਹੈ ਅਤੇ ਹਉ ਦੇ ਆਸਰੇ ਕੀਤਾ ਹਰ ਕਰਮ ਸਾਨੂੰ ਪ੍ਰਭੂ ਦੇ ਮਾਰਗ ਤੋਂ ਪਰ੍ਹੇ ਲੈ ਜਾਂਦਾ ਹੈ। ਮਾਨਵ ਦੀ ਕਿਰਿਆ ਅਤੇ ਹਉ ਦਾ ਸਬੰਧ ਗੁਰਦੇਵ ਨੇ ਏਦਾਂ ਪ੍ਰਗਟ ਕੀਤਾ ਹੈ:

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ ।
ਹਉ ਵਿਚਿ ਦਿਤਾ ਹਉ ਵਿਚਿ ਲਇਆ ।
ਹਉ ਵਿਚਿ ਖਟਿਆ ਹਉ ਵਿਚਿ ਗਇਆ ।

ਹਉ ਵਿਚਿ ਸਚਿਆਰੁ ਕੁੜਿਆਰੁ ।
ਹਉ ਵਿਚਿ ਪਾਪ ਪੁੰਨ ਵੀਚਾਰੁ ।
ਹਉ ਵਿਚਿ ਨਰਕਿ ਸੁਰਗਿ ਅਵਤਾਰੁ ।
ਹਉ ਵਿਚਿ ਹਸੈ ਹਉ ਵਿਚਿ ਰੋਵੈ ।
ਹਉ ਵਿਚਿ ਭਰੀਐ ਹਉ ਵਿਚਿ ਧੋਵੈ ।
ਹਉ ਵਿਚਿ ਜਾਤੀ ਜਿਨਸੀ ਖੋਵੈ ।
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ।
ਮੋਖ ਮੁਕਤਿ ਕੀ ਸਾਰ ਨ ਜਾਣਾ ।

(ਵਾਰ ਆਸਾ ਮ: ੧ ਪੰ: ੪੬੬ )

ਮਾਇਆ ਵਾਂਗੂ ਹੀ 'ਹਉ ' ਦੇ ਸਰੂਪ ਦਾ ਨਿਰਣਾ ਕਰਨਾ ਬਹੁਤ ਕਠਿਨ ਹੈ । 'ਹਉ' ਅਤੇ 'ਅਨ-ਹਉ ' ਦਾ ਅੰਤਰ ਪ੍ਰਗਟਾਣਾ ਵੀ ਖਰਾ ਔਖਾ ਹੈ ।'ਸਵੈ-ਚੇਤੰਨ ਹਸਤੀ' ਨੂੰ ਅਸੀ ਹਉ ਕਹਿ ਸਕਦੇ ਹਾਂ ,ਜੋ ਆਪਣੇ ਆਪ ਦਾ ਗਿਆਤਾ ਹੈ ਅਤੇ 'ਮੈਂ' ਸ਼ਬਦ ਦੀ ਵਰਤੋਂ ਕਰਦਾ ਹੈ।'ਮਮਤਾ ''ਸ਼ਬਦ ਵੀ ਹਉਮੈ ਦਾ ਪ੍ਰਗਟਾਉ ਹੈ । ਗੁਰੂ ਨਾਨਕ ਦੇਵ ਜੀ ਨੇ ਹਉਮੈ , ਮਮਤਾ ਅਤੇ ਮਾਇਆ ਨੂੰ ਇਕੋ ਥਾਂ ਤੇ ਇਕੱਠਾ ਵਰਤਿਆ ਹੈ:

ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ ।

( ਆਸਾ ਮ: ੧ ਪੰ: ੪੩੭ )

ਹਉਮੈ ਅਤੇ ਮਮਤਾ ਨੂੰ ਗੁਰਦੇਵ ਨੇ ਆਮ ਤੋਰ ਤੇ ਇਕਠਿਆਂ ਹੀ ਵਰਣਨ ਕੀਤਾ ਹੈ ਜਿਵੇਂ :

੧- ਹਉਮੈ ਮਮਤਾ ਕਰਦਾ ਆਇਆ ।
ਆਸਾ ਮਨਸਾ ਬੰਧਿ ਚਲਾਇਆ ।

(ਮਾਰੂ ਮ: ੧ ਪੰ: ੧੦੩੧ )

੨ ੨- ਹਉਮੈ ਮਮਤਾ ਛੋਡੁ ਜਾਨਹੁ
ਸਬਦਿ ਮਿਲ ਚੜਾਂਊਗੀ ।

( ਬਿਲਾਵਲ ਮ: ੧ ਪੰ: ੮੪੩ )

੩- ਹਉਮੈ ਮਮਤਾ ਛੋਡੂ ਬਿਨਾਸਨ ।
ਨਉਦਰ ਮੁਕਤੇ ਦਸਵੈ ਆਸਨੁ ।

( ਮਾਰੂ ਮ: ੧ ਪੰ: ੧੦੪੦ )

੪- ਹਉਮੈ ਮਮਤਾ ਰੋਗੁ ਨ ਲਾਗੈ ।
~~੫-~~ ਰਾਮ ਭਗਤਿ ਜਮ ਕਾ ਭਉ ਭਾਗੈ ।
( ਰਾਮਕਲੀ ਮ: ੧ ਪੰ: ੯੦੪ )

੫- ਹਉਮੈ ਮਮਤਾ ਗੁਰ ਸਬਦਿ ਵਿਸਾਰੀ ।
( ਗਉੜੀ ਮ: ੧ ਪੰ: ੨੨੫ )

੬- ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ।
( ਸਿਰੀ ਰਾਗੁ ਮ: ੧ ਪੰ: ੧੯ )

ਮਮਤਾ ਦਾ ਭਾਵ 'ਮੈਂ ,ਮੇਰਾ ' ਹੈ ।'ਹਉ' ਅਤੇ 'ਮਮ' ਸਮਾਨਾਰਥਕ ਹਨ । ਹਉ ਦਾ ਨਿਕਾਸ ਸੰਸਕ੍ਰਿਤ ਦੇ ਸ਼ਬਦ 'ਅਹੰ' ਵਿਚੋਂ ਹੈ ਅਤੇ ਮਮਤਾ ਵੀ ਸੰਸਕ੍ਰਿਤ ਦਾ ਸ਼ਬਦ ਹੈ, ਇਹ ਦੋਵੇਂ ਸ਼ਬਦ ਸਮਾਨਾਰਥਕ ਹਨ ।

ਹਉਮੈ ਵਰਗੇ 'ਦੀਰਘ ਰੋਗ ' ਨੂੰ ਉਪਜਾਉਣ ਦੇ ਵਡੇ ਕਾਰਿੰਦੇ ਪੰਜ ਵਿਕਾਰ ਹਨ ।ਇਹ ਵਿਸ਼ੇ ਵਿਕਾਰ ਕਾਮ ,ਕ੍ਰੋਧ , ਲੋਭ , ਮੋਹ ਅਹੰਕਾਰ ਹਨ । ਇਸ ਲਈ ਇਹ ਕਹਿਣਾ ਉਚਿਤ ਹੈ ਕਿ ਮਾਇਆ ਦੀ ਹਉਮੈ ਦਾ ਪਰਵਾਰ ਹੀ ਇਹ ਪੰਜ ਦੂਤ ਹਨ , ਜਿਨ੍ਹਾਂ ਦੀ ਦੁਸ਼ਟਤਾ ਨਾਲ ਮਾਨਵ ਦੀ ਅਧਿਆਤਮਕ ਕਮਾਈ ਨਸ਼ਟ ਹੋ ਜਾਂਦੀ ਹੈ । ਇਹ ਪੰਜ ਚੋਰ ਗੁਣਾ ਦੀ ਸੰਢ ਚੁਰਾ ਲੈਂਦੇ ਹਨ ਅਤੇ ਅਵਗੁਣਾਂ ਦਾ ਭਰਿਆ ਮਾਨਸ ਪਰਲੋਕ ਵਲ ਤੁਰਦਾ ਹੈ । ਮਾਨਵ ਅੰਦਰ ਪੰਜੇ ਕਾਮਾਦਿਕ ਮਨ ਵਿਚ ਲੁਕੇ ਰਹਿੰਦੇ ਹਨ । ਗੁਰਦੇਵ ਦਾ ਫੁਰਮਾਨ ਹੈ:

ਭੀਤਰਿ ਪੰਚ ਗੁਪਤ ਮਨਿ ਵਾਸੇ ।
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ।੧।
ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ।
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ~~[illegible]~~ ਅਧਿਕ ਲਗੈ ।੧। ਰਹਾਉ
( ਆਸਾ ਮ: ੧ ਪੰ: ੩੫੯ )

ਇਕਲੇ ਜੀਵ ਨੂੰ ਪੰਜੇ ਦੂਤ ਘੇਰ ਲੈਂਦੇ ਹਨ ,ਜਿਨ੍ਹਾਂ ਦੇ ਪ੍ਰਭਾਵ ਹੇਠ ਉਹ ਮਾਇਆ ਦੇ ਵ ਵਸ ਵਿਚ ਹੋ ਕੇ ਲੋਭੀ ਕਪਟੀ ,ਪਾਪੀ ਅਤੇ ਪਾਖੰਡੀ ਹੋ ਜਾਂਦਾ ਹੈ । ਪੰਜਾਂ ਦੇ ਮੁਕਾਬਲੇ ਤੇ ਜੀਵ ਬੇਬਸ ਹੋ ਜਾਂਦਾ ਹੈ । ਗੁਰੂ ਜੀ ਇਸ ਬਾ ਰੇ ਇਉਂ ਫੁਰਮਾਂਦੇ ਹਨ :

ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ ।
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ ।

( ਗਉੜੀ ਚੇਤੀ ਮ: ੧ ਪੰ: ੧੫੫ )

ਗੁਰਦੇਵ ਨੇ ਅਲੰਕਾਰਿਕ ਢੰਗ ਨਾਲ ਸਰੀਰ ਰੂਪੀ ਨਗਰੀ ਵਿਚ ਕਾਮਾਦਿਕ ਪੰਜ ਚੋਰ ਰਹਿੰਦੇ ਦਸੇ ਹਨ:

ਏਕ ਨਗਰੀ ਪੰਚ ਚੋਰ ਬਸੀਅਲੇ
ਬਰਜਤ ਚੋਰੀ ਧਾਵੈ ।

( ਗੂਜਰੀ ਮ: ੧ ਪੰ: ੫੦੩ )

<u>ਕਾਮਾਦਿਕ ਪੰਜ ਵਿਕਾਰ</u>

ਸਭ ਤੋਂ ਪਹਿਲਾ ਵਿਕਾਰ ਕਾਮ ਹੈ । ਭਰ ਜੋਬਨ ਵਿਚ ਮਾਨਵ ਕਾਮ ਵਿਚ ਗਲਤਾਨ ਹੋ ਜਾਂਦਾ ਹੈ । ਆਪਣੀ ਨਾਰ ਤੋਂ ਛੁਟ ਉਹ ਪਰ-ਇਸਤਰੀ ਗਾਮੀ ਵੀ ਹੋ ਜਾਂਦਾ ਹੈ । ਚੋਰੀ ਚੋਰੀ ਬੁਰਾ ਕਾਰਜ ਕਰਦਾ ਹੈ । ਇਹੋ ਜਿਹੇ ਜੀਵ ਬਾਰੇ ਗੁਰਦੇਵ ਕਹਿੰਦੇ ਹਨ :

ਵੇਲਿ ਪਰਾਈ ਜੋਹਹਿ ਜੀਅੜੇ
ਕਰਹਿ ਚੋਰੀ ਬੁਰਿਆਰੀ ।

( ਗਉੜੀ ਚੇਤੀ ਮ: ੧ ਪੰ: ੧੫੫ )

ਇਹ ਜੋਬਨ ਰੁਤ ਹੀ ਅਜਿਹੀ ਹੁੰਦੀ ਹੈ ਕਿ ਕਾਮ ਪਿਛਾ ਨਹੀਂ ਛਡਦਾ :

ਜਿਵੈ ਕਾਮੁ ਨ ਪੁਛੈ ਜਾਤਿ ।

( ਵਾਰ ਮਾਝ ਮ: ੧ ਪੰ: ੧੩੭ )

ਜ਼ਿੰਦਗੀ ਰਾਤ ਦੇ ਚਾਰ ਪਹਿਰਾਂ ਵਾਂਗ ਵੰਡੀ ਹੈ । ਦੂਜਾ ਪਹਿਰਾ ਜੋਬਨ ਰੁਤ ਦਾ ਹੈ । ਜਦੋਂ ਕਾਮ ਬਹੁਤ ਸਤਾਉਂਦਾ ਹੈ :

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੋਬਨ ਮੈ ਮਤਿ ।
ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ

ਅੰਧੁਲੇ ਨਾਮੁ ਨ ਚਿਤਿ ।

ਰਾਮ ਨਾਮੁ ਘਟ ਅੰਤਰਿ ਨਾਹੀ
ਹੋਰਿ ਜਾਣੈ ਰਸ ਕਸ ਮੀਠੇ ।

( ਸਿਰੀ ਰਾਗੁ ਮ: ੧ ਪੰ: ੭੫ )

ਸਤ ਮਾਰਗ ਨੂੰ ਛਡ ਕੇ ਜੀਵ ਕਾਮ ਵਲ ਰੁਚਿਤ ਹੋ ਜਾਂਦਾ ਹੈ । ਇਸਤਰੀ ਦਾ ਪ੍ਰੇਮੀ ਕਾਮ ਨੂੰ ਚਿਤਵਦਾ ਹੈ ਅਤੇ ਸਾਰੇ ਵਿਕਾਰੀਆਂ ਨੂੰ ਕ੍ਰੋਧ ਨਾਸ ਕਰਦਾ ਹੈ । ਗੁਰਦੇਵ ਦਾ ਕਥਨ ਹੈ:

ਕਾਮੁ ਚਿਤੈ ਕਾਮਣਿ ਹਿਤਕਾਰੀ।
ਕ੍ਰੋਧੁ ਬਿਨਾਸੈ ਸਗਲ ਵਿਕਾਰੀ ।

( ਗਉੜੀ ਮ: ੧ ਪੰ: ੨੨੫ )

ਕਾਮ ਅਤੇ ਕ੍ਰੋਧ ਦੋਵੇਂ ਰਲ ਕੇ ਅਗਨੀ ਵਾਂਗ ਸ੍ਰੀਰ ਦੀ ਸ਼ਕਤੀ ਨੂੰ ਸਾੜ ਦਿੰਦੇ ਹਨ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ ।

( ਰਾਮਕਲੀ ਮ: ੧ ,ਪੰ: ੯੩੨ )

ਸ੍ਰੀਰ ਵਿਚ ਕਾਮ ਅਤੇ ਕ੍ਰੋਧ ਅਤੇ ਮੈਂ ਮੇਰੀ ਦਾ ਵਾਸਾ ਹੋਣ ਕਰਕੇ ਇਹ ਨਿਤ ਪ੍ਰਤ ਦੁਖੀ ਰਹਿੰਦਾ ਹੈ:

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ
ਕਠਿਨ ਪੀਰ ਅਤਿ ਭਾਰੀ ।

( ਭੈਰਉ ਮ: ੧ ਪੰ: ੧੧੨੬ )

ਕਾਮ ਅਤੇ ਕ੍ਰੋਧ ਨਿਰੋਲ ਕਪਟ ਅਤੇ ਬਿਖਿਆ ਹਨ[੧]। ਇਹ ਅੰਤਹਕਰਣ ਵਿਚ ਚੋਟ ਮਾਰਦੇ ਹਨ[੨]। ਇਹ ਸ੍ਰੀਰ ਵਿਚ ਰਹਿੰਦੇ ਚੰਡਾਲ ਹਨ[੩]।ਪਰ ਕਾਮ ਕ੍ਰੋਧ ਦੀ ਨੋਕ

---

੧- ਆਸਾ ਛੰਤ ਮ: ੧, ਪੰ: ੪੩੭ .

੨- ਗਉੜੀ ਮ: ੧ ,ਪੰ: ੧੫੨ .

੩- ਸਿਰੀ ਰਾਗੁ ਮ:੧ , ਪੰ: ੨੪ .

ਵਰਤੋਂ ਵਲ ਵੀ ਗੁਰਦੇਵ ਨੇ ਇਸ਼ਾਰਾ ਕੀਤਾ ਹੈ । ਉਨ੍ਹਾਂ ਨੇ ਸ਼ਰੀਰ ਰੂਪੀ ਧਰਤੀ ਨੂੰ ਗੋਡਣ ਲਈ ਕਾਮ ਅਤੇ ਕ੍ਰੋਧ ਰੰਬੇ ਬਣਾ ਲੈਣ ਦੀ ਹਦਾਇਤ ਕੀਤੀ ਹੈ :

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ
ਗੋਡਹੁ ਧਰਤੀ ਭਾਈ ।
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ
ਕਿਰਤੁ ਨ ਮੇਟਿਆ ਜਾਈ ।

( ਬਸੰਤੁ ਹਿੰਡੋਲ ਮ: ੧, ਪੰ: ੧੧੭੧ )

ਕੋਈ ਗੁਰਮੁਖ ਹੀ ਇਸ ਅਲੰਕਾਰ ਨੂੰ ਸਮਝਦਾ ਹੈ । ਆਮ ਜੀਵ ਨੂੰ ਤਾਂ ਕਾਮ ਕ੍ਰੋਧ ਰੂਪੀ ਬਿਖ ਦੀ ਭੁਖ ਪਿਆਸ ਲਗੀ ਰਹਿੰਦੀ ਹੈ:

ਕਾਮ ਕ੍ਰੋਧ ਬਿਖੁ ਭੁਖ ਪਿਆਸਾ ।

(ਗਉੜੀ ਮ: ੧, ਪੰ: ੨੨੪ )

ਕਾਮ ਵਿਚ ਰੁਝਿਆ ਮਨ ਕਦੀ ਵੀ ਟਿਕਾਇਮਾਨ ਨਹੀਂ ਹੋ ਸਕਦਾ :

ਕਾਮਿ ਬਿਰੂਧਉ ਰਹੈ ਨ ਠਾਇ ।

( ਗਉੜੀ ਗੁਆਰੇਰੀ ਮ:੧, ਪੰ: ੨੨੨)

ਕਾਮ ਅਤੇ ਕ੍ਰੋਧ ਦੋਵੇਂ ਰਲ ਕੇ ਅੰਦਰ ਦਾ ਧਨ ਚੁਰਾ ਲੈਂਦੇ ਹਨ :

ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ । (

( ਆਸਾ ਮ:੧, ਪੰ: ੩੫੨ )

ਗੁਰਦੇਵ ਨੇ ਜਿਥੇ ਕ੍ਰੋਧ ਨੂੰ ਚੰਡਾਲ ਦਾ ਰੂਪ ਦਿਤਾ ਹੈ, ਉਥੇ ਲੋਭ ਨੂੰ ਕੁਤੇ ਦਾ:

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰੁ ।
ਪਰਨਿੰਦਾ ਪਰਮਲੁ ਮੁਖਿ ਸੁਧੀ
ਅਗਨਿ ਕ੍ਰੋਧੁ ਚੰਡਾਲੁ ।

( ਸਿਰੀ ਰਾਗੁ ਮ: ੧ , ਪੰ: ੪੧੫ )

ਲੋਭ ਇਕ ਬਹੁਤ ਵਡਾ ਦੁਖ ਹੈ ਜੋ ਜੀਵ ਨੂੰ ਚੰਬੜਿਆ ਹੋਇਆ ਹੈ, ਇਸੇ ਲਈ ਗੁਰਦੇਵ ਨੇ ਇਸ ਸਬੰਧੀ ਜੀਵ ਨੂੰ ਸਾਵਧਾਨ ਕੀਤਾ ਹੈ :

ਲਾਲਚ ਛੋਡਹੁ ਅੰਧਿਹੋ
ਲਾਲਚਿ ਦੁਖੁ ਭਾਰੀ ।

( ਆਸਾ ਮ:੧, ਪੰ: ੪੧੯ )

ਮਾਇਆ ਦੀ ਪਾਹ ਨਾਲ ਆਕੜਿਆ ਅਤੇ ਲਬ ਨਾਲ ਰੰਗਿਆ ਸ੍ਰੀਰ ਰੂਪੀ ਚੋਲਾ ਹਰੀ ਰੂਪ ਕੰਤ ਨੂੰ ਚੰਗਾ ਨਹੀਂ ਲਗਦਾ ।

ਇਹੁ ਤਨੁ ਮਾਇਆਪਾਹਿਆ
ਪਿਆਰੇ ਲੀਤੜਾ ਲਬਿ ਰੰਗਾਏ ।
ਮੇਰੈ ਕੰਤ ਨ ਭਾਵੈ ਚੋਲੜਾ
~~ਪਿਆਰੇ~~ ਪਿਆਰੇ ਕਿਉ ਧਨ ਸੇਜੈ ਜਾਇ ।

( ਤਿਲੰਗੁ ਮ: ੧ ਪੰ: ੭੨੧ )

ਇਹ ਲੋਭ ਹਨੇਰਾ ਬੰਦੀ ਖਾਨਾ ਹੈ ਜਿਸਦੇ ਵਿਚ ਔਗੁਣਾਂ ਦੀ ਬੇੜੀ ਨਾਲ ਜੀਵ ਜਕੜਿਆ ਹੋਇਆ ਹੈ:

ਲਬੁ ਅੰਧੇਰਾ ਬੰਦੀਖਾਨਾ
ਅਉਗਣ ਪੈਰਿ ਲੋਹਾਰੀ ।

(ਬਸੰਤ ਮ:੧ ਪੰ: ੧੧੯੧ )

ਸੰਸਾਰਕ ਪਦਾਰਥਾਂ ਦਾ ਮੋਹ ਖੋਟਾ ਵਿਕਾਰ ਹੈ ਜੋ ਜੀਵ ਨੂੰ ਦੋਸ਼ੀ ਅਤੇ ਦਾਗੀ ਬਣਾ ਦਿੰਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ:

ਜੇਤਾ ਮੋਹੁ ਪਰੀਤਿ ਸੁਆਦ ।
ਸਭਾ ਕਾਲਖ ਦਾਗਾ ਦਾਗ ।
ਦਾਗ ਦੋਸ ਮੁਹਿ ਚਲਿਆ ਲਾਇ ।
ਦਰਗਹ ਬੈਸਣ ਨਾਹੀ ਜਾਇ ।

( ਧਨਾਸਰੀ ਮ: ੧ ਪੰ: ੬੬੨ )

ਸਾਰਾ ਕੁਟੰਬ ਅਤੇ ਇਸ ਨਾਲ ਸਬੰਧਤ ਸਾਰੇ ਕਾਰਜ ਮੋਹ ਦੇ ਘੇਰੇ ਵਿਚ ਆਉਂਦੇ ਹਨ । ਇਹ ਸਾਰੇ ਹੀ ਵਿਕਾਰ ਹਨ । ਮੋਹ ਦੇ ਕਾਰਨ ਸੰਸਾਰ ਡੁਬ ਰਹਿਆ ਹੈ ਅਤੇ ਜਨਮ ਮਰਨ ਦੇ ਗੇੜ ਵਿਚ ਚਕਰ ਲਗਾ ਰਿਹਾ ਹੈ । ਪ੍ਰਭੂ ਅਤੇ ਸਤਿਗੁਰੂ ਦੀ ਨਦਰ ਤੋਂ ਬਗੈਰ ਇਹ ਮੋਹ ਨਹੀਂ ਟੁਟ ਸਕਦਾ । ਗੁਰਦੇਵ ਨੇ ਇਨ੍ਹਾਂ ਵਿਚਾਰਾਂ ਨੂੰ ਏਦਾਂ ਪ੍ਰਗਟਾਇਆ ਹੈ:

ਮੋਹੁ ਕੁਟੰਬੁ ਮੋਹੁ ਸਭ ਕਾਰ ।
ਮੋਹੁ ਤੁਮ ਤਜਹੁ ਸਗਲ ਵੇਕਾਰ ।੧।
ਮੋਹੁ ਅਰੁ ਭਰਮੁ ਤਜਹੁ ਤੁਮ ਬੀਰ ।

ਸਾਚੁ ਨਾਮੁ ਰਿਦੇ ਰਵੈ ਸਰੀਰ ।੧। ਰਹਾਉ ।

ਸਚੁ ਨਾਮੁ ਜਾ ਨਵਨਿਧਿ ਪਾਈ ।
ਰੋਵੈ ਪੂਤੁ ਨ ਕਲਪੈ ਮਾਈ ।੨ ।
ਏਤੁ ਮੋਹਿ ਡੂਬਾ ਸੰਸਾਰੁ ।
ਗੁਰਮੁਖਿ ਕੋਈ ਉਤਰੈ ਪਾਰਿ ।੩।
ਏਤੁ ਮੋਹਿ ਫਿਰਿ ਜੂਨੀ ਪਾਹਿ ।
ਮੋਹੇ ਲਾਗਾ ਜਮਪੁਰਿ ਜਾਹਿ ।੪।
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ।
ਨਾ ਮੋਹੁ ਤੂਟੈ ਨਾ ਥਾਇ ਪਾਹਿ ।੫।
ਨਦਰਿ ਕਰੇ ਤਾ ਏਹੁ ਮੋਹੁ ਜਾਇ ।
ਨਾਨਕ ਹਰਿ ਸਿਉ ਰਹੈ ਸਮਾਇ । ੬।

( ਆਸਾ ਮ: ੧ ਪੰ: ੩੫੬ )

ਸਾਰੀ ਦੁਨੀਆਂ ਝੂਠੇ ਮੋਹ ਦੇ ਭਰਮ ਵਿਚ ਭੁਲੀ ਫਿਰਦੀ ਹੈ । ਨਾ ਕੋਈ ਕਿਸੇ ਦਾ ਪੁਤਰ ਹੈ, ਨਾ ਕੋਈ ਕਿਸੇ ਦੀ ਮਾਤਾ ਹੈ । ਇਹ ਰਿਸ਼ਤੇ ਨਾਤੇ ਛਿਣੇ ਹੀ ਖਤਮ ਹੋ ਜਾਂਦੇ ਹਨ ।

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ।
ਝੂਠੈ ਮੋਹਿ ਭਰਮਿ ਭੁਲਾਈ ।

( ਆਸਾ ਮ: ੧ ਪੰ: ੩੫੭ )

ਪੰਜਵਾਂ ਵਿਕਾਰ ਅਹੰਕਾਰ ਹੈ , ਜਿਸ ਬਾਰੇ 'ਅੰਤਹਕਰਣ' ਦੇ ਸਬੰਧ ਵਿਚ ਅਗੇ ਵਿਚਾਰ ਕੀਤੀ ਜਾ ਚੁਕੀ ਹੈ । ਗੁਰਦੇਵ ਨੇ 'ਅਹੰਕਾਰ' ਸ਼ਬਦ ਵੀ ਵਰਤਿਆ ਹੈ ਅਤੇ ਇਹਦਾ ਸਮਾਨਾਰਥਕ 'ਗਰਬ' ਵੀ । ਉਨ੍ਹਾਂ ਅਨੁਸਾਰ ਸਭ ਸੰਸਾਰ ਨੂੰ ਅਹੰਕਾਰ ਨੇ ਠਗਿਆ ਹੋਇਆ ਹੈ:

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ।

( ਸਿਰੀ ਰਾਗੁ ਮ: ੧, ਪੰ: ੧੯ )

ਉਹ ਵਿਦਵਾਨ ਵੀ ਮੂਰਖ ਹੈ ਜੋ ਆਪਣੀ ਵਿਦਵਤਾ ਦਾ ਅਹੰਕਾਰ ਕਰਦਾ ਹੈ ਅਤੇ ਨਾਲ ਹੀ ਲੋਭੀ ਵੀ ਹੈ:

ਪੜਿਆ ਮੂਰਖੁ ਆਖੀਐ
ਜਿਸੁ ਲਬੁ ਲੋਭੁ ਅਹੰਕਾਰਾ । ( ਵਾਰ ਮਾਝ ਮ: ੧ ਪੰ: ੧੪੦ )

ਵਾਦ ਅਤੇ ਅਹੰਕਾਰ ਨਾਲ ਪ੍ਰਭੂ ਤੋਂ ਦੂਰ ਹੋ ਜਾਈਦਾ ਹੈ :

ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ

( ਗਉੜੀ ਮ: ੧ ਪੰ: ੨੨੬ )

ਗੁਣਹੀਨ ਅਹੰਕਾਰੀ ਤਾਂ ਖੋਤੇ ਸਮਾਨ ਹੈ :

ਨਾਨਕ ਸੇ ਨਰਿ ਅਸਲਿ ਖਰ<br>
ਜਿ ਬਿਨੁ ਗੁਣ ਗਰਬੁ ਕਰੰਤਿ ।

( ਵਾਰ ਸਾਰੰਗ ਸਲੋਕ ਮ:੧ ਪੰ: ੧੨੪੬ )

ਗਰਬ ਕਰਨ ਨਾਲ ਸਿਰ ਤੇ ਭਾਰ ਵਧਦਾ ਹੈ :

ਗਰਬੁ ਨ ਕੀਜੈ ਨਾਨਕਾ<br>
ਮਤੁ ਸਿਰਿ ਆਵੈ ਭਾਰੁ ।

( ਵਾਰ ਰਾਮਕਲੀ , ਸਲੋਕ ਮ:੧ ਪੰ: ੯੫੬ )

ਜਦੋਂ ਅਹੰਕਾਰ ਦੂਰ ਹੋ ਜਾਂਦਾ ਹੈ ਤਾਂ ਹੀ ਦਸਮਦੁਆਰ ਦੀ ਪ੍ਰਾਪਤੀ ਹੁੰਦੀ ਹੈ:

ਗਰਬੁ ਨਿਵਾਰਿ ਗਗਨਪੁਰੁ ਪਾਏ ।

( ਗਉੜੀ ਮ: ੧ ਪੰ: ੧੫੩ )

ਉਪਰੋਕਤ ~~ਕਥਿਤ~~ ਵਿਸ਼ਿਆਂ ਵਿਕਾਰਾਂ ਨਾਲ ਕਦੇ ਤ੍ਰਿਪਤੀ ਨਹੀਂ ਹੁੰਦੀ , ਇਸ ਲਈ ਮਾਨਵ, ਅਗਿਆਨਤਾ ਵਿਚ , ਇਨ੍ਹਾਂ ਵਿਕਾਰਾਂ ਦੀ ਤ੍ਰਿਸ਼ਨਾ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਆਵਾਗਵਣ ਦੇ ਚੱਕਰ ਵਿਚ ਭਟਕਦਾ ਰਹਿੰਦਾ ਹੈ । ਵਿਸ਼ਿਆਂ ਵਿਕਾਰਾਂ ਦੀ ਅਗਨੀ ਦੇ ਕਾਰਨ ਤ੍ਰਿਸ਼ਨਾ ਵੀ ਇਕ ਪ੍ਰਕਾਰ ਦੀ ਅਗ ਹੈ ਜਿਹੜੀ ਕੇਵਲ ਗੁਰ ਸਬਦ ਨਾਲ ਹੀ ਬੁਝ ਸਕਦੀ ਹੈ :

ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ।

( ਵਾਰ ਮਾਝ ਮ:੧ ਪੰ: ੧੪੭ )

ਤ੍ਰਿਸਨਾ ਕੇਵਲ ਨਾਮ ਨਾਲ ਹੀ ਖਤਮ ਹੋ ਸਕਦੀ ਹੈ:

ਤ੍ਰਿਸਨਾ ਬੁਝੀ ਨਾਨਕਾ ਜਾ ਮਨੁ ਰਤਾ ਨਾਇ ।

( ਵਾਰ ਮਾਰੂ ਸਲੋਕ ਮ: ੧ ਪੰ: ੧੦੮[illegible] )

ਮਾਇਆ ਅਤੇ ਇਸਦੇ ਵਿਕਾਰੀ ਕਾਰਿੰਦੇ ਕੇਵਲ ਸਤਿਗੁਰੂ ਦੀ ਬਖਸ਼ਿਸ਼ ਨਾਲ ਵਸ ਵਿਚ ਆ ਸਕਦੇ ਹਨ । ਨਾਮ ਹੀ ਇਨ੍ਹਾਂ ਰੋਗਾਂ ਦਾ ਦਾਰੂ ਹੈ :


੧-ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ।<br>
ਲਬੁ ਲੋਭੁ ਅਹੰਕਾਰੁ ਸੁ ਪੀਰਾ ।<br>
ਰਾਮ ਨਾਮ ਬਿਨੁ ਕਿਉ ਮਨੁ ਧੀਰਾ ।

( ਆਸਾ ਮ: ੧ ਪੰ: ੪੧੪ )

२- ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ
ਲੋਭੁ ਮੋਹੁ ਤਿਸ ਮਾਇਆ ।
ਮਨਿ ਤਤੁ ਅਵਿਗਤੁ ਧਿਆਇਆ
ਗੁਰ ਪਰਸਾਦੀ ਪਾਇਆ ।

( ਗੂਜਰੀ ਮ: ੧ ਪੰ: ੫੦੩ )

ਮਾਇਆ ਅਤੇ ਜੀਵ ਦੇ ਸਬੰਧਾਂ ਨੂੰ ਹੇਠ ਲਿਖੀ ਸਾਰਿਣੀ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ :




.----------.

****************

# ਸਤਵਾਂ ਅਧਿਆਇ

****************

## ਜੀਵ ਦਾ ਉਦੇਸ਼ ਅਤੇ ਇਸਦੀ ਪ੍ਰਾਪਤੀ

(ਸਤਿਗੁਰੂ—ਗੁਰਸ਼ਬਦ ਅਰਥਾਤ ਨਾਮ—ਨਾਮ ਸਿਮਰਨ
—ਨਾਮ ਅਤੇ ਜੋਤ—ਸਾਧਸੰਗਤ—ਗੁਰਮੁਖ—
ਕੀਰਤਨ—ਪਰਮ ਪਦ ਦੀ ਪ੍ਰਾਪਤੀ—ਭਗਤੀ
—ਪੰਜ ਖੰਡ ਅਥਵਾ ਪੰਜ ਅਧਿਆਤਮਕ ਅਵਸਥਾਵਾਂ।)

## ਅ ਧਿ ਆ ਇ ਸਤਵਾਂ

### ਜੀਵ ਦਾ ਉਦੇਸ਼
### ਅਤੇ
### ਇਸਦੀ ਪ੍ਰਾਪਤੀ.

ਪਿਛਲੇ ਅਧਿਆਇ ਵਿਚ ਅਸੀਂ ਵੇਖ ਚੁਕੇ ਹਾਂ ਕਿ ਮਾਇਆ, ਹਉਮੈ ਅਤੇ ਕਾਮਾਦਿਕ ਵਿਕਾਰ ਜੀਵਾਤਮਾ ਦੇ ਆਵਾਗਵਣ ਦਾ ਕਾਰਨ ਹਨ । ਜਨਮ ਮਰਨ ਦੇ ਦੁਖਾਂ ਤੋਂ ਬਚਣ ਲਈ ਗੁਰੂ ਨਾਨਕ ਦੇਵ ਨੇ ਮਾਰਗ ਵੀ ਪ੍ਰਗਟ ਕੀਤਾ ਹੈ , ਜਿਸ ਉਤੇ ਚਲਣ ਨਾਲ ਜੀਵਾਤਮਾ ਆਪਣੇ ਅਸਲੇ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ ਅਤੇ ਪਰਮ-ਅਨੰਦ ਦੀ ਅਵਸਥਾ ਨੂੰ ਮਾਣਦੀ ਹੈ । ਆਪਣੇ ਨਿਮਨ ਲਿਖਤ ਸ਼ਬਦ ਵਿਚ ਗੁਰਦੇਵ ਨੇ ਇਸ ਸਬੰਧ ਵਿਚ ਸਭ ਕੁਝ ਸਪਸ਼ਟ ਕਰ ਦਿਤਾ ਹੈ:

ਅਹਿ ਕਰੁ ਰੇ ਮਨ ਮੁਗਧ ਇਆਣੇ ।
ਰਾਮੁ ਜਪਹੁ ਅੰਤਰ ਗਤਿ ਧਿਆਣੇ ।
ਲਾਲਚ ਛੋਡਿ ਰਚਹੁ ਅਪਰੰਪਰਿ
ਇਉ ਪਾਵਹੁ ਮੁਕਤਿ ਦੁਆਰਾ ਹੇ ।੧।
ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ।
ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ।
ਰਾਮ ਨਾਮੁ ਜਪਿ ਗੁਰਮੁਖਿ ਜੀਅੜੇ
ਏਹੁ ਪਰਮ ਤਤੁ ਵੀਚਾਰਾ ਹੇ ।੨।
ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ।
ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ।
ਅਹਿਨਿਸਿ ਰਾਮ ਰਹਹੁ ਰੰਗਿ ਰਾਤੇ
ਏਹੁ ਜਪੁ ਤਪੁ ਸੰਜਮੁ ਸਾਰਾ ਹੇ ।੩।
ਰਾਮ ਨਾਮੁ ਗੁਰ ਬਚਨੀ ਬੋਲਹੁ ।
ਸੰਤ ਸਭਾ ਮਹਿ ਇਹੁ ਰਸੁ ਟੋਲਹੁ ।
ਗੁਰਮਤਿ ਖੋਜਿ ਲਹਹੁ ਘਰੁ ਅਪਣਾ ।
ਬਹੁੜਿ ਨ ਗਰਭ ਮਝਾਰਾ ਹੇ ।੪।

ਸਭੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ।
ਤਤੁ ਵੀਚਾਰਹੁ ਹਰਿ ਲਿਵ ਲਾਵਹੁ ।
ਅੰਤਕਾਲਿ ਜਮੁ ਜੋਹਿ ਨ ਸਾਕੈ ।
ਹਰਿ ਬੋਲਹੁ ਰਾਮੁ ਪਿਆਰਾ ਹੇ ।੫।
ਸਤਿਗੁਰੁ ਪੁਰਖੁ ਦਾਤਾ ਵਡਦਾਣਾ ।
ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ।
ਜਿਸ ਕਉ ਸਤਿਗੁਰੁ ਮੇਲਿ ਮਿਲਾਏ ।
ਤਿਸ ਚੂਕਾ ਜਮ ਭੈ ਭਾਰਾ ਹੇ । ੬।
ਪੰਚ ਤਤੁ ਮਿਲਿ ਕਾਇਆ ਕੀਨੀ ।
ਤਿਸ ਮਹਿ ਰਾਮ ਰਤਨੁ ਲੈ ਚੀਨੀ ।
ਆਤਮ ਰਾਮੁ ਰਾਮੁ ਹੈ ਆਤਮ
ਹਰਿ ਪਾਈਐ ਸਬਦਿ ਵੀਚਾਰਾ ਹੇ ।੭ ।
ਸਤ ਸੰਤੋਖਿ ਰਹਹੁ ਜਨ ਭਾਈ ।
ਖਿਮਾ ਗਹਹੁ ਸਤਿਗੁਰ ਸਰਣਾਈ ।
ਆਤਮੁ ਚੀਨਿ ਪਰਾਤਮੁ ਚੀਨਹੁ ।
ਗੁਰ ਸੰਗਤਿ ਇਹੁ ਨਿਸਤਾਰਾ ਹੇ ।੮।
ਸਾਕਤ ਕੂੜ ਕਪਟ ਮਹਿ ਟੇਕਾ ।
ਅਹਿਨਿਸਿ ਨਿੰਦਾ ਕਰਹਿ ਅਨੇਕਾ ।
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ।
ਗ੍ਰਭ ਜੋਨੀ ਨਰਕ ਮਝਾਰਾ ਹੇ । ੯ ।
ਸਾਕਤ ਜਮ ਕੀ ਕਾਣਿ ਨ ਚੂਕੈ ।
ਜਮ ਕਾ ਡੰਡੁ ਨ ਕਬਹੂ ਮੂਕੈ ।
ਬਾਕੀ ਧਰਮਰਾਇ ਕੀ ਲੀਜੈ ।
ਸਿਰਿ ਅਫਰਿਓ ਭਾਰੁ ਅਫਾਰਾ ਹੇ । ੧੦ ।
ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ।
ਹਉਮੈ ਕਰਤਾ ਭਵਜਲਿ ਪਰਿਆ ।
ਬਿਨੁ ਗੁਰ ਪਾਰੁ ਨ ਪਾਵੈ ਕੋਈ ।
ਹਰਿ ਜਪੀਐ ਪਾਰਿ ਉਤਾਰਾ ਹੇ । ੧੧।

ਗੁਰ ਕੀ ਦਾਤਿ ਨ ਮੇਟੈ ਕੋਈ ।
ਜਿਸੁ ਬਖਸੇ ਤਿਸੁ ਤਾਰੇ ਸੋਈ ।
ਜਨਮ ਮਰਣ ਦੁਖੁ ਨੇੜਿ ਨ ਆਵੈ ।
ਮਨਿ ਸੋ ਪ੍ਰਭੁ ਅਪਰ ਅਪਾਰਾ ਹੇ । ੧੨ ।
ਗੁਰ ਤੇ ਭੂਲੇ ਆਵਹੁ ਜਾਵਹੁ ।
ਜਨਮਿ ਮਰਹੁ ਫੁਨਿ ਪਾਪ ਕਮਾਵਹੁ ।
ਸਾਕਤ ਮੂੜ ਅਚੇਤ ਨ ਚੇਤਹਿ
ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ । ੧੩ ।
ਸੁਖੁ ਦੁਖੁ ਪੁਰਬ ਜਨਮ ਕੇ ਕੀਏ
ਸੋ ਜਾਣੈ ਜਿਨਿ ਦਾਤੈ ਦੀਏ ।
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ
ਸਹੁ ਅਪਣਾ ਕੀਆ ਕਰਾਰਾ ਹੇ । ੧੪ ।
ਹਉਮੈ ਮਮਤਾ ਕਰਦਾ ਆਇਆ ।
ਆਸਾ ਮਨਸਾ ਬੰਧਿ ਚਲਾਇਆ ।
ਮੇਰੀ ਮੇਰੀ ਕਰਤ ਕਿਆ ਲੇ ਚਾਲੇ ।
ਬਿਖੁ ਲਾਦੇ ਛਾਰ ਬਿਕਾਰਾ ਹੇ । ੧੫ ।
ਹਰਿ ਕੀ ਭਗਤਿ ਕਰਹੁ ਜਨ ਭਾਈ ।
ਅਕਥੁ ਕਥਹੁ ਮਨੁ ਮਨਹਿ ਸਮਾਈ ।
ਉਠਿ ਚਲਤਾ ਠਾਕਿ ਰਖਹੁ ਘਰਿ ਅਪਨੈ ।
ਦੁਖੁ ਕਾਟੇ ਕਾਟਣਹਾਰਾ ਹੇ । ੧੬ ।
ਹਰਿ ਗੁਰ ਪੂਰੇ ਕੀ ਓਟ ਪਰਾਤੀ ।
ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ।
ਨਾਨਕ ਰਾਮ ਨਾਮਿ ਅਤਿ ਊਤਮ
ਹਰਿ ਬਖਸੇ ਪਾਰਿ ਉਤਾਰਾ ਹੇ । ੧੭ ।

( ਮਾਰੂ ਮ: ੧, -ਪੰ: ੧੦੩੦-੩੧)

ਉਪਰੋਕਤ ਸ਼ਬਦ ਵਿਚੋਂ ਹੇਠ ਲਿਖੇ ਤੱਥ ਉਘੜਦੇ ਹਨ :

(੧) ਮਾਇਆ ਵਿਚ ਖਚਤ ਜੀਵ (ਸਾਕਤ ) ਕੂੜ ਕਪਟ ਦੀ ਟੇਕ ਰਖਦਾ ਹੋਇਆ , ਦਿਨ ਰਾਤ ਅਨੇਕ ਪ੍ਰਕਾਰ ਦੀ ਨਿੰਦਾ ਕਰਦਾ ਹੈ , ਇਸ ਲਈ ਅਨੇਕ ਗਰਭ-ਜੂਨਾਂ ਦੇ ਨਰਕਾਂ ਵਿਚ ਖੁਆਰ ਹੁੰਦਾ ਹੈ ।(ਪਦਾ ੯) ਮੁੜ ਮੁੜ ਧਰਮਰਾਜ ਦੇ ਹੁਕਮ ਨਾਲ ਜਮ ਦਾ ਦੰਡ ਸਹਿੰਦਾ ਹੈ ।(ਪਦਾ ੧੦ )ਹਉਮੈ ਵਿਚ ਫਸ ਕੇ ਸੰਸਾਰ ਸਮੁੰਦਰ ਵਿਚ ਗੋਤੇ ਖਾਂਦਾ ਹੈ ।(ਪਦਾ ੧੧ ) ਉਹ ਮੁੜ ਮੁੜ ਪਾਪ ਕਰਦਾ ਹੈ , ਜਿਸਦੇ ਫਲ ਵਜੋਂ ਮੁੜ ਮੁੜ ਦੁਖੀ ਹੁੰਦਾ ਹੈ ਅਤੇ ਜਨਮ ਮਰਨ ਦੇ ਗੇੜ ਵਿਚ ਚਕਰ ਲਗਾਂਦਾ ਰਹਿੰਦਾ ਹੈ। (ਪਦਾ ੧੩ ) ਉਹ ਆਪਣੇ ਕੀਤੇ ਕਰਮਾਂ ਦੀ ਸਜ਼ਾ ਭੁਗਤਦਾ ਰਹਿੰਦਾ ਹੈ ।(ਪਦਾ ੧੪) ਹਉਮੈ ਮਮਤਾ ਵਿਚ ਗਲਤਾਨ , ਆਸਾ ਮਨਸਾ ਵਿਚ ਜਕੜਿਆ ,ਮੇਰੀ ਮੇਰੀ ਕਰਦਾ , ਵਿਕਾਰਾਂ-ਰੂਪੀ ਦੀ ਸੁਆਹ ਨਾਲ ਲਿਬੜਿਆ ਰਹਿੰਦਾ ਹੈ । (ਪਦਾ ੧੫ )

(੨) ਜਦੋਂ ਮੂਰਖ ਅਤੇ ਅਗਿਆਨੀ ਮਨ , ਬਾਹਰ ਭਟਕਣ ਦੀ ਥਾਂ ,ਅੰਦਰ ਵੰਨੇ ਹੋ ਕੇ , ਲੋਭ ਲਾਲਚ ( ਵਿਸ਼ਿਆਂ ਵਿਕਾਰਾਂ ) ਨੂੰ ਤਿਆਗ , ਨਾਮ ਜਪਦਾ ਹੈ ਤਾਂ ਇਸਨੂੰ ਮੁਕਤ ਦੁਆਰਾ ਪ੍ਰਾਪਤ ਹੁੰਦਾ ਹੈ । (ਪਦਾ ੧ ) ਰਾਮ ਨਾਮ ਦਾ ਜਾਪ ਹੀ ਪਰਮਤਤ ਦੀ ਵੀਚਾਰ ਹੈ , ਗੁਰਮੁਖ ਜੀਵ ਇਸ ਪਾਸੇ ਰੁਚਿਤ ਹੁੰਦਾ ਹੈ ।(ਪਦਾ ੨ )ਉਸਨੂੰ ਸਭ ਤੋਂ ਮਿਠਾ ਹਰਿ ਰਸ ਨਾਮ ਜਪਣ ਨਾਲ ਅੰਦਰੋਂ ਪ੍ਰਾਪਤ ਹੁੰਦਾ ਹੈ। ਜਪ ਤਪ ਸੰਜਮ ਸਭ ਪ੍ਰਭੂ ਦੇ ਨਿਰੰਤਰ ਸਿਮਰਨ ਵਿਚ ਹੀ ਹਨ ( ਪਦਾ ੩ )

(੩) ਗੁਰੂ ਦੇ ਬਚਨਾਂ ਦੁਆਰਾ ਪ੍ਰਾਪਤ ਹੋਇਆ ਨਾਮ ਹੀ ਕਲਿਆਣਕਾਰੀ ਹੈ , ਹਰਿ ਰਸ ਦੀ ਪ੍ਰਾਪਤੀ ਲਈ ਸੰਤ-ਸਭਾ ਦੀ ਅਗਵਾਈ ਜ਼ਰੂਰੀ ਹੈ , ਜਿਥੇ ਗੁਰਮੁਖ ਗੁਰੂ ਦੀ ਮਤ ਨੂੰ ਅਪਣਾ ਕੇ ਜਨਮ ਮਰਨ ਦੇ ਦੁਖਾਂ ਤੋਂ ਮੁਕਤ ਹੋ ਜਾਂਦੇ ਹਨ ।(ਪਦਾ ੪ ) ਇਹ ਸੰਤ ਸਭਾ ਸਚ ਦਾ ਤੀਰਥ ਹੈ ਜਿਸਦੇ ਵਿਚ ਇਸ਼ਨਾਨ ਕਰਨ ਨਾਲ , ਹਰੀ ਦੇ ਗੁਣ ਗਾਉਣ ਨਾਲ ਅਤੇ ਤਤ ਦੀ ਵੀਚਾਰ ਕਰਨ ਜੀਵ ਜਮਾਂ ਦੀ ਫਾਹੀ ਤੋਂ ਬਚ ਜਾਂਦਾ ਹੈ (ਪਦਾ ੫ )

(੪) ਸਤਿਗੁਰੂ ਸਭ ਤੋਂ ਵਡਾ ਦਾਨੀ ਹੈ । ਉਸਦੇ ਸ਼ਬਦ ਵਿਚ ਸਚ ਨੂੰ ਕਮਾਉਣ ਵਾਲੇ ਲੀਨ ਹੋ ਜਾਂਦੇ ਹਨ । ਜਿਸ ਉਤੇ ਉਸਦੀ ਬਖਸ਼ਿਸ਼ ਹੁੰਦੀ ਹੈ , ਉਸਨੂੰ ਪ੍ਰਭੂ ਨਾਲ ਮੇਲ ਦਿੰਦਾ ਹੈ ।(ਪਦਾ ੬ ) ਗੁਰਮੁਖ ਪੰਜ ਭੂਤਕ ਸ੍ਰੀਰ ਵਿਚ ਆਤਮਾ ਨੂੰ ਖੋਜਦੇ ਹਨ । ਉਨ੍ਹਾਂ ਨੂੰ ਗਿਆਨ ਹੋ ਜਾਂਦਾ ਹੈ ਕਿ ਆਤਮਾ ਅਤੇ ਪਰਮਾਤਮਾ ਇਕ ਰੂਪ ਹਨ ਅਤੇ ਪਰਮਾਤਮਾ ਨੂੰ ਕੇਵਲ ਗੁਰੂ ਸ਼ਬਦ ਦੀ ਵੀਚਾਰ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। (ਪਦਾ ੭ ) ਉਹ ਸਤਿਗੁਰੂ ਦੀ ਸ਼ਰਨ ਵਿਚ ਸਤ, ਸੰਤੋਖ ਅਤੇ ਖਿਮਾ ਨੂੰ ਗ੍ਰਹਿਣ

ਕਰਦੇ ਹਨ , ਆਤਮਾ ਨੂੰ ਖੋਜਦੇ ਪਰਮਾਤਮਾ ਨੂੰ ਖੋਜਦੇ ਹਨ । ਕੇਵਲ ਗੁਰੂ ਦੀ ਸੰਗਤ ਰਾਹੀਂ ਹੀ ਭਵਜਲ ਨੂੰ ਪਾਰ ਕਰ ਜਾਂਦੇ ਹਨ ।(ਪਉੜਾ ੮ ) ਗੁਰੂ ਤੋਂ ਬਿਨਾ ਕੋਈ ਵੀ ਪਾਰ ਨਹੀਂ ਜਾ ਸਕਿਆ ( ਪਦਾ ੧੧ ) ਗੁਰੂ ਦੀ ਬਖਸ਼ਸ਼ ਨੂੰ ਕੋਈ ਵੀ ਨਹੀਂ ਮੇਟ ਸਕਦਾ ।(ਪਦਾ ੧੨ ) ਗੁਰੂ ਤੋਂ ਬੇਮੁਖ ਹੋਇਆ ਜੀਵ ਆਵਾਗਵਣ ਵਿਚ ਭਟਕਦਾ ਰਹਿੰਦਾ ਹੈ । (ਪਦਾ ੧੩ ) ਇਸ ਲਈ ਬਾਹਰ ਦੌੜਦੇ ਮਨ ਨੂੰ ਰੋਕ ਕੇ ਪ੍ਰਭੂ ਦੀ ਭਗਤੀ ਕਰਨੀ ਹੀ ਸ਼ੋਭਨੀਕ ਹੈ ।(ਪਦਾ ੧੬ ) ਇਹ ਭਗਤੀ ਪੂਰੇ ਗੁਰੂ ਦੀ ਓਟ ਲੈ ਕੇ ਹੀ ਕੀਤੀ ਜਾ ਸਕਦੀ ਹੈ । ਗੁਰਮੁਖ ਇਸ ਤਥ ਨੂੰ ਸਮਝਕੇ ਪ੍ਰਭੂ ਨਾਲ ਲਿਵ ਲਗਾਂਦੇ ਹਨ । ਰਾਮ ਨਾਮ ਦੇ ਜਾਪ ਸਦਕਾ ਉਨ੍ਹਾਂ ਦੀ ਮਤ ਉਤਮ ਹੋ ਜਾਂਦੀ ਹੈ ਅਤੇ ਪ੍ਰਭੂ ਦੀ ਬਖਸ਼ਸ਼ ਨਾਲ ਉਹ . ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ ।(ਪਦਾ ੧੭ ) ।

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਜੀਵ ਦੀ ਕਲਿਆਣ ਕੇਵਲ ਸਤਿਗੁਰੂ ਤੋਂ ਹੋ ਸਕਦੀ ਹੈ । ਜਨਮ-ਮਰਨ ਦੇ ਗੇੜ ਵਿਚ ਭਟਕਦਾ ਜੀਵ ਸਤਿਗੁਰੂ ਦੀ ਮਿਹਰ ਨਾਲ ਹੀ ਬੰਧਨ ਮੁਕਤ ਹੋ ਸਕਦਾ ਹੈ । ਸਤਿਗੁਰੂ ਤਾਂ ਪਥ - ਪ੍ਰਦਰਸ਼ਕ ਹੈ , ਉਹ ਜੀਵ ਨੂੰ ਸਚੇ ਮਾਰਗ ਉਤੇ ਤੋਰਦਾ ਹੈ । ਉਸਦਾ ਦਿਤਾ ਗਿਆਨ ਹੀ ਜਿਗਿਆਸੂ ਲਈ ਇਕ ਰੌਸ਼ਨੀ ਹੈ ਜਿਸਦੀ ਟੇਕ ਲੈ ਕੇ ਉਹ ਅਧਿਆਤਮਕ ਖੇਤਰ ਵਿਚ ਅਗੇ ਵਧਦਾ ਹੈ ।ਸਤਿਗੁਰੂ ਦਾ ਨਿਵਾਸ ਗੁਰਸ਼ਬਦ ਵਿਚ ਹੈ , ਇਸ ਲਈ ਸ਼ਬਦ ਹੀ ਗੁਰੂ ਹੈ । ਸਤਸੰਗਤ ਵਿਚ ਕੇਵਲ ਗੁਰਸ਼ਬਦ ਅਥਵਾ ਨਾਮ ਪ੍ਰਵੇਸ਼ ਕਰਦਾ ਹੈ , ਇਸ ਲਈ ਸਤਸੰਗਤ ਵਿਚ ਸਤਿਗੁਰੂ ਦਾ ਵਾਸਾ ਹੈ । ਸਤਸੰਗਤ ਗੁਰਮੁਖਾਂ ਦਾ ਸਮੂਹ ਹੈ ਜੋ ਕੇਵਲ ਪ੍ਰਭੂ ਦੀ ਕੀਰਤੀ ਵਿਚ ਮਗਨ ਰਹਿੰਦੇ ਹਨ , ਇਸ ਲਈ ਸਤਸੰਗਤ ਦੇ ਨਾਲ ਨਾਲ ਗੁਰਮਤ ਵਿਚ ਕੀਰਤਨ ਦਾ ਮਹਤਵ ਵੀ ਹੈ । ਸਤਸੰਗਤ ਵਿਚ ਸ਼ਾਮਲ ਕੇਵਲ ਉਹ ਹੀ ਹੋ ਸਕਦੇ ਹਨ , ਜੋ ਗੁਰੂ ਦੇ ਦਸੇ ਵਿਸ਼ੇਸ਼ ਮਾਰਗ ਉਤੇ ਦ੍ਰਿੜਤਾ ਨਾਲ ਤੁਰਦੇ ਹਨ । ਇਹ ਮਾਰਗ ਸ਼ਰੀਰਕ ਅਤੇ ਮਾਨਸਿਕ ਅਰੋਗਤਾ ਕਾਇਮ ਰਖਣ ਅਤੇ ਗੁਣਾਂ ਦੇ ਗ੍ਰਹਿਣ ਕਰਨ ਉਤੇ ਬਲ ਦਿੰਦਾ ਹੈ । ਜਦੋਂ ਅਧਿਆਤਮਕ ਖੇਤਰ ਲਈ ਨੀਂਹ ਪਕੀ ਹੋ ਜਾਂਦੀ ਹੈ ਤਾਂ ਇਹਦੇ ਉਤੇ ਉਸਾਰੀ ਸ਼ੁਰੂ ਹੁੰਦੀ ਹੈ । ਇਸ ਲਈ ਇਸ ਅਧਿਆਏ ਵਿਚ ਹੇਠ ਲਿਖੇ ਵਿਸ਼ਿਆਂ ਬਾਰੇ ਜਾਣਕਾਰੀ ਲੈਣੀ ਜ਼ਰੂਰੀ ਹੈ ;

( ੧) ਸਤਿਗੁਰੂ

( ੨) ਗੁਰ ਸ਼ਬਦ ਅਥਵਾ ਨਾਮ

(3) ਸਾਧ ਸੰਗਤ , ਗੁਰਮੁਖ , ਕੀਰਤਨ

(4) ਪਰਮਪਦ ਦੀ ਪ੍ਰਾਪਤੀ

ਸਤਿਗੁਰੂ : ਗੁਰੂ-ਪਦ ਬਾਰੇ ਵਿਚਾਰ ਭਾਰਤ ਵਿਚ ਸਦੀਆਂ ਪੁਰਾਣਾ ਹੈ । ਵੇਦਾਂ ਵਿਚ ਵੀ ਇਸ ਸਬੰਧੀ ਜ਼ਿਕਰ ਆਇਆ ਹੈ , ਜਿਥੇ ਦੀਖਸ਼ਾ ( ਦੀਖਿਆ ) ਦਾ ਜ਼ਿਕਰ ਮਿਲਦਾ ਹੈ । ਇਸ ਦੀਖਿਆ ਰਾਹੀਂ ਸਾਧਕ ਗਿਆਨ -ਰੂਪੀ ਚਾਨਣ ਪ੍ਰਾਪਤ ਕਰਦਾ ਹੈ । ਉਪਨਿਸ਼ਦਾਂ ਵਿਚ ਗੁਰੂ-ਸਿਖ ਸਬੰਧ ਹੋਰ ਚੰਗੀ ਤਰ੍ਹਾਂ ਉਘੜਿਆ ਦਿਸਦਾ ਹੈ , ਕਿਉਂਕਿ 'ਗੁਰੂ ਦੇ ਨੇੜੇ ਹੋ ਕੇ ਬੈਠਣ ' ਨੂੰ ਹੀ ਉਪਨਿਸ਼ਦ ਕਹਿੰਦੇ ਹਨ । ਨਾਰਦ ਭਗਤੀ ਸੂਤਰਾਂ ਵਿਚ ਹੋਰ ਚੰਗੀ ਤਰ੍ਹਾਂ ਇਸ ਵਿਸ਼ੇ ਨੂੰ ਪ੍ਰਦੀਪਤ ਕੀਤਾ ਗਿਆ ਹੈ । ਨਾਰਦ ਅਨੁਸਾਰ ਗੁਰੂ ਪ੍ਰਭੂ ਦੇ ਪਿਆਰ ਅਤੇ ਗਿਆਨ ਦਾ ਆਵੇਸ਼ ਹੈ । ਤੰਤਰਾਂ ਵਿਚ ਗੁਰੂ - ਉਸਤਤੀ ਦੀ ਬਹੁਲਤਾ ਮਿਲਦੀ ਹੈ । ਇਨ੍ਹਾਂ ਵਿਚ ਸਾਧਕ ਨੂੰ, ਗੁਰਦੇਵ ਨੂੰ ਮਨੁਖ ਸਮਝਣ ਤੋਂ ਵਰਜਿਆ ਗਿਆ ਹੈ । ਉਸਨੂੰ ਰੱਬੀ ਸ਼ਕਤੀ ਦਾ ਮੁਜਸਮਾ ਕਿਹਾ ਗਿਆ ਹੈ ।

ਭਗਤੀ ਲਹਿਰ ਦੇ ਸਮੇ ਭਗਤਾਂ ਨੇ ਗੁਰੂ ਦੀ ਅਪਾਰ ਮਹਿਮਾ ਦਾ ਵਰਣਨ ਕੀਤਾ ਹੈ । ਕਬੀਰ ਅਤੇ ਗੁਰੂ ਨਾਨਕ ਦੇਵ ਦੀਆਂ ਰਚਨਾਵਾਂ ਵਿਚ ਗੁਰੂ ਸਬੰਧੀ ਅਨੇਕ ਪੱਖੀ ਗਿਆਨ ਮਿਲਦਾ ਹੈ । ਡਾਕਟਰ ਰਾਨਾਡੇ ਅਨੁਸਾਰ ਗੁਰੂ ਦੇ ਵਰਣਨ ਵਿਚ ਹਿੰਦੀ ਸਾਹਿਤ ਵਿਚ ਕਬੀਰ ਸਭ ਸੰਤਾਂ ਤੋਂ ਬਾਜ਼ੀ ਲੈ ਗਿਆ ਹੈ[1]। ਪਰ ਜਦੋਂ ਅਸੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਖੋਜਦੇ ਹਾਂ ਤਾਂ ਇਸ ਵਿਸ਼ੇ ਸਬੰਧੀ ਕਾਫੀ ਵਿਸਤ੍ਰਿਤ ਗਿਆਨ ਮਿਲਦਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਤੇ ਸਤਿਗੁਰੂ ਦੋਹਾਂ ਸ਼ਬਦਾਂ ਦੀ ਵਰਤੋਂ ਹੋਈ ਹੈ ਅਤੇ ਦੋਹਾਂ ਦਾ ਭਾਵ ਇਕੋ ਗੁਰੂ -ਵਿਅਕਤੀ ਤੋਂ ਹੀ ਹੈ । ਭਾਰਤੀ ਪਰੰਪਰਾ ਵਿਚ ਗੁਰੂ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ: ਸਿਖਿਆ ਗੁਰੂ ਅਤੇ ਦੀਖਿਆ ਗੁਰੂ । ਸਿਖਿਆ ਗੁਰੂ ਤਾਂ ਕਿਸੇ ਵੀ ਕਸਬ ਦਾ ਹੋ ਸਕਦਾ ਹੈ, ਪਰ ਦੀਖਿਆ ਗੁਰੂ ਕੇਵਲ

---

੧- Pathway to God in Hindi Literature by R.D.Ranade, Published by Bhartiya Vidya Bhavan, Bombay, 1959, p. 11.

ਅਧਿਆਤਮਕ ਖੇਤਰ ਦਾ ਪਥ-ਪ੍ਰਦਰਸ਼ਕ ਹੈ । ਅਤੇ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੇਵਲ ਦੀਖਿਆ ਗੁਰੂ ਦਾ ਹੀ ਵਰਣਨ ਕੀਤਾ ਹੈ । ਉਨ੍ਹਾਂ ਅਨੁਸਾਰ ਸਤਿਗੁਰੂ ਦੋ ਪ੍ਰਕਾਰ ਦੇ ਕਾਰਜ ਕਰਦਾ ਹੈ : ਸ਼ਿਸ਼ੁ ( ਸਿਖ ) ਨੂੰ ਨਾਮ ਦੇਣਾ ਅਤੇ ਗਿਆਨ ਦੇਣਾ। ਗੁਰਦੇਵ ਨੇ ਆਪ ਕਿਹਾ ਹੈ ਕਿ ਗੁਰੂ ਦੇ ਮੁਖ ਵਿਚ ਵੇਦ (ਗਿਆਨ ) ਹੈ[1]। ਗੁਰਦੇਵ ਫੁਰਮਾਂਦੇ ਹਨ :

ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ ।
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ ।

(ਮਾਰੂ ਮ:੧ ਪੰ: ੯੯੦ )

ਸਤਿਗੁਰੂ ਅੰਮ੍ਰਿਤ ਰੂਪ ਨਾਮ ਦਿੰਦਾ ਹੈ ।ਇਹੋ ਨਾਮ ਹੀ ਸਭ ਪਾਪਾਂ ਅਤੇ ਰੋਗਾਂ ਦੇ ਕਟਣ ਵਾਲਾ ਹੈ[2]। ਗੁਰੂ ਤੋਂ ਬਿਨਾ ਤਾਂ ਗਿਆਨ ਹੋ ਹੀ ਨਹੀਂ ਸਕਦਾ ਜੇ ਕੋਈ ਕਿਸੇ ਕਸਬ ਵਿਚ ਨਿਪੁੰਨ ਹੋਣਾ ਚਾਹੁੰਦਾ ਹੈ ਤਾਂ ਉਹ ਉਸ ਕਸਬ ਵਿਚ ਨਿਪੁੰਨ ਗੁਰੂ ਕੋਲ ਜਾਂਦਾ ਹੈ, ਇਵੇਂ ਹੀ ਅਧਿਆਤਮਕ ਮਾਰਗ ਤੇ ਤੁਰਨ ਲਈ ਲੋੜੀਂਦੀ ਅਗਵਾਈ ਕੇਵਲ ਸਤਿਗੁਰੂ ਕੋ- ਹੀ ਦਿੰਦਾ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨਾ ਹੋਇ ।
ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨੁ ਨ ਹੋਇ ।

( ਵਾਰ ਆਸਾ ਮ: ੧ ਪੰ: ੪੬੯)

ਅਜਿਹੇ ਗੁਰੂ ਦੀ ਮਹਿਮਾ ਅਪਰ ਅਪਾਰ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ।
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ।
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ।

(ਗਉੜੀ ਮ:੧ ਪੰ: ੨੨੬)

---

੧- ਗੁਰਮੁਖਿ ਨਾਦੰ ਗੁਰਮੁਖਿ ਵੇਦੰ (ਜਪੁਜੀ )
੨- ਭਰੀਐ ਮਤਿ ਪਾਪਾ ਕੈ ਸੰਗਿ ---ਰੰਗਿ -(ਜਪੁਜੀ )

ਅਜਿਹੇ ਗੁਰ ਦੀਆਂ ਕਈ ਨੈਤਿਕ ਅਤੇ ਅਧਿਆਤਮਕ ਵਿਸ਼ੇਸ਼ਤਾਵਾਂ ਦਾ ਜ਼ਿਕਰ ਨਾਨਕ ਬਾਣੀ ਵਿਚ ਮਿਲਦਾ ਹੈ। ਕੁਝ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ ।

੧- ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ।
ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ।
ਸਤਿਗੁਰ ਮਿਲਿਐ ਸਦਾ ਮੁਕਤੁ ਹੈ
ਜਿਨਿ ਵਿਚਹੁ ਮੋਹੁ ਚੁਕਾਇਆ ।
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ
ਸਿਉ ਚਿਤੁ ਲਾਇਆ ।
ਜਗ ਜੀਵਨੁ ਦਾਤਾ ਪਾਇਆ ( ਵਾਰ ਆਸਾ ਮ: ੧ ਪੰ:੪੬੬)

੨- ਨਦਰਿ ਕਰਹਿ ਜੇ ਆਪਣੀ
ਤਾ ਨਦਰੀ ਸਤਿਗੁਰਿ ਪਾਇਆ ।
ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾ ਸਤਿਗੁਰਿ ਸਬਦੁ ਸੁਣਾਇਆ ।
ਸਤਿਗੁਰ ਜੇਵਡੁ ਦਾਤਾ ਕੋ ਨਹੀ
ਸਭਿ ਸੁਣਿਅਹੁ ਲੋਕ ਸਬਾਇਆ ।
ਸਤਿਗੁਰਿ ਮਿਲਿਐ ਸਚੁ ਪਾਇਆ
ਜਿਨੀ ਵਿਚਹੁ ਆਪੁ ਗਵਾਇਆ।
ਜਿਨਿ ਸਚੋ ਸਚੁ ਬੁਝਾਇਆ ।
(ਵਾਰ ਆਸਾ ਮ: ੧ ਪੰ: ੪੬੫ )

੩- ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ ।
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨੀ ਨੇਤ੍ਰੀ ਜਗਤੁ ਨਿਹਾਲਿਆ ।
ਖਸਮੁ ਛੋਡਿ ਦੂਜੈ ਲਗੇ
ਡੁਬੇ ਸੇ ਵਣਜਾਰਿਆ ।

ਸਤਿਗੁਰੁ ਹੈ ਬੋਹਿਥਾ
ਬਿਰਲੈ ਕਿਨੈ ਵੀਚਾਰਿਆ ।
ਕਰਿ ਕਿਰਪਾ ਪਾਰਿ ਉਤਾਰਿਆ ।
( ਵਾਰ ਆਸਾ ਮ: ੧ ਪੰ: ੪੭੦ )

ਗੁਰੂ ਦੀ ਸੇਵਾ ਤੋਂ ਬਿਨਾ ਭਗਤੀ ਨਹੀਂ ਹੋ ਸਕਦੀ ਅਤੇ ਅਗਿਆਨਤਾ ਦਾ ਹਨੇਰਾ ਨਹੀਂ ਮਿਟ ਸਕਦਾ । ਗੁਰਦੇਵ ਨੇ ਸਮਕਾਲੀ ਜੋਗੀਆਂ ਨਾਲ ਗੋਸ਼ਟ ਕੀਤੀ , ਉਸ ਵਿਚ ਵੀ ਸਤਿਗੁਰੂ ਦੇ ਮਹੱਤਵ ਨੂੰ ਦ੍ਰਿੜਾਇਆ । ਨਾਥ ਮਤ ਵਿਚ ਸਹਿਜ ਦੀ ਅਵਸਥਾ ਦੀ ਪ੍ਰਾਪਤੀ ਲਈ , ਹਠ ਜੋਗੀ ਆਪਣੇ ਗੁਰੂ ਦੀ ਅਗਵਾਈ ਹੇਠ ਬਿੰਦ ਨੂੰ ਪਤਨ ਤੋਂ ਰੋਕਦਾ ਹੈ ਅਤੇ ਸਵਾਸਾਂ ਨੂੰ ਰੋਕ ਕੇ ਮਨ ਨੂੰ ਅਡੋਲਤਾ ਦੀ ਅਵਸਥਾ ਵਿਚ ਲਿਆਉਂਦਾ ਹੈ[1] । ਪਰ ਗੁਰੂ ਨਾਨਕ ਦੇਵ ਦਾ ਸ਼ਿਸ਼ੂ ਪਰਮ ਪਦ ਨੂੰ ਪ੍ਰਾਪਤ ਕਰਨ ਲਈ ਗੁਰਮਤ ਅਨੁਸਾਰ ਨਾਮ-ਮਾਰਗ ਉਤੇ ਚਲਦਾ ਹੈ । ਸਿਧ ਗੋਸਟਿ ਵਿਚ ਗੁਰਦੇਵ ਨੇ ਇਉਂ ਗੁਰੂ-ਮਹਿਮਾ ਕਥਨ ਕੀਤੀ ਹੈ :

ਬਿਨੁ ਗੁਰ ਭਰਮਿ ਆਵੈ ਜਾਇ ।
ਬਿਨੁ ਗੁਰ ਘਾਲ ਨ ਪਵਈ ਥਾਇ ।
ਬਿਨੁ ਗੁਰ ਮਨੂਆ ਅਤਿ ਡੋਲਾਇ ।
ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ।
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ।
ਨਾਨਕ ਗੁਰ ਬਿਨੁ ਘਾਟੇ ਘਾਟ । ੩੮ ।
ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ।
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ।
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ।
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ।
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ।
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ । ੭੨ ।

( ਸਿਧ ਗੋਸਟਿ ਰਾਮਕਲੀ )

ਸਤਿਗੁਰੂ ਤਾਂ ਜੋ ਕੁਝ ਦਸਦਾ ਹੈ , ਪਹਿਲੇ ਆਪ ਕਮਾਉਂਦਾ ਹੈ । ਉਸਦਾ ਮਾਰਗ ਨਾਮ

1-The Cultural Heritage of India, Vol. IV, p.289.

ਦਾ ਮਾਰਗ ਹੈ। ਉਹ ਆਪਣੀ ਸੁਰਤੀ ਨੂੰ ਸ਼ਬਦ ਨਾਲ ਜੋੜਦਾ ਹੈ । ਏਸੇ ਲਈ ਗੁਰਦੇਵ ਦੇ ਮਾਰਗ ਨੂੰ ਸੁਰਤ-ਸ਼ਬਦ ਯੋਗ ਵੀ ਕਿਹਾ ਜਾਂਦਾ ਹੈ ।

ਗੁਰੂ ਸਬੰਧੀ ਨਾਨਕ ਬਾਣੀ ਵਿਚ ਕਈ ਰੂਪਕਾਂ ਦੀ ਵਰਤੋਂ ਹੋਈ ਹੈ । ਗੁਰੂ ਰਤਨਾਂ ਨਾਲ ਭਰਿਆ ਸਮੁੰਦਰ ਹੈ[1] । ਇਹ ਰਤਨ ਗੁਣਾਂ ਦੇ ਹਨ । ਗੁਰੂ ਸੰਤੋਖ ਦਾ ਸਰੋਵਰ ਹੈ[2] । ਗੁਰੂ ਵਰਗਾ ਹੋਰ ਕੋਈ ਤੀਰਥ ਨਹੀਂ[3] । ਗੁਰੂ ਨੂੰ ਸੰਤੋਖ ਦਾ ਬ੍ਰਿਛ ਵੀ ਕਿਹਾ ਗਿਆ ਹੈ ਜਿਸਨੂੰ ਧਰਮ ਦੇ ਫੁਲ ਲਗਦੇ ਹਨ ਅਤੇ ਗਿਆਨ ਦੇ ਫਲ[4] । ਉਹ ਇਕ ਦਰਿਆ ਹੈ ਜਿਸਦਾ ਜਲ ਸਦਾ ਨਿਰਮਲ ਹੁੰਦਾ ਹੈ ਅਤੇ ਜਿਸ ਵਿਚ ਇਸ਼ਨਾਨ ਕੀਤਿਆਂ ਸਭ ਔਗੁਣ ਦੂਰ ਹੋ ਜਾਂਦੇ ਹਨ[5] । ਉਹ ਦਾਤਾ ਹੈ , ਹਿਮਾਲੀਆ( ਬਰਫ਼ ਦਾ ਘਰ ) ਅਤੇ ਤ੍ਰੈਲੋਕੀ ਦਾ ਦੀਪਕ ਹੈ[6] । ਇਸ ਤਰ੍ਹਾਂ ਦੇ ਹੋਰ ਰੂਪਕ ਵੀ ਹਨ । ਇਨ੍ਹਾਂ ਵਿਚ ਸਤਿਗੁਰੂ ਦੀ ਮਹਾਨਤਾ ਦਾ ਪਤਾ ਲਗਦਾ ਹੈ । ਪਰ ਗੁਰਦੇਵ ਦੇ ਸਮੇ ਪ੍ਰਾਚੀਨ ਭਾਰਤ ਦੀ ਗਨੂੰ ਗੁਰੂ -ਸ਼ਿਸ਼ ਪਰੰਪਰਾ ਬੋਦੀ ਹੋ ਚੁਕੀ ਸੀ । ਗੁਰੂ ਲੋਭੀ ਅਤੇ ਭੇਖੀ ਹੋ ਗਏ ਸਨ । ਚੇਲੇ ਸਾਜ਼ ਵਜਾਉਂਦੇ ਸਨ ਅਤੇ ਗੁਰੂ ਸਾਜ਼ਾਂ ਦੇ ਤਾਲ ਉਤੇ ਨਚਦੇ ਸਨ। ਧੂੜ ਉਡ ਉਡ ਕੇ ਉਨ੍ਹਾਂ ਦੇ ਸਿਰਾਂ ਵਿਚ ਪੈਂਦੀ ਸੀ ਅਤੇ ਲੋਕ ਇਹ ਤਮਾਸ਼ਾ ਵੇਖ ਕੇ ਘਰੋ ਘਰੀ ਚਲੇ ਜਾਂਦੇ ਸਨ । ਇਹ ਗੁਰੂ ਕੇਵਲ ਰਾਮ ਅਤੇ ਸੀਤਾ , ਕਾਹਨ ਅਤੇ ਗੋਪੀਆਂ ਦੀ ਵਾਰਤਾ ਨੂੰ ਗਾਉਣ ਵਾਲੇ ਹੀ ਸਨ[7] । ਇਨ੍ਹਾਂ ਨੇ ਅਸਲੀਅਤ ਨੂੰ ਬਿਲਕੁਲ ਨਹੀ ਸੀ ਪਛਾਣਿਆ । ਜੇ ਗੁਰੂ ਹੀ ਅੰਧਲਾ ਹੋਵੇ ਤਾਂ ਉਸਨੇ ਚੇਲਿਆਂ ਨੂੰ ਕੀ ਰਾਹ ਦਸਣਾ ਹੋਇਆ ?

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ।
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ।
( ਸੂਹੀ ਮ: ੧ ਪੰ: ੭੬੭ )

---

੧- ਧਨਾਸਰੀ ਮ: ੧ ਪੰ: ੬੮੫

੨- ਪ੍ਰਭਾਤੀ ਮ: ੧ ਪੰ: ੧੩੨੮-੨੯

੩- ਆਸਾ ਮ: ੧ਪੰ: ੪੫੭ .

੪- ਵਾਰ ਮਾਝ ਮ: ੧ ਪੰ: ੧੪੭ .

੫- ਪ੍ਰਭਾਤੀ ਮ: ੧. ਪੰ: ੧੩੨੮ -੨੯

੬- ਵਾਰ ਮਾਝ ਮ: ੧ ਪੰ: ੧੩੭ .

੭- ਵਾਰ ਆਸਾ ਮ: ੧ - ੪੬੫ .

## ਗੁਰ-ਸ਼ਬਦ ਅਥਵਾ ਨਾਮ

ਗੁਰੂ ਜਿਗਿਆਸੂ ਨੂੰ ਜਿਹੜਾ ਸ਼ਬਦ ਜਾਪ ਅਥਵਾ ਸਿਮਰਨ ਲਈ ਦਿੰਦਾ ਹੈ , ਉਸਨੂੰ ਨਾਮ ਕਿਹਾ ਜਾਂਦਾ ਹੈ । 'ਨਾਮ' ਸ਼ਬਦ ਦਾ ਨਿਕਾਸ ਸੰਸਕ੍ਰਿਤ ਦੇ 'ਨਾਮਨ' ਸ਼ਬਦ ਤੋਂ ਹੈ । ਜਿਸ ਚੀਜ਼ ਲਈ ਜਿਹੜਾ ਵੀ ਪਦ ਉਸਨੂੰ ਦੂਜਿਆਂ ਤੋਂ ਵਖਰਿਆਉਣ ਲਈ ਵਰਤਦੇ ਹਾਂ , ਉਹ ਹੀ ਉਸ ਦਾ ਨਾਮ ਹੈ । ਪਰ ਗੁਰਦੇਵ ਨੇ 'ਨਾਮ' 'ਨਾਉ ' ਜਾਂ 'ਨਾਇ' ਸ਼ਬਦ ਦੀ ਵਰਤੋਂ ਕੇਵਲ ਪ੍ਰਭੂ ਦੇ ਨਾਮ ਦੇ ਸਬੰਧ ਵਿਚ ਕੀਤੀ ਹੈ ।'ਗੁਰਮਤ ਮਾਰਤੰਡ ' ਵਿਚ ਭਾਈ ਕਾਹਨ ਸਿੰਘ 'ਨਾਮ ' ਬਾਰੇ ਇਉਂ ਲਿਖਦੇ ਹਨ : "ਕਰਤਾਰ ਨਾਮ ਅਰ ਰੂਪ ਤੋਂ ਰਹਿਤ ਹੈ , ਪਰ ਮਹਾਨ ਭਾਵ ਵਿਦਵਾਨਾਂ ਨੇ ਅਸਤੀ ਭਾਂਤੀ ਪ੍ਰਿਯ ਅਨੁਸਾਰ ਉਸਨੂੰ ਸਤ [illegible] ਚੇਤਨ ਅਤੇ ਅਨੰਦ ਰੂਪ ਵਰਣਨ ਕੀਤਾ ਹੈ ਅਤੇ ਗੁਣਾਂ ਕਰਮਾਂ ਨੂੰ ਪ੍ਰਗਟ ਕਰਨ ਵਾਲੇ ਅਨੰਤ ਨਾਮ ਕਲਪਨਾ ਕਰੇ ਹਨ ।" ਭਾਈ ਵੀਰ ਸਿੰਘ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਦੇ ਹਨ :" ..
" ਨਾਮ ਨਿਰਾ ਸੰਗਯਾ ਮਾਤ੍ਰ ਨਹੀਂ , ਨਾਮ ਜਪ ਹੈ । ਨਾਮ ਸਿਮਰਣ ਹੈ । ਨਾਮ ਲਿਵ ਹੈ , ਨਾਮ ਵਿਯਾਪਕ ਨਾਮ ਵਿਚ ਪਰੋਚ ਕੇ ਤਦਰੂਪ ਹੁੰਦਾ ਹੈ । ਅੰਤ ਨਾਮ ਨਾਮੀ ਦੀ ਅਭੇਦਤਾ ਹੈ ---ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਗਸਾ ਹੈ , ਜੋ ਜਗਯਾਸੂ ਦੀ ਈਸ਼ੁਰ ਪ੍ਰਾਪਤੀ ਦੀ ਅਕਾਂਖਯਾ ਤੋਂ ਲੈ ਕੇ , ਜਪ ਤੋਂ ਅਗੇ ਹੋ ਕੇ , ਸਾਈਂ ਮਿਲਾਪ ਤਕ ਲੈ ਜਾਂਦੀ ਹੈ । ਸਾਈਂ ਦੀ ਸਿਫ਼ਤ ਸਲਾਹ , ਕੀਰਤਨ , ਉਸ ਅਗੇ ਬੇਨਤੀ , ਉਸਦਾ ਸ਼ੁਕਰ ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦਿੰਦੇ , ਨਾਮ ਨੂੰ ਉਹ ਜੀਉਂਦਾ ਜਾਗਦਾ ਪ੍ਰੇਮ ਬਣਾ ਦਿੰਦੇ ਹਨ ।"

ਗੁਰਦੇਵ ਨਾਮ [illegible] ਸਬੰਧੀ ਪ੍ਰਭੂ ਦੇ ਬੋਲ ਨੂੰ ਇਉਂ ਪ੍ਰਗਟ ਕਰਦੇ ਹਨ: ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ।

( ਸ੍ਰੀ ਰਾਗ ਮ: ੧ ਅਸ਼ਟਪਦੀ ਪੰ.੫੫.)

ਇਸ ਤੋਂ ਇਹ ਸਪਸ਼ਟ ਹੈ ਕਿ ਨਾਮ ਅਤੇ ਪ੍ਰਭੂ ਅਭਿੰਨ ਹਨ । ਫਿਰ ਤਾਂ ਗੁਰੂ ਅਰਜਨ ਦੇ ਇਸ ਕਥਨ " ਨਾਮ ਕੇ ਧਾਰੇ ਸਗਲੇ ਜੰਤ । ਨਾਮ ਕੇ ਧਾਰੇ

ਖੰਡ ਬ੍ਰਹਮੰਡ " ਅਤੇ ਗੁਰੂ ਨਾਨਕ ਦੇਵ ਜੀ ਦੇ ਇਸ ਬਚਨ "ਜੇਤਾ ਕੀਤਾ ਤੇਤਾ ਨਾਉ ਵਿਣੁ ਨਾਵੈ ਨਾਹੀ ਕੋ ਥਾਉ" (ਜਪੁਜੀ) ਵਿਚਲੀ ਭਾਵ ਦੀ ਇਕਸੁਰਤਾ ਪ੍ਰਦੀਪਤ ਹੁੰਦੀ ਹੈ ਅਤੇ ਸਾਨੂੰ ਇਕ ਸਰਬ-ਵਿਆਪੀ ਨਾਮ ਦਾ ਗਿਆਨ ਹੁੰਦਾ ਹੈ।

ਪਰ ਪ੍ਰਭੂ ਨੂੰ ਕਿਸ ਨਾਮ ਨਾਲ ਬੁਲਾਇਆ ਜਾਏ ? ਪ੍ਰਭੂ ਦੇ ਬਣਾਏ ਹੋਏ ਨਾਂ ਬੇਅੰਤ ਹਨ। ਸ਼ੇਸ਼ਨਾਗ ਉਸ ਦੇ ਹਰ ਰੋਜ਼ ਕਈ ਨਵੇਂ ਨਾਂ ਉਚਾਰਦਾ ਹੈ। ਪਰ ਫਿਰ ਵੀ ਪ੍ਰਭੂ ਦਾ ਅੰਤ ਨਹੀਂ ਪਾ ਸਕਦਾ। ਭਾਰਤ ਦੇ ਭਗਤੀ ਮਤਾਂ ਵਿਚ ਆਦਿ ਸ਼ਕਤੀ ਦੇ ਨਾਵਾਂ ਸਬੰਧੀ ਰਚੇ ਸਹੰਸਰ ਨਾਮੇ ਮਿਲਦੇ ਹਨ। ਮੁਸਲਮਾਨਾਂ ਨੇ ਪ੍ਰਭੂ ਦੇ ਨੜਿੰਨਵੇਂ ਨਾਂ ਗਿਣੇ ਹਨ ਜਿਨ੍ਹਾਂ ਵਿਚੋਂ ਕੁਝ ਜ਼ਾਤੀ ਹਨ, ਕੁਝ ਸਿਫ਼ਾਤੀ। ਮੂਲ ਮੰਤ੍ਰ ਵਿਚ ਗੁਰਦੇਵ ਨੇ ਪ੍ਰਭੂ ਦਾ ਨਾਂ 'ੴ' ਵੀ ਦਸਿਆ ਹੈ। ਇਹ ਪ੍ਰਾਚੀਨ ਸਮੇਂ ਤੋਂ ਚਲਾ ਆ ਰਿਹਾ ਸੀ, ਪਰ ਉਸਨੂੰ ਹੀ 'ਸਤਿ' ਦਾ ਨਾਂ ਵੀ ਦਿਤਾ ਹੈ। ਸਤਿ ਦਾ ਭਾਵ ਹੈ ਸਦੀਵੀ ਹੋਂਦ ਵਾਲਾ। 'ਓਮ' ਸ਼ਬਦ ਅਕਾਰ, ਉਕਾਰ, ਮਕਾਰ ਦਾ ਵਾਚਕ ਹੈ। ਏਸੇ ਲਈ ਸਗੁਣ ਬ੍ਰਹਮ ਦਾ ਵੀ ਵਾਚਕ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਇਸਦਾ ਭਾਵ ਨਿਰਗੁਣ-ਸਰਗੁਣ ਦੋਵੇਂ ਹੀ ਹੈ। ਇਹ ਦੋਵੇਂ ਇਕੋ ਬ੍ਰਹਮ ਦੇ ਦੋ ਪੱਖ ਹਨ, ਇਕ ਨਿਰਾਕਾਰ ਅਤੇ ਦੂਜਾ ਸਾਕਾਰ। ਗੁਰਦੇਵ ਨੇ ਪਾਰਬ੍ਰਹਮ ਦੇ ਇਹ ਸਰੂਪ ਮੰਨੇ ਹਨ, ਪਰ ਬਲ ਕੇਵਲ ਨਿਰਗੁਣ ਉਪਾਸ਼ਨਾ ਉਤੇ ਦਿਤਾ ਹੈ। ਨਾਮ ਦਾ ਸਬੰਧ ਆਕਾਰ ਨਾਲ ਜੁੜ ਜਾਂਦਾ ਹੈ, ਇਸ ਲਈ ਨਿਰਗੁਣ ਪ੍ਰਭੂ ਲਈ ਕੋਈ ਅਕਾਰੀ ਨਾਮ ਨਹੀਂ ਹੋ ਸਕਦਾ। ਸਦੀਵਤਾ ਕੇਵਲ ਨਿਰਗੁਣ ਪ੍ਰਭੂ ਦਾ ਲਛਣ ਹੈ। ਇਸ ਲਈ ਸਤਿ ਉਸਦਾ ਢੁਕਵਾਂ ਨਾਂ ਹੈ। ਉਹ ਹਨੇਰੇ ਤੋਂ ਪ੍ਰਕਾਸ਼ ਵਲ ਲੈ ਜਾਣ ਦਾ ਵਿਸਮਾਦ-ਜਨਕ ਕਾਰਜ ਸਾਧਦਾ ਹੈ, ਇਸੇ ਲਈ ਵਾਹ+ਗੁਰੂ ਉਸਦਾ ਬਹੁਤ ਢੁਕਵਾਂ ਨਾਂ ਹੈ। ਗੁਰੂ ਰਾਮਦਾਸ ਜੀ ਨੇ ਨਾਮ ਨੂੰ ਨਿਰੰਜਨ[੧] ਕਿਹਾ ਹੈ ਕਿਉਂਕਿ ਅਸਲੋਂ ਗੁਰੂ ਨਾਨਕ ਪਰੰਪਰਾ ਵਿਚ ਇਹ ਹੈ ਹੀ ਨਿਰ+ਅੰਜਨ = ਮਾਇਆ ਰਹਿਤ = ਅਕਾਰ ਰਹਿਤ।

ਨਾਮ ਨੂੰ ਗੁਰ ਸ਼ਬਦ ਵੀ ਕਿਹਾ ਜਾਂਦਾ ਹੈ ਅਤੇ ਗੁਰ-ਮੰਤਰ ਵੀ।

---

੧- ਨਾਮੁ ਨਿਰੰਜਨੁ ਵਰਤਦਾ ਰਵਿਆ ਸਭ ਠਾਂਈ (ਸਾਰੰਗ ਕੀ ਵਾਰ ਮ: ੪ ਪੰ: ੧੨੪੨)

ਮੰਤ੍ਰ ਦੀ ਪ੍ਰਥਾ ਭਾਰਤ ਵਿਚ ਬੜੀ ਪੁਰਾਣੀ ਹੈ । ਵੇਦਾਂ ਦਾ ਪਹਿਲਾ ਭਾਗ ਹੀ ਮੰਤ੍ਰ ਹਨ ਜਿਨ੍ਹਾਂ ਦੇ ਪੜ੍ਹੇ ਜਾਣ ਅਤੇ ਫਲੀਂ ਭੂਤ ਹੋਣ ਦੀ ਵਿਧੀ ਬ੍ਰਾਹਮਣ ਗ੍ਰੰਥਾਂ ਵਿਚ ਦਸੀ ਗਈ ਹੈ । ਬੋਧੀਆਂ ਦੇ ਇਕ ਫਿਰਕੇ ਮੰਤਰਯਾਨ ਨੇ ਮੰਤ੍ਰਾਂ ਨੂੰ ਲੋਕ-ਪ੍ਰਿਯ ਬਣਾਇਆ । ਇਸ ਫਿਰਕੇ ਦੀ ਬੁਨਿਆਦ ਹੀ ਮੰਤਰ ਜੰਤਰ ਹਨ । ਇਸਦਾ ਵਿਸ਼ਵਾਸ ਹੈ ਕਿ ਕਿਸੇ ਵਿਸ਼ੇਸ਼ ਸ਼ਬਦ -ਸਮੂਹ ਨੂੰ ਵਿਸ਼ੇਸ਼ ਵਿਧੀ ਨਾਲ ਪੜ੍ਹਿਆ ਜਾਏ ਤਾਂ ਵਿਸ਼ੇਸ਼ ਰਹਸਮਈ ਸ਼ਕਤੀਆਂ ਦੀ ਉਪਜ ਹੁੰਦੀ ਹੈ ਅਤੇ ਇਨ੍ਹਾਂ ਸ਼ਕਤੀਆਂ ਦੁਆਰਾ ਸਾਧਕ ਆਪਣੀਆ- ਆਂ ਖਾਹਿਸ਼ਾਂ ਦੀ ਪੂਰਤੀ ਕਰ ਸਕਦਾ ਹੈ । ਧਨ, ਫ਼ਤਹ, ਸਿੱਧੀ ਅਤੇ ਮੁਕਤੀ ਸਭ ਕੁਛ ਪ੍ਰਾਪਤ ਹੋ ਸਕਦਾ ਹੈ । ਗੁਰਦੇਵ ਨੇ ਸੰਸਾਰਕ ਕਾਮਨਾਵਾਂ ਦੀ ਪੂਰਤੀ ਲਈ ਵਰਤੀਂਦੀ ਮੰਤਰ ਜੰਤਰ ਪ੍ਰਣਾਲੀ ਦੀ ਸਖ਼ਤ ਨਿਖੇਧੀ ਕੀਤੀ । ਉਨ੍ਹਾਂ ਨੇ ਕਿਹਾ :

ਮਨਮੁਖਿ ਭਰਮ ਭਵੈ ਬੇਬਾਣਿ ।
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ।
ਸਬਦੁ ਨ ਚੀਨੈ ਲਵੈ ਕੁਬਾਣਿ ।
ਨਾਨਕ ਸਾਚਿ ਰਤੇ ਸੁਖੁ ਜਾਣਿ ।

( ਸਿਧ ਗੋਸਟਿ ਪੰ: ੯੪੧ )

ਗੁਰਦੇਵ ਨੇ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਵਰਤੇ ਜਾਂਦੇ ਮੰਤਰਾਂ ਦਾ ਖੰਡਨ ਕੀਤਾ । ਇਨ੍ਹਾਂ ਨੂੰ ਉਨ੍ਹਾਂ ਨੇ ਪਾਖੰਡ ਦਸਿਆ । ਉਨ੍ਹਾਂ ਦਾ ਕਥਨ ਹੈ:

ਤੰਤੁ ਮੰਤੁ ਪਾਖੰਡੁ ਨ ਜਾਣਾ
ਰਾਮੁ ਹਿਰਦੈ ਮਨੁ ਮਾਨਿਆ ।

( ਸੂਹੀ ਮ: ੧ ,ਪੰ: ੭੬੬ )

ਉਪਰੋਕਤ ਦੋਹਾਂ ਉਦਾਹਰਣਾਂ ਵਿਚ ਮੰਤ੍ਰ ਦੇ ਮੁਕਾਬਲੇ ਉਤੇ ਸ਼ਬਦ ਅਤੇ ਰਾਮ/ਨਾਮ ਦੀ ਵਰਤੋਂ ਕੀਤੀ ਗਈ ਹੈ । ਗੁਰੂਦੇਵ ਨੇ ਦੂਜੇ ਮੰਤਰਾਂ ਵਲੋਂ ਰੋਕ ਕੇ ਮਾਨਵ ਨੂੰ ਸ਼ਬਦ ਅਤੇ ਨਾਮ ਦਾ ਮਾਰਗ ਮਨਾਉਣ ਵਲ ਪ੍ਰੇਰਿਆ ਹੈ । ਅਸਲ ਵਿਚ ਸ਼ਬਦ(ਅਤੇ ਨਾਮ) ਵੀ ਇਕ ਪ੍ਰਕਾਰ ਦਾ ਮੰਤਰ ਹੈ । ਇਸਨੂੰ ਬੀਜ ਮੰਤਰ ਕਿਹਾ ਜਾਂਦਾ ਹੈ । ਸ਼ਾਕਤਕਾਂ ਦੇ ਤੰਤਰਾਂ ਵਿਚ ਵੀ ਬੀਜ -ਮੰਤਰ ਦਾ ਵਰਣਨ ਮਿਲਦਾ ਹੈ । ਤੰਤਰ ਅਨੁਸਾਰ ਵਿਸ਼ੇਸ਼ ਅਖਰਾਂ ਦਾ ਸਮੇਲ ਬੀਜ-ਮੰਤਰ ਹੈ ਅਤੇ ਵਿਸ਼ੇਸ਼ ਸ਼ਬਦਾਂ ਦੇ ਸੁਮੇਲ ਨੂੰ ਮੰਤਰ ਕਿਹਾ ਜਾਂਦਾ ਹੈ । ਬੀਜ ਮੰਤਰ ਵਿਚਲੇ ਅਖਰ ਸਬੰਧਤ ਦੇਵਤੇ ਦੇ ਧੁਨੀ -ਸ੍ਰੋਤ ਹਨ । ਦੇਵਤੇ ਦੀ ਹੋਂਦ ਪਧਰ

ਉਤੇ ਉਠਦੀਆਂ ਧੁਨੀ ਕੰਬਣੀਆਂ ਨੂੰ ਧੁਨੀ ਸੂਰਾਂ ਰਾਹੀਂ ਮੁੜ ਪ੍ਰਗਟ ਕੀਤਾ ਜਾਂਦਾ ਹੈ । ਜਦੋਂ ਵੀ ਇਨ੍ਹਾਂ ਧੁਨੀਆਂ ਨੂੰ ਦੁਹਰਾਇਆ ਜਾਂਦਾ ਹੈ , ਸਬੰਧਤ ਦੇਵਤੇ ਨਾਲ ਸਿੱਧ- ਸੰਬੰਧ ਸਥਾਪਤ ਹੋ ਜਾਂਦਾ ਹੈ ।[1] ਸਿਖ ਗੁਰੂ ਸਾਹਿਬਾਨ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਸਨ ਮੰਨਦੇ । ਇਸ ਲਈ ਉਨ੍ਹਾਂ ਦਾ ਰਚਿਆ ਬੀਜ-ਮੰਤਰ ਸਿਮਰਨ ਨਾਲ ਨਿਰਗੁਣ ਬ੍ਰਹਮ ਨਾਲ ਸੰਬੰਧ ਸਥਾਪਿਤ ਕਰ ਦਿੰਦਾ ਹੈ । ਗੁਰੂ ਅਰਜਨ ਦੇਵ ਨੇ ਆਪਣੇ ਬੀਜ - ਮੰਤਰ ਬਾਰੇ ਇਉਂ ਕਿਹਾ ਹੈ:

ਬੀਜ ਮੰਤ੍ਰ ਸਰਬ ਕੋ ਗਿਆਨੁ ।
ਚਹੁੰ ਵਰਨਾ ਮਿ ਜਪੈ ਕੋਊ ਨਾਮ ।

( ਸੁਖਮਨੀ )

ਏਵੇਂ ਬੀਜ ਮੰਤਰ ਨੂੰ ਨਾਮ ਕਿਹਾ ਹੈ । ਏਸੇ ਨੂੰ ਹੀ ਗੁਰਸ਼ਬਦ ਵੀ ਕਿਹਾ ਗਿਆ ਹੈ । ਏਹੋ ਗੁਰਮੰਤਰ ਹੈ ਅਤੇ ਗੁਰਦੇਵ ਅਨੁਸਾਰ ਇਹੋ ਮੂਲ ਮੰਤਰ ਹੈ :

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ
ਕਹੁ ਨਾਨਕ ਪੂਰਾ ਪਾਇਆ ।

( ਮਾਰੂ ਮ: ੧ ਪੰ: ੧੦੪੦ )

ਮਹਾਂ ਨਿਰਵਾਣ ਤੰਤਰ ਵਿਚ ਸ਼ਾਕਤਕਾਂ ਦਾ ਇਹ ਮੂਲ ਮੰਤਰ ਦਰਜ ਹੈ: 'ਓਮ ਸਤਿ ਚਿਤ ਏਕਮ ਬ੍ਰਹਮ ॥' ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਦਾ ਰਚਿਆ ਇਹ ਮੂਲ ਮੰਤਰ ਕਈ ਵਾਰ ਦੁਹਰਾਇਆ ਗਿਆ ਹੈ :

ੴਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ।

ਦੋਹਾਂ ਮੂਲ ਮੰਤਰਾਂ ਦੇ ਸ਼ਬਦ -ਸਮੂਹ ਵਿਚ ਸਾਂਝ ਵੀ ਹੈ ਅਤੇ ਅੰਤਰ ਵੀ ।ਓਮ ਭਾਰਤੀ ਪਰੰਪਰਾ ਵਿਚ ਸਭ ਤੋਂ ਪੁਰਾਣਾ ਬੀਜ ਮੰਤਰ ਹੈ ।ਇਹ ਪਾਰਬ੍ਰਹਮ ਦੀਆਂ ਤਿੰਨ ਸ਼ਕਤੀਆਂ ਦਾ ਲਖਾਇਕ ਹੈ :

ਅ (ਕਾਰ )---ਪ੍ਰਿਤਪਾਲਣ ਵਾਲੀ ਸ਼ਕਤੀ
ਉ (ਕਾਰ ) -- ਸੰਘਾਰਣ ਵਾਲੀ ਸ਼ਕਤੀ
ਮ (ਕਾਰ ) --- ਸਿਰਜਣ ਵਾਲੀ ਸ਼ਕਤੀ ।

੧. Studies in the Tantras and the Veda by M.P. Pandit, p.25.

ਓਅੰਕਾਰ ਦਾ ਜ਼ਿਕਰ ਉਪਨਿਸ਼ਦਾਂ ਵਿਚ ਵੀ ਹੋਇਆ ਹੈ । ਗੁਰਦੇਵ ਨੇ ਓਅੰਕਾਰ ਤੋਂ ਪਹਿਲੇ ਏਕਾ ਲਗਾਇਆ ਹੈ । ਜਿਥੇ ਤੰਤਰ ਵਿਚ ਪਰਮੇਸ਼ਵਰ (ਪਰਮ ਈਸ਼ਵਰ ) ਦੇ ਨਾਲ ਨਾਲ ਪਰਮੇਸ਼ਵਰੀ ( ਪਰਮ ਸ਼ਕਤੀ ) ਦੀ ਕਲਪਨਾ ਕੀਤੀ ਗਈ ਹੈ , ਉਥੇ ਗੁਰਦੇਵ ਕੇਵਲ ਇਕ ਅਕਾਲ ਪੁਰਖ ਦਾ ਧਿਆਨ ਧਰਦੇ ਹਨ , ਜੋ ਅਜੂਨੀ ਹੈ ਅਤੇ ਇਕ ਰਸ ਹੈ । ਉਹ ਭਿੰਨ ਭਿੰਨ ਸਰੂਪ ਧਾਰਨ ਨਹੀਂ ਕਰਦਾ ।

ਸ਼ਬਦ ਤੋਂ ਅਕਾਸ਼ ਦਾ ਜਨਮ ਹੁੰਦਾ ਹੈ । ਸਪਰਸ਼ ਤੋਂ ਪਉਣ ਦਾ , ਰੂਪ ਤੋਂ ਅਗਨੀ ਦਾ , ਰਸ ਤੋਂ ਪਾਣੀ ਦਾ ਅਤੇ ਗੰਧ ਤੋਂ ਧਰਤੀ ਦਾ , ਇਸ ਤੋਂ ਸਪਸ਼ਟ ਹੈ ਕਿ ਸੂਖਮ ਤੋਂ ਸਥੂਲ ਦਾ ਜਨਮ ਹੁੰਦਾ ਹੈ ਅਤੇ ਜੇ ਇਸੇ ਕਰਮ ਨੂੰ ਉਲਟਾ ਦਈਏ ਤਾਂ ਸਥੂਲ ਸੂਖਮ ਵਿਚ ਅਲੋਪ ਹੋ ਜਾਂਦਾ ਹੈ । ਇਵੇਂ ਹੀ ਗੁਰ ਸ਼ਬਦ ਜਾਂ ਨਾਮ ਰੂਪੀ ਮੰਤਰ ਸ਼ਬਦ ਅਤੇ ਧਵਨੀ ਦਾ ਜਾਮਾ ਪਹਿਰਦਾ ਹੈ ਅਤੇ ਹੌਲੇ ਹੌਲੇ ਸੂਖਮ ਮੰਡਲਾਂ ਵਿਚ ਲੈ ਉਡਦਾ ਹੈ ਅਤੇ ਇਸ਼ਟਦੇਵ ਨਾਲ ਇਕ ਮਿਕ ਕਰ ਦਿੰਦਾ ਹੈ ।

ਸਿਖ ਸਮਾਜ ਵਿਚ ' ਵਾਹ ਗੁਰੂ ' ਬੀਜ ਮੰਤਰ ਹੈ । ਪਾਰ ਬ੍ਰਹਮ ਆਵਿਗਤੁ ਵੀ ਹੈ ਅਤੇ ਜੁਗਾਦਿ ਗੁਰੂ ਵੀ ।'ਵਾਹਗੁਰੂ' ਵਿਚ 'ਗੁਰੂ' ਸ਼ਬਦ ਬ੍ਰਹਮ ਦਾ ਸੂਚਕ ਹੈ ਅਤੇ 'ਵਾਹੁ' ਸ਼ਬਦ ਵਿਸਮਾਦ ਦਾ , ਇਸ ਲਈ ' ਵਾਹਗੁਰੂ ' 'ਵਿਸਮਾਦੀ ਬ੍ਰਹਮ ' ਦਾ ਲਖਾਇਕ ਹੈ । ਜਦੋਂ ਸਾਧਕ 'ਵਾਹਗੁਰੂ' ਸ਼ਬਦ ਦਾ ਜਾਪ ਕਰਦਾ ਹੈ ਤਾਂ ਪ੍ਰਭੂ ਦਾ ਇਹ ਨਾਮ ਉਸਨੂੰ ਉਸਦੀ ਗੋਦੀ ਵਿਚ ਜਾ ਬਿਠਾਂਦਾ ਹੈ । ਵਿਸਮਾਦੀ ਬ੍ਰਹਮ ਨੂੰ ਤੈਤ੍ਰੀਯ ਉਪਨਿਸ਼ਦ ਦੇ ਤੀਜੇ ਅਧਿਆਇ ਦੇ ਦਸਵੇਂ ਖੰਡ ਵਿਚ ' ਹਾ ਵੁ ਹਾ ਵੁ ਹਾ ਵੁ ' ਮੰਤਰ ਰਾਹੀਂ ਵਿਸਮਾਦੀ ਬ੍ਰਹਮ ਨੂੰ ਹੀ ਯਾਦ ਕੀਤਾ ਗਿਆ ਹੈ । ਏਥੇ ਵੀ 'ਵ ' ਅਤੇ 'ਹਾ' ਦਾ ਪ੍ਰਯੋਗ ਹੋਇਆ ਹੈ ।

ਜਿਵੇਂ ਪ੍ਰਭੂ ਦਾ ਹੁਕਮ ਚਾਰੇ ਪਾਸੇ ਵਰਤਦਾ ਹੈ ,ਇਵੇਂ ਹੀ ਪ੍ਰਭੂ ਦਾ ਨਾਮ ਹਰ ਸ਼ੈ ਵਿਚ ਵਰਤਦਾ ਹੈ । ਗੁਰਦੇਵ ਦਾ ਕਥਨ ਹੈ :

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ
ਚਹੁ ਦਿਸਿ ਨਾਮੁ ਪਤਾਲੰ ।
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ
ਕਰਮਿ ਮਿਲੈ ਬੈਆਲੰ ।

( ਮਲਾਰ ਮ: ੧ ਪੰ: ੧੨੭੫ )

ਭਾਵੇਂ ਸਭਨਾ ਵਿਚ ਸਦਾ ਸਬਦ ਵਰਤ ਰਿਹਾ ਹੈ । ਪਰ ਅਗਿਆਨੀ ਮਾਨਵ ਇਸਦੇ ਪ੍ਰਕਾਸ਼ ਨੂੰ ਨਹੀਂ ਜਾਣਦਾ । ਨਾਮ ਦੇ ਉਘੜਨ ਤੋਂ ਬਿਨਾ ,ਉਹਦੀ ਕੋਠੀ ਵਿਚ ਹਨੇਰਾ ਹੀ ਹਨੇਰਾ ਹੈ :

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ
ਜਲ ਬਿਨੁ ਉਤਭੁਜ ਕਾਮਿ ਨਾਹੀ ।
ਕਿਆ ਸੁਲਤਾਨੁ ਸਲਾਮ ਵਿਹੂਣਾ
ਅੰਧੀ ਕੋਠੀ ਤੇਰਾ ਨਾਮੁ ਨਾਹੀ ।

( ਆਸਾ ਮ: ੧ ਪੰ: ੩੫੪ )

ਨਾਮ ਨੂੰ ਉਘਾੜਨ ਲਈ ਸਿਮਰਨ ਅਤੇ ਭਗਤੀ ਦੀ ਲੋੜ ਹੈ ।

ਨਾਮ- ਸਿਮਰਨ ਅਤੇ ਭਗਤੀ --

ਗੁਰੂ ਅਮਰਦਾਸ ਨੇ ਹਰੀ ਦੀ ਭਗਤੀ ਨੂੰ ਹਰੀ ਦਾ ਪਿਆਰ ਦਸਿਆ ਹੈ[1]। ਇਹ ਪਿਆਰ ਵੀ ਸਤਿਗੁਰੂ ਦੇ ਉਪਦੇਸ਼ ਰਾਹੀਂ ਜਾਗਦਾ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਹੋਰੁ ਕਿਤੈ ਭਗਤਿ ਨ ਹੋਵਈ
ਬਿਨੁ ਸਤਿਗੁਰ ਕੇ ਉਪਦੇਸ ।

( ਸਿਰੀ ਰਾਗੁ ਮ: ੧ ਪੰ: ੨੨ )

ਅਤੇ ਇਸ ਭਗਤੀ ਤੋਂ ਬਿਨਾ ਪ੍ਰਭੂ ਤੀਕ ਪਹੁੰਚ ਨਹੀਂ ਹੋ ਸਕਦੀ । ਗੁਰਦੇਵ ਫੁਰਮਾਂਦੇ ਹਨ:

ਬਿਨੁ ਭਗਤੀ ਘਰਿ ਵਾਸੁ ਨ ਹੋਵੀ
ਸੁਣਿਅਹੁ ਲੋਕ ਸਬਾਏ ।
ਨਾਨਕ ਸਰਸੀ ਤਾ ਪਿਰ ਪਾਏ
ਰਾਤੀ ਸਾਚੈ ਨਾਏ ।

(ਧਨਾਸਰੀ ਮ: ੧ ਪੰ: ੬੮੯ )

---

੧- ਸਿਰੀ ਰਾਗੁ ਮ: ੩ ਪੰ: ੨੮ .

ਉਪਰੋਕਤ ਤੁਕ ਤੋਂ ਸਪਸ਼ਟ ਹੈ ਕਿ ਭਗਤੀ ਵਿਚ ਰੰਗੀਜਿਆ ਹੋਇਆ ਜਿਗਿਆਸੂ ਸਚੇ ਨਾਮ ਨਾਲ ਰਤਾ ਰਹਿੰਦਾ ਹੈ । ਇਸ ਲਈ ਭਗਤੀ ਅਥਵਾ ਪ੍ਰਭੂ ਪ੍ਰੇਮ ਦਾ ਮਾਧਿਅਮ ਸਚਾ ਨਾਮ ਹੀ ਹੈ । ਪਰ ਸਚੇ ਨਾਮ ਦੀ ਮੋਹਰ ਕੇਵਲ ਗੁਰਾਂ ਦੀ ਟਕਸਾਲ ਵਿਚ ਹੀ ਤਿਆਰ ਹੋ ਸਕਦੀ ਹੈ । ਜਤ ਰੂਪੀ ਭਠੀ ਵਿਚ ਧੀਰਜ ਰੂਪੀ ਸੁਨਿਆਰਾ , ਬੁਧੀ ਰੂਪੀ ਅਹਿਰਣ ਉਤੇ ਗਿਆਨ ਰੂਪੀ ਹਥੌੜੇ ਨੂੰ ਚਲਾ , ਭਉ ਦੀਆਂ ਖਲਾਂ ਅਤੇ ਜਤਨ ਦੀ ਅਗਨੀ ਵਰਤ ਕੇ , ਭਾਉ (ਪ੍ਰੇਮ ) ਦੇ ਭਾਂਡੇ ਵਿਚ ਨਾਮ ਰੂਪੀ ਅੰਮ੍ਰਿਤ ਨੂੰ ਢਾਲਦਾ ਹੈ[1] । ਨਾਮ ਰੂਪੀ ਅੰਮ੍ਰਿਤ ਕੇਵਲ ਸੁਧ ਭਾਂਡੇ ਵਿਚ ਹੀ ਪੈ ਸਕਦਾ ਹੈ । ਇਸ ਲਈ ਸ੍ਰੀਰ ਰੂਪੀ ਭਾਂਡੇ ਨੂੰ ਨਿਰਮਲ ਕਰਕੇ ਸ਼ੁਭ ਕਰਮਾਂ ਦਾ ਦੁਧ ਪਾਇਆ ਜਾਵੇ । ਉਸਨੂੰ ਸੁਰਤੀ ਦੀ ਜਾਗ ਲਗਾ ਕੇ , ਮੋਹ ਤੋਂ ਉਪਰ ਉਠ ਕੇ ਜਮਾਇਆ ਜਾਵੇ । ਮਨ ਨੂੰ ਇਟੀਆਂ ਵਾਂਗ ਪਕੜ ਕੇ ਅਤੇ ਜਾਗ੍ਰਿਤ ਅਵਸਥਾ ਦਾ ਨੇਤਰਾ ਪਾ ਕੇ ਜੋਤ ਰੂਪੀ ਮਧਾਣੀ ਨਾਲ ਰਿੜਕ ਕੇ ਹੀ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ[2] । ਇਸ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਗੁਣਾਂ ਦੇ ਗ੍ਰਹਿਣ ਕਰਨ ਤੋਂ ਬਿਨਾ ਭਗਤੀ ਨਹੀ ਹੋ ਸਕਦੀ ਜਿਵੇਂ ਗੁਰਦੇਵ ਨੇ ਆਪ ਕਿਹਾ ਹੈ:

ਵਿਣੁ ਗੁਣ ਕੀਤੇ ਭਗਤਿ ਨ ਹੋਇ ।

( ਜਪੁ ਪੰ: ੪ )

ਗੁਣਾਂ ਬਾਰੇ ਚਰਚਾ ਅਸੀ ਪਹਿਲੇ ਕਰ ਚੁਕੇ ਹਾਂ ।

ਭਗਤੀ ਲਈ ਨਾਮ-ਸਿਮਰਨ ਦੀਆਂ ਦੋ ਵਿਧੀਆਂ ਦਾ ਵਰਣਨ ਗੁਰ ਨਾਨਕ ਬਾਣੀ ਵਿਚ ਹੋਇਆ ਹੈ । ਪਹਿਲੀ ਵਿਧੀ ਤਾਂ ਰਸਨਾ ਰਾਹੀਂ ਨਾਮ ਜਪਣ ਦੀ ਹੈ । ਇਸ ਬਾਰੇ ਜਪੁਜੀ ਵਿਚ ਇਉਂ ਲਿਖਿਆ ਹੈ :

ਇਕਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ।
ਲਖੁ ਲਖੁ ਗੇੜਾ ਆਖੀਅਹਿ
ਏਕੁ ਨਾਮੁ ਜਗਦੀਸ ।
ਏਤੁ ਰਾਹਿ ਪਤਿ ਪਵੜੀਆ
ਚੜੀਐ ਹੋਇ ਇਕੀਸ ।

( ਜਪੁ ਪੰ: ੭ )

---

੧- ਸੂਹੀ ਮ: ੧ ਪੰ: ੭੨੮ ਭਾਂਡਾ ਧੋਇ ਬੈਸਿ ਧੂਪੁ ਦੇਵਹੁ---ਅੰਮ੍ਰਿਤੁ ਪਾਵਹੁ ।

ਦੂਜੀ ਵਿਧੀ ਸਵਾਸ ਸਵਾਸ ਨਾਮ ਜਪਣ ਦੀ ਹੈ । ਇਸ ਬਾਰੇ ਗੁਰਦੇਵ ਫੁਰਮਾਉਂਦੇ ਹਨ :

ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ।
ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ।
ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ।
ਅਬ ਜਾਨੇ ਗੁਰਮੁਖਿ ਹਰਿ ਨਾਲੀ ।

( ਬਿਲਾਵਲੁ ਮ: ੧ ਪੰ: ੭੯੬ )

ਇਨ੍ਹਾਂ ਦੋਹਾਂ ਵਿਧੀਆਂ ਰਾਹੀਂ ਜਿਗਿਆਸੂ ਆਪਣੇ ਮਨੋਰਥ ਨੂੰ ਸਿਧ ਕਰ ਲੈਂਦਾ ਹੈ । ਨਾਮ-ਅਭਿਆਸ ਨਾਲ ਇਕ ਅਜਿਹੀ ਅਵਸਥਾ ਵੀ ਆਉਂਦੀ ਹੈ ਜਦੋਂ ਨਾਮ ਹਿਰਦੇ ਵਿਚ ਵਸ ਜਾਂਦਾ ਹੈ[1] ਅਤੇ ਰੋਮ ਰੋਮ ਵਿਚੋਂ ਫੁਟ ਫੁਟ ਨਿਕਲਦਾ ਹੈ[2] । ਇਸ ਅਵਸਥਾ ਵਿਚ ਨਾਮ ਆਪਣੇ ਅਸਲੀ ਨਿਰਾਕਾਰ ਸਰੂਪ ਵਿਚ ਵਿਦਮਾਨ ਹੁੰਦਾ ਹੈ[3] ।

ਲਖਾਂ ਕੀਤੇ ਹੋਏ ਕਰਮ ਹਰਿਨਾਮ ਦੇ ਤੁਲ ਨਹੀਂ ਪੁਜ ਸਕਦੇ । ਗੁਰਦੇਵ ਦਾ ਕਥਨ ਹੈ:

ਹਰਿ ਨਾਮਿ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ।

( ਸਿਰੀ ਰਾਗ ਮ: ੧ ਪੰ: ੬੨)

ਇਸ ਲਈ ਗੁਰਦੇਵ ਅਨੁਸਾਰ ਕਰਮਕਾਂਡ ਦਾ ਕੋਈ ਮਹਤਵ ਨਹੀਂ । ਮੁਕਤੀ ਵੀ ਕੇਵਲ ਰਾਮ ਨਾਮ ਦੇ ਸਿਮਰਣ ਨਾਲ ਮਿਲਦੀ ਹੈ:

ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ ।
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ।
ਮੁਕਤਿ ਨਾਮਿ ਗੁਰਮੁਖਿ ਲਹੈ । ੧।
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ।

---

੧- ਬਿਨੁ ਜਿਹਵਾ ਜੋ ਜਪੈ ਹਿਆਇ । ਕੋਈ ਜਾਣੈ ਕੈਸਾ ਨਾਉ (ਮਲਾਰ ਮ: ੧ ਪੰ: ( ੧੨੫੬ )

੨- ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ( ਰਾਮਕਲੀ ਮ: ੧ ਸਿਧ ਗੋਸਟਿ ਪੰ: ੯੪੧)

੩- ਨਾਉ ਤੇਰਾ ਨਿਰੰਕਾਰੁ ਹੈ ( ਵਾਰ ਆਸਾ ਮ: ੧ ਪੰ: ੪੬੫ )

ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਣਾ ।੧। ਰਹਾਉ ।
ਪੁਸਤਕ ਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤਿਕਾਲ ਕਰੈ ।
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ ।੨।
ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ।
ਰਾਮ ਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ।੩।
ਜਟਾ ਮੁਕਟੁ ਤਨਿ ਭਸਮ ਲਗਾਈ ।
ਬਸਤ੍ਰ ਛੋਡਿ ਤਨਿ ਨਗਨੁ ਭਇਆ ।੪।
ਰਾਮਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਂਧੈ ਭੇਖੁ ਭਇਆ ।੪।
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ
ਜਤ੍ਰ ਕਤ੍ਰ ਤੂ ਸਰਬ ਜੀਆ ।
ਗੁਰ ਪਰਸਾਦਿ ਰਾਖਿ ਲੇ ਜਨ ਕਉ
ਹਰਿ ਰਸੁ ਨਾਨਕ ਝੋਲਿ ਪੀਆ । ੫। ਭੈਰਉ ਮ: ੧ ਪੰ: ੧੧੨੭)

ਮਾਇਆ ਹਉਮੈ ਅਤੇ ਵਿਸ਼ਿਆਂ ਵਿਕਾਰਾਂ ਵਾਲੀ ਤਪਦੀ ਦੁਨੀਆਂ ਵਿਚ ਪ੍ਰਭੂ ਦਾ ਨਾਂ ਹੀ ਕੇਵਲ ਠੰਢਾ ਹੈ ਅਤੇ ਸੀਤਲਤਾਈ ਬਖਸ਼ਦਾ ਹੈ[1]। ਰੋਗ ਗ੍ਰਸਿਤ ਸੰਸਾਰ ਦਾ ਦਾਰੂ ਕੇਵਲ ਨਾਮ ਹੀ ਹੈ[2]। ਅਤੇ ਸਭ ਤੋਂ ਉਪਰਲਾ ਕਰਮ ਕੇਵਲ ਨਾਮ ਹੀ ਹੈ । ਗੁਰੂ ਸਾਹਿਬ

---

੧- ਆਤਸ ਦੁਨੀਆ ਖੁਨਕ ਨਾਮੁ ਖੁਦਾਇਆ । ਮਲਾਰ ਵਾਰ ਮ:੧ ਪੰ: ੧੨੯੧ .
੨- ਸੰਸਾਰ ਰੋਗੀ ਨਾਮੁ ਦਾਰੂ ----ਧਨਾਸਰੀ ਮ: ੧ ਪੰ: ~~੬੮੧~~ ੬੮੭ .

ਦਾ ਫੁਰਮਾਨ ਹੈ :

> ਨਾਨਕ ਨਾਮ ਮਿਲੈ ਵਡਿਆਈ
> ਏਦੂ ਉਪਰਿ ਕਰਮੁ ਨਹੀ ।
> ਜੇ ਘਰਿ ਹੋਦੈ ਮੰਗਣਿ ਜਾਈਐ
> ਫਿਰਿ ਉਲ੍ਹਾਮਾ ਮਿਲੈ ਤਹੀ ।
>
> ( ਰਾਮਕਲੀ ਮ: ੧ ਪੰ: ੯੦੩ )

ਸੰਸਾਰਕ ਧਨ ਵਾਂਗੂੰ ਹੀ ਨਾਮ ਧਨ ਸੰਚਿਆ ਜਾ ਸਕਦਾ ਹੈ । ਮਾਇਕ ਧਨ ਨੂੰ ਤਾਂ ਚੋਰ ਲੁਟੇਰੇ ਲੁਟ ਕੇ ਲੈ ਜਾਂਦੇ ਹਨ ਪਰ ਹਰਿ ਧਨ ਨੂੰ ਕੋਈ ਵੀ ਨਹੀਂ ਖੋਹ ਸਕਦਾ। ਗੁਰੂ ਨਾਨਕ ਦੇਵ ਨੇ ਨਾਮ ਧਨ ਦੀ ਮਹਿਮਾ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ:

> ਨ ਇਹੁ ਧਨੁ ਜਲੈ
> ਨ ਤਸਕਰੁ ਲੈ ਜਾਇ ।
> ਨ ਇਹੁ ਧਨੁ ਡੂਬੈ
> ਨ ਇਸੁ ਧਨ ਕਉ ਮਿਲੈ ਸਜਾਇ ।
> ਇਸੁ ਧਨ ਕੀ ਦੇਖਹੁ ਵਡਿਆਈ ।
> ਸਹਜੇ ਮਾਤੇ ਅਨਦਿਨੁ ਜਾਈ ।
> ਇਕ ਬਾਤ ਅਨੂਪ ਸੁਨਹੁ ਨਰ ਭਾਈ
> ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ।
>
> ( ਮਾਰੂ ਮ: ੧ ਪੰ: ੯੯੧ )

ਪਰ ਵਿਰਲੇ ਹੀ ਜਨ ਹਨ ਜੋ ਪ੍ਰਭੂ ਦੀ ਬਖ਼ਸ਼ਿਸ਼ ਨਾਲ ਹਰਿ ਧਨ ਸੰਚਦੇ ਹਨ । ਪ੍ਰਭੂ ਦਾ ਨਾਂ ਲੈਣਾ ਖਰਾ ਕਠਿਨ ਹੈ। ਜਿਸਨੂੰ ਇਸ ਨਾਮ ਦੀ ਭੁਖ ਲਗ ਜਾਂਦੀ ਹੈ , ਉਸ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ ।

> ਆਖਣਿ ਅਉਖਾ ਸਾਚਾ ਨਾਉ ।
> ਸਾਚੇ ਨਾਮ ਕੀ ਲਾਗੈ ਭੂਖ ।
> ਉਤੁ ਭੂਖੈ ਖਾਇ ਚਲੀਅਹਿ ਦੂਖ ।
>
> ( ਆਸਾ ਮ: ੧ ਪੰ: ੯ )

## ਨਾਮ ਅਤੇ ਜੋਗ

ਗੁਰੂ ਨਾਨਕ ਦਾ ਜੋਗ ਨਾ ਹੀ ਹਠ -ਜੋਗ ਹੈ, ਨਾ ਹੀ ਕੁੰਡਲਨੀ ਜੋਗ ਅਤੇ ਨਾ ਹੀ ਪਤੰਜਲੀ ਦਾ ਰਾਜ ਜੋਗ । ਪਤੰਜਲੀ ਦੇ ਰਾਜ-ਜੋਗ ਨੂੰ ਅਸ਼ਟਾਂਗ ਜੋਗ ਵੀ ਕਿਹਾ ਜਾਂਦਾ ਹੈ । ਇਸ ਦੇ ਅੱਠ ਅੰਗ ਯਮ, ਨੇਮ, ਪ੍ਰਾਣਾਯਾਮ , ਆਸਨ , ਪ੍ਰਤਯਾਹਾਰ , ਧਿਆਨ, ਧਾਰਨਾ ਅਤੇ ਸਮਾਧੀ ਹਨ । ਇਨ੍ਹਾਂ ਵਿਚੋਂ ਪ੍ਰਾਣਾਯਾਮ ਅਤੇ ਆਸਨਾਂ ਦਾ ਗੁਰਦੇਵ ਨੇ ਖੰਡਨ ਕੀਤਾ ਹੈ । ਬਾਕੀਆਂ ਸਬੰਧੀ ਵੀ ਉਨ੍ਹਾਂ ਦੇ ਆਪਣੇ ਸੰਕਲਪ ਹਨ । ਜਦੋਂ ਗੁਰਦੇਵ ਦੀ ਆਪਣੇ ਸਮਕਾਲੀ ਜੋਗੀਆਂ ਨਾਲ ਭੇਟ ਹੋਈ ਤਾਂ ਸਿਧਾਂ ਨੇ ਆਪਣੀ ਜੀਵਨ-ਜੁਗਤੀ ਮਾਰਗ ਪ੍ਰਗਟ ਕੀਤਾ :

ਹਾਟੀ ਬਾਟੀ ਰਹਹਿ ਨਿਰਾਲੇ
ਰੁਖ ਬਿਰਖਿ ਉਦਿਆਨੇ ।
ਕੰਦ ਮੂਲ ਆਹਾਰੋ ਖਾਈਐ
ਅਉਧੂ ਬੋਲੇ ਗਿਆਨੇ ।

( ਸਿਧ ਗੋਸਟਿ ਪੰ:੯੩੮ )

ਇਉਂ ਜੋਗੀ ਹਾਟਾਂ ਅਤੇ ਵਾਟਾਂ ਤੋਂ ਦੂਰ ਰਹਿੰਦੇ ਸਨ ਅਤੇ ਜੰਗਲ ਦੇ ਦਰਖਤਾਂ ਹੇਠਾਂ ਗੁਜ਼ਰਾਨ ਕਰਦੇ ਸਨ । ਜੰਗਲ ਦੇ ਫ਼ਲ ਫੁਲ ਉਨ੍ਹਾਂ ਦਾ ਅਹਾਰ ਸੀ । ਪਰ ਇਹ ਜੀਵਨ-ਜੁਗਤੀ ਗੁਰਦੇਵ ਨੂੰ ਪਸੰਦ ਨਹੀਂ ਸੀ । ਉਹ ਗ੍ਰਿਹਸਤ ਵਿਚ ਰਹਿ ਕੇ ਜੀਵਨ ਬਿਤਾਉਣ ਅਤੇ ਨਾਮ ਸਿਮਰਨ ਉਤੇ ਬਲ ਦਿੰਦੇ ਸਨ । ਉਨ੍ਹਾਂ ਦਾ ਕਥਨ ਹੈ:

ਜੈਸੇ ਜਲ ਮਹਿ ਕਮਲ ਨਿਰਾਲਮੁ
ਮੁਰਗਾਈ ਨੈਸਾਣੇ ।
ਸੁਰਤਿ ਸਬਦਿ ਭਵ ਸਾਗਰੁ
ਤਰੀਐ ਨਾਨਕ ਨਾਮੁ ਵਖਾਣੇ । ( ਸਿਧ ਗੋਸਟਿ ਪੰ:੯੩੮ )

ਜਿਵੇਂ ਪਾਣੀ ਵਿਚ ਰਹਿਕੇ ਕਮਲ ਉਸ ਤੋਂ ਅਭਿਜ ਰਹਿੰਦਾ ਹੈ , ਇਵੇਂ ਹੀ ਗੁਰਦੇਵ ਚਾਹੁੰਦੇ ਹਨ ਕਿ ਸਾਧਕ ਮਾਇਆ ਵਿਚ ਰਹਿੰਦਿਆਂ ਇਸ ਤੋਂ ਨਿਰਲੇਪ ਰਹੇ ਅਤੇ ਨਾਮ ਜਪੇ । ਜੇ ਉਹ ਆਪਣੀ ਸੁਰਤੀ ਵਿਚ ਸ਼ਬਦ ਨੂੰ ਪਰੁਚ ਲਵੇਗਾ ਤਾਂ ਭਵਸਾਗਰ ਨੂੰ ਪਾਰ ਕਰ ਸਕੇਗਾ । ਮਾਇਆ ਤੋਂ ਨਿਰਲੇਪਤਾ ਦਾ ਵਿਚਾਰ ਗੁਰਦੇਵ ਦੀ ਹੇਠਲੀ ਤੁਕ ਤੋਂ ਵੀ ਭਲੀ ਭਾਂਤ ਪ੍ਰਗਟ ਹੁੰਦਾ ਹੈ:

ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ।

( ਸੂਹੀ ਮ: ੧ ਪੰ: ੭੩੦ )

ਮਾਇਆ ਤੋਂ ਨਿਰਲੇਪ ਹੋ ਕੇ ਹੀ ਜੋਗ ਦੀ ਜੁਗਤੀ ਦਾ ਪਤਾ ਚਲਦਾ ਹੈ । ਪਰ ਇਹ ਜੋਗ ਦੀ ਜੁਗਤੀ ਹੈ ਕੀ? ਹਉਮੈ ਅਤੇ ਮਨ ਨੂੰ ਮਾਰਨਾ ਅਤੇ ਸ਼ਬਦ ਦੀ ਕਮਾਈ ਹੀ ਜੋਗ ਦੀ ਜੁਗਤੀ ਹੈ:

ਸਬਦਿ ਮਰੈ ਮਨੁ ਮਾਰੈ ਅਉਧੂ
ਜੋਗ ਜੁਗਤਿ ਵੀਚਾਰੀ ।
ਮਾਇਆ ਮੋਹੁ ਭਵਜਲੁ ਹੈ ਅਵਧੂ
ਸਬਦਿ ਤਰੈ ਕੁਲ ਤਾਰੀ ।

( ਰਾਮਕਲੀ ਮ: ੧ ਪੰ: ੯੦੮ )

ਗੁਰਦੇਵ ਅਨੁਸਾਰ ਜੋਗ ਕੇਵਲ ਸ਼ਬਦ ਅਥਵਾ ਨਾਮ ਨਾਲ ਹੀ ਹੋ ਸਕਦਾ ਹੈ । ਇਸੇ ਲਈ ਤਾਂ ਉਨ੍ਹਾਂ ਨੇ ਜੋਗ ਨੂੰ ਨਾਮ-ਜੋਗ ਜਾਂ ਸੁਰਤ -ਸ਼ਬਦ ਜੋਗ ਕਿਹਾ ਗਿਆ ਹੈ। ਉਨ੍ਹਾਂ ਦਾ ਕਥਨ ਹੈ :

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ ।
ਨਾਮੇ ਰਾਤੇ ਅਨਦਿਨੁ ਮਾਤੇ
ਨਾਮੈ ਤੇ ਸੁਖੁ ਹੋਈ ।

( ਰਾਮਕਲੀ ਮ: ੧ ਪੰ: ੯੪੬ )

## ਸਾਧ ਸੰਗਤ, ਗੁਰਮੁਖ , ਕੀਰਤਨ

ਗੁਰਦੇਵ ਅਨੁਸਾਰ ਨਾਮ-ਅਭਿਆਸ-ਕਮਾਈ ਲਈ ਸਤਸੰਗਤ ਵਿਚ ਰਲ ਬੈਠਣਾ ਜ਼ਰੂਰੀ ਹੈ । ਇਹ ਸੰਤਾਂ, ਸਾਧਾਂ, ਗੁਰਮੁਖਾਂ ਦੇ ਮਿਲਣ ਦਾ ਥਾਂ ਹੈ , ਜਿਨ੍ਹਾਂ ਦੇ ਹਿਰਦਿਆਂ ਵਿਚ ਸ਼ਬਦ ਦਾ ਨਿਵਾਸ ਹੈ । ਸ਼ਬਦ ਵਿਚ ਗੁਰੂ ਆਪ ਹੁੰਦਾ ਹੈ , ਇਉਂ ਸਤਸੰਗਤ ਵਿਚ ਗੁਰੂ ਦਾ ਨਿਵਾਸ ਹੁੰਦਾ ਹੈ,। ਗੁਰਦੇਵ ਨੇ ਸਾਧ-ਸੰਗਤ ਦੀ ਪ੍ਰਸ਼ੰਸਾ

ਇਉਂ ਕੀਤੀ ਹੈ :

ਸਤ ਸੰਗਤਿ ਕੈਸੀ ਜਾਣੀਐ ।
ਜਿਥੈ ਏਕੋ ਨਾਮੁ ਵਖਾਣੀਐ ।
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ।

( ਸਿਰੀ ਰਾਗੁ ਮ: ੧ ਪੰ: ੭੨ )

ਗੁਰੂ ਰਾਮਦਾਸ ਅਨੁਸਾਰ ਸਾਧ ਸੰਗਤ ਸਤਿਗੁਰੂ ਦਾ ਵਿਦਿਆਲਾ ਹੈ ਜਿਥੇ ਹਰੀ ਦੇ ਗੁਣਾਂ ਦੀ ਸਿਖਿਆ ਮਿਲਦੀ ਹੈ :

ਸਤ ਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ ।

(ਵਾਰ ਕਾਨੜਾ ਮ: ੪ ਪੰ: ੧੩੧੬ )

ਇਸ ਸਿਖਿਆਸ਼ਾਲਾ ਵਿਚ ਮਨ ਮਾਂਜਿਆ ਜਾਂਦਾ ਹੈ ਅਤੇ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ । ਗੁਰਦੇਵ ਫੁਰਮਾਉਂਦੇ ਹਨ :

ਮਿਲਿ ਸੰਤ ਸਭਾ ਮਨੁ ਮਾਂਜੀਐ
ਭਾਈ ਹਰਿ ਕੈ ਨਾਮਿ ਨਿਵਾਸੁ ।
ਮਿਟੈ ਅੰਧੇਰਾ ਅਗਿਆਨਤਾ
ਭਾਈ ਕਮਲ ਹੋਵੈ ਪਰਗਾਸੁ ।

( ਸੋਰਠ ਮ: ੫: ਪੰ: ੬੩੯ )

ਉਨਤਿਆ ਹੋਇਆ ਹਿਰਦੇ ਰੂਪੀ ਕਮਲ ਸਿਧਾ ਹੋ ਕੇ ਖਿੜ ਜਾਂਦਾ ਹੈ ।

ਸਾਧ ਸੰਗਤ ਤੋਂ ਬਿਨਾ ਪੂਰਨ ਸੰਤੁਸ਼ਟਤਾ ਪ੍ਰਾਪਤ ਨਹੀਂ ਹੁੰਦੀ । ਭਾਵੇਂ ਮਾਨਵ ਲਖਾਂ ਹੀ ਸਿਆਣਪਾਂ ਅਤੇ ਚਤੁਰਾਈਆਂ ਪ੍ਰਗਟ ਕਰੇ , ਲਖਾਂ ਨਾਲ ਉਸਦੀ ਪ੍ਰੀਤ-ਮਿਲਣੀ ਹੋਵੇ , ਫਿਰ ਵੀ ਉਸਦਾ ਅੰਤਰੀਵ ਦੁਖ ਖਤਮ ਨਹੀਂ ਹੁੰਦਾ :

ਲਖਸਿਆਣਪ ਜੇ ਕਰੀ
ਲਖ ਸਿਉ ਪ੍ਰੀਤਿ ਮਿਲਾਪੁ ।
ਬਿਨੁ ਸੰਗਤਿ ਸਾਧ ਨ ਧ੍ਰਾਪੀਆ
ਬਿਨੁ ਨਾਵੈ ਦੁਖ ਸੰਤਾਪੁ ।

( ਸਿਰੀ ਰਾਗੁ ਮ:੧ ਪੰ: ੨੦ )

ਹਰੀ ਦੇ ਗੁਣਾਂ ਦੇ ਧਾਰਨੀ ਗੁਰਮੁਖ ਸਾਧ ਸੰਗਤ ਵਿਚ ਇਕਠੇ ਹੁੰਦੇ ਹਨ ਅਤੇ ਇਕ ਦੂਜੇ ਨੂੰ ਮਿਲ ਕੇ ਆਪਣੇ ਅਧਿਆਤਮਕ ਤਜਰਬੇ ਦਸਦੇ ਹਨ , ਰਸਤੇ ਵਿਚ ਪਈਆਂ ਔਕੜਾਂ ਦਾ ਵਰਣਨ ਕਰਕੇ ਵਧੀਕ ਸਿਆਣੇ ਅਤੇ ਤਜਰਬੇਕਾਰ ਗੁਰਮੁਖਾਂ ਤੋਂ ਅਗਵਾਈ ਪ੍ਰਾਪਤ ਕਰਦੇ ਹਨ ।

ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ।
( ਭੈਰਉ ਮ:੧: ਪੰ: ੧੧੨੭ )

ਸਾਧ ਸੰਗਤ ਪਾਰਸ ਦੇ ਸਮਾਨ ਹੈ ਅਤੇ ਸਾਧਾਰਣ ਜਿਗਿਆਸੂ ਲੋਹੇ ਦੇ ਸਮਾਨ । ਸਾਧ ਸੰਗਤ ਦੀ ਇਹ ਵਡਿਆਈ ਹੈ ਕਿ ਇਹ ਸ਼ਾਮਲ ਹੋਣ ਵਾਲੇ ਨੂੰ ਗੁਰਮੁਖ ਬਣਾ ਦਿੰਦੀ ਹੈ । ਉਹ ਲੋਹੇ ਤੋਂ ਸੋਨਾ ਬਣ ਜਾਂਦਾ ਹੈ । ਇਹ ਸਾਰੀ ਬਰਕਤ ਨਾਮ ਅਥਵਾ ਗੁਰ-ਸ਼ਬਦ ਦੇ ਕਾਰਨ ਹੈ ।

ਸਤ ਸੰਗਤਿ ਨਾਮੁ ਨਿਧਾਨੁ ਹੈ
ਜਿਥਹੁ ਹਰਿ ਪਾਇਆ ।
ਗੁਰ ਪਰਸਾਦੀ ਘਟਿ ਚਾਨਣਾ
ਅਨੇਰੁ ਗਵਾਇਆ ।
ਲੋਹਾ ਪਾਰਸਿ ਭੇਟੀਐ
ਕੰਚਨ ਹੋਇ ਆਇਆ ।

( ਵਾਰ ਸਾਰੰਗ ਮ: ੧: ਪੰ: ੧੨੪੪ )

## ਗੁਰਮੁਖ

ਸਤਿਗੁਰੂ ਆਪ ਪੂਰਨ ਪੁਰਖ ਹੈ । ਉਸਦੇ ਅਨੁਸ਼ਾਸਨ ਵਿਚ ਚਲ ਕੇ ਜਿਗਿਆਸੂ ਵੀ ਉਸੇ ਪੂਰਨਤਾ ਨੂੰ ਪ੍ਰਾਪਤ ਕਰਦਾ ਹੈ । ਉਸਨੂੰ ਗੁਰਮਤ ਅਨੁਸਾਰ ਗੁਰਮੁੱਖ ਕਿਹਾ ਜਾਂਦਾ ਹੈ । ਉਸ ਦਾ ਮੁਖ ਗੁਰੂ ਵਲ ਹੁੰਦਾ ਹੈ ਅਤੇ ਗੁਰੂ-ਮਾਰਗ ਨੂੰ ਛਡ ਕੇ ਉਹ ਹੋਰ ਕਿਸੇ ਰਸਤੇ ਨੂੰ ਨਹੀ ਅਪਣਾਂਦਾ । ਉਸਦੇ ਉਤੇ ਪ੍ਰਭੂ ਦੀ ਅਪਾਰ ਬਖਸ਼ਿਸ਼

ਹੁੰਦੀ ਹੈ । ਗੁਰੂ ਸਾਹਿਬ ਫੁਰਮਾਂਦੇ ਹਨ :

ਜਿਨ ਕਉ ਆਪਿ ਲਏ ਪ੍ਰਭੁ ਮੇਲਿ ।
ਤਿਨ ਕਉ ਕਾਲੁ ਨ ਸਕੈ ਪੇਲਿ ।
ਗੁਰਮੁਖਿ ਨਿਰਮਲ ਰਹਹਿ ਪਿਆਰੇ ।
ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ।

( ਆਸਾ ਮ: ੧: ਪੰ: ੩੫੩ )

ਏਥੇ ਗੁਰਮੁਖ ਨੂੰ ਕੰਵਲ ਫੁਲ ਨਾਲ ਉਪਮਾਇਆ ਗਿਆ ਹੈ । ਜਿਵੇਂ ਪਾਣੀ ਵਿਚ ਰਹਿੰਦਿਆ ਰਹਿੰਦਿਆਂ ਹੋਇਆਂ ਕੰਵਲ ਫੁਲ ਪਾਣੀ ਤੋਂ ਅਭਿਜ ਰਹਿੰਦਾ ਹੈ , ਇਵੇਂ ਹੀ ਗੁਰਮੁਖ ਮਾਇਆ ਵਿਚ ਰਹਿੰਦਿਆਂ ਇਸਤੋਂ ਨਿਰਲੇਪ ਰਹਿੰਦਾ ਹੈ । ਉਹ ਬਾਹਰਮੁਖੀ ਪਦਾਰਥਾਂ ਤੋਂ ਆਪਣੇ ਆਪ ਨੂੰ ਸੰਕੋਚ ਕੇ ਅੰਦਰਵੰਨੇ ਹੋ ਜਾਂਦਾ ਹੈ ਅਤੇ ਨਾਮ ਦੇ ਪ੍ਰਕਾਸ਼ ਵਿਚ ਪ੍ਰਭੂ ਦੇ ਖੁਲ੍ਹੇ ਦੀਦਾਰੇ ਕਰਦਾ ਹੈ । ਉਹ ਸਦਾ ਪ੍ਰੇਮ ਵਿਚ ਮਖ਼ਮੂਰ ਰਹਿੰਦਾ ਹੈ ਅਤੇ ਗੁਰੂ ਦੇ ਬਚਨਾਂ ਅਨੁਸਾਰ ਕਮਾਈ ਕਰਦਾ ਹੈ । ਦਿਨ ਰਾਤ ਸਰਬ-ਵਿਆਪਕ ਜੋਤੀ ਨੂੰ ਆਪਣੇ ਹਿਰਦੇ ਵਿਚ ਪ੍ਰਕਾਸ਼ਮਾਨ ਵੇਖਦਾ ਹੈ । ਗੁਰਦੇਵ ਦਾ ਕਥਨ ਹੈ:

ਅੰਤਰਿ ਪ੍ਰੇਮ ਪਰਾਪਤਿ ਦਰਸਨੁ ।
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ।
ਅਹਿਨਿਸਿ ਨਿਰਮਲ ਜੋਤਿ ਸਬਾਈ
ਘਟਿ ਦੀਪਕੁ ਗੁਰਮੁਖਿ ਜਾਤਾ ਹੇ ।

(ਮਾਰੂ ਮ: ੧ ਪੰ: ੧੦੩੨ )

ਗੁਰਮੁਖ ਨਿਰੰਤਰ ਜਾਗ੍ਰਤ ਅਵਸਥਾ ਵਿਚ ਰਹਿੰਦਾ ਹੈ । ਸੁਪਨ ਅਤੇ ਸੁਖੋਪਤ ਨਾਲ ਉਸਦਾ ਕੋਈ ਵਾਸਤਾ ਨਹੀਂ । ਉਸਦਾ ਨਿਸ਼ਾਨਾ ਤੁਰੀਆਵਸਥਾ ਹੈ । ਸਦਾ ਪ੍ਰਭੂ ਨਾਲ ਉਸਦੀ ਇਕ ਰਸ ਲਿਵ ਲਗੀ ਰਹਿੰਦੀ ਹੈ :

ਗੁਰਮੁਖਿ ਜਾਗਿ ਰਹੇ ਦਿਨ ਰਾਤੀ ।
ਸਾਚੇ ਕੀ ਲਿਵ ਗੁਰਮਤਿ ਜਾਤੀ ।
ਮਨਮੁਖ ਸੋਇ ਰਹੇ ਸੇ ਲੂਟੇ
ਗੁਰਮੁਖਿ ਸਾਬਤੁ ਭਾਈ ਹੇ ।

( ਮਾਰੂ ਮ: ੧ ਪੰ: ੧੦੨੪ )

ਗੁਰਮੁਖ ਪ੍ਰਭੂ ਦੇ ਹੁਕਮ ਨਾਲ ਇਕਸੁਰ ਰਹਿੰਦਾ ਹੈ[1]। ਉਹ ਸਤਿਗੁਰੂ ਨੂੰ ਸੇਂਵਦਾ ਹੈ ਅਤੇ ਉਸਦੇ ਦਿੱਤੇ ਸ਼ਬਦ ਨਾਲ ਜੁੜਿਆ ਰਹਿੰਦਾ ਹੈ , ਇਸ ਲਈ ਅਸਲੀ ਜੋਗੀ ਹੀ ਉਹ ਹੈ । ਅਜਿਹਾ ਜੋਗੀ ਗੁਰਦੇਵ ਨੂੰ ਚੰਗਾ ਲਗਦਾ ਹੈ :

ਨਿਰਭਉ ਜੋਗੀ ਨਿਰੰਜਨ ਧਿਆਵੈ ।
ਅਨਦਿਨੁ ਜਾਗੈ ਸਚਿ ਲਿਵ ਲਾਵੈ ।
ਸੋ ਜੋਗੀ ਮੇਰੈ ਮਨਿ ਭਾਵੈ ।

( ਗਉੜੀ ਮ: ੧ : ਪੰ: ੨੨੩ )

ਅਜਿਹੇ ਜੋਗੀ ਨੂੰ ਗੁਰ ਸ਼ਬਦ ਦੀ ਪਛਾਣ ਹੈ ।ਉਸਦਾ ਹਿਰਦੇ ਰੂਪੀ ਕਮਲ ਸਦਾ ਵਿਗਾਸ ਵਿਚ ਰਹਿੰਦਾ ਹੈ । ਉਹ ਜੀਉਂਦਿਆਂ ਹੀ ਆਪਣੀ ਹਉਮੈ ਨੂੰ ਖਤਮ ਕਰ ਕੇ ਸਰਬ-ਗਿਆਤਾ ਨਾਲ ਇਕ ਮਿਕ ਹੋ ਜਾਂਦਾ ਹੈ । ਪ੍ਰਭੂ ਦੇ ਰਚੇ ਸਾਰੇ ਜੀਵਾਂ ਪ੍ਰਤੀ ਉਹ ਸਦਾ ਕਮਲਈ ਹਮਦਰਦੀ ਨਾਲ ਭਰਿਆ ਰਹਿੰਦਾ ਹੈ[2]। ਅਜਿਹਾ ਜੋਗੀ ਸ਼ਬਦ ਦੀ ਵੀਣਾ ਵਜਾਉਂਦਾ ਹੈ ਅਤੇ ਹਰੀ ਦੇ ਅਪਾਰ ਦਰਸ਼ਨ ਕਰਦਾ ਹੋਇਆ ਉਸਦੇ ਅਨਾਹਦ ਸ਼ਬਦ ਨਾਲ ਰਤਾ ਰਹਿੰਦਾ ਹੈ[3]। ਇਹ ਜੋਗੀ ਅਸਲੀ ਜੋਗ-ਜੁਗਤੀ ਨੂੰ ਪਛਾਣਦਾ ਹੈ[4]। ਹਠ ਜੋਗੀਆਂ ਦੇ ਪਾਖੰਡਾਂ ਨੂੰ ਉਖਾੜ ਕੇ ਗੁਰੂ ਸਾਹਿਬ ਨੇ ਕੇਵਲ ਗੁਰ-ਸ਼ਬਦ ਦੀ ਵੀਚਾਰ ਉਤੇ ਬਲ ਦਿਤਾ ਹੈ:

ਮੁੰਦ੍ਰਾ ਫਟਕ ਬਨਾਈ ਕਾਨਿ ।
ਮੁਕਤਿ ਨਹੀ ਬਿਦਿਆ ਬਿਗਿਆਨ ।

ਜਿਹਵਾ ਇੰਦ੍ਰੀ ਸਾਦਿ ਲੋਭਾਨਾ ।
ਪਸੂ ਭਏ ਨਹੀ ਮਿਟੈ ਨੀਸਾਨਾ ।
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ।

---

੧. ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮਿ ਸਮਾਇਦਾ (ਮਾਰੂ ਮ:੧:ਪੰ: ੧੦੩੪)
੨- ਸੋ ਜੋਗੀ ਗੁਰ ਸਬਦੁ ਪਛਾਣੈ ---ਆਪੁ ਪਛਾਣੈ ਸਰਬ ਜੀਆ ।(ਸਿਧ ਗੋਸਟਿ ਪੰ: ੯੪੦ )
੩- ਬੀਣਾ ਸਬਦੁ ਵਜਾਵੈ ਜੋਗੀ --ਨਾਨਕ ਕਹੈ ਵਿਚਾਰਾ (ਆਸਾ ਮ: ੧ ਪੰ: ੩੫੯)
੪- ਸੋ ਜੋਗੀ ਜੋ ਜੁਗਤਿ ਪਛਾਣੈ ----( ਧਨਾਸਰੀ ਮ:੧: ਪੰ: ੬੬੨ )

ਸਬਦੁ ਬੀਚਾਰੇ ਚੂਕਸਿ ਸੋਗਾ ।
ਉਜਲੁ ਸਾਚੁ ਸੁ ਸਬਦੁ ਹੋਇ ।
ਜੋਗੀ ਜੁਗਤਿ ਬੀਚਾਰੇ ਸੋਇ ।

( ਰਾਮਕਲੀ ਮ: ੧ ਪੰ: ੯੦੩ )

ਇਹ ਗੁਰਮੁਖ ਜੋਗੀ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਉਦਾਸ ਰਹਿੰਦਾ ਹੈ। ਇਹ ਉਦਾਸੀਨਤਾ ਉਸਨੂੰ ਪਰਮਸੁਖ ਪ੍ਰਦਾਨ ਕਰਦੀ ਹੈ ਅਤੇ ਉਹ ਪ੍ਰਭੂ ਦੇ ਭਾਣੇ ਵਿਚ ਰਹਿੰਦਾ ਹੈ । ਗੁਰਦੇਵ ਦਾ ਕਥਨ ਹੈ :

ਗੁਰਮੁਖਿ ਭਏ ਨਿਰਾਸ
ਪਰਮ ਸੁਖ ਪਾਇਆ ।
ਵਿਚੇ ਗਿਰਹ ਉਦਾਸ
ਅਲਿਪਤ ਲਿਵ ਲਾਇਆ ।
ਓਨਾ ਸੋਗੁ ਵਿਜੋਗੁ ਨ ਵਿਆਪਈ
ਹਰਿ ਭਾਣਾ ਭਾਇਆ ।

(ਸਾਰੰਗ ਮ: ੧ ਪੰ:੧੨੪੯ )

ਜੋਗੀਆਂ ਨਾਲ ਗੋਸ਼ਟਿ ਕਰਦਿਆਂ ਗੁਰਦੇਵ ਨੇ ਗੁਰਮਤ ਦੇ ਜੋਗੀ ਲਈ ਗੁਰਮੁਖ ਸ਼ਬਦ ਹੀ ਵਰਤਿਆ ਹੈ । ਆਪਣੀ ਰਚਨਾ ਸਿਧ ਗੋਸ਼ਟਿ ਵਿਚ ਉਨ੍ਹਾਂ ਨੇ ਗੁਰਮੁਖ ਦੇ ਲਛਣਾਂ ਨੂੰ ਸਵਿਸਥਾਰ ਪ੍ਰਗਟ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰਮੁਖ ਸਚੇ ਪ੍ਰਭੂ ਦੇ ਭਉ ਵਿਚ ਰਹਿੰਦਿਆਂ ਹੋਇਆਂ ਨਾ ਘੜੀ ਜਾਣ ਵਾਲੀ ਬਾਣੀ ਨੂੰ ਵੀ ਘੜ ਲੈਂਦਾ ਹੈ। ਉਹ ਨਿਰਮਲ ਅਤੇ ਪਵਿਤਰ ਹੁੰਦਾ ਹੈ ,ਉਹ ਰੋਮ ਰੋਮ ਰਾਹੀਂ ਪ੍ਰਭੂ ਨੂੰ ਯਾਦ ਕਰਦਾ ਹੈ ਅਤੇ ਪਰਮ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ । ਉਹ ਪ੍ਰਭੂ ਨਾਲ ਲਿਵ ਜੋੜ ਕੇ ਨਾਮ ਰੂਪੀ ਰਤਨ ਦੀ ਪ੍ਰਾਪਤੀ ਕਰਦਾ ਹੈ, ਇਸ ਸਚੀ ਕਾਰ ਨਾਲ ਉਹ ਅਲਖ ਨੂੰ

---

੧- ਸਿਧ ਗੋਸਟਿ ਬੰਦ ੨੭ ਪੰ: ੯੪੧

ਲਖ ਲੈਂਦਾ ਹੈ , ਫਿਰ ਉਸ ਨੂੰ ਕਿਸੇ ਪ੍ਰਕਾਰ ਦੀ ਤੋਟ ਨਹੀਂ ਰਹਿੰਦੀ[1] ।

ਗੁਰਦੇਵ ਨੇ ਗੁਰਮੁਖ ਦੀ ਜੀਵਨ ਜੁਗਤੀ ਨੂੰ ਸਿਧ ਗੋਸਟਿ ਵਿਚ ਏਦਾਂ ਪ੍ਰਗਟ ਕੀਤਾ ਹੈ :

ਗੁਰਮੁਖਿ ਨਾਮੁ ਦਾਨੁ ਇਸਨਾਨੁ ।
ਗੁਰਮੁਖਿ ਲਾਗੈ ਸਹਜਿ ਧਿਆਨੁ ।
ਗੁਰਮੁਖਿ ਪਾਵੈ ਦਰਗਹ ਮਾਨੁ ।
ਗੁਰਮੁਖਿ ਭਉ ਭੰਜਨੁ ਪਰਧਾਨੁ ।
ਗੁਰਮੁਖਿ ਕਰਣੀ ਕਾਰ ਕਰਾਏ ।
ਨਾਨਕ ਗੁਰਮੁਖਿ ਮੇਲਿ ਮਿਲਾਏ । ੩੬ ।
ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ।
ਗੁਰਮੁਖਿ ਪਾਵੈ ਘਟ ਘਟਿ ਭੇਦ ।
ਗੁਰਮੁਖਿ ਵੈਰ ਵਿਰੋਧ ਗਵਾਵੈ ।
ਗੁਰਮੁਖਿ ਸਗਲੀ ਗਣਤ ਮਿਟਾਵੈ ।
ਗੁਰਮੁਖਿ ਰਾਮ ਨਾਮ ਰੰਗਿ ਰਾਤਾ ।
ਨਾਨਕ ਗੁਰਮੁਖਿ ਖਸਮੁ ਪਛਾਤਾ । ੩੭ ।

( ਸਿਧ ਗੋਸਟਿ ਪੰ: ੯੪੨ )

## ਕੀਰਤਨ

ਸਾਧ ਸੰਗਤ ਵਿਚ ਗੁਰਮੁਖ ਨਾਮ ਜਪਦਾ ਹੈ ਅਤੇ ਪ੍ਰਭੂ ਦੀ ਕੀਰਤੀ (ਉਸਤਤ) ਕਰਦਾ ਹੈ । ਇਸ ਕੀਰਤੀ ਦਾ ਸ਼੍ਰੋਮਣੀ ਮਾਧਿਅਮ ਕੀਰਤਨ ਮੰਨਿਆ ਗਿਆ ਹੈ । ਰਾਗ ਅਥਵਾ ਸੰਗੀਤ ਦੀ ਸਹਾਇਤਾ ਨਾਲ ਪ੍ਰਭੂ-ਉਸਤੀ ਦਾ ਗਾਇਨ ਹੀ ਕੀਰਤਨ ਹੈ। ਭਾਵੇਂ ਇਸਲਾਮ ਵਿਚ ਸੰਗੀਤ ਵਿਵਰਜਤ ਹੈ, ਪਰ ਯੂਨਾਨੀ ਅਤੇ ਭਾਰਤੀ ਵਿਚਾਰ-ਪ੍ਰਣਾਲੀ ਇਸਨੂੰ ਬਹੁਤ ਮਹਤਵ ਦਿੰਦੀ ਹੈ । ਯੂਨਾਨ ਦੇ ਸ਼੍ਰੋਮਣੀ ਦਾਰਸ਼ਨਿਕ ਅਫਲਾਤੂਨ ( plato ) ਦਾ ਕਥਨ ਹੈ ਕਿ ਸੰਗੀਤ ਆਚਰਣ ਨੂੰ ਢਾਲਦਾ ਹੈ ਅਤੇ ਇਸ ਲਈ ਸਮਾਜਿਕ ਅਤੇ ਰਾਜਨੀਤਕ ਮਾਮਲਿਆਂ ਨੂੰ ਨਿਬੇੜਨ ਵਿਚ ਇਹਦਾ ਹਿਸਾ ਹੈ '.'' ਨਾ ਕੇਵਲ ਇਹ ਭਾਵਾਂ ਅਤੇ ਆਚਰਨ ਦੀ ਸ਼ੁਧਤਾ ਲਿਆਉਣ ਦੇ ਸਮਰਥ ਹੈ, ਸਗੋਂ ਅਰੋਗਤਾ ਲਿਆਉਣ ਅਤੇ ਉਸ ਨੂੰ ਸੰਭਾਲਣ ਵਿਚ ਵੀ

੧. ਸਿਧ ਗੋਸਟਿ, ਬੰਦ ੩੫, ਪੰਨਾ ੯੪੨.

ਸਹਾਇਕ ਹੈ '।...ਰਾਗ ਅਤੇ ਤਾਲ ਆਤਮਾ ਅਤੇ ਸਰੀਰ ਦੋਹਾਂ ਨੂੰ ਸੌਂਦਰਯ ਤੇ ਸਿਹਤ ਬਖਸ਼ਦੇ ਹਨ[੧]। ਭਾਰਤ ਵਿਚ ਸੰਗੀਤਕ ਸਿਧਾਂਤ ਦੇ ਅੰਸ਼ ਸਾਮਵੇਦ ਵਿਚ ਮਿਲਦੇ ਹਨ, ਜਿਸਦੇ ਮੰਤਰਾਂ ਨੂੰ ਕਿਸੇ ਵਿਸ਼ੇਸ਼ ਵਿਧੀ ਅਨੁਸਾਰ ਗਾਇਆ ਜਾਂਦਾ ਸੀ। ਮਗਰੋਂ ਸੰਗੀਤ ਦੇ ਕਈ ਸਕੂਲ ਅਥਵਾ ਮਤ ਬਣ ਗਏ ਜਿਵੇਂ ਭਰਤ ਮਤ, ਹਨੂਮਾਨ ਮਤ, ਰਾਗਾਰਣਵ ਮਤ ਆਦਿ। ਭਗਤੀ ਲਹਿਰ ਦੇ ਸਮੇਂ ਭਗਤ-ਬਾਣੀ ਨੂੰ ਰਾਗਾਂ ਅਨੁਸਾਰ ਗਾਇਆ ~~ਜਾਂਦਾ ਸੀ~~ ਕਰਨ ਦੀ ਸੂਚਨਾ ਮਿਲਦੀ ਹੈ। ਭਗਤ ਜੈਦੇਵ ਦੀ 'ਗੀਤ-ਗੋਵਿੰਦ' ਭਿੰਨ ਭਿੰਨ ਰਾਗਾਂ ਦਾ ਪਤਾ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵੰਡ ਵੀ ਰਾਗਾਂ ਅਨੁਸਾਰ ਹੈ।

ਗੁਰੂ ਨਾਨਕ ਦੇਵ ਨੇ ਗੋਪਾਲ ਦੇ ਕੀਰਤਨ ਦਾ ਮਹਤਵ ਏਥੋਂ ਤਕ ਦਸਿਆ ਹੈ ਕਿ ਕੀਰਤਨ ਕਰਨ ਵਾਲੇ ਦੇ ਨੇੜੇ ਜਮਕਾਲ ਵੀ ਨਹੀਂ ਆ ਸਕਦਾ:

ਜੋ ਜਨੁ ਕਰੈ ਕੀਰਤਨੁ ਗੋਪਾਲ
ਤਿਸ ਕਉ ਪੋਹਿ ਨ ਸਕੈ ਜਮੁ ਕਾਲੁ।

(ਗੋਂਡ ਮ: ੫ : ਪੰ: ੮੬੭)

ਕੀਰਤਨ 'ਸ਼ਬਦ ਦੀ ਬਹੁਤੀ ਵਰਤੋਂ ਗੁਰੂ ਅਰਜਨ ਦੇਵ ਦੀ ਰਚਨਾ ਵਿਚ ਹੈ। ਉਪਰੋਕਤ ਵਿਚਾਰ ਨੂੰ ਉਨ੍ਹਾਂ ਨੇ ਸਹਸਕ੍ਰਿਤੀ ਵਿਚ ਇਉਂ ਪ੍ਰਗਟ ਕੀਤਾ ਹੈ:

ਕੀਰਤਨੰ ਸਾਧ ਸੰਗੇਣ
ਨਾਨਕ ਨਹ ਦ੍ਰਿਸਟੰਤਿ ਜਮ ਦੂਤਨਹ।

(ਸਲੋਕ ਸਹਸਕ੍ਰਿਤੀ)

ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਜਗਤ ਵਿਚ ਮਿਤਰ ਅਤੇ ਸਜਣ ਭਾਵੇਂ ਕਿੰਨੇ ਗਿਣਤੀ

---

੧- "Music moulds character, and therefore shares in determining social and political issues...Music is valuable not only because it brings refinement of feeling and character, but also because it preserves and restores health...Music and measure lend grace and health to the soul and to the body."---<u>The Story of Philosophy</u> by Will Durant pp. 24-26.

ਵਿਚ ਹੋਣ, ਗੁਰੂ ਅਤੇ ਪ੍ਰਭੂ ਤੋਂ ਬਿਨਾ ਕੋਈ ਵੀ ਨਹੀਂ ਬਹੁੜਦਾ । ਮੁਕਤੀ ਦਾ ਮਾਰਗ ਕੇਵਲ ਸਤਿਗੁਰੂ ਦੀ ਸੇਵਾ ਹੈ ਅਤੇ ਇਹ ਸੇਵਾ ਪ੍ਰਭੂ ਦਾ ਕੀਰਤਨ ਹੈ:

ਮੀਤ ਸਖੇ ਕੇਤੇ ਜਗ ਮਾਹੀ ।
ਬਿਨੁ ਗੁਰ ਪਰਮੇਸਰ ਕੋਈ ਨਾਹੀ ।
ਗੁਰ ਕੀ ਸੇਵਾ ਮੁਕਤਿ ਪਰਾਇਣਿ
ਅਨਦਿਨੁ ਕੀਰਤਨੁ ਕੀਨਾ ਹੇ ।

(ਮਾਰੂ ਸੋਲਹੇ ਮ: ੧ ਪੰ: ੧੦੨੮ )

ਕੀਰਤਨ ਲਈ ਸਾਜ਼ ਦੀ ਲੋੜ ਪੈਂਦੀ ਹੈ । ਗੁਰੂ ਨਾਨਕ ਦੇਵ ਜੀ ਨਾਲ ਬਾਣੀ ਦੇ ਗਾਇਨ ਲਈ ਮਰਦਾਨੇ ਵਰਗਾ ਵਜੰਤਰੀ ਨਾਲ ਰਹਿੰਦਾ ਸੀ । ਸਤਾ ਬਲਵੰਡ ਦੇ ਰੁਸ ਜਾਣ ਤੇ ਗੁਰੂ ਅਰਜਨ ਦੇਵ ਨੇ ਸਿਖਾਂ ਨੂੰ ਰਾਗ ਵਿਦਿਆ ਸਿਖਾਈ ਅਤੇ ਸਿਖਣ ਦੀ ਪ੍ਰੇਰਨਾ ਦਿਤੀ ।

ਗੁਰੂ ਸਾਹਿਬ ਲਈ ਰਾਗ ਦੀ ਮਹਤਤਾ ਏਸ ਲਈ ਹੈ ਕਿ ਇਹ ਸੁਰਤ ਨੂੰ ਉਚਾ ਚੁਕਦਾ ਹੈ ਹੈ ਅਤੇ ਮਨ ਦੀ ਮੈਲ ਨੂੰ ਦੂਰ ਕਰਦਾ ਹੈ , ਗੁਰਦੇਵ ਲਈ ਸੋਰਠਿ ਸਦਾ ਸੁਹਾਵਾ ਤਾਂ ਹੈ ਹੈ ਜੇ ਮਨ ਵਿਚ ਸਚ ( ਭਾਵ ਪ੍ਰਭੂ ) ਦਾ ਵਾਸਾ ਹੋ ਜਾਵੇ ॥

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ।

( ਵਾਰ ਸੋਰਠਿ ਮ: ੪, ਸਲੋਕ ਮ: ੧ )

ਜਿਹੜਾ ਰਾਗ ਸੁਰਤ ਨੂੰ ਵਿਸ਼ਿਆਂ ਵਿਕਾਰਾਂ ਵਲ ਖਿਚਦਾ ਹੈ ਉਹ ਰਾਗ ਨਿਰਾਰਥਕ ਹੈ । ਰਾਗ ਅਤੇ ਨਾਚ ਦਾ ਘਣਾ ਸਬੰਧ ਹੈ । ਨਾਚ ਉਹ ਹੀ ਸ਼ੋਭਨੀਕ ਹੈ, ਜੋ ਪ੍ਰਭੂ -ਪਿਆਰ ਵਿਚ ਲੀਨ ਕਰਦਾ ਹੈ । ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਵਾਜਾ ਮਤਿ ਪਖਾਵਜੁ ਭਾਉ ।
ਹੋਇ ਅਨੰਦੁ ਸਦਾ ਮਨਿ ਚਾਉ ।
ਏਹਾ ਭਗਤਿ ਏਹੋ ਤਪਤਾਉ ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ।

ਪੂਰੇ ਤਾਲ ਜਾਣੈ ਸਾਲਾਹ ।
ਹੋਰੁ ਨਚਣਾ ਖੁਸੀਆ ਮਨ ਮਾਹ ।
ਸਤੁ ਸੰਤੋਖ ਵਜਹਿ ਦੁਇ ਤਾਲ ।
ਪੈਰੀ ਵਾਜਾ ਸਦਾ ਨਿਹਾਲ ।
ਰਾਗੁ ਨਾਦੁ ਨਹੀ ਦੂਜਾ ਭਾਉ ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ।
ਭਉ ਫੇਰੀ ਹੋਵੈ ਮਨ ਚੀਤਿ ।
ਬਹਦਿਆ ਉਠਦਿਆ ਨੀਤਾ ਨੀਤ ।
ਲੇਟਣ ਲੇਟਿ ਜਾਣੈ ਤਨੁ ਸੁਆਹੁ ।
ਇਤਿ ਰੰਗਿ ਨਾਚਹੁ ਰਖਿ ਰਖਿ ਪਾਉ ।

( ਆਸਾ ਮ: ੧ ਪੰ: ੩੫੦ )

ਇਸ ਸ਼ਬਦ ਵਿਚ ਗੁਰਦੇਵ ਨੇ ਰਾਗ ਅਤੇ ਨਾਚ ਦੀ ਵਿਧੀ ਆਪਣੀ ਵਿਚਾਰ ਅਨੁਸਾਰ ਵਰਣਨ ਕੀਤੀ ਹੈ । ਜੇ ਬੁਧੀ ਦੇ ਵਾਜੇ ਦਾ ਵਜੰਤਰੀ ਪ੍ਰੇਮ ਹੋਵੇ ਅਤੇ ਮਨ ਵਿਚ ਸਦਾ ਅਨੰਦ ਅਤੇ ਚਾਅ ਹੋਵੇ , ਇਸਤਰ੍ਹਾਂ ਦੀ ਭਗਤੀ ਹੀ ਅਸਲੀ ਨਾਚ ਹੈ । ਇਸ ਵਿਚ ਸਤ ਅਤੇ ਸੰਤੋਖ ਛੈਣੇ ਤਾਲ ਪੂਰਦੇ ਹਨ । ਹਰ ਦਸ਼ਾ ਵਿਚ ਭਉ ਅਤੇ ਭਾਉ ਵਿਚ ਰੰਗੀਜਿਆ ਰਹਿਣਾ ਹੀ ਅਸਲੀ ਸੰਗੀਤ ਅਤੇ ਨ੍ਰਿਤਕਾਰੀ ਹਨ ।

ਪਰਮ ਪਦ ਦੀ ਪ੍ਰਾਪਤੀ
-------------

ਇਸ ਤੋਂ ਪਹਿਲੇ ਅਸੀ ਸਤਿਗੁਰੂ ,ਨਾਮ ( ਅਥਵਾ ਗੁਰਸ਼ਬਦ ) ਸਤਸੰਗ, ਗੁਰਮੁਖ ਅਤੇ ਕੀਰਤਨ ਬਾਰੇ ਵਿਚਾਰ ਕਰ ਚੁਕੇ ਹਾਂ । ਇਸ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਗੁਰਮਤ ਅ` ਅਨੁਸਾਰ ਜਗਿਆਸੂ ਦਾ ਅੰਤਮ ਨਿਸ਼ਾਨਾ ਪ੍ਰਭੂ ਪ੍ਰਾਪਤੀ ਹੈ ਅਤੇ ਇਹ ਪ੍ਰਾਪਤੀ ਸਮਾਜ ਦਾ ਨਰੋਆ ਅੰਗ ਬਣ ਕੇ ਹੋ ਸਕਦੀ ਹੈ । ਇਸ ਲਈ ਸਚ ਸਾਧਕ ਦੇ ਜੀਵਨ ਦਾ ਘਣਾ ਸਮਾਜਕ ਮਹਤਵ ਹੈ । ਉਸਨੇ ਕਿਰਤ ਕਰਦਿਆਂ ,ਉਠਦਿਆਂ ਬਹਿੰਦਿਆਂ , ਤੁਰਦਿਆਂ ਫਿਰਦਿਆਂ , ਹਸਦਿਆਂ ਖੇਡਦਿਆਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ । ਇਹ ਨਾਮ ਨਿਰਾ ਜੈਗਿਆ ਨਹੀਂ ,ਇਹ ਤਾਂ ਇਕ ਪ੍ਰਜਵਲਤ ਜੋਤੀ ਹੈ ਜਿਸਨੇ ਸਾਡੇ ਅੰਦਰੋਂ ਜਾਗ ਕੇ ਸਾਨੂੰ ਨਾਮੀ ਨਾਲ ਸਹਿਜੇ ਸਹਿਜੇ ਜਾ ਅਭੇਦ ਕਰਨਾ ਹੈ । ਗੁਰਮਤ ਅਨੁਸਾਰ ਇਹੋ ਹੀ ਭਗਤੀ ਹੈ ।

## ਭਗਤੀ

ਗੁਰਮਤ ਅਨੁਸਾਰ ਭਗਤੀ ਪ੍ਰੇਮਾ-ਭਗਤੀ ਹੈ । ਪਰੰਪਰਾਈ ਭਗਤੀ ਕਰਮਕਾਂਡੀ ਅਤੇ ਉਪਾਸ਼ਨਾ ਕਾਂਡੀ ਭਗਤੀ ਸੀ, ਪਰ ਗੁਰਸਾਹਿਬਾਨ ਨੇ ਕਰਮ ਕਾਂਡ ਅਤੇ ਉਪਾਸ਼ਨਾ ਕਾਂਡ ਦੋਹਾਂ ਦਾ ਖੰਡਨ ਕੀਤਾ ਹੈ । ਉਨ੍ਹਾਂ ਦੀ ਭਗਤੀ ਨੈਮਿਕ ਭਗਤੀ ਦੇ ਮੁਕਾਬਲੇ ਤੇ ਅਨੁਰਾਗ ਭਗਤੀ ਹੈ । ਇਹ ਬਹਿਰੰਗ ਦੀ ਥਾਂ ਅੰਤਰੰਗ ਭਗਤੀ ਹੈ , ਇਹ ਭਗਤੀ ' ਨਉਤਨ [illegible] ਪ੍ਰੀਤ 'ਦੀ ਭਗਤੀ ਹੈ । ਗੁਰਦੇਵ ਦਾ ਕਥਨ ਹੈ:

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ
ਅਨਦਿਨੁ ਭਗਤਿ ਤੁਹਾਵੀ ।
ਮੁਕਤਿ ਭਏ ਗੁਰਿ ਦਰਸੁ ਦਿਖਾਇਆ
ਜੁਗਿ ਜੁਗਿ ਭਗਤਿ ਸੁਭਾਵੀ ।

( ਮਲਾਰ ਮ:੧ ਪੰ: ੧੨੫੫)

ਇਹ ਭਗਤੀ ਗੁਣ ਧਾਰਨ ਕੀਤੇ ਬਿਨਾ ਨਹੀਂ ਹੋ ਸਕਦੀ :

ਵਿਣੁ ਗੁਣ ਕੀਤੇ ਭਗਤਿ ਨ ਹੋਇ ।

( ਜਪੁ - ਪੰ: ੪)

ਇਹ ਭਗਤੀ ਸਤਿਗੁਰੂ ਦੇ ਉਪਦੇਸ਼ ਬਿਨਾ ਨਹੀ ਹੋ ਸਕਦੀ ।

ਹੋਰੁ ਕਿਤੈ ਭਗਤਿ ਨ ਹੋਵਈ
ਬਿਨੁ ਸਤਿਗੁਰ ਕੇ ਉਪਦੇਸ ।

(ਸਿਰੀ ਰਾਗੁ ਮ:੧ ,ਪੰ: ੨੨ )

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਸਤਿਗੁਰੂ ਦੇ ਦਿਤੇ ਉਪਦੇਸ਼ ਅਨੁਸਾਰ ਜਗਿਆਸੂ ਦੈਵੀ ਗੁਣਾਂ ਨੂੰ ਗ੍ਰਹਿਣ ਕਰੇ ਅਤੇ ਪ੍ਰਭੂ ਦਾ ਨਾਮ ਜਪੇ । ਦੈਵੀ ਗੁਣਾਂ ਬਾਰੇ ਵਿਚਾਰ ਤੀਸਰੇ ਅਧਿਆਇ ਵਿਚ ਕੀਤੀ ਜਾ ਚੁਕੀ ਹੈ । ਇਕ ਵਿਸ਼ੇਸ਼ ਗੁਣ ਜਿਸ ਵਲ ਗੁਰਦੇਵ ਸਾਡਾ ਧਿਆਨ ਦੁਆਂਦੇ ਹਨ ਉਹ ਨਿਮ੍ਰਤਾ ਹੈ । ਪ੍ਰਭੂ ਦੀ ਭਗਤੀ [illegible] ਕਰਦਿਆਂ ਰਤੀ ਭਰ ਹਉਮੈ ਵੀ ਅੰਦਰ ਨਹੀਂ ਆਉਣੀ ਚਾਹੀਦੀ ਕਿਉਂਕਿ ਹਉਮੈ ਅਤੇ ਨਾਮ ਦਾ ਵੈਰ ਹੈ । ਦੋਵੇਂ ਇਕ ਥਾਂ ਤੇ ਇਕਠੇ ਨਹੀਂ ਰਹਿ ਸਕਦੇ । ਇਸ ਲਈ ਜਿਥੇ ਪ੍ਰੇਮ ਮਈ ਮਗਨਤਾ ਹੋਵੇ , ਉਥੇ ਪੂਰਨ ਨਿਮ੍ਰਤਾ ਵੀ ਨਾਲ ਹੋਣੀ ਚਾਹੀਦੀ ਹੈ ਤਾਂ ਹੀ ਪ੍ਰੇਮਾ ਭਗਤੀ ( ਅਥਵਾ ਭਾਉ ਭਗਤੀ ) ਸਫਲ ਹੋ ਸਕਦੀ ਹੈ । ਗੁਰਦੇਵ ਫੁਰਮਾਂਦੇ ਹਨ:

ਭਾਉ ਭਗਤਿ ਕਰਿ ਨੀਚੁ ਸਦਾਏ।
ਤਉ ਨਾਨਕ ਮੋਖੰਤਰੁ ਪਾਏ ।

( ਵਾਰ ਆਸਾ ਮ: ੧ ਪੰ: ੪੭੦ )

ਗੁਰੂ ਸਾਹਿਬ ਤਾਂ ਸਭ ਲੋਕਾਂ ਨੂੰ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਭਗਤੀ ਤੋਂ ਬਿਨਾ ਜਗਿਆਸੂ ਰੂਪ ਇਸਤਰੀ ਦਾ ਪ੍ਰਭੂ ਰੂ ਪਤੀ ਦੇ ਘਰ ਵਾਸਾ ਨਹੀ ਹੋ ਸਕਦਾ ਅਤੇ ਇਹ ਭਗਤੀ ਸਚੇ ਨਾਮ ਨਾਲ ਰੰਗੀਜਣ ਵਾਲੀ ਭਗਤੀ ਹੈ :

ਬਿਨੁ ਭਗਤੀ ਘਰਿ ਵਾਸੁ ਨ ਹੋਵੀ
ਸੁਣਿਅਹੁ ਲੋਕ ਸਬਾਏ ।
ਨਾਨਕ ਸਰਸੀ ਤਾ ਪਿਰੁ ਪਾਏ
ਰਾਤੀ ਸਾਚੈ ਨਾਏ ।

(ਧਨਾਸਰੀ ਮ: ੧ਪੰ: ੬੮੯ )

ਭਗਤ ਇਕ ਵਿਸ਼ੇਸ਼ ਜ਼ਬਤ ( discipline ) ਅੰਦਰ ਰਹਿ ਕੇ ਹੀ ਮੈਂ-ਭਾਵਨਾ ਨੂੰ ਖਤਮ ਕਰ ਸਕਦੇ ਹਨ । ਉਨ੍ਹਾਂ ਦੀ ਟਕਰ ਪੰਜ ਕਰੜੇ ਪਹਿਲਵਾਨਾ ਨਾਲ ਹੁੰਦੀ ਹੈ ,।ਜਿਨ੍ਹਾਂ ਨੂੰ ਜਦ ਤਕ ਢਾਹ ਨਾ ਲਿਆ ਜਾਵੇ ,ਅਧਿਆਤਮਕ ਪਿੜ ਵਿਚ ਜਿਤ ਪ੍ਰਾਪਤ ਨਹੀ ਕੀਤੀ ਜਾ ਸਕਦੀ । ਗੁਰੂ ਦੀ ਮਤ ਗ੍ਰਹਿਣ ਕਰਕੇ ਭਗਤ ਸੂਰਮਾ ਕਾਮਾਦਿਕ ਵਿਤ੍ਰਿਆਂ ਵਿਚਾਰਾਂ ਨੂੰ ਮਾਰ ਸਕਦਾ ਹੈ,ਅਤੇ ਪ੍ਰਭੂ ਦੇ ਪਿਆਰ ਦਾ ਪਾਤਰ ਬਣਦਾ ਹੈ :

ਗੁਰਮਤੀ ਸਬਦਿ ਸੂਰ ਹੈ
ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ।
ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ।
ਸੇ ਭਗਤ ਤੁਧੁ ਭਾਵਦੇ
ਸਚੈ ਨਾਇ ਪਿਆਰਿਆ ।

( ਵਾਰ ਮਲਾਰ ਮ:੧: ਪੰ: ੧੨੮੦ )

ਭਗਤ ਜਾਂ ਸਾਧਕ ਲਈ ਇਹ ਜ਼ਰੂਰੀ ਹੈ ਕਿ ਗੁਰੂ ਅਥਵਾ ਮਹਾਂ ਪੁਰਸ਼ਾਂ ਦੇ ਉਚਾਰਨ ਕੀਤੇ ਉਪਦੇਸ਼ਾਂ ਨੂੰ ਸ੍ਰਵਣ ਕਰੇ । ਨਿਆਇ ਸ਼ਾਸਤਰ ਅਨੁਸਾਰ ਗਿਆਨ ਦੇ ਸਰੋਤਾਂ ਵਿਚੋਂ ਸ਼ਬਦ ਇਕ ਮਹਤਵ-ਪੂਰਨ ਸਰੋਤ ਹੈ । ਇਸ ਲਈ ਮਹਾਂ ਪੁਰਖਾਂ ਦੇ ਸ਼ਬਦ ਜਿਹੜੇ ਧਾਰਮਕ ਗ੍ਰੰਥਾਂ ਵਿਚ ਮਿਲਦੇ ਹਨ , ਉਨ੍ਹਾਂ ਦਾ ਸ੍ਰਵਣ ਕਰਨਾ ਬਹੁਤ ਜ਼ਰੂਰੀ ਹੈ ।ਇਹ ਸ਼ਬਦ ਹਿਰਦੇ -ਖੇਤਰ ਲਈ

ਸਭ ਤੋਂ ਵਧੀਆ ਬੀਜ ਦਾ ਕੰਮ ਦਿੰਦੇ ਹਨ । ਇਹ ਸ਼ਬਦ ਕਥਾ ਦੇ ਰੂਪ ਵਿਚ ਸ੍ਰਵਣ ਕੀਤੇ ਜਾ ਸਕਦੇ ਹਨ ਅਤੇ ਕੀਰਤਨ ਦੇ ਰੂਪ ਵਿਚ ਵੀ । ਇਹ ਆਪ ਵੀ ਪੜ੍ਹੇ ਅਤੇ ਗਾਇਨ ਕੀਤੇ ਜਾ ਸਕਦੇ ਹਨ । ਇਹ ਸ਼ਬਦ ਜਾਂ ਤਾਂ ਪਾਰਬ੍ਰਹਮ ਪਰਮੇਸ਼ੁਰ ਦੀ ਉਸਤਤੀ ਹੋਣ ਜਾਂ ਉਚੇਰੇ ਅਧਿਆਤਮਕ ਜੀਵਨ ਦੇ ਨਿਰਮਾਣ ਵਿਚ ਸਹਾਇਕ ਹੋਣ । ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਹਰਿ ਕੀਰਤਨੁ ਸੁਣੈ
ਹਰਿ ਕੀਰਤਨੁ ਗਾਵੈ ।
ਤਿਸੁ ਜਨ ਦੂਖੁ ਨਿਕਟਿ
ਨਹੀ ਆਵੈ ।

( ਗਉੜੀ ਮ: ੫ : ਪੰ: ੧੯੦ )

ਗੁਰੂ ਨਾਨਕ ਦੇਵ ਜੀ ਨੇ 'ਜਪੁਜੀ ' ਵਿਚ ਸੁਣਿਐ ' ਦੀ ਬਹੁਤ ਮਹਿਮਾ ਗਾਇਨ ਕੀਤੀ ਹੈ । ਅਧਿਆਤਮਕ ਜੀਵਨ ਵਲ ਇਹ ਪਹਿਲਾ ਮਹਤਵ -ਪੂਰਨ ਕਦਮ ਹੈ ।

'ਸ੍ਰਵਣ 'ਤੋਂ ਮਗਰੋਂ 'ਮਨਨ' ਦੀ ਅਵਸਥਾ ਹੈ । ਨਿਰਾ ਸੁਣ ਲੈਣਾ ਹੀ ਕਾਫੀ ਨਹੀਂ, ਸੁਣ ਕੇ ਮੰਨਣਾ ਵੀ ਬਹੁਤ ਜ਼ਰੂਰੀ ਹੈ । ਸਿਦਕ (ਜਾਂ ਨਿਸਚਾ ) ਤਾਂ ਅਧਿਆਤਮਕ ਜੀਵਨ ਦੀ ਬੁਨਿਆਦ ਹੈ । ਗੁਰਦੇਵ ਨੇ ਮੁਸਲਮਾਣ ਲਈ ਸਿਦਕ - ਮੁਸਲੇ ਦਾ ਹੋਣਾ ਜ਼ਰੂਰੀ ਮੰਨਿਆ ਹੈ ਅਤੇ ਜੋਗੀ ਲਈ ਪਰਤੀਤ ਡੰਡੇ ਦਾ । ਮਹਾਂ ਪੁਰਖ ਅਥਵਾ ਗੁਰੂ ਦੇ ਬਚਨ ਸੁਣ ਕੇ ਉਹਦੇ ਵਿਚ ਸਿਦਕ ਲਿਆਣਾ ਆਤਮਕ ਜੀਵਨ ਲਈ ਅਗਲਾ ਜ਼ਰੂਰੀ ਕਦਮ ਹੈ ।ਜਪੁਜੀ ਵਿਚ ਮੰਨਨ ਦਾ ਬਹੁਤ ਮਹਾਤਮ ਦਰਸਾਇਆ ਗਿਆ ਹੈ । ਇਸ ਤੋਂ ਅਗਲਾ ਤੇ ਅਤਿ ਜ਼ਰੂਰੀ ਕਦਮ 'ਨਿਧਿਆਸਣ ' ਹੈ । ਇਹ ਅਮਲ ਦੀ ਅਵਸਥਾ ਹੈ । ਗੁਰੂ ਦੇ ਬਚਨ ਨੂੰ ਸੁਣ ਕੇ , ਮੰਨ ਕੇ , ਅਮਲ ਵਿਚ ਲਿਆਉਣ ਨਾਲ ਹੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ ।ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਸੁਣਿਆ ਮੰਨਿਆ ਮਨਿ ਕੀਤਾ ਭਾਉ ।
ਅੰਤਰਗਤਿ ਤੀਰਥਿ ਮਲਿ ਨਾਉ ।

( ਜਪੁਜੀ ਪੰ: ੪ )

ਜਿਸ ਅੰਦਰਲੇ ਤੀਰਥ ਤੇ ਅਸੀ ਇਸ਼ਨਾਨ ਕਰਨਾ ਲੋੜਦੇ ਹਾਂ ,ਉਹ ਸ੍ਰਵਣ ,ਮੰਨਨ ਅਤੇ ਨਿਧਿਆਸਣ ( ਪ੍ਰੇਮ-ਪੂਰਬਕ -ਧਿਆਨ ਅਥਵਾ ਭਗਤੀ ) ਦੇ ਅਮਲ ਰਾਹੀਂ ਹੀ ਹੋ ਸਕਦਾ ਹੈ । ਇਸ ਸਾਰੇ ਅਮਲ ਵਿਚ ਗੁਰੂ ਸਾਡੇ ਸਾਹਮਣੇ ਰਹਿੰਦਾ ਹੈ , ਜਿਸ ਦੀ ਸਹਾਇਤਾ ਨਾਲ ਅਸੀ 'ਪਰ

ਦੀਆਂ ਪਉੜੀਆਂ ' ਚੜ੍ਹਦੇ ਜਾਂਦੇ ਹਾਂ ।ਇਸ ਸਾਰੇ ਅਮਲ ਵਿਚ ਨਾਮ ਦਾ ਸਿਮਰਨ ਨਿਰੰਤਰ ਜਾਰੀ ਰਹਿੰਦਾ ਹੈ । ਸਤਿਗੁਰੂ ਦੀ ਸਹਾਇਤਾ ਨਾਲ ਇਹ ਨਾਮ ਜੋਗ ਅਥਵਾ ਸੁਰਤ -ਸ਼ਬਦ ਯੋਗ ਕਮਾਉਂਦਿਆਂ ਜਗਿਆਸੂ ਪੰਜ ਅਵਸਥਾਵਾਂ ਵਿਚ ਵਿਚਰਦਾ ਹੈ , ਜਿਨ੍ਹਾਂ ਦਾ ਵਰਣਨ ਗੁਰਦੇਵ ਨੇ ਜਪੁਜੀ ਵਿਚ ਕੀਤਾ ਹੈ ।

**ਪੰਜ ਖੰਡ ਅਥਵਾ ਪੰਜ ਅਧਿਆਤਮਕ ਅਵਸਥਾਵਾਂ**

ਸਭ ਤੋਂ ਹੇਠਲਾ ਖੰਡ ਧਰਮਖੰਡ ਹੈ । ਇਸਦਾ ਤਲ ਧਰਤੀ ਹੈ ,ਜਿਥੇ ਕਾਲ ਅਤੇ ਸਥਾਨ ਦੀਆਂ ਹਦਾਂ ਵਿਚ ਕਈ ਪ੍ਰਕਾਰ ਦੇ ਜੀਵ ਵਿਚਰਦੇ ਹਨ ।ਇਨ੍ਹਾਂ ਜੀਵਾਂ ਦਾ ਵਿਕਾਸ ਇਨ੍ਹਾਂ ਦੇ ਕਰਮਾਂ ਉਤੇ ਆਧਾਰਿਤ ਹੈ । ਸਭ ਤੋਂ ਉਚੇਰੀ ਪੱਧਰ ਉਤੇ ਮਾਨਵ * ਵਿਦਮਾਨ ਹੈ । ਇਹ ਮਾਨਵ ਅਧਿਆਤਮਕ ਜੀਵਨ ਦੀਆਂ ਸਭ ਤੋਂ ਉਚੀਆਂ ਸਿਖਰਾਂ ਨੂੰ ਛੁਹ ਸਕਦਾ ਹੈ, ਜੇ ਇਹ ਗੁਰੂ ਦੇ ਦਿਤੇ ਆਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲੇ ।ਗੁਰੂ ਇਸਨੂੰ ਨਾਮ ਅਤੇ ਗਿਆਨ ਦਿੰਦਾ ਹੈ । ਇਨ੍ਹਾਂ ਦੋਹਾਂ ਖੰਡਾਂ ਦੀ ਸੁਯੋਗ ਵਰਤੋਂ ਕਰਕੇ ਇਹ ਉਡਾਰੀ ਮਾਰ ਕੇ ਅਗਲੇ ਖੰਡ ਵਿਚ ਜਾ ਪੁਜਦਾ ਹੈ । ਇਸ ਖੰਡ ਨੂੰ ਗਿਆਨ ਖੰਡ ਕਹਿੰਦੇ ਹਨ ।ਏਥੇ ਪੁਜ ਕੇ ਪ੍ਰਭੂ ਮਾਨਵ ਨੂੰ ਪ੍ਰਭੂ ਦੀ ਬੇਅੰਤਤਾ ਦਾ ਗਿਆਨ ਹੁੰਦਾ ਹੈ । ਉਹ ਇਸ ਤਥ ਤੋਂ ਜਾਣੂ ਹੋ ਜਾਂਦਾ ਹੈ ਕਿ ਪ੍ਰਭੂ ਦੀ ਰਚਨਾ ਅਸੀਮ ਹੈ, ਤਤਾਂ, ਖਾਣੀਆਂ, ਬਾਣੀਆਂ, ਬਾਗੀਆਂ, ਮੇਰਾਂ, ਕਰਮ ਭੂਮੀਆਂ, ਚੰਦਰਮਿਆਂ ,ਸੂਰਜਾਂ, ਮੰਡਲਾਂ, ਦੇਸਾਂ, ਸਿਧਾਂ, ਨਾਥਾਂ, ਸਾਗਰਾਂ, ਰਤਨਾਂ ਆਦਿਕ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ । ਉਸਨੂੰ ਅਜਿਹੇ ਮਹਾਨ ਪ੍ਰਭੂ ,ਜਿਸਨੇ ਉਸਨੂੰ ਵੀ ਇਸ ਰਚਨਾ ਦਾ ਅੰਗ ਬਣਾਇਆ ਹੈ , ਨਾਲ ਇਕਮਿਕ ਹੋਣ ਦੀ ਤੀਬਰ ਇੱਛਾ ਆ ਘੇਰਦੀ ਹੈ । ਉਸਨੂੰ ਇਹ ਵੀ ਗਿਆਨ ਹੁੰਦਾ ਹੈ ਕਿ ਸਤਿਗੁਰੂ ਰਾਹੀਂ ਹੀ ਇੰਜ ਹੋ ਸਕਦਾ ਹੈ ।ਇਸ ਲਈ ਉਹ ਗੁਰੂ ਨੂੰ ਸੰਪੂਰਨ ਤੌਰ ਤੇ ਆਪਾ ਅਰਪਨ ਕਰ ਦਿੰਦਾ ਹੈ । ਸਤਿਗੁਰੂ ਦੀ ਸਹਾਇਤਾ ਨਾਲ ਉਹ ਅਗਲੀ ਮੰਜ਼ਲ ਤੇ ਜਾ ਪੁਜਦਾ ਹੈ ਜਿਸਨੂੰ ਸਰਮ ਖੰਡ ਕਿਹਾ ਜਾਂਦਾ ਹੈ । ਇਥੇ ਆਕੇ ਉਸਦਾ ਸਾਰੀ ਮੈਲ ਧੁਲ ਜਾਂਦੀ ਹੈ ਉਸਦੇ ਸੁਰਤ , ਮਤ, ਮਨ , ਬੁਧ ਸਭ ਸੁਧ ਹੋ ਜਾਂਦੇ ਹਨ ਅਤੇ ਉਹ ਦੇਵਤਿਆਂ ਤੇ ਸਿਧਾਂ ਵਾਂਗੂ ਨਿਰਮਲ ਹੋ ਜਾਂਦਾ ਹੈ । ਮਨ ਅਤੇ ਬੁਧੀ ਦੇ ਨਿਰਮਲ ਹੋਣ ਨਾਲ ਉਹ ਅਗਲੇ ਖੰਡ ਦਾ ਵਾਸੀ ਜਾ ਬਣਦਾ ਹੈ, ਕਿਉਂਕਿ ਉਸ ਉਤੇ ਪ੍ਰਭੂ ਦੀ ਅਪਾਰ ਬਖਸ਼ਸ਼ ਹੁੰਦੀ ਹੈ ।ਇਸ ਖੰਡ

ਨੂੰ ਕਰਮ ਖੰਡ ਕਿਹਾ ਗਿਆ ਹੈ ,।ਇਥੇ ਆ ਕੇ ਉਸ ਨੂੰ ਬਲ ਪ੍ਰਾਪਤ ਹੁੰਦਾ ਹੈ । ਉਹਦੇ ਵਿਚ ਸੌਂਦਰਯ ਤੇ ਸ਼ਕਤੀ ਦੋਹਾਂ ਦਾ ਸੁਮੇਲ ਹੋ ਜਾਂਦਾ ਹੈ । ਪ੍ਰਭੂ ਦੀ ਬਖਸ਼ਸ਼ ਨਾਲ ਉਹ ਇਸ ਖੰਡ ਵਿਚ ਕੀਤੀ ਨਿਰੰਤਰ ਸਾਧਨਾ ਰਾਹੀਂ ਇਸ ਯੋਗ ਹੋ ਜਾਂਦਾ ਹੈ ਕਿ ਉਹ ਅਗਲੇ ਖੰਡ ਭਾਵ ਸਚ ਖੰਡ ਵਿਚ ਦਾਖਲ ਹੋ ਜਾਂਦਾ ਹੈ ।ਇਹ ਖੰਡ ਸਭ ਤੋਂ ਅਖੀਰਲਾ ਖੰਡ ਹੈ ,ਜਿਥੇ ਉਹ ਪ੍ਰਭੂ ਨਾਲ ਇਕਮਿਕ ਹੋ ਜਾਂਦਾ ਹੈ । ਫਿਰ ਉਸਨੂੰ ਵਿਛੋੜਾ ਨਹੀਂ ਵਾਪਰਦਾ ।

ਉਪਰੋਕਤ ਵਿਕਾਸ਼ ਵਿਚ ਜੀਵਾਤਮਾ ਸਹਿਜੇ ਸਹਿਜੇ ਉਪਰ ਉਠਦੀ ਹੈ ।ਜਿਉਂ ਜਿਉਂ ਇਹ ਉਪਰ ਜਾਂਦੀ ਹੈ , ਇਹ ਸੂਖਮ ਹੁੰਦੀ ਜਾਂਦੀ ਹੈ ।ਧਰਤੀ ਦੀ ਪਕੜ ਢਿਲੀ ਪੈਂਦੀ ਜਾਂਦੀ ਹੈ ।ਇਹ ਉਡਾਰੀ ਸਥੂਲ ਤੋਂ ਸੂਖਮ ਵਲ ਦੀ ਉਡਾਰੀ ਹੈ ।ਸੂਖਮ ਬ੍ਰਹਮ ਵਿਚ ਸੂਖਮ ਆਤਮਾ ਲੀਨ ਹੋ ਜਾਂਦੀ ਹੈ ਅਤੇ ਇਹ ਅਮਲ ਇਉਂ ਵਾਪਰਦਾ ਹੈ ਜਿਵੇਂ ਪਾਣੀ ਦਾ ਕਤਰਾ ਸਾਗਰ ਵਿਚ ਸਮਾ ਜਾਵੇ ।ਇਸ ਅਵਸਥਾ ਨੂੰ ਹੀ ਪਰਮ ਪਦ ਦੀ ਅਵਸਥਾ ਕਿਹਾ ਜਾਂਦਾ ਹੈ । ਇਸਨੂੰ ਚੌਥਾ ਪਦ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਜਾਗ੍ਰਤ ,ਸੁਪਨ ,ਸੁਖੋਪਤ ਦੀਆਂ ਅਵਸਥਾਵਾਂ ਉਲੰਘ ਕੇ ਪ੍ਰਾਪਤ ਹੁੰਦਾ ਹੈ ।ਇਸ ਪਦ ਦਾ ਨਾਂ 'ਤੁਰੀਆ' ਹੈ । ਇਸੇ ਅਵਸਥਾ ਨੂੰ ਸਹਿਜ ਵੀ ਕਿਹਾ ਗਿਆ ਹੈ ।ਇਸ ਅਵਸਥਾ ਵਿਚ ਹਿਰਦੇ ਰੂਪੀ ਕੰਵਲ ਜਿਹੜਾ ਸਾਧਾਰਨ ਤੌਰ ਤੇ ਉਂਧਾ ਹੋਇਆ ਹੁੰਦਾ ਹੈ ,ਸਿਧਾ ਹੋ ਕੇ ,ਪੂਰਨ ਵਿਗਾਸ ਦੀ ਅਵਸਥਾ ਵਿਚ ਆ ਜਾਂਦਾ ਹੈ । ਜੋਗੀਆਂ ਦੀ ਸ਼ਬਦਾਵਲੀ ਵਿਚ ਇਸਨੂੰ ਦਸਮ ਦੁਆਰ ਦੇ ਖੁਲ੍ਹਣ ਦੀ ਅਵਸਥਾ ਮੰਨਿਆ ਜਾਂਦਾ ਹੈ ,ਜਿਥੇ ਅਨਾਹਤ ਸ਼ਬਦ ਸੁਣੀਂਦ ਸੁਣਾਈ ਦਿੰਦਾ ਹੈ । ਅਤੇ ਨਿਰਮਲ . ਅੰਮ੍ਰਿਤਧਾਰਾ ਚੋਂਦੀ ਹੈ । ਇਹ ਸਭ ਕੁਝ ਸਤਿਗੁਰੂ ਅਤੇ ਪ੍ਰਭੂ ਦੀ ਬਖਸ਼ਸ਼.ਨਾਲ ਵਾਪਰਦਾ ਹੈ, ਆਪਣੇ ਹਠੀ ਯਤਨਾਂ ਨਾਲ ਕੁਝ ਵੀ ਨਹੀ ਹੋ ਸਕਦਾ ।

ਇਸ ਸਿਖਰਲੀ ਆਤਮਕ ਅਵਸਥਾ ਬਾਰੇ ਗੁਰਦੇਵ ਦਾ ਕਥਨ ਹੈ :

ਆਸਾ ਮਨਸਾਦੋਊ ਬਿਨਾਸਤ
ਤ੍ਰਿਹੁਗੁਣ ਆਸ ਨਿਰਾਸ ਭਈ ।
ਤੁਰੀਆਵਸਥਾ ਗੁਰਮੁਖਿ ਪਾਈਐ
ਸੰਤ ਸਭਾ ਕੀ ਓਟ ਲਹੀ ।

(ਆਸਾ ਮ:੧ ਪੰ: ੩੫੬ )

ਸਤਸੰਗ ਦੀ ਓਟ ਲੈਂਦਾ ਹੋਇਆ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਗੁਰਮੁਖ ਨਿਰੰਤਰ ਨਾਮ-ਸਾਧਨਾ ਕਰਦਾ ਹੋਇਆ, ਤੁਰੀਆਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸਦਾ ਵਰਣਨ ਗੁਰਦੇਵ ਨੇ ਏਦਾਂ ਕੀਤਾ ਹੈ :

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ।
ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ ।
ਦੀਪ ਲੋਅ ਪਾਤਾਲ ਤਹ ਖੰਡ ਮੰਡ-
ਖੰਡ ਮੰਡਲ ਹੈਰਾਨੁ ।
ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ ।
ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ ।
ਅਕਥ ਕਥਾ ਬੀਚਾਰੀਐ
ਮਨਸਾ ਮਨਹਿ ਸਮਾਇ ।
ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ ।
ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ ।

(ਵਾਰ ਮਲਾਰ ਮ:੧, ਪੰ: ੧੨੯੦-੯੧ )

*****************

*************.

## ਸਾਰ

## ਸਾਰ

ਭਾਰਤੀ ਦਰਸ਼ਨ ਵਿਸ਼ੇਸ਼ ਤੌਰ ਤੇ ਬ੍ਰਹਮ ਜੀਵ ਅਤੇ ਜਗਤ ਦੀ ਤ੍ਰਿਕੋਣ ਨਾਲ ਸਬੰਧਤ ਹੈ । ਕੁਝ ਮਤਾਂ ਦਾ ਚਿੰਤਨ ਪੁਰਸ਼ ਅਤੇ ਪ੍ਰਕ੍ਰਿਤੀ ਤਕ ਸੀਮਿਤ ਹੈ , ਪਰ ਵੇਦਾਂਤ ਅਤੇ ਸਿਖ ਮਤ ਵਿਚ ਬ੍ਰਹਮ ਨੂੰ ਅੰਤਿਮ ਸਤਾ ਸਤ ਮੰਨਿਆ ਗਿਆ ਹੈ । ਜੀਵਾਤਮਾ ਬ੍ਰਹਮ ਦੀ ਅੰਸ਼ ਹੈ , ਪਰ ਜਗਤ ਵਿਚ ਪ੍ਰਵੇਸ਼ ਕਰਨ ਨਾਲ ਇਹ ਮਾਇਆ ਵਿਚ ਲਿਪਤ ਹੋ ਜਾਂਦੀ ਹੈ ਅਤੇ ਪੰਜ ਭੂਤਕ ਸਰੀਰ ਧਾਰਨ ਕਰਦੀ ਹੈ ,ਜੋ ਇਸਨੂੰ ਇਸਦੇ ਕਰਮਾਂ ਦੇ ਕਾਰਨ ਮਿਲਦਾ ਹੈ । ਇਥੇ ਜੀਵਾਤਮਾ ਤੋਂ ਭਾਵ ਮਾਨਵੀ ਆਤਮਾ ਤੋਂ ਹੈ ।ਉਹ ਆਤਮਾ ਭਿੰਨ ਭਿੰਨ ਸਰੀਰਾਂ ਅਤੇ ਅਕਾਰਾਂ ਨੂੰ ਧਾਰਨ ਕਰਦੀ ਹੈ । ਜਗਤ ਦੇ ਅਰੰਭ ਵਿਚ ਜੀਵ ਪਾਣੀ ਵਿਚ ਪੈਦਾ ਹੋਏ , ਫਿਰ ਜਦੋਂ ਧਰਤੀ ਨੇ ਪਾਣੀ ਵਿਚੋਂ ਉਭਾਰ ਖਾਧਾ ,ਤਾਂ ਕੁਝ ਪਾਣੀ ਦੇ ਜੀਵ ਧਰਤੀ ਉਤੇ ਆ ਗਏ ਅਤੇ ਵਿਕਾਸ ਦੇ ਕਾਰਨ ਧਰਤੀ ਉਤੇ ਨਵੇਂ ਨਵੇਂ ਜੀਵ ਪੈਦਾ ਹੋਏ ।ਛੋਟੇ ਅਤੇ ਵਡੇ ਅਕਾਰ ਵਾਲੇ ਜੀਵ ਧਰਤੀ ਉਤੇ ਤੁਰਨ ਲਗੇ ਜਾਂ ਹਵਾ ਵਿਚ ਉਡਣ ਲਗੇ । ਸਮੇ ਸਥਾਨ ਅਤੇ ਮੌਸਮ ਅਨੁਸਾਰ ਜੀਵਾਂ ਨੇ ਜਨਮ ਲਿਆ । ਕੀੜੇ ਪਤੰਗੇ , ਸੱਪ, ਪੰਛੀ, ਘੋੜੇ , ਹਾਥੀ ਆਦਿਕ ਅਨੇਕ ਪ੍ਰਕਾਰ ਦੇ ਜੀਵ ਹੋਂਦ ਵਿਚ ਆਏ । ਜੀਵ ਦੇ ਵਿਕਾਸ ਦੀ ਅਖੀਰਲੀ ਅਵਸਥਾ ਮਨੁਖ ਹੀ ਹੈ ।ਇਸ ਅਵਸਥਾ ਤੇ ਪੁਜ ਕੇ ਕਰਮਾਂ ਤੇ ਆਵਾਗਵਣ ਦੀ ਵਿਚਾਰ-ਪ੍ਰਣਾਲੀ ਦਾ ਉਥਾਨ ਹੋਇਆ । ਆਪਣੇ ਕਰਮਾਂ ਦੇ ਕਾਰਨ ਮਨੁਖ ਭਿੰਨ ਭਿੰਨ ਜੂਨਾਂ ਭੁਗਤਣ ਲਗਾ । ਮਾੜੇ ਕਰਮ ਕਰਨ ਵਾਲਾ ਨੀਵੀਆਂ ਜੂਨਾਂ ਵਿਚ ਪ੍ਰਵੇਸ਼ ਕਰਨ ਲਗਾ ਅਤੇ ਚੰਗੇ ਕਰਮ ਕਰਨ ਵਾਲਾ ਦੇਵ-ਲੋਕਾਂ ਵਿਚ ਆਪਣੇ ਕਰਮਾਂ ਦੇ ਫਲ ਭੁਗਤਣ ਲਗਾ । ਫਲ ਭੁਗਤਣ ਤੋਂ ਮਗਰੋਂ ਜੀਵ ਫਿਰ ਮਨੁਖਾ ਜਨਮ ਧਾਰਨ ਕਰਨ ਲਗਾ । ਇਸ ਵਿਚਾਰ -ਪ੍ਰਣਾਲੀ ਅਨੁਸਾਰ ਕੇਵਲ ਮਨੁਖਾ ਜਨਮ ਨੂੰ ਹੀ ਬ੍ਰਹਮ ਤਕ ਪੁਜਣ ਦਾ ਮਾਧਿਅਮ ਮੰਨਿਆ ਗਿਆ ਅਤੇ ਏਥੋਂ ਤਕ ਕਿਹਾ ਗਿਆ ਕਿ ਦੇਵਤੇ ਵੀ ਮਨੁਖੀ ਸਰੀਰ ਨੂੰ ਯਾਦ ਕਰਦੇ ਰਹੇ ਹਨ ।

ਮਨੁਖੀ ਜਨਮ ਵਿਚ ਆਵਾਗਵਣ ਦੇ ਕਸ਼ਟਾਂ ਤੋਂ ਬਚਣ ਲਈ , ਜੀਵ ਦੇ ਲਿਆਨ ਹਿਤ ,ਰਿਸ਼ੀਆਂ ਮੁਨੀਆਂ ਅਤੇ ਮਹਾ ਪੁਰਸ਼ਾਂ ਨੇ ਕਈ ਵਿਧਾਨਾਂ ਨੂੰ ਜਨਮ ਦਿਤਾ । ਇਸ ਸਬੰਧ ਵਿਚ ਭਾਰਤ ਵਿਚ ਪ੍ਰਮੁਖ ਮਤ ਵੇਦਾਂਤ ਮਤ ਹੈ ਜੋ 'ਪ੍ਰਸਥਾਨ ਤ੍ਰੇਯੀ' (ਉਪਨਿਸ਼ਦ, ਬ੍ਰਹਮ ਤਰ ਅਤੇ ਗੀਤਾ ਜੀ ਜੀ ) ਨੂੰ ਮਥ ਕੇ ਕਈ ਰਿਸ਼ੀਆਂ ਮੁਨੀਆਂ ਅਤੇ ਅਚਾਰੀਆਂ ਨੇ ਉਜਾਗਰ ੀਤਾ । ਸ਼ੰਕਰ ਤੋਂ ਮਗਰਲੇ ਅਚਾਰੀਆਂ ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵਲਭ ਨੇ ਸਗੁਣ ਤੀ ਦਾ ਪ੍ਰਚਾਰ ਕੀਤਾ ਜਿਸ ਰਾਹੀਂ ਭਗਤ ਭਗਵਾਨ ਨਾਲ ਇਕ ਮਿਕ ਹੋ ਸਕਦਾ ਹੈ ।

ਕਬੀਰ ,ਗੁਰੂ ਨਾਨਕ ਅਤੇ ਕੁਝ ਹੋਰ ਭਗਤਾਂ ਨੇ ,ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ,ਨਿਰਗੁਣ ਭਗਤੀ ਉਤੇ ਬਲ ਦਿਤਾ । ਉਨ੍ਹਾਂ ਨੇ ਸਭ ਦੇਵੀ ਦੇਵਤਿਆਂ ਅਤੇ ਅਵਤਾਰਾਂ ਦਾ ਖੰਡਨ ਕੀਤਾ ਅਤੇ ਕੇਵਲ ਇਕੋ ਪਾਰਬ੍ਰਹਮ ਪਰਮੇਸ਼ੁਰ ਦੇ ਨਾਮ ਸਿਮਰਨ ਨੂੰ ਸ਼੍ਰੋਮਣੀ ਕਰਮ ਮੰਨਿਆ । ਗੁਰੂ ਗ੍ਰੰਥ ਸਾਹਿਬ ਸਿਖ ਧਰਮ ਦਾ ਗ੍ਰੰਥ ਹੈ , ਜਿਸ ਅਨੁਸਾਰ ਸੰਸਾਰ ਵਿਚ ਰਹਿੰਦਿਆਂ , ਰਬੀ ਗੁਣਾਂ ਨੂੰ ਧਾਰਨ ਕਰਦਿਆਂ , ਨਾਮ ਯੋਗ ਅਥਵਾ ਸੁਰਤ -ਸ਼ਬਦ ਯੋਗ ਨੂੰ ਕਮਾਉਂਦਿਆਂ ਜੀਵ ਬ੍ਰਹਮ ਨਾਲ ਇਕ ਮਿਕ ਹੋ ਸਕਦਾ ਹੈ ।

ਗੁਰੂ ਨਾਨਕ ਬਾਣੀ ਉਪਨਿਸ਼ਦਾਂ ਵਾਂਗੂ ਹੀ ਬ੍ਰਹਮ-ਬਾਣੀ ਹੈ । ਇਸ ਵਿਚਲੇ ਸ਼ਬਦ ਤੋਲ ਬਧ ਅਤੇ ਰਾਗ ਬਧ ਹਨ । ਇਹ ਦਰਸ਼ਨ ਸ਼ਾਸਤਰ ਨਹੀਂ । ਇਹ ਤਾਂ ਕੇਵਲ ਰੱਬੀ -ਪਿਆਰ ਦੇ ਗੀਤ ਹਨ , ਪਰ ਦਰਸ਼ਨ ਇਨ੍ਹਾਂ ਗੀਤਾਂ ਥਾਣੀ ਰੁਪਮਾਨ ਹੋਇਆ ਹੈ । ਇਸ ਲਈ ਜੀਵ ਸਬੰਧੀ ਵਿਸ਼ੇਸ਼ ਨੁਕਤੇ ਥਾਂ ਥਾਂ ਤੋਂ ਲਭ ਕੇ ਲੇਖਾਂ ਦੇ ਰੂਪ ਵਿਚ ਇਕ ਇਕਾਈ ਵਿਚ ਪਰੋਏ ਹਨ । ਕੁਝ ਪੁਰਾਣੇ ਸ਼ਾਸਤਰੀ ਵਿਚਾਰਾਂ ਨੂੰ ਜਾਂ ਉਨ੍ਹਾਂ ਦੇ ~~ਭਾਵਾਂ-ਨੂੰ~~ ਭਾਵ -ਪ੍ਰਕਾਸ਼ਨ ਨੂੰ ਥਾਂ ਥਾਂ ਬਿਖਰੇ ਮੋਤੀਆਂ ਵਾਂਗੂ ਚੁਣ ਚੁਣ ਕੇ ਮਾਲਾ ਵਿਚ ਪਰੋਇਆ ਹੈ।

ਆਤਮਾ ਅਤੇ ਦੇਹ ਦੇ ਸੁਮੇਲ ਨੂੰ ਜੀਵ ਕਿਹਾ ਗਿਆ ਹੈ । ਰਕਤ ਬਿੰਦ ਦੇ ਸੁਮੇਲ ਤੋਂ ਸ਼ਰੀਰ ਬਣਦਾ ਹੈ ਅਤੇ ਬ੍ਰਹਮ ਦੀ ਅੰਸ਼ 'ਆਤਮਾ' ਦੇ ਪ੍ਰਵੇਸ਼ ਕਰਨ ਨਾਲ ਸ਼ਰੀਰ ਵਿਚ ਚੇਤੰਨ ਸਤਾ ਆਉਂਦੀ ਹੈ ।ਭਾਈ ਗੁਰਦਾਸ ਨੇ ਇਸ ਤਥ ਨੂੰ ਇਉਂ ਪ੍ਰਗਟ ਕੀਤਾ ਹੈ :--

ਪਉਣ ਪਾਣੀ ਬੈਸੰਤਰੋ ਚੌਥੀ ਧਰਤੀ ਸੰਗ ਮਿਲਾਈ ।<br>
ਪੰਚਮ ਵਿਚ ਆਕਾਸ਼ੁ ਕਰ ਕਰਤਾ ਛਟਮ ਅਦ੍ਰਿਸ਼ਟ ਸਮਾਈ ।

(ਵਾਰ ੧ )

ਪੰਜਾਂ ਤਤਾਂ ਵਿਚ ਕਰਤੇ ਦਾ ਰੂਪ ਆਤਮਾ ਛੇਵੇਂ ਤੱਤ ਦੇ ਰੂਪ ਵਿਚ ਅੰਦ੍ਰਿਸ਼ਟ ਹੋ ਕੇ ਲੀਨ ਹੋ ਗਈ । ਇਉਂ ਜਗਤ ਦੀ ਕਿਰਿਆ ਤੁਰ ਪਈ । ਸ਼ੰਕਰਾਚਾਰੀਆ ਨੇ ਬ੍ਰਹਮ ਨੂੰ ਹੀ ਆਤਮਾ ਕਿਹਾ ਹੈ , ਉਹ ਸਾਰੇ ਪਾਸੇ ਵਿਸ਼ਵ -ਆਤਮਾ ਦੀ ਖੇਡ ਮੰਨਦਾ ਹੈ , ਪਰ ਗੁਰੂ ਨਾਨਕ 'ਦਰੀਆਉ' ਅਤੇ ' ਮਛਲੀ' ਦਾ ਦ੍ਰਿਸ਼ਟਾਂਤ ਵਰਤ ਕੇ ਬ੍ਰਹਮ ਅਤੇ ਆਤਮਾ ਦੇ ਭੇਦ ਨੂੰ ਪ੍ਰਗਟਾਂਦੇ ਹਨ । ਉਨ੍ਹਾਂ ਦਾ ਕਥਨ ਹੈ:

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ।<br>
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ।

( ਸਿਰੀ ਰਾਗੁ ਮ: ੧ ਪੰ: ੨੫ )

ਬ੍ਰਹਮ ਤੋਂ ਵਿਛੜ ਕੇ ਜੀਵ ਦਾ ਮੁਖ ਵਧੇਰੇ ਮਾਇਆਵੀ ਜਗਤ ਵਲ ਹੁੰਦਾ ਹੈ । ਇਹ ਇਸਦੇ ਮੋਹ ਵਿਚ ਫਸ ਕੇ , ਅਸਲੇ ਨੂੰ ਭੁਲ ਜਾਂਦਾ ਹੈ ਅਤੇ ਵਿਸ਼ਿਆਂ ਵਿਕਾਰਾਂ ਵਿਚ ਫਸਿਆ , ਜਨਮ ਮਰਨ ਦੇ ਗੇੜ ਵਿਚ ਚਕਰ ਲਗਾਂਦਾ ਰਹਿੰਦਾ ਹੈ । ਜਦੋਂ ਇਹ ਸਤਿਗੁਰੂ ਨੂੰ ਮਿਲ ਕੇ ਉਸਦੀ ਦਸੀ ਰਹਿਤ ਉਤੇ ਚਲਦਾ ਹੈ ਤਾਂ ਉਸਦੇ ਕਰਮ ਬੰਧਨ ਕਟੇ ਜਾਂਦੇ ਹਨ ਅਤੇ ਉਹ ਮੁਕਤ ਹੋ ਕੇ ਬ੍ਰਹਮ ਨਾਲ ਇਕ ਮਿਕ ਹੋ ਕੇ ਪਰਮ -ਅਨੰਦ ਨੂੰ ਮਾਣਦਾ ਹੈ । ਪਰ ਸਤਿਗੁਰੂ ਨੂੰ ਵੀ ਪ੍ਰਭੂ ਦੀ ਬਖਸ਼ਸ਼ ਨਾਲ ਹੀ ਮਿਲਿਆ ਜਾ ਸਕਦਾ ਹੈ । ਜਦੋਂ ਗੁਰੂ ਮਿਹਰ ਵਿਚ ਆਉਂਦਾ ਹੈ ਤਾਂ ਦਵੈਤ ਭਾਵ ਖਤਮ ਹੋ ਜਾਂਦਾ ਹੈ ਅਤੇ ਆਤਮਾ ਦੀ ਲਿਵ ਪਰਮ - ਆਤਮਾ ਨਾਲ ਲਗ ਜਾਂਦੀ ਹੈ ਜੋ ਸਾਧਕ ਨੂੰ ਅੰਤਮ ਸਤ ਤਕ ਪੁਚਾ ਦਿੰਦੀ ਹੈ । ਗੁਰਦੇਵ ਦਾ ਕਥਨ ਹੈ :

ਨਦਰਿ ਕਰੇ ਤਾ ਸਿਮਰਿਆ ਜਾਇ ।
ਆਤਮਾ ਦ੍ਰਵੈ ਰਹੈ ਲਿਵ ਲਾਇ ।
ਆਤਮਾ ਪਰਾਤਮਾ ਏਕੋ ਕਰੈ ।
ਅੰਤਰ ਕੀ ਦੁਬਿਧਾ ਅੰਤਰਿ ਮਰੈ ।

(ਧਨਾਸਰੀ ਮ:੧ :ਪੰ: ੬੬੧ )

# ਪੁਸਤਕ ਸੂਚੀ

# BIBLIOGRAPHY

## ENGLISH BOOKS


Aiyar, K.N. The Puranas Theosophical Society, Madras, 1916.

Aiyar, G.R. Atma-Vidya Sri Vani Vilas Press, Srirangam, 1911.

Ameer Ali The Spirit of Islam Christophers, London, 1955.

Arberry, A.J. Sufism George Allen & Unwin Ltd., London, 1956.

Archer, J.C. The Sikhs Princeton University Press, 1946.

Ashfaque Hussain The Quintesseence of Islam, Asia Publishing House, Bombay 1960.

Avtar Singh Ethics of the Sikhs, Panjabi University, Patiala, 1970.

Banerji, A.K. Philosophy of Gorakhnath, Mahant Digvijai Nath Trust, Gorakhpur, n.d.

an **Bhagwan Das The Science of the Self, Banaras, 195?

Bhandarkar, R.G. Vaishnavism, Shaivism and minor Religious Systems, Bandarkar Oriental Research Institute, Poona, 1929.

Bharadwaj, K.D. The Philosophy of Ramanuja, 1958.

Bhattacharya, Haridas The Cultural Heritage of India, The Ramakrishna Mission, Calcutta, Vol. III, 1953; Vol. IV, 1956.

Brandon, S.G.F. Dictionary of Comparative Religion, Weidenfeld and Nicolson, London, 1970.

Chatterji, S. and Datta, D.M. An Introduction to Indian Philosophy, University of Calcutta, Calcutta, 1954.

Chinmayananda, Swami Atma Bodh (Commentary on Shankara's book) The Chinmaya Publications Trust, Madras, n.d.

Darshan Singh Indian Bhakti Tradition and Sikh Gurus, Lyall Book Depot, Ludhiana, 1968.

Das Gupta, S.B. Aspects of Indian Religious Thought, A. Mukerji & Co. Private Ltd., Calcutta, 1957.

Das Gupta, S.N. History of Indian Philosophy 5 Vols. University Press Cambridge, 1949.

Hindu Mysticism, Frederick Unger Publishing Ltd., New York, 1959.

Deussen, P The Philosophy of Upanishads, Oriental Publishers, Delhi, 1972.

Devanandan, P.D. The Concept of Maya, Lutterworth Press, London, 1950.

Durant, Will The Story of Philosophy, Pocket Books, Inc., New York, 1956.

Farquhar, J.N. An Outline of the Religious Literature of India, Moti Lal Banarasi Das, Delhi, 1967.

Ferm, Vergilius An Encyclopaedia of Religion (Ed.), Peter Owen, London, 1964.

Ghose, Aurobindo The Life Divine, Arya Publishing House, Calcutta, 1940.

Gopal Singh Shri Guru Granth Sahib (English Translation), Gurdas Kapur & Sons, Delhi, 1960.

Greenlees, Duncan Gospel of the Guru Granth Sahib, The Theosophical Publishing House, Madras, 1968.

Hardayal Hints for Self-Culture, Rajkamal Publishers, Delhi, 1948.

Hare, W.L. Religions of the Empire, Duckworth, London, 1925. (Ed.)

Harnam Singh Sikh Religion, -Karma and Transmigration, 1956.

Hastings, James Encyclopaedia of Religion and Ethics, T.& T. Clark, Edinburgh, 1966.

Hiriyanna, M Outlines of Indian Philosophy, George Allen & Unwin, London, 1956.
The Quest after Perfection, Kavyalaya Publishers, Mysore, 1952.

Hughes, T.P. A Dictionary of Islam, Oriental Publishers, Delhi, 1973.

Hume, R.E. Treasure House of Living Religions, Charles Scribner's Sons, New York, 1933.

Ishar Singh The Philosophy of Guru Nanak, Ranjit Publishing House, New Delhi, 1969.

James, E.O. History of Religions, 1968 .

Jinarajadasa, C The Nature of Mysticism, Theosophical Publishing House, Madras, 1934.

Jodh Singh, Bhai Some Studies in Sikhism, Lahore Book Shop, Lushiana, 1953.

Kanga, D.D. Where Theosophy and Science Meet, Adyar Lib. Association, 1939.

Kaviraj Gopinath Aspects of Indian Philosophy, The University of Burdwan, 1966.

Khazan Singh History and Philosophy of Sikh Religion, 2 Vols., Nawal Kishore Press, Lahore, 1914.

Khushwant Singh The Sikhs, George Allen & Unwin Ltd., London, 1953.

Kohli, S.S. A Critical Study of the Adi Granth, Panjabi Writers' Co-operative Industrial Society Ltd., 1961.
Outlines of Sikh Thought, Panjabi Prakashak, Karol Bagh, New Delhi, 1966.
Philosophy of Guru Nanak, Panjab University, Chandigarh, 1969.
Sikh Ethics, Munshiram Manoharlal Publishers Private Ltd., New Delhi, 1975.

Leadbeater, C.W. Man--Visible and Invisible, Theosophical Pub. House, 1959.

Loehlin, C.H. The Sikhs and their Book, Lucknow Publishing House, Lucknow, 1958.

Macauliffe, M.A. The Sikh Religion, 6 Vols., S. Chand & Co., New Delhi, 1963.

Macdonall, A.A. India's Past, Moti Lal Banarasi Das, Delhi, 1956.

Mansukhani, G.S. The Quintessence of Sikhism, S.G.P.C., Amritsar, 1965.
Guru Nanak, World-Teacher, Book House, New Delhi, 1968.

Max Muller Sacred Books of the East Series (Ed.), Moti Lal Banarasi Das, Delhi, 1966.
Six Systems of Indian Philosophy, Longman's Green & Co., London, 1928.

Mcleod, W.H. Guru Nanak and the Sikh Religion, Oxford University Press, London, 1968.

Mohan Singh Gorakh Nath and Mediaeval Hindu Mysticism, Oriental College, Lahore, 1936.
Kabir and Bhakti Movement, Atma Ram & Sons, Lahore, 1934.
Sikh Mysticism, Mohan Singh c/o Khalsa College, Amritsar, 1963.

Mukerji, Radhakamal The Theory and Art of Mysticism, Asia Publishing House, New York, 1960.

Narang, Gokul Chand Real Hinduism, New Book Society, Lahore, 1947.

Nikhilananda, Swami Hinduism, George Allen & Unwin, London, 1958.

Pandit, M.P. Studies in the Tantras and the Veda, Ganesh & Co., Madras, 1964.

Radhakrishnan, S Indian Philosophy, 2 Vols., George Allen & Unwin Ltd., London, 1958.
Bhagavad Gita, George Allen & Unwin, London, 1948.
Brahm Sutra ----Do---- 1960.
The Principal Upanishads ----Do----- 1953.
History of Philosophy--Eastern and Western (Ed.) (Sponsored by Ministry of Education, India) 1952.
The Concept of Man (Ed.)

Raju, P.T. Idealist Thought of India, George Allen & Unwin, London, 1953.
Introduction to Comparative Philosophy, Nebraska Press, University of London, 1962.

Ranade, R.D. Vedanta-the Culmination of Indian Thought, Bharatiya Vidya Bhavan, Bombay, 1970.
A Constructive Survey of Upanishadic Philosophy, Bharatiya Vidya Bhavan, Bombay, 1968.
PATHWAY TO GOD IN HINDI LITERATURE —— DO —— 1959

Ray, Nihar Ranjan The Sikh Gurus and the Sikh Society, Panjabi Universi Patiala, 1970.

Roy, Kamala The Concept of Self, Firma K.L. Mukhopadhyay, Calcutta, 1966.

Roy, Kaviraj A.P. The Quest of the Infinite, Published by the Author, 1958.

Saksena, S.K. Nature of Consciousness in Hindu Philosophy, Nand Kishore & Sons, 1944.

Sardul Singh Caveeshar The Sikh Studies, The National Publications, Lahore, 1937.

Sarma, D.S. What is Hinduism, The Madras Law Journal Office, Madras, 194

Sewaram Singh The Divine Master, Gulab Singh & Sons, ~~1945~~ Lahore, 1930.

Shankracharya Aprokshanubhava (Translation)

Sharma, Chandradhar A Critical Survey of Indian Philosophy, Rider & Co., London, 1960.

Shustery, A.M.A. Outlines of Islamic Culture, Bangalore Press, Bangalore, 1938.

Sher Singh Philosophy of Sikhism, Sterling Publishers, Jullundur, 1960.

Sikka, A.S. The Concept of Mind in the Poetry of Guru Nanak, B.K. Philosophy Publications, Lushiana, 1973.

Sinha, J.N. A History of Indian Philosophy, Sinha Publishing House, Calcutta, 1956.
Foundations of Hinduism, ------Do-------, 1955.

Sohan Singh The Seeker's Path, Orient Longman, Bombay, 1950.

Spiegelbang, Frederic Livihg Religions of the World, Thames & Hudson, London, 1957.

Srinivasachari, P.N. Ramanuja's Idea of the Finite Self, Nagmans Green & Co., Calcutta, 1928.

Tara Chand Influence of Islam on Indian Culture, Indian Press, Allahabad, 1946.

Teja Singh Essays in Sikhism, Sikh University Press, Lahore, 1944.

Trilochan Singh Guru Nanak, G.P.C., Delhi, 1969.

Varma, S.C. Logos of Divine Manifestation, G.P.C., Delhi, 1969.

Vivekananda, Swami Complete Works, Advaita Ashram, Calcutta, 1960.

Walker, Benjamin Hindu World, 2 Vols., (Ed.), George Allen & Unwin Ltd. London, 1968.

## ਸਹਾਇਕ ਪੁਸਤਕ-ਸੂਚੀ

### ਪੰਜਾਬੀ

ਆਦਿ ਗ੍ਰੰਥ--ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸਾਹਿਬ ਸਿੰਘ--ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ, ਰਾਜ ਪਬਲਿਸ਼ਰਜ਼, ਜਾਲੰਧਰ, ੧੯੬੨-੬੩.

ਹੀਰਾ, ਭਗਤ ਸਿੰਘ--ਗੁਰਮਤ ਵਿਚਾਰ-ਧਾਰਾ, ਪ੍ਰਕਾਸ਼ਕ ਲੇਖਕ, ੧੯੬੯.

——— ਨਵ ਨਿਧਿ ਨਾਮੁ, ਪ੍ਰਕਾਸ਼ਕ ਲੇਖਕ, ੧੯੭੨.

ਕਵੀਸ਼ਰ, ਸਰਦੂਲ ਸਿੰਘ--ਸਿਖ ਧਰਮ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਸੰਪਾਦਿਤ)

ਕਾਹਨ ਸਿੰਘ, ਭਾਈ--ਗੁਰਮਤ ਮਾਰਤੰਡ, ਦੋ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ੧੯੬੨.

——— ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ੧੯੬੦.

ਕੋਹਲੀ, ਸੁਰਿੰਦਰ ਸਿੰਘ--ਗੁਰੂ ਨਾਨਕ—ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ੧੯੬੯.

ਕੌਰ ਸਿੰਘ, ਅਕਾਲੀ--ਗੁਰਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ੧੯੬੩.

ਗਿਆਨ ਸਿੰਘ, ਗਿਆਨੀ--ਤਵਾਰੀਖ਼ ਗੁਰੂ ਖ਼ਾਲਸਾ, ਦੋ ਭਾਗ, ਭਾਸ਼ਾ ਵਿਭਾਗ, ਪੰਜਾਬ, ੧੯੭੦.

ਗੁਰਦਾਸ, ਭਾਈ--ਵਾਰਾਂ, ਕਿਰਪਾਲ ਸਿੰਘ ਹਜ਼ੂਰੀਆ, ਅੰਮ੍ਰਿਤਸਰ।

ਜੱਗੀ, ਰਤਨ ਸਿੰਘ--ਗੁਰੂ ਨਾਨਕ ਵਿਚਾਰ-ਧਾਰਾ, ਨਵਯੁਗ ਪਬਲਿਸ਼ਰਜ਼, ਦਿੱਲੀ।

ਜੋਧ ਸਿੰਘ, ਭਾਈ--ਗੁਰਮਤ ਨਿਰਣਯ, ਅਤਰ ਚੰਦ ਕਪੂਰ ਐਂਡ ਸਨਜ਼, ਲਾਹੌਰ, ੧੯੪੫.

ਤਾਰਨ ਸਿੰਘ--ਗੁਰੂ ਨਾਨਕ, ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, ੯੬੩.

ਦੀਪ, ਦਲੀਪ ਸਿੰਘ--ਜਪੁਜੀ--ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁਕ ਸਟੋਰ, ਪਹਾੜ ਗੰਜ, ਨਵੀਂ ਦਿੱਲੀ, ੧੯੬੯.

ਦੀਵਾਨਾ, ਮੋਹਨ ਸਿੰਘ--ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤ ਗਿਆਨ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, ੧੯੫੨.

ਨਰੋਤਮ, ਤਾਰਾ ਸਿੰਘ--ਸ੍ਰੀ ਗੁਰਮਤ ਨਿਰਣਯ ਸਾਗਰ, ਗੁਰਮਤ ਪ੍ਰੈਸ, ਅੰਮ੍ਰਿਤਸਰ।

——— ਗੁਰੂ ਗਿਰਾਰਥ ਕੋਸ਼, ਦੋ ਭਾਗ, ਰਾਜਿੰਦਰ ਪ੍ਰੈਸ, ਪਟਿਆਲਾ, ੧੮੯੮.

ਪਰਤਾਪ ਸਿੰਘ, ਜਥੇਦਾਰ--ਗੁਰਮਤ ਫ਼ਿਲਾਸਫ਼ੀ, ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, ੧੯੪੬.

ਪ੍ਰੇਮ ਪ੍ਰਕਾਸ਼ ਸਿੰਘ--ਗੁਰੂ ਨਾਨਕ ਤੇ ਨਿਰਗੁਣ-ਧਾਰਾ, ਭਾਸ਼ਾ ਵਿਭਾਗ, ਪੰਜਾਬ, ੧੯੭੩.

ਬੇਦੀ, ਕਾਲਾ ਸਿੰਘ--ਗੁਰੂ ਨਾਨਕ ਦਰਸ਼ਨ, ਪੰਜਾਬੀ ਬੁਕ ਸਟੋਰ, ਪਹਾੜ ਗੰਜ, ਨਵੀਂ ਦਿੱਲੀ, ੧੯੬੫

ਮਨਮੋਹਨ ਸਿੰਘ--ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, ੧੯੭੦.

ਰਣਧੀਰ ਸਿੰਘ--ਨਾਮ ਅਭਿਆਸ ਕਮਾਈ, ਨਾਹਰ ਸਿੰਘ ਗਿਆਨੀ, ਲੁਧਿਆਣਾ, ੧੯੬੨.
ਅਨਹਦ ਸ਼ਬਦ ਦਸਮ ਦੁਆਰ (੧੯੬੨), ਅਣਡਿੱਠੀ ਦੁਨੀਆ (੧੯੬੦)
ਸਚਖੰਡ ਦਰਸ਼ਨ (੧੯੬੪).

ਲਾਲ ਸਿੰਘ, ਗਿਆਨੀ--ਗੁਰਮਤਿ ਮਾਰਤੰਡ, ਜਨਕ ਪੁਸਤਕ ਭੰਡਾਰ, ਸੰਗਰੂਰ, ੧੯੪੯.

ਵੀਰ ਸਿੰਘ--ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ੧੯੬੧-੬੨

——ਗੁਰੂ ਨਾਨਕ ਚਮਤਕਾਰ, ਦੋ ਭਾਗ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ੧੯੪੫.

——ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ, ੧੯੩੯.

ਸ਼ਬਦਾਰਥ--ਵਾਰ ਸੈਂਚੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੫੬.

ਸ਼ੇਰ ਸਿੰਘ--ਆਤਮ ਦਰਸ਼ਨ, ਪ੍ਰਕਾਸ਼ਕ, ਗਿਆਨੀ ਭਜਨ ਸਿੰਘ ਅੰਮ੍ਰਿਤ, ਜੰਡਿਆਲਾ ਰੋਡ, ਤਰਨ ਤਾਰਨ, ੧੯੩੫.

——ਵਾਹਿਗੁਰੂ ਦਰਸ਼ਨ, ਲਾਹੌਰ ਬੁਕਸ਼ਾਪ, ਲੁਧਿਆਣਾ।


## ਹਿੰਦੀ ਪੁਸਤਕਾਂ


ਉਮੇਸ਼ ਮਿਸ਼ਰ--ਭਾਰਤੀਯ ਦਰਸ਼ਨ, ਹਿੰਦੀ ਸਮਿਤਿ ਸੂਚਨਾ ਵਿਭਾਗ, ਲਖਨਊ, ੧੯੬੪.

ਹਜ਼ਾਰੀ ਪ੍ਰਸਾਦ ਦਿਵੇਦੀ--ਨਾਥ ਸੰਪ੍ਰਦਾਯ, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, ੧੯੬੬.

——ਕਬੀਰ, ਹਿੰਦੀ ਗ੍ਰੰਥ ਰਤਨਾਕਰ ਕਾਰਯਾਲਯ, ਬੰਬਈ, ੧੯੫੩.

——ਮਧਯ ਕਾਲੀਨ ਧਰਮ ਸਾਧਨਾ, ਸਾਹਿਤਯ ਭਵਨ, ਇਲਾਹਾਬਾਦ, ੧੯੬੨

ਹਰਬੰਸ਼ ਲਾਲ ਸ਼ਰਮਾ--ਕਬੀਰ ਔਰ ਗੁਰੂ ਨਾਨਕ ਕੇ ਸੰਦਰਭ ਮੇਂ ਹਿੰਦੀ ਨਿਰਗੁਣ ਸਾਹਿਤਯ ਕੇ ਪ੍ਰੇਰਣਾ-ਸ੍ਰੋਤ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਅਪ੍ਰਕਾਸ਼ਿਤ ਸ਼ੋਧ-ਪ੍ਰਬੰਧ)

ਗੋਪੀਨਾਥ ਕਵੀਰਾਜ--ਭਾਰਤੀ ਸੰਸਕ੍ਰਿਤੀ ਔਰ ਸਾਧਨਾ, ਬਿਹਾਰ ਰਾਸ਼ਟਰ ਭਾਸ਼ਾ ਪ੍ਰੀਸ਼ਦ, ਪਟਨਾ, ੧੯੬੩.

ਗੋਵਿੰਦ ਤ੍ਰਿਗੁਣਾਯਤ--ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠਭੂਮਿ, ਭਾਰਤੀ ਸਾਹਿਤਯ ਨਿਕੇਤਨ, ਦਿੱਲੀ, ੧੯੫੬.

ਜਯ ਰਾਮ ਮਿਸ਼ਰ--ਸ੍ਰੀ ਗੁਰੂ ਗ੍ਰੰਥ ਦਰਸ਼ਨ, ਸਾਹਿਤਯ ਭਵਨ, ਇਲਾਹਾਬਾਦ, ੧੯੬੦.

——ਨਾਨਕ ਵਾਣੀ, ਮਿਤ੍ਰ ਪ੍ਰਕਾਸ਼ਨ ਇਲਾਹਾਬਾਦ, ੧੯੬੧.

——ਗੁਰੂ ਨਾਨਕ ਦੇਵ--ਜੀਵਨ ਔਰ ਦਰਸ਼ਨ, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, ੧੯੭੨.

ਧਰਮਵੀਰ ਭਾਰਤੀ--ਸਿੱਧ ਸਾਹਿਤਯ, ਕਿਤਾਬ ਮਹਲ ਪ੍ਰਕਾਸ਼ਨ, ਇਲਾਹਾਬਾਦ, ੧੯੫੮.

ਧੀਰੇਂਦ੍ਰ ਵਰਮਾ--ਹਿੰਦੀ ਸਾਹਿਤਯ ਕੋਸ਼ (ਸੰਪਾਦਿਤ), ਗਿਆਨ ਮੰਡਲ, [illegible]

ਪਰਸ਼ੂਰਾਮ ਚਤੁਰਵੇਦੀ--<u>ਉਤਰੀ ਭਾਰਤ ਕੀ ਸੰਤ- ਪਰੰਪਰਾ</u>, ਭਾਰਤੀ ਭੰਡਾਰ, ਪ੍ਰਯਾਗ, ੧੯੫੧.

ਪੀਤਾਂਬਰ ਦੱਤ ਬੜਥਵਾਲ--ਗੋਰਖ ਬਾਨੀ, ਹਿੰਦੀ ਸਾਹਿਤਯ-ਸੰਮੇਲਨ, ਪ੍ਰਯਾਗ, ੧੯੪੬.

————ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ, ਅਵਧ ਪਬਲਿਸ਼ਿੰਗ ਹਾਊਸ, ਲਖਨਊ, ੧੯੫੦.

ਬਲਦੇਵ ਉਪਾਧਿਆਇ--ਭਾਰਤੀਯ ਦਰਸ਼ਨ, ਸ਼ਾਰਦਾ ਮੰਦਿਰ, ਕਾਂਸ਼ੀ੧੯੬੦.

ਮਨਮੋਹਨ ਸਹਿਗਲ--ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, ਭਾਰਤੇਂਦੂ ਭਵਨ, ਚੰਡੀਗੜ੍ਹ੧੯੬੫

————ਗੁਰੂ ਗ੍ਰੰਥ ਸਾਹਿਬ–ਏਕ ਸਾਂਸਕ੍ਰਿਤਿਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ੧੯੭੧

ਮੁਨਸ਼ੀ ਰਾਮ ਸ਼ਰਮਾ--ਭਕਤਿ ਕਾ ਵਿਕਾਸ, ਚੌਖੰਬਾ ਵਿਦਯਾ ਭਵਨ, ਵਾਰਾਣਸੀ, ੧੯੫੮.

ਮੋਤੀ ਸਿੰਹ--ਨਿਰਗੁਣ ਸਾਹਿਤਯ: ਸਾਂਸਕ੍ਰਿਤਿਕ ਪ੍ਰਿਸ਼ਠਭੂਮਿ, ਨਾਗਰੀ ਪ੍ਰਚਾਰਿਣੀ ਸਭਾ, ਵਾਰਾਣਸੀ ੧੯੬੨.

## ਪੱਤਰ ਪਤ੍ਰਿਕਾਵਾਂ

ਆਲੋਚਨਾ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ — ਗੁਰੂ ਨਾਨਕ ਵਿਸ਼ੇਸ਼ ਅੰਕ

ਖੋਜ-ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ — ਗੁਰੂ ਨਾਨਕ ਵਿਸ਼ੇਸ਼ ਅੰਕ

ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ — ਗੁਰੂ ਨਾਨਕ ਵਿਸ਼ੇਸ਼ ਅੰਕ

ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ — ਗੁਰੂ ਨਾਨਕ ਸਿਮ੍ਰਿਤੀ ਅੰਕ

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪਟਿਆਲਾ — ਗੁਰੂ ਨਾਨਕ ਅੰਕ.

PUNJAB UNIVERSITY LIBRARY